
ਬੀ ਜੀ ਮੁਸਕਰਾ ਪਏ
ਹਰਪ੍ਰੀਤ ਸਿੰਘ ਸੇਖਾ

# ਬੀ ਜੀ ਮੁਸਕਰਾ ਪਏ

ਹਰਪ੍ਰੀਤ ਸੇਖਾ

# ਮੇਰੇ ਅਧਿਆਪਕ

- ਡਾ. ਸਾਧੂ ਸਿੰਘ ਜਿਨ੍ਹਾਂ ਦੇ ਦਰਵਾਜ਼ੇ ਉੱਪਰ ਮੇਰਾ ਹਮੇਸ਼ਾ ਹੀ ਸਵਾਗਤ ਹੁੰਦਾ ਹੈ। ਜਦ ਕਦੇ ਵੀ ਕਹਾਣੀ, ਸ਼ਬਦ-ਜੋੜ ਜਾਂ ਵਿਆਕਰਣ ਸਬੰਧੀਂ ਕੋਈ ਸਵਾਲ ਪੁੱਛਣਾ ਹੋਵੇ ਮੈਂ ਡਾ. ਸਾਧੂ ਸਿੰਘ ਦਾ ਦਰ ਜਾ ਖੜਕਾਉਂਦਾ ਹਾਂ।

- ਡਾ. ਰਘਬੀਰ ਸਿੰਘ ਸਿਰਜਣਾ ਅਤੇ ਸ੍ਰੀ ਜਰਨੈਲ ਸਿੰਘ ਕਹਾਣੀਕਾਰ ਦੇ ਮੇਰੀਆਂ ਕਹਾਣੀਆਂ ਪ੍ਰਤੀ ਵਿਚਾਰਾਂ ਤੋਂ ਮੈਨੂੰ ਬਹੁਤ ਕੁਝ ਨਵਾਂ ਪਤਾ ਲੱਗਦਾ ਹੈ।

- ਸ੍ਰੀ ਸਾਧੂ ਬਿਨਿੰਗ, ਸ੍ਰੀ ਸੁਖਵੰਤ ਹੁੰਦਲ, ਸ੍ਰੀ ਸਤਵੰਤ ਦੀਪਕ ਅਤੇ ਸ੍ਰੀ ਜਰਨੈਲ ਸਿੰਘ ਸੇਖਾ ਮੇਰੀਆਂ ਕਹਾਣੀਆਂ ਦੇ ਪਹਿਲੇ ਪਾਠਕ ਹੁੰਦੇ ਹਨ। ਇਨ੍ਹਾਂ ਦੇ ਪ੍ਰਤੀਕਰਮ ਤੋਂ ਬਾਅਦ ਮੈਂ ਆਪਣੀਆਂ ਕਹਾਣੀਆਂ ਨੂੰ ਹੋਰ ਤਰਾਸ਼ਦਾ ਹਾਂ।

- ਵਡੇਰੇ ਅਤੇ ਸਮਕਾਲੀ ਕਹਾਣੀਕਾਰ, ਜਿਨ੍ਹਾਂ ਦੀਆਂ ਕਹਾਣੀਆਂ ਪੜ੍ਹ ਕੇ ਮੈਂ ਬਹੁਤ ਕੁਝ ਸਿੱਖਦਾ ਹਾਂ।

- ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਸਾਥੀ, ਜਿਹੜੇ ਕਹਾਣੀਆਂ ਉੱਪਰ ਭੱਖਵੀਂ ਬਹਿਸ ਕਰਦੇ ਹਨ।

- ਡਾ. ਦਰਸ਼ਨ ਗਿੱਲ, ਜਿਨ੍ਹਾਂ ਨੇ ਮੇਰੇ ਅੰਦਰਲੇ ਕਹਾਣੀਕਾਰ ਨੂੰ ਪਛਾਣ ਕੇ ਮੈਨੂੰ ਕਹਾਣੀ ਲਿਖਣ ਲਈ ਪ੍ਰੇਰਿਆ।

- ਮੇਰੇ ਹਾਈ ਸਕੂਲ ਵੇਲੇ ਦੇ ਪੰਜਾਬੀ ਅਧਿਆਪਕ ਸ੍ਰੀ ਜੁਗਿੰਦਰ ਸਿੰਘ ਪੁਰਬਾ, ਜਿਨ੍ਹਾਂ ਦੇ ਪੀਰੀਅਡ ਦੀ ਮੈਂ ਬੇਸਬਰੀ ਨਾਲ ਉਡੀਕ ਕਰਦਾ ਸੀ।

- ਵੱਡੇ ਵੀਰ ਨਾਵਲਕਾਰ ਦਵਿੰਦਰ ਸਿੰਘ ਸੇਖਾ, ਜਿਨ੍ਹਾਂ ਕੋਲੋਂ ਬਚਪਨ ਵਿੱਚ ਸਾਹਿਤ ਅਤੇ ਸਾਹਿਤਕਾਰਾਂ ਬਾਰੇ ਗੱਲਾਂ ਸੁਣ ਕੇ ਮੈਨੂੰ ਸਾਹਿਤ ਪੜ੍ਹਨ ਦਾ ਭੁਸ ਪਿਆ।

- ਮੇਰੇ ਬੀ ਜ਼ੀ, ਜਿਨ੍ਹਾਂ ਨੇ ਮੈਨੂੰ ਗੁਰਮੁੱਖੀ ਵਰਣ-ਮਾਲਾ ਤੋਂ ਜਾਣੂੰ ਕਰਵਾਇਆ।

ਮੈਂ ਇਨ੍ਹਾਂ ਸਾਰਿਆਂ ਦਾ ਧੰਨਵਾਦੀ ਹਾਂ। ਜੇ ਕਰ ਪਾਠਕਾਂ ਨੂੰ ਮੇਰੀਆਂ ਕਹਾਣੀਆਂ ਵਿੱਚ ਕਮੀਆਂ ਨਜ਼ਰ ਆਉਣ ਤਾਂ ਇਸ ਨੂੰ ਮੇਰੀ ਹੀ ਨਲਾਇਕੀ ਸਮਝਿਆ ਜਾਣਾ ਚਾਹੀਦਾ ਹੈ, ਮੇਰੇ ਅਧਿਆਪਕ ਤਾਂ ਸਾਰੇ ਹੀ ਚੋਟੀ ਦੇ ਹਨ। ਆਸ ਕਰਦਾ ਹਾਂ ਕਿ ਪਾਠਕ ਉਨ੍ਹਾਂ ਕਮੀਆਂ ਬਾਰੇ ਮੈਨੂੰ ਜ਼ਰੂਰ ਸੁਚੇਤ ਕਰਨਗੇ । ਧੰਨਵਾਦ।

ਹਰਪ੍ਰੀਤ ਸਿੰਘ ਸੇਖਾ

# ਤਤਕਰਾ

ਘੁੰਮਣਘੇਰ (5)

ਸਭਿੱਆਚਾਰ ਦੇ ਰਖਵਾਲੇ (16)

ਢੋਲ (19)

ਰਾਮ ਗਊ (27)

ਲੋਕਾਚਾਰੀ (34)

ਪੰਜ ਡਾਲਰ ਦਾ ਨੋਟ (42)

ਗੁਆਂਢ-ਮੱਥਾ (46)

ਗਿਫ਼ਟ (50)

ਦੋ-ਰੰਗੀ (58)

ਬੀ ਜੀ ਮੁਸਕਰਾ ਪਏ (64)

ਅੰਦਰ ਬੈਠੇ ਡਰ (73)

ਵਿਚਕਾਰਲੀ ਸੜਕ (80)

ਕਿਤਾਬ ਵਿਚਲੇ ਫੁੱਲ (92)

# ਘੁੰਮਣਘੇਰ

ਖਾਲੀ ਘਰ ਡਿੰਪਲ ਨੂੰ ਭਾਂਅ-ਭਾਂਅ ਕਰਦਾ ਲੱਗਾ। ਬੱਚਿਆਂ ਦੇ ਸਕੂਲ ਵਿੱਚ ਛੁੱਟੀਆਂ ਹੋਣ ਕਰਕੇ ਉਸਦੇ ਮਾਸੜ ਜਗਜੀਤ ਨੇ ਉਸ ਦੀ ਮਾਸੀ ਮਨਜੀਤ ਤੋਂ ਵੀ ਕੰਮ 'ਤੇ ਦੋ ਦਿਨਾਂ ਦੀ ਛੁੱਟੀ ਕਰਵਾ ਕੇ ਕੱਲ੍ਹ ਬੱਚਿਆਂ ਦੇ ਨਾਲ ਆਪਣੇ ਮਾਂ-ਪਿਓ ਕੋਲ ਵਿਕਟੋਰੀਆ ਭੇਜ ਦਿੱਤਾ ਸੀ। ਡਿੰਪਲ ਨੇ ਵੀਕਐਂਡ 'ਤੇ ਆਪਣੇ ਮਾਸੜ ਜੀ ਦੇ ਨਾਲ ਜਾ ਕੇ ਉਨ੍ਹਾਂ ਨੂੰ ਲੈ ਆਉਣਾ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਇਸ ਬਹਾਨੇ ਡਿੰਪਲ ਵੀ ਵਿਕਟੋਰੀਆ 'ਚ ਵੈਕਸ ਮਿਊਜ਼ੀਅਮ ਵੇਖ ਲਵੇਗੀ। ਪੰਜ ਮਹੀਨੇ ਹੋ ਚੱਲੇ ਸਨ ਉਸ ਨੂੰ ਸਰੀ ਆਇਆਂ ਪਰ ਹਾਲੇ ਤੱਕ ਉਸ ਨੇ ਇੱਥੋਂ ਦਾ ਕੁਝ ਵੀ ਨਹੀਂ ਸੀ ਵੇਖਿਆ ਸਵਾਏ ਉਸ ਕਾਲਜ ਦੇ ਜਿੱਥੇ ਉਹ ਬਿਜ਼ਨਿਸ ਐਡਮਨਿਸਟਰੇਸ਼ਨ ਦਾ ਕੋਰਸ ਕਰਦੀ ਸੀ ਅਤੇ ਉਸ ਲਾਂਡਰੀ ਦੇ ਜਿੱਥੇ ਉਹ ਵੀਕਐਂਡ 'ਤੇ ਕੰਮ ਕਰਦੀ ਸੀ।

ਡਿੰਪਲ ਨੇ ਪਿਛਲੀ ਰਾਤ ਆਪਣੀ ਮਸੇਰੀ ਭੈਣ ਸਿਮਰਤ ਦੇ ਬਿਨਾਂ ਮਸਾਂ ਕੱਟੀ ਸੀ ਉੱਸਲ-ਵੱਟੇ ਲੈਂਦਿਆਂ। ਉਹ ਡਿੰਪਲ ਦੇ ਨਾਲ ਸੌਂਦੀ ਸੀ। ਮਨਜੀਤ ਬਥੇਰਾ ਕਹਿੰਦੀ ਕਿ ਹੁਣ ਉਹ ਅੱਠਾਂ ਸਾਲਾਂ ਦੀ ਹੈ ਆਪਣੇ ਬੈੱਡ 'ਤੇ ਸੌਂ ਜਾਇਆ ਕਰੇ। ਪਰ ਉਹ ਮਨਜੀਤ ਵੱਲੋਂ ਧੱਕੇ ਨਾਲ ਵਿਛਾਇਆ ਮੈਟਰੈੱਸ ਉਸਦੇ ਕਮਰੇ ਵਿੱਚੋਂ ਨਿਕਲਦਿਆਂ ਹੀ ਧੱਕ ਕੇ ਬੈੱਡ ਦੇ ਹੇਠ ਕਰ ਦਿੰਦੀਆਂ। ਮਨਜੀਤ ਕੁੜ੍ਹਦੀ, "ਪਤਾ ਨੀਂ ਕਦੋਂ ਅੱਡ ਪੈਣ ਲੱਗੂ ਗੀ ਐਡੀ ਬੋਡਲ ਕੱਟੀ ਹੋਈ ਵੀ ਐ।" ਫੇਰ ਉਹ ਡਿੰਪਲ ਨੂੰ ਕਹਿੰਦੀ, " ਤੂੰ ਤਾਂ ਨੀ ਜਵਾਕੜੀ ਵੀਹਾਂ ਸਾਲਾਂ ਦੀ ਹੋਈ ਵੀ ਐਂ, ਆਖ ਦਿਆ ਕਰ ਬਈ ਮੈਂ ਨੀ ਪੈਣਾ ਤੇਰੇ ਨਾਲ।" ਡਿੰਪਲ ਚੁੱਪ ਰਹਿੰਦੀ ਪਰ ਜਗਜੀਤ ਆਖਦਾ, " ਕਿਓਂ ਐਵੇਂ ਮਗਰ ਪੈ ਜਾਨੀ ਐਂ ਬੱਚੀਆਂ ਦੇ?"

ਜਗਜੀਤ ਦਾ ਖਿਆਲ ਆਉਂਦੇ ਹੀ ਡਿੰਪਲ ਨੇ ਘੜੀ ਵੱਲ ਵੇਖਿਆ, ਉਹ ਨੌਂ ਵਜਾ ਰਹੀ ਸੀ। 'ਢਾਈ-ਤਿੰਨ ਘੰਟੇ ਪਏ ਆ ਡੈਡੀ ਦੇ ਆਉਣ 'ਚ, ਹਾਏ! ਕਦੇ-ਕਦੇ ਮਾਸੜ ਜੀ ਨੂੰ 'ਡੈਡੀ' ਹੀ ਮੂੰਹੋਂ ਨਿਕਲ ਜਾਂਦੈ।---- ਹੁਣ ਤਾਂ ਇਹੀ ਡੈਡੀ ਐ। ਮੈਂ 'ਡੈਡੀ' ਹੀ ਆਖ ਦਿਆਂ ਕਰਨੈਂ। ਕਿੰਨੇ ਚੰਗੇ ਆ ਡੈਡੀ। ਕਿੰਨਾ ਪਿਆਰ ਕਰਦੇ ਆ। ਜਵਾਂ ਨੀ ਉੱਚਾ ਬੋਲਦੇ, ਨਾ ਹੀ ਮਾਸੀ ਜੀ ਨੂੰ ਬੋਲਣ ਦਿੰਦੇ ਐ। ਮਾਸੀ ਜੀ ਕੁਛ ਜ਼ਿਆਦਾ ਈ ਸਖਤਾਈ ਵਰਤਦੇ ਆ,' ਸੋਚ ਰਹੀ ਡਿੰਪਲ ਦੇ ਚੇਤੇ ਵਿੱਚ ਆਪਣੀ ਮਾਸੀ ਦਾ ਖੂੰਖਾਰ ਚੇਹਰਾ ਆ ਗਿਆ।

ਉਸ ਦਿਨ ਡਿੰਪਲ ਨੇ ਕਾਲਜ ਜਾਣ ਲੱਗੀ ਨੇ ਸਕਰਟ ਪਾ ਲਈ ਸੀ।

"ਕੁੜੇ ਇਹ ਕੀ ਪਾਈ ਫਿਰਦੀ ਐਂ?" ਮਾਸੀ ਨੇ ਕੌੜ ਕੇ ਪੁੱਛਿਆ। ਉਸ ਨੇ ਮਾਸੀ ਵੱਲ ਵੇਖਿਆ ਪਰ ਮੂੰਹੋਂ ਕੁਝ ਨਾ ਬੋਲੀ।

"ਕਿੱਥੋਂ ਲਏ ਆ ਐਹੋ ਜੇ ਕੱਪੜੇ?" ਮਾਸੀ ਨੇ ਫਿਰ ਪੁੱਛਿਆ।

"ਇੰਡੀਆ ਤੋਂ ਲਿਆਈ ਸੀ, ਓਥੇ ਵੀ ਪਾ ਲੈਂਦੀ ਹੁੰਦੀ ਸੀ," ਉਸ ਨੇ ਸਹਿਮੀ ਜਿਹੀ ਆਵਾਜ਼ 'ਚ ਜਵਾਬ ਦਿੱਤਾ।

"ਏਦੂੰ ਮੁੜਕੇ ਨਾ ਪਾਈਂ, ਤੇਰੇ ਵੱਲ ਵੇਖ ਸਿਮਰਤ ਵੀ ਮੰਗਣ ਲੱਗੂ ਗੀ ਐਹੋ ਜੇ। ਮੈਨੂੰ ਨੀ ਚੰਗਾ ਲੱਗਦਾ ਬਈ ਲੱਤਾਂ ਨੰਗੀਆਂ ਕਰੀ ਫਿਰੋ," ਕੌੜ-ਕੌੜ ਝਾਕਦੀ ਮਾਸੀ ਤੁਰ ਗਈ। ਉਸ ਨੇ ਤੁਰ ਗਈ ਮਾਸੀ ਦੀ ਪਿੱਠ ਵੱਲ ਵੇਖਦੀ ਨੇ ਅੱਖਾਂ ਭਰ ਲਈਆਂ। ਫਿਰ ਉਸ ਨੇ ਹਾਉਕਾ ਲਿਆ ਅਤੇ ਆਪਣੇ ਕਮਰੇ ਵਿੱਚ ਜਾ ਕੇ ਜੀਨ ਨਾਲ ਪੂਰੀਆਂ ਬਾਹਾਂ ਵਾਲੀ ਸ਼ਰਟ ਪਾ ਲਈ ਸੀ।

'ਮਾਸੀ ਐਨੀ ਸਖਤ ਕਿਓਂ ਐ? ਐਨਾ ਤਾਂ ਮੰਮੀ ਹੋਰੀਂ ਵੀ ਨਹੀਂ ਸੀ ਟੋਕਦੇ। ਜਿੱਦਣ ਦਾ ਰਾਣੇ ਨੇ ਘਰ ਫੋਨ ਕੀਤੈ ਉਸ ਦਿਨ ਦੀ ਤਾਂ ਜ਼ਿਆਦਾ ਹੀ ਸਖਤਾਈ ਵਰਤਦੀ ਐ। ਕਿਵੇਂ ਸਮਝਾਵਾਂ ਮਾਸੀ ਨੂੰ ਕਿ ਰਾਣੇ ਤੇ ਮੇਰੇ 'ਚ ਐਸਾ-ਵੈਸਾ ਹੈ ਨੀ ਕੁਛ। ਤੇ ਰਾਣੇ ਨੂੰ ਕੀ ਲੋੜ ਪੈ ਗਈ ਸੀ ਘਰ ਫੋਨ ਕਰਨ ਦੀ? ਦੋ ਦਿਨ ਕੰਮ 'ਤੇ ਹੀ ਨਹੀਂ ਸੀ ਗਈ----।' ਇਨ੍ਹਾਂ ਸੋਚਾਂ 'ਚ ਗਲਤਾਨ ਡਿੰਪਲ ਨੂੰ ਲੱਗਾ ਜਿਵੇਂ ਗੈਰਾਜ ਦਾ ਡੋਰ ਖੁੱਲ੍ਹਿਆ ਹੋਵੇ। ਉਸ ਨੇ ਘੜੀ ਵੱਲ ਵੇਖਿਆ। ਹਾਲੇ ਸਾਢੇ ਨੌਂ ਹੋਏ ਸਨ। 'ਕੀ ਗੱਲ ਹੋ ਗਈ ਅੱਜ ਮਾਸੜ ਜੀ ਸਦੇਹਾਂ ਆ ਗਏ? ਮਾਸੜ ਜੀ ਦਾ ਕਿਹੜਾ ਜੀਅ ਲੱਗਦੈ ਸਿਮਰਤ ਹੁਰਾਂ ਬਗੈਰ। ਕਿੰਨਾਂ ਕਰਦੇ ਆ ਮਾਸੜ ਜੀ ਬੱਚਿਆਂ ਦਾ! ਉੱਠ ਕੇ ਵੇਖਾਂ ਤਾਂ ਸਹੀ ਕਿ ਸੱਚੀਓਂ ਮਾਸੜ ਜੀ ਐ। ਕਿਤੇ ਕੋਈ ਹੋਰ ਈ ਨਾ ਆ ਵੜਿਆ ਹੋਵੇ,' ਸੋਚਦੀ ਡਿੰਪਲ ਡਰਦੀ-ਡਰਦੀ ਜਿਹੀ ਉੱਠੀ। ਪੌੜੀਆਂ ਚੜ੍ਹਦੇ ਜਗਜੀਤ ਨੂੰ ਵੇਖ ਡਿੰਪਲ ਦੇ ਸਾਹ 'ਚ ਸਾਹ ਆਇਆ।

"ਕੀ ਗੱਲ ਹੋ ਗੀ ਮਾਸੜ ਜੀ ਤੁਸੀਂ ਅੱਜ ਆ ਵੀ ਗਏ?" ਡਿੰਪਲ ਨੇ ਪੁੱਛਿਆ।

"ਮੇਰਾ ਚਿੱਤ ਜਿਆ ਨੀ ਸੀ ਠੀਕ, ਸਿਰ ਦੁੱਖਦਾ ਸੀ," ਜਗਜੀਤ ਨੇ ਆਪਣੀ ਲੰਚ-ਕਿੱਟ ਉਸ ਨੂੰ ਫੜਾਉਂਦਿਆਂ ਕਿਹਾ। ਡਿੰਪਲ ਨੇ ਫਿਕਰਮੰਦ ਆਵਾਜ਼ 'ਚ ਪੁੱਛਿਆ, " ਕੋਈ ਦਵਾਈ ਵਗੈਰਾ ਲਈ ਐ?"

"ਦਵਾਈ ਵੀ ਲਈ ਐ। ਜੇ ਤੇਰੀ ਮਾਸੀ ਘਰ ਹੁੰਦੀ ਤਾਂ ਉਹ ਸਿਰ ਘੁੱਟ ਦਿੰਦੀ," ਆਖਦਾ ਜਗਜੀਤ ਸੋਫੇ ਉੱਪਰ ਬੈਠ ਗਿਆ।

''ਲਿਆਓ, ਮੈਂ ਘੁੱਟ ਦਿੰਨੀ ਆਂ,'' ਆਖ ਡਿੰਪਲ ਸੋਫੇ ਦੇ ਪਿੱਛੇ ਖੜ੍ਹ ਉਸ ਦੀਆਂ ਪੁੜ-ਪੜੀਆਂ ਕੋਲੋਂ ਦਬਾਉਣ ਲੱਗੀ। ਡਿੰਪਲ ਨੂੰ ਸ਼ਰਾਬ ਦੀ ਹਵਾੜ ਜਿਹੀ ਆਈ। ਉਸ ਨੇ ਸੋਚਿਆ ਸ਼ਾਇਦ ਚਿੱਤ ਠੀਕ ਨਾ ਹੋਣ ਕਰਕੇ ਕੰਮ ਤੋਂ ਆਉਂਦੇ ਹੋਏ ਪੀ ਆਏ ਹੋਣ।

''ਡਿੰਪਲ ਕਿੰਨੀ ਚੰਗੀ ਐਂ ਤੂੰ, ਮਿੰਟਾਂ 'ਚ ਮੇਰਾ ਸਿਰ ਦਰਦ ਦੂਰ ਕਰ ਦਿੱਤਾ। ਤੇਰੀ ਮਾਸੀ ਤੈਨੂੰ ਐਵੇਂ ਝਿੜਕਦੀ ਰਹਿੰਦੀ ਐ। ਤੇਰੀ ਮਰਜੀ ਦੇ ਕੱਪੜੇ ਨਹੀਂ ਪਾਉਣ ਦਿੰਦੀ। ਤੈਨੂੰ ਮੈਂ ਲੈ ਕੇ ਚੱਲੂੰ ਸਟੋਰਾਂ ਨੂੰ ਕਿਸੇ ਦਿਨ, ਜਿਹੋ-ਜਿਹੇ ਮਰਜ਼ੀ ਹੋਈ ਖਰੀਦ ਲਵੀਂ। ਓਪਰਾ ਨਾ ਮੰਨਿਆ ਕਰ। ਮਾਸੀ ਨੂੰ ਭੌਂਕਦੀ ਰਹਿਣ ਦਿਆ ਕਰ। ਓਹਦੀ ਤਾਂ ਆਦਤ ਐ। ਮੈਨੂੰ ਦੱਸਿਆ ਕਰ ਜਿਹੜਾ ਕੁਝ ਚਾਹੀਦਾ ਹੁੰਦੈ'', ਜਗਜੀਤ ਨੂੰ ਇਸ ਤਰ੍ਹਾਂ ਗੱਲਾਂ ਕਰਦਾ ਸੁਣ  ਡਿੰਪਲ ਦੇ ਬੁੱਲ੍ਹਾਂ 'ਤੇ ਮੁਸਕਾਣ ਆ ਗਈ। ਉਸ ਨੂੰ ਆਪਣੇ ਡੈਡੀ ਦੀ ਯਾਦ ਆ ਗਈ, ਜਿਹੜੇ ਕਈ ਵਾਰ ਸ਼ਰਾਬੀ ਹੋ ਕੇ ਇਸੇ ਤਰ੍ਹਾਂ ਗੱਲਾਂ ਕਰਦੇ ਹੁੰਦੇ ਸਨ। ਡਿੰਪਲ ਦਾ ਜੀਅ ਕੀਤਾ ਕਿ ਉਹ ਮਾਸੜ ਜੀ ਨਾਲ ਵੀ ਉਵੇਂ ਹੀ ਸ਼ਰਾਰਤਾਂ ਕਰੇ ਜਿਵੇਂ ਉਹ ਸ਼ਰਾਬੀ ਹੋਏ ਆਪਣੇ ਡੈਡੀ ਨਾਲ ਕਰਦੀ ਸੀ। ਪਰ ਉਸ ਦਾ ਹੌਂਸਲਾ ਨਾ ਪਿਆ।

ਜਗਜੀਤ ਨੇ ਸਿਰ ਘੁੱਟ ਰਹੀ ਡਿੰਪਲ ਦੀ ਬਾਂਹ ਫੜ ਆਪਣੇ ਨਾਲ ਸੋਫੇ ਉੱਪਰ ਬੈਠਾ ਲਿਆ ਅਤੇ ਉਸ ਨੂੰ ਆਪਣੇ ਨਾਲ ਘੁੱਟਦਿਆਂ ਬੋਲਿਆ, '' ਡਿੰਪਲ ਤੈਨੂੰ ਕਿਸੇ ਚੀਜ਼ ਦੀ ਜਰੂਰਤ ਹੈ ਤਾਂ ਦੱਸ?''

ਡਿੰਪਲ ਨੂੰ ਜਗਜੀਤ ਦਾ ਬੇਮੁਹਾਰਾ ਹੋਇਆ ਹੱਥ ਠੀਕ ਨਾ ਲੱਗਾ ਅਤੇ ਉਹ ਉੱਠਣ ਦੀ ਕੋਸ਼ਿਸ਼ ਕਰਦੀ ਬੋਲੀ, ''ਲਿਆਓ ਮਾਸੜ ਜੀ ਮੈਂ ਤੁਹਾਡੇ ਵਾਸਤੇ ਖਾਣਾ ਗਰਮ ਕਰ ਦਿਆਂ।''

ਜਗਜੀਤ ਨੇ ਉੱਠਦੀ ਡਿੰਪਲ ਨੂੰ ਲੱਕ ਤੋਂ ਫੜ ਕੇ ਵਾਪਸ ਬੈਠਾਉਂਦਿਆਂ ਕਿਹਾ, ''ਖਾਣੇ ਦੀ ਮੈਨੂੰ ਕੋਈ ਜ਼ਰੂਰਤ ਨਹੀਂ, ਬੱਸ ਤੂੰ ਮੇਰੇ ਕੋਲ ਬੈਠ ਜਾ।'' ਉਹ ਡਿੰਪਲ ਨੂੰ ਚੁੰਮਣ ਦੀ ਕੋਸ਼ਿਸ਼ ਕਰਨ ਲੱਗਾ। ਆਪਣੇ ਹੱਥ ਨਾਲ ਜਗਜੀਤ ਦਾ ਮੂੰਹ ਪਰ੍ਹਾਂ ਨੂੰ ਧੱਕਦੀ ਡਿੰਪਲ ਰੁਆਂਸੀ ਆਵਾਜ਼ ਵਿੱਚ ਬੋਲੀ, ''ਹੋਸ਼ ਕਰੋ ਮਾਸੜ ਜੀ।''

''ਕਿਸੇ ਨੂੰ ਨੀ ਪਤਾ ਲੱਗਦਾ, ਬੱਸ ਐਂ ਕਦੇ ਕਦੇ,--- ਰਾਣੀ ਬਣਾ ਕੇ ਰੱਖੂੰ,'' ਆਖਦਾ ਜਗਜੀਤ ਡਿੰਪਲ ਉੱਪਰ ਝੁਕਿਆ। ਡਿੰਪਲ ਨੇ ਉਸ ਦੇ ਲੱਤ ਮਾਰੀ ਅਤੇ ਉੱਠ ਕੇ ਬਾਹਰ ਵੱਲ ਭੱਜਣ ਲੱਗੀ ਪਰ ਜਗਜੀਤ ਨੇ ਉਸ ਨੂੰ ਦੋ ਕਦਮ ਵੀ ਨਾ ਪੁੱਟਣ ਦਿੱਤੇ।

''ਭੱਜ ਕੇ ਕਿੱਧਰ ਜਾਏਂਗੀ? ਹੈ ਕੋਈ ਟਿਕਾਣਾ? ਤੈਨੂੰ ਕਿਹੈ ਬਈ ਰਾਜ ਕਰੇਂਗੀ,'' ਆਖ ਜਗਜੀਤ ਨੇ ਡਿੰਪਲ ਨੂੰ ਬਾਹਾਂ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਪਰ ਇਸ ਵਾਰ ਡਿੰਪਲ ਦੀ ਲੱਤ ਉਸ ਦੇ ਅਜੇਹੇ ਥਾਂ ਵੱਜੀ ਕਿ ਉਹ ਪੀੜ ਨਾਲ ਇੱਕਠਾ ਹੋ ਕੇ ਥਾਏਂ ਬੈਠ ਗਿਆ। ਡਿੰਪਲ ਵਾਹੋ-ਧਾਹੀ ਪੌੜੀਆਂ ਉੱਤਰ ਕੇ ਘਰੋਂ ਬਾਹਰ ਹੋ ਗਈ। ਸੜਕ ਉੱਪਰ ਭੱਜਦੀ ਉਹ ਮੁੜ-ਮੁੜ ਪਿੱਛੇ ਵੱਲ ਵੇਖਦੀ ਠੇਡਾ ਖਾ ਕੇ ਡਿੱਗ ਪਈ। 'ਭੱਜ ਕਿੱਧਰ ਭੱਜਦੀ ਐਂ?' ਜਗਜੀਤ ਦਾ ਬੋਲ ਉਸ ਦੇ ਦਿਮਾਗ ਵਿੱਚ ਗੂੰਜਿਆ। ਉਹ ਤੇਜ਼ੀ ਨਾਲ ਉੱਠੀ, ਪਿੱਛੇ ਵੱਲ ਵੇਖਿਆ, ਉਸ ਨੂੰ ਜਗਜੀਤ ਨਾ ਦਿਸਿਆ ਪਰ ਉਹ ਤੇਜ਼-ਤੇਜ਼ ਤੁਰਦੀ ਰਹੀ। ਕਦੇ ਭੱਜ ਪੈਂਦੀ। 'ਹਾਏ ਨੀ ਮਾਂ ਕਿੱਧਰ ਜਾਵਾਂ?' ਸੋਚਦੀ ਨੇ  ਹਾਉਕਾ ਲਿਆ ਅਤੇ ਆਸੇ-ਪਾਸੇ ਵੇਖਦੀ ਨੇ ਪਛਾਨਣ ਦੀ ਕੋਸ਼ਿਸ਼ ਕੀਤੀ ਕਿ ਉਹ ਕਿਹੜੀ ਸੜਕ ਉੱਪਰ ਜਾ ਰਹੀ ਹੈ। ਸੁੰਨਮ-ਸੁੰਨੀ ਸੜਕ ਉਸ ਨੂੰ ਓਪਰੀ ਜਿਹੀ ਲੱਗੀ। ਜਦੋਂ ਉਸ ਦੀ ਨਜ਼ਰ ਸਾਹਮਣੇ ਚੌਰਸਤੇ ਵਿੱਚ ਲੱਗੇ ਮੈਕਸ ਅਤੇ ਲਾਂਡਰੋਮੈਟ ਦੇ ਸਾਈਨ 'ਤੇ ਪਈ ਤਾਂ ਉਸ ਨੂੰ ਤਸੱਲੀ ਜਿਹੀ ਹੋਈ ਕਿ 'ਇਹ ਤਾਂ ਉਸ ਦਾ ਜਾਣਿਆ-ਪਹਿਚਾਣਿਆ ਰਾਹ ਹੈ। ਇਸੇ ਰਸਤੇ ਤਾਂ ਉਹ ਵੀਕਐਂਡ 'ਤੇ ਕੰਮ ਕਰਨ ਆਉਂਦੀ ਹੈ।' ਮੈਕਸ ਦਾ ਸਾਈਨ ਵੇਖ ਕੇ ਉਸ ਦੇ ਖਿਆਲ ਵਿੱਚ  ਰਾਣਾ ਆ ਗਿਆ। 'ਉਹ ਇੱਥੇ ਹੀ ਹੋਵੇਗਾ, ਵੀਕਡੇਜ਼ ਵਿੱਚ ਉਹ ਰਾਤ ਦੀ ਸ਼ਿਫਟ ਕਰਦਾ ਹੈ' ਸੋਚ ਕੇ ਉਸ ਦੇ ਕਦਮ ਹੋਰ ਤੇਜ਼ ਹੋ ਗਏ।

ਮੈਕਸ ਸਟੋਰ ਵਿੱਚ ਵੜਦਿਆਂ ਉਸ ਇੱਕ ਵਾਰ ਫਿਰ ਪਿੱਛੇ ਮੁੜ ਕੇ ਵੇਖਿਆ, ਉਸ ਨੂੰ ਲੱਗਾ ਜਿਵੇਂ ਆ ਰਹੀ ਕਾਰ ਜਗਜੀਤ ਦੀ ਹੋਵੇ। ਸਟੋਰ ਵਿੱਚ ਦਾਖਿਲ ਹੋ ਉਹ ਸਿੱਧੀ ਰਾਣੇ ਦੇ ਗਲ ਜਾ ਚਿੰਬੜੀ, ਜਿਸ ਕੋਲੋਂ ਉਹ ਇੱਕ ਵਿੱਥ 'ਤੇ ਰਹਿ ਕੇ ਗੱਲ ਕਰਦੀ ਸੀ। ਭੁੱਬੀਂ ਰੋਂਦੀ ਨੂੰ ਇਹ ਵੀ ਖਿਆਲ ਨਾ ਰਿਹਾ ਕਿ ਉਹ ਇੱਕ ਸਟੋਰ ਵਿੱਚ ਖੜ੍ਹੀ ਹੈ, ਜਿਹੜਾ ਉਸ ਸਮੇਂ ਭਾਵੇਂ ਖਾਲੀ ਸੀ ਪਰ ਉੱਥੇ ਕਿਸੇ ਵੀ ਪਲ ਕੋਈ ਗਾਹਕ ਆ ਸਕਦਾ ਸੀ। ਫਿਰ ਉਹ ਸਟੋਰ ਦੇ ਪਿਛਲੇ ਕਮਰੇ 'ਚ ਬੈਠੀ ਜ਼ਾਰੋ-ਜ਼ਾਰ ਰੋਂਦੀ ਰਹੀ ਸੀ। ਜਿਹੜਾ ਕੁਝ ਹੋਇਆ ਸੀ ਉਸ ਦਾ ਡਿੰਪਲ ਨੂੰ ਸੱਚ ਨਹੀਂ ਸੀ ਆ ਰਿਹਾ। 'ਓਹਨੇ ਮੇਰੇ ਨਾਲ ਇਸ ਤਰ੍ਹਾਂ ਕਿਓਂ ਕੀਤਾ,------------- ਮੈਂ ਤਾਂ ਓਹਨੂੰ ਪਿਓ ਸਮਝਦੀ ਸੀ।------- ਕੀ ਕਰਾਂ ਮੈਂ?------- ਕਿੱਥੇ ਜਾਵਾਂ?' ਕਦੇ ਉਹ  ਸੋਚਦੀ ਕਿ ਇੰਡੀਆ ਫੋਨ ਕਰਕੇ ਮੰਮੀ-ਡੈਡੀ ਨੂੰ ਦੱਸੇ। ਫੇਰ ਸੋਚਦੀ, 'ਉਹ ਉੱਥੇ ਬੈਠੇ ਕੀ ਕਰ ਲੈਣਗੇ? ਵਾਧੂ ਦਾ ਫਿਕਰ ਕਰਨਗੇ।----ਹੋਰ ਫਿਰ ਮੈਂ ਕੀ ਕਰਾਂ?' ਸੋਚ ਕੇ ਉਸ ਦੀ ਭੁੱਬ ਨਿਕਲ ਜਾਂਦੀ। ਰਾਣਾ ਗਾਹਕ ਭੁਗਤਾ ਕੇ ਗੇੜਾ ਮਾਰ ਜਾਂਦਾ ਅਤੇ ਪੁੱਛਦਾ, ''ਕੀ ਹੋਇਐ? ਕੋਈ ਗੱਲ ਵੀ ਦੱਸ?'' ਡਿੰਪਲ ''ਕੁਝ ਨਹੀਂ'' ਆਖ ਕੇ ਸਿਰ ਮਾਰਦੀ ਅਤੇ ਉਸ ਦਾ ਰੋਣ ਉੱਚਾ ਹੋ ਜਾਂਦਾ।

''ਘੱਟੋ-ਘੱਟ ਪਤਾ ਤਾਂ ਲੱਗੇ ਕਿ ਹੋਇਆ ਕੀ ਐ?'' ਰਾਣੇ ਨੇ ਜ਼ੋਰ ਦੇ ਕੇ ਪੁੱਛਿਆ।

''ਮਾਸੜ ਨੇ----'' ਤੋਂ ਬਾਅਦ ਡਿੰਪਲ ਤੋਂ ਕੁਝ ਨਾ ਬੋਲਿਆ ਗਿਆ।

''ਹੈ ਕੰਜਰ! ਤੈਨੂੰ ਹੱਥ ਪਾ ਲਿਆ?''

ਡਿੰਪਲ ਦੀ ਭੁੱਬ ਨਿਕਲ ਗਈ। ''ਤੈਨੂੰ ਕੋਈ ਨੁਕਸਾਨ ਤਾਂ ਨਹੀਂ ਪੁਚਾਇਆ?'' ਰਾਣੇ ਨੇ ਪੁੱਛਿਆ।

ਡਿੰਪਲ ਨੇ ਨੀਵੀਂ ਚੁੱਕ ਕੇ ਹੰਝੂ ਭਰੀਆਂ ਅੱਖਾਂ ਨਾਲ ਰਾਣੇ ਵੱਲ ਵੇਖਿਆ ਅਤੇ 'ਨਹੀਂ' ਵਿੱਚ ਸਿਰ ਮਾਰਿਆ। ਰਾਣਾ ਉਸ ਨੂੰ ਧੀਰਜ ਬਨਾਉਂਦਾ ਆਖਣ ਲੱਗਾ, '' ਕੁਝ ਨਹੀਂ ਵਿਗੜਿਆ, ਸਭ ਕੁਝ ਠੀਕ ਹੋ ਜੂ, ਫਿਕਰ ਨਾ ਕਰ, ਜਿੰਨੀ ਹੋ ਸਕਿਆ ਤੇਰੀ ਮੱਦਦ ਕਰੂੰ।''

ਡਿੰਪਲ ਦੀ ਬਾਕੀ ਰਾਤ ਰੋਂਦਿਆਂ, ਸਿਸਕਦਿਆਂ, ਹਾਉਕੇ ਲੈਂਦਿਆਂ ਨਿਕਲ ਗਈ। ਸਵੇਰੇ ਛੇ ਵਜੇ ਆਪਣੇ ਕੰਮ ਦੀ ਸ਼ਿਫਟ ਮੁਕਾ ਕੇ ਰਾਣੇ ਨੇ ਕਿਹਾ, ''ਆ ਚੱਲੀਏ।''

''ਕਿੱਥੇ?'' ਡਿੰਪਲ ਨੇ ਹੈਰਾਨੀ ਜਿਹੀ ਨਾਲ ਪੁੱਛਿਆ।

''ਮੇਰੀ ਬੇਸਮੈਂਟ 'ਚ। ਹੋਰ ਕਿੱਥੇ?''

''ਪਰ---,'' ਕੁਝ ਆਖਦੀ-ਆਖਦੀ ਡਿੰਪਲ ਚੁੱਪ ਕਰ ਗਈ। ਉਹ ਜੱਕੋ-ਤੱਕੀ 'ਚ ਪੈ ਗਈ। ਰਾਣਾ ਬੋਲਿਆ, '' ਜੇ ਕੋਈ ਹੋਰ ਥਾਂ ਜਿੱਥੇ ਤੂੰ ਜਾਣਾਂ ਚਾਹੁੰਨੀ ਐਂ ਤਾਂ ਮੈਂ ਉੱਥੇ ਛੱਡ ਆਉਨੈ?''

''ਨਹੀਂ, ਹੋਰ ਤਾਂ ਕਿਤੇ ਨੀ,'' ਆਖਦੀ ਡਿੰਪਲ ਉੱਠ ਖੜੋਤੀ ਅਤੇ ਹੌਲੀ-ਹੌਲੀ ਤੁਰਦੀ ਇੱਧਰ-ਉੱਧਰ ਵੇਖਦੀ ਉਹ ਕਾਰ ਦੀ ਪਿਛਲੀ ਸੀਟ 'ਤੇ ਬੈਠ ਗਈ। ਬੇਸਮੈਂਟ 'ਚ ਪਹੁੰਚ ਜਦ ਰਾਣਾ ਅੰਦਰੋਂ ਕੁੰਡੀ ਲਾਉਣ ਲੱਗਾ ਤਾਂ ਡਿੰਪਲ ਝੱਟ ਬੋਲੀ, ''ਲੌਕ ਨੂੰ ਕੀ ਐ?''

ਰਾਣਾ ਬੋਲਿਆ, ''ਮੈਂ ਤੇਰਾ ਦੋਸਤ ਬਣਨਾ ਚਾਹੁੰਨੈ, ਦੁਸ਼ਮਣ ਨਹੀਂ। ਮੈਥੋਂ ਨਾ ਡਰ।''

''ਨਹੀਂ-ਨਹੀਂ ਮੈਂ ਤਾਂ ਓਦਾਂ ਹੀ ਕਿਹਾ ਸੀ,'' ਆਖਦੀ ਡਿੰਪਲ ਇੱਧਰ-ਉੱਧਰ ਵੇਖਣ ਲੱਗੀ।

''ਬੈਠ ਕੇ ਆਪਣੇ ਮੰਮੀ-ਡੈਡੀ ਨੂੰ ਫੋਨ ਕਰਕੇ ਦੱਸ ਸਾਰਾ ਕੁੱਝ ਕਿ ਤੂੰ ਕਿੱਥੇ ਹੈਂ। ਉਨ੍ਹਾਂ ਨੂੰ ਪਤਾ ਤਾਂ ਲੱਗਣਾ ਚਾਹੀਦਾ ਹੈ ਕਿ ਤੇਰੇ ਨਾਲ ਕੀ ਬੀਤਿਆ ਹੈ?'' ਰਾਣੇ ਨੇ ਉਸ ਨੂੰ ਫੋਨ ਫੜਾਉਂਦੇ ਹੋਏ ਆਖਿਆ। ਜੱਕਾਂ-ਤੱਕਾਂ 'ਚ ਜਦ ਡਿੰਪਲ ਨੇ ਫੋਨ ਮਿਲਾਇਆ ਤਾਂ ਉਸ ਦੀ ਮੰਮੀ ਨੇ ਕਿਹਾ,''ਕਿੱਥੇ ਐਂ ਕੁੜੇ ਤੂੰ? ਅਸੀਂ ਤਾਂ ਸਾਰਾ ਟੱਬਰ ਸੁੱਕਣੇ ਪਏ ਵੇ ਆਂ ਜਦੋਂ ਦਾ ਤੇਰੀ ਮਾਸੀ ਦਾ ਫੋਨ ਆਇਐ। ਕੀਹਦੇ ਨਾਲ ਐਂ ਤੂੰ? ਤੇਰੀ ਮਾਸੀ ਤਾਂ ਹੋਰ ਈ ਗੱਲਾਂ ਕਰਦੀ ਐ।''

ਡਿੰਪਲ ਦਾ ਗੱਚ ਭਰ ਆਇਆ ਅਤੇ ਉਸ ਕੋਲੋਂ ਕੁਝ ਨਾ ਬੋਲਿਆ ਗਿਆ। ਉਸ ਨੇ ਫੋਨ ਕੱਟ ਦਿੱਤਾ। ਆਪਣਾ ਚਿੱਤ ਕਰੜਾ ਕਰਕੇ ਉਸ ਨੇ ਫੇਰ ਫੋਨ ਕਰਕੇ ਆਪਣੀ ਮੰਮੀ ਨੂੰ ਹੋਈ ਬੀਤੀ ਸੁਣਾ ਦਿੱਤੀ।

''ਸਾਨੂੰ ਕਿਹੜਾ ਤੇਰੀ ਮਾਸੀ ਦੀਆਂ ਗੱਲਾਂ ਦਾ ਸੱਚ ਆਉਂਦਾ ਸੀ। ਅਸੀਂ ਵੀ ਕਹੀਏ ਬਈ ਭੱਜਣਾ ਤਾਂ ਇੱਕ ਪਾਸੇ ਸਾਡੀ ਡਿੰਪਲ ਤਾਂ ਕਿਸੇ ਵੱਲ ਅੱਖ ਪੁੱਟ ਕੇ ਨੀ ਵੇਖਦੀ।'' ਫੇਰ ਉਸ ਰਤਾ ਰੁਕ ਕੇ ਪੁੱਛਿਆ,''ਤੇਰੇ ਸਰੀਰ ਨੂੰ ਤਾਂ ਕੋਈ ਜ਼ਰਬ ਨੀਂ ਪਹੁੰਚੀ?''

ਡਿੰਪਲ ਦੀ 'ਨਹੀਂ' ਸੁਣ ਕੇ ਉਸ ਕਿਹਾ, ''ਸ਼ੁਕਰ ਐ, ਸ਼ੁਕਰ ਐ।'' ਸੁਣ ਕੇ ਡਿੰਪਲ ਅੰਦਰ ਇੱਕ ਚੀਸ ਜਿਹੀ ਉੱਠੀ। ਉਸ ਸੋਚਿਆ, 'ਜਿਹੜੀ ਹੁਣ ਜ਼ਰਬ ਪਹੁੰਚੀ ਐ ਉਹ ਥੋੜ੍ਹੀ ਐ?'

''ਲੱਤ ਨਾਲ ਕੀ ਬਣਿਐ ਹੋਣਾ ਕੰਜਰ ਦਾ, ਕੁਛ ਹੋਰ ਹੈ ਨੀ ਸੀ ਮਾਰਨ ਨੂੰ ? ਚੀਰ ਕੇ ਰੱਖ ਦਿੰਦੀ,'' ਇਹ ਆਵਾਜ਼ ਉਸ ਦੇ ਡੈਡੀ ਦੀ ਸੀ। ਫਿਰ ਉਹ ਥੋੜ੍ਹੀ ਦੇਰ ਚੁੱਪ ਰਹਿ ਕੇ ਬੋਲੇ, ''ਤੂੰ ਚੰਗਾ ਕੀਤਾ ਭੱਜ ਆਈ ਉੱਥੋਂ, ਓਸ ਕੰਜਰ ਨਾਲ ਵੀ ਮੈਂ ਕਰਦੈਂ ਗੱਲ। ਤੂੰ ਫਿਕਰ ਨਾ ਕਰ ਮੈਂ ਕਿਸੇ ਏਜੰਟ ਨਾਲ ਸਲਾਹ ਕਰਕੇ ਕਰੂੰ ਕੋਈ ਇੰਤਜ਼ਾਮ।'' ਆਪਣੇ ਡੈਡੀ ਤੋਂ ਦਿਲਾਸਾ ਲੈ ਡਿੰਪਲ ਨੇ ਇੱਕ ਲੰਮਾ ਸਾਹ ਲਿਆ ਅਤੇ ਸੋਫੇ ਉੱਪਰ ਬੈਠ ਗਈ। ਕੁਝ ਦੇਰ ਬਾਅਦ ਜਦ ਬੇਸਮੈਂਟ ਦਾ ਦਰਵਾਜ਼ਾ ਖੜਕਿਆ ਤਾਂ ਰਾਣੇ ਨੇ ਆਪਣੇ ਕਮਰੇ ਵਿੱਚੋਂ ਆ ਕੇ ਦਰਵਾਜ਼ਾ ਖੋਹਲਿਆ। ''ਡਿੰਪਲ'', ਆਪਣੀ ਮਾਸੀ ਦੀ ਆਵਾਜ਼ ਸੁਣ ਸੋਫੇ ਉੱਪਰੋਂ ਉੱਠ ਡਿੰਪਲ ਦਰਵਾਜ਼ੇ 'ਚ ਖੜ੍ਹੇ ਰਾਣੇ ਨਾਲ ਜਾ ਖੜੋਤੀ। ਮਨਜੀਤ ਨੇ ਖਾ ਜਾਣ ਵਾਲੀਆਂ ਨਿਗਾਹਾਂ ਨਾਲ ਵੇਖਦੇ ਕਿਹਾ, '' ਕਲੱਛਣੀਏਂ ਭੋਰਾ ਸ਼ਰਮ ਨਹੀਂ ਆਈ ਖੇਹ ਖਾਣ ਲੱਗੀ ਨੂੰ। ਆਵਦੇ ਪਿਓ ਵਰਗੇ ਮਾਸੜ 'ਤੇ ਤੋਹਮਤ ਲਾਉਂਦਿਆਂ ਤੇਰੇ ਅੰਦਰ ਭੋਰਾ ਵੀ ਰਹਿਮ ਨੀ ਆਇਆ? । ਤੇਰਾ ਪਿਓ ਕੰਜਰ ਨਿੱਤ 'ਲਾਂਭੇ ਦਿੰਦਾ ਸੀ ਬਈ ਥੋਨੂੰ ਨੀ ਏਧਰ ਸੱਦਦੇ। ਜੇ ਓਸ ਕੰਜਰ ਦੀ ਇੱਜਤ ਦਾ ਖਿਆਲ ਨੀ ਸੀ ਤਾਂ ਸਾਡੀ ਦਾ ਕੁਛ ਸੋਚਦੀ--- ਜਿਹੜੀ ਖੇਹ ਖਿੰਡਾਉਣੀ ਸੀ ਖਿੰਡਾ ਦਿੱਤੀ ਹੁਣ ਤਿਆਰ ਹੋ ਜਾ ਜਾਣ ਲਈ । ਐਹੋ ਜੀ ਨੂੰ ਘਰੇ ਰੱਖਣਾ ਤਾਂ ਇੱਕ ਪਾਸੇ ਕਨੇਡੇ 'ਚ ਵੀ ਨੀ ਰਹਿਣ ਦਿੰਦੀ ਤੈਨੂੰ।''

''ਮਾਸੀ ਜੀ ਗੱਲ ਤਾਂ ਸੁਣੋ ਮੇਰੀ,'' ਡਿੰਪਲ ਨੇ ਕਿਹਾ।

''ਗੱਲ ਸੁਣਨ ਦੀ ਹਾਲੇ ਕਸਰ ਰਹਿ ਗਈ?,'' ਮਨਜੀਤ ਨੇ ਡਿੰਪਲ ਦੇ ਖਿੱਲਰੇ ਕੇਸਾਂ ਵੱਲ ਇਸ਼ਾਰਾ ਕੀਤਾ ਅਤੇ ਫਿਰ ਨਾਈਟ ਗਾਊਨ 'ਚ ਖੜ੍ਹੇ ਰਾਣੇ ਵੱਲ ਹੱਥ ਕਰਕੇ ਬੜੇ ਘਿਰਣਾਮਈ ਅੰਦਾਜ਼ 'ਚ ਵੇਖਿਆ ਤੇ ਫਿਰ ਬੋਲੀ, ''ਜੇ ਤੇਰਾ ਮਾਸੜ ਛੇਤੀ ਘਰ ਨਾ ਮੁੜਦਾ ਤਾਂ ਕਿਵੇਂ ਪਤਾ ਲੱਗਣਾ ਸੀ ਬਈ ਤੂੰ ਸਾਡੀ ਗੈਰਹਾਜ਼ਰੀ 'ਚ ਆਪਣੇ ਐਹੋ ਜੇ ਲਫੰਗੇ ਯਾਰਾਂ ਨੂੰ ਘਰੇ ਵਾੜ ਲੈਨੀ ਐਂ

''ਜੇ ਤੁਸੀਂ ਮਾਸੜ ਦੀਆਂ ਗੱਲਾਂ ਦਾ ਈ ਇਤਬਾਰ ਕਰਨੈ ਤਾਂ ਆਖੋ ਓਹਨੂੰ ਗੁਰਦੁਆਰੇ ਜਾ ਕੇ ਖਾਵੇ ਸੌਂਹ ਦੋਹਾਂ ਬੱਚਿਆਂ ਦੀ,'' ਡਿੰਪਲ ਨੇ ਰੁਆਂਸੀ ਆਵਾਜ਼ 'ਚ ਕਿਹਾ।

''ਹਾਏ,ਹਾਏ ਕੰਜਰੀਏ ਜਵਾਕ ਤਾਂ ਤੇਰੇ ਸਾਹਾਂ 'ਚ ਸਾਹ ਲੈਂਦੇ ਆ, ਤੂੰ ਓਨ੍ਹਾਂ ਨੂੰ ਵੀ ਨੀ ਬਖ਼ਸ਼ਦੀ,'' ਮਨਜੀਤ ਉਸ ਨੂੰ ਝਈ ਲੈ ਕੇ ਪਈ।

''ਤੂੰ ਇਹਦੀ ਗੱਲ ਤਾਂ ਸੁਣ ਲੈ ਆਵਦੀਆਂ ਈ ਮਾਰੀ ਜਾਨੀ ਐਂ,'' ਰਾਣੇ ਨੇ ਖਰ੍ਹਵੀ ਆਵਾਜ਼ 'ਚ ਕਿਹਾ।

"ਤੂੰ ਆਵਦਾ ਕੰਮ ਕਰ ਵੇ, ਤੇਰਾ ਕੋਈ ਕੰਮ ਨਹੀਂ ਵਿੱਚ ਟੰਗ ਅੜਾਉਣ ਦਾ," ਮਨਜੀਤ ਨੇ ਰਾਣੇ ਨੂੰ ਅੱਖਾਂ ਵਿਖਾਈਆਂ ।

"ਕਮਜਾਤ ਨੇ ਕੱਖੋਂ ਹੌਲੇ ਕਰਕੇ ਰੱਖਤਾ। ਹੁਣ ਐਹੋ ਜਿਆਂ ਤੋਂ ਅੱਖਾਂ ਕਢਵਾਉਂਦੀ ਐ। ਨਾਲੇ ਵੇਖਲਾਂ ਗੇ ਤੈਨੂੰ ਵੀ ਵੱਡੇ ਨੂੰ," ਆਖਦੀ ਮਨਜੀਤ ਵਾਪਸ ਚਲੀ ਗਈ।

ਮਾਸੀ ਦੇ ਤੁਰ ਜਾਣ ਪਿੱਛੋਂ ਡਿੰਪਲ ਸਿਸਕਣ ਲੱਗੀ, 'ਮਾਸੀ ਕਿਤੇ ਮੇਰੀਆਂ ਰੋ-ਰੋ ਸੁੱਜੀਆਂ ਅੱਖਾਂ ਵੱਲ ਵੀ ਵੇਖਦੀ। ਮੈਂ ਤਾਂ ਸੋਚਦੀ ਸੀ ਬਈ ਮਾਸੀ ਆ ਕੇ ਸੰਭਾਲ ਲਵੇਗੀ ਮੈਨੂੰ, ਪਰ ਤੂੰ ਤਾਂ ਜਮਾਂ ਈ ਧੱਕਾ ਦੇ ਗਈ ਐਂ" ਉਹ ਉਦੋਂ ਤੱਕ ਸਿਸਕਦੀ ਰਹੀ ਜਦ ਤੱਕ ਉਸ ਦੀ ਮੰਮੀ ਦਾ ਫੋਨ ਨਾ ਆ ਗਿਆ। ਉਸ ਨੇ ਪੁੱਛਿਆ, " ਜਿਹੜੇ ਮੁੰਡੇ ਕੋਲ ਐਂ ਤੂੰ ਉਹ ਘਰ-ਪ੍ਰੀਵਾਰ ਵਾਲੈ?"

"ਨਹੀਂ, ਇਕੱਲਾ ਰਹਿੰਦੈ, ਰਫਿਊਜੀ ਐ"।

ਥੋੜ੍ਹੀ ਦੇਰ ਚੁੱਪ ਰਹਿ ਕੇ ਉਸ ਦੀ ਮੰਮੀ ਨੇ ਕਿਹਾ, " ਤੂੰ ਕਿਤੇ ਹੋਰ ਚਲੀ ਜਾਣਾ ਸੀ?"

"ਤੁਸੀਂ ਹੀ ਦੱਸੋ ਕਿੱਥੇ ਜਾਵਾਂ?"

ਉਸ ਦੀ ਮੰਮੀ ਚੁੱਪ ਕਰ ਗਈ । ਡਿੰਪਲ ਨੇ ਫਿਰ ਕਿਹਾ, " ਤੁਹਾਨੂੰ ਮੇਰੇ 'ਤੇ ਇਤਬਾਰ ਨਹੀਂ?"

"ਤੇਰੇ 'ਤੇ ਇਤਬਾਰ ਕੀਤਾ ਕੀ ਕਰ ਲਊ। ਲੋਕਾਂ ਦੀ ਜ਼ੁਬਾਨ ਨਹੀਂ ਫੜੀ ਜਾਂਦੀ ਹੁੰਦੀ। ਹਾਲੇ ਤਾਂ ਤੇਰੀ ਮਾਸੀ ਈ ਗੱਲਾਂ ਬਣਾਉਣੋ ਨੀਂ ਹਟਦੀ। ਤੂੰ ਕਿਸੇ ਕੁੜੀ-ਕੱਤਰੀ ਨਾਲ ਭਾਲ ਕਰ ਕਮਰੇ ਦੀ। ਨਾਲੇ ਕਿਸੇ ਕੋਲ ਬਹੁਤੀ ਗੱਲ ਕਰਨ ਦੀ ਲੋੜ ਨਹੀਂ ਬਈ ਕੀ ਹੋਇਐ, ਆਖ ਦੇਈਂ ਬਈ ਮਾਸੜ ਆਵਦੇ ਲੰਗੜੇ ਭਤੀਜੇ ਦਾ ਰਿਸ਼ਤਾ ਲੈਣ ਨੂੰ ਕਹਿੰਦਾ ਸੀ, ਜਦੋਂ ਨਹੀਂ ਮੰਨੇ ਤਾਂ ਘਰੋਂ ਕੱਢਤਾ। ਸੰਭਲ-ਸੰਭਲ ਤੁਰਨਾ ਪਊ ਕੁੜੀਏ," ਮੰਮੀ ਨੇ ਕਿਹਾ।

ਫਿਰ ਉਸ ਦੇ ਡੈਡੀ ਉਸਨੂੰ ਹੌਂਸਲਾ ਦਿੰਦੇ ਆਖਣ ਲੱਗੇ, "ਵਾਪਸ ਮੁੜਨ ਬਾਰੇ ਸੋਚਣਾ ਵੀ ਨਹੀਂ। ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਨਗੇ।---ਬੇਟੇ, ਇਹ ਤਾਂ ਇੱਕ ਲੜਾਈ ਹੈ, ਜਿਹੜੀ ਤੈਨੂੰ ਘਰ ਦੇ ਬਾਕੀ ਜੀਆਂ ਖਾਤਰ ਹੌਸਲੇ ਨਾਲ ਲੜਨੀ ਪੈਣੀ ਹੈ----।" ਉਨ੍ਹਾਂ ਹੋਰ ਵੀ ਸਮਝਾਉਤੀਆਂ ਦਿੱਤੀਆ। ਡਿੰਪਲ ਖਾਲੀ-ਖਾਲੀ ਨਜ਼ਰਾਂ ਨਾਲ ਕੰਧ ਨੂੰ ਘੂਰਦੀ ਸੋਚਣ ਲੱਗੀ ਕਿ ਉਹ ਕਿਵੇਂ ਲੜੇਗੀ ਇਹ ਲੜਾਈ?

"ਇਓਂ ਬੈਠਣ ਨਾਲ ਕੁਝ ਨਹੀਂ ਬਣਨਾ ਕੁੜੀਏ। ਜੇ ਘਰਦੇ ਕੋਈ ਹੋਰ ਟਿਕਾਣਾ ਲੱਭਣ ਲਈ ਕਹਿੰਦੇ ਆ ਤਾਂ ਤਿਆਰ ਹੋ ਕੇ ਕਾਲਜ ਜਾ ਕੇ ਪੁੱਛ, ਕਈ ਵਾਰੀ ਕਿਸੇ ਕੁੜੀ ਨੂੰ ਰੂਮ-ਮੇਟ ਚਾਹੀਦੀ ਹੁੰਦੀ ਐ," ਰਾਣੇ ਨੇ ਕਹਿੰਦਿਆਂ ਉਸ ਨੂੰ ਵਾਸ਼ਰੂਮ ਦਾ ਰਾਹ ਵਿਖਾਇਆ।

"ਕੀ ਬਣੂਗਾ ਮੇਰਾ? ਮੈਂ ਤਾਂ ਕਿਸੇ ਹੋਰ ਨੂੰ ਜਾਣਦੀ ਵੀ ਨਹੀਂ ਇੱਥੇ," ਆਖਦੀ ਡਿੰਪਲ ਨੇ ਹਾਉਕਾ ਲਿਆ।

"ਜਾਣਦੀ ਕਿਓਂ ਨਹੀਂ? ਮੈਂ ਹੈਗਾ ਆਂ ਇੱਥੇ। ਜਦੋਂ ਕਦੇ ਵੀ ਲੋੜ ਹੋਈ ਮੈਂ ਕਿਤੇ ਨੀ ਭੱਜਿਆ। ਹੁਣ ਉੱਠ ਕੇ ਤਿਆਰ ਹੋ," ਰਾਣੇ ਨੇ ਕਿਹਾ।

ਡਿੰਪਲ ਤਿਆਰ ਹੋ ਕੇ ਰਾਣੇ ਦੇ ਨਾਲ ਕਾਲਜ ਵੱਲ ਚੱਲ ਪਈ। ਕਾਰ ਵਿੱਚ ਬੈਠੀ ਡਿੰਪਲ ਨੂੰ ਆਪਣੀ ਜਮਾਤਣ ਪੈਟੀ ਦਾ ਖਿਆਲ ਆਇਆ, 'ਕਿੰਨਾਂ ਨੇੜੇ ਹੋ ਹੋ ਬਹਿੰਦੀ ਹੁੰਦੀ ਐ, ਰਹਿੰਦੀ ਵੀ ਇਕੱਲੀ ਐ, ਹੋ ਸਕਦੈ ਆਪਣੇ ਨਾਲ ਰੱਖ ਹੀ ਲਵੇ? ਪਰ ਕੀ ਪਤਾ ਹੁੰਦੈ ਇਨ੍ਹਾਂ ਗੋਰੀਆਂ ਦਾ?' ਉਹ ਸੋਚ ਕੇ ਮੁਰਝਾ ਜਿਹਾ ਗਈ। ਫਿਰ ਉਸ ਨੇ ਸੋਚਿਆ, 'ਨਹੀਂ, ਪੈਟੀ ਨੀ ਐਹੋ ਜੀ, ਉਹ ਤਾਂ ਦੂਜੀ ਪੱਲਵੀ ਲੱਗਦੀ ਹੁੰਦੀ ਐ ਕਦੇ-ਕਦੇ।'

ਉਸ ਦਿਨ ਤਾਂ ਡਿੰਪਲ ਨੂੰ ਪੈਟੀ ਦੂਜਾ ਰੂਪ ਲੱਗੀ ਸੀ ਆਪਣੇ ਹੋਸਟਲ ਵੇਲੇ ਦੀ ਰੂਮ-ਮੇਟ ਪਲਵੀ ਦਾ, ਜਿਸ ਦਿਨ ਪੈਟੀ ਨੇ ਪੱਲਵੀ ਵਾਂਗ ਹੀ ਉਸ ਦੀ ਗੱਲ੍ਹ ਵਿੱਚ ਪੈਂਦੇ ਟੋਏ ਨੂੰ ਛੇੜਦਿਆਂ ਕਿਹਾ ਸੀ, "ਤੂੰ ਬਹੁਤ ਸੋਹਣੀ ਐਂ!" ਡਿੰਪਲ ਦਾ ਜੀਅ ਕੀਤਾ ਸੀ ਕਿ ਉਹ ਉਵੇਂ ਹੀ ਪੈਟੀ ਨੂੰ ਵੀ ਉਸ ਦੀ ਨੱਕ ਦੀ ਕਰੂੰਬਲ ਮਰੋੜਦੇ ਹੋਏ ਕਹੇ, ਜਿਵੇਂ ਉਹ ਪਲਵੀ ਨੂੰ ਆਖਦੀ ਸੀ, 'ਚੱਲ-ਚੱਲ ਫਲੱਰਟ ਨਾ ਕਰ' ਪਰ ਉਹ ਜਕ ਗਈ ਸੀ।

ਪੈਟੀ ਨੂੰ ਪੱਲਵੀ ਨਾਲ ਮੇਲਦਿਆਂ ਉਸ ਨੂੰ ਆਸ ਜਿਹੀ ਬੱਝੀ ਕਿ ਪੈਟੀ ਉਸ ਨੂੰ ਆਪਣੇ ਨਾਲ ਰੱਖ ਲਵੇਗੀ। ਕਾਲਜ ਪਹੁੰਚ ਕੇ ਡਿੰਪਲ ਨੇ ਪੈਟੀ ਨੂੰ ਪਾਸੇ ਲਿਜਾ ਕੇ ਕੰਬਦੀ ਆਵਾਜ਼ 'ਚ ਆਪਣੇ ਰਹਿਣ ਲਈ ਥਾਂ ਬਾਰੇ ਪੁੱਛਿਆ। ਪੈਟੀ ਨੇ ਡਿੰਪਲ ਦੀਆਂ ਰੋ-ਰੋ ਕੇ ਸੁੱਜੀਆਂ ਅੱਖਾਂ ਵੱਲ ਵੇਖਿਆ, ਫਿਰ ਉਸ ਦੇ ਫਰਕਦੇ ਬੁੱਲ੍ਹਾਂ ਵੱਲ, ਜਿਹਨਾ ਨੂੰ ਡਿੰਪਲ ਰੋਣਾ ਰੋਕਣ ਲਈ ਘੁੱਟਣ ਦੀ ਕੋਸ਼ਿਸ਼ ਕਰ ਰਹੀ ਸੀ। ਪੈਟੀ ਨੇ ਉਸ ਨੂੰ ਆਪਣੇ ਨਾਲ ਘੁੱਟਦਿਆਂ ਕਿਹਾ, "ਮੈਨੂੰ ਤਾਂ ਸਗੋਂ ਤੇਰੇ ਵਰਗੀ ਰੂਮ-ਮੇਟ ਚਾਹੀਦੀ ਹੈ।"

"ਪਰ ਮੇਰੇ ਕੋਲ ਐਸ ਵੇਲੇ ਕੋਈ ਸਮਾਨ ਨਹੀਂ ਹੈ," ਡਿੰਪਲ ਨੇ ਮਰੀ ਜਿਹੀ ਆਵਾਜ਼ 'ਚ ਕਿਹਾ।

"ਫ਼ਿਕਰ ਨਾ ਕਰ, ਮੈਨੂੰ ਖੁਸ਼ੀ ਹੈ ਕਿ ਤੂੰ ਮੈਨੂੰ ਆਪਣੀ ਸਹਾਇਤਾ ਲਈ ਚੁਣਿਆ," ਆਖਦੀ ਪੈਟੀ ਨੇ ਡਿੰਪਲ ਦੇ ਹੱਥ ਆਪਣੇ ਹੱਥਾਂ ਵਿੱਚ ਘੁੱਟ ਲਏ। ਡਿੰਪਲ ਨੇ ਧੰਨਵਾਦੀ ਤੱਕਣੀ ਨਾਲ ਪੈਟੀ ਵੱਲ ਵੇਖਿਆ ਅਤੇ ਕਾਰ ਵਿੱਚ ਬੈਠੇ ਰਾਣੇ ਨੂੰ ਦੱਸਣ ਤੁਰ ਪਈ। ਰਾਣੇ ਨੇ ਦੋ ਸੌ ਡਾਲਰ ਅਤੇ ਫੋਨ ਕਾਰਡ ਫੜਾਉਂਦਿਆਂ ਕਿਹਾ, "ਆਹ ਫੜ, ਤੈਨੂੰ ਲੋੜ ਪਵੇਗੀ।" ਡਿੰਪਲ ਝਿਜਕੀ। ਰਾਣੇ ਨੇ ਕਿਹਾ, "ਜਦੋਂ ਤੇਰੇ ਕੋਲ ਹੋਏ ਮੋੜ ਦੇਵੀਂ। ਪਰ ਖੁਸ਼ ਰਿਹਾ ਕਰ। ਟੋਇਆਂ ਵਾਲੀਆਂ ਸਰਕਾਰਾਂ

ਟੋਇਆਂ ਨਾਲ ਹੀ ਸੋਹਣੀਆਂ ਲੱਗਦੀਐ। ਡਿੰਪਲ ਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ। ਉਸ ਦੀ ਗੱਲ੍ਹ ਵਿੱਚ ਪਏ ਟੋਏ ਵੇਖ ਰਾਣਾ ਬੋਲਿਆ, ''ਜਿਉਂਦੀ ਰਹਿ ਕੁੜੀਏ! ਕੱਲ੍ਹ ਨੂੰ ਕੰਮ 'ਤੇ ਤਾਂ ਆਏਂਗੀ ਹੀ?''

ਜਦ ਡਿੰਪਲ ਦੂਜੇ ਦਿਨ ਸ਼ਨਿੱਚਰਵਾਰ ਕੰਮ 'ਤੇ ਮੈਕਸ ਕਨਵੀਨੀਐਂਸ ਸਟੋਰ ਦੇ ਨਾਲ ਲੱਗਵੇਂ ਲਾਂਡਰੋਮੇਟ ਪਹੁੰਚੀ ਤਾਂ ਮਾਲਕਣ ਦਾ ਜਵਾਬ ਸੁਣ ਕੇ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਮਾਲਕਣ ਨੇ ਕਿਹਾ, '' ਸੌਰੀ, ਅਸੀਂ ਤੇਰੀ ਹੋਰ ਹੈਲਪ ਨਹੀਂ ਕਰ ਸਕਦੇ। ਇਲੀਗਲ ਤੌਰ 'ਤੇ ਕੰਮ ਦੇਣ ਕਰਕੇ ਸਾਡੀ ਸ਼ਿਕਾਇਤ ਹੋ ਸਕਦੀ ਐ।''

ਸੁੰਨ ਹੋਈ ਖੜੋਤੀ ਡਿੰਪਲ ਸੋਚਣ ਲੱਗੀ, 'ਇਹ ਕਿਹੜੇ ਜਨਮਾਂ ਦੇ ਬਦਲੇ ਲੈ ਰਹੀ ਐਂ ਮਾਸੀ?' ਭਰੀ-ਪੀਤੀ ਉਹ ਵਿਚਕਾਰਲੇ ਦਰਵਾਜ਼ੇ ਰਾਹੀਂ ਮੈਕਸ ਸਟੋਰ 'ਚ ਕੰਮ ਕਰਦੇ ਰਾਣੇ ਕੋਲ ਜਾ ਖੜ੍ਹੀ।

''ਕੋਈ ਨਾ ਆਪਾਂ ਕਿਤੇ ਹੋਰ ਕੰਮ ਲੱਭ ਲਵਾਂਗੇ,'' ਰਾਣੇ ਨੇ ਉਸ ਨੂੰ ਭਰੋਸਾ ਦਵਾਇਆ।

ਪਰ ਮਾਸੀ ਦੀਆਂ ਗੱਲਾਂ ਸੁਣ ਕੇ ਉਸ ਨੂੰ ਇਹ ਭਰੋਸਾ ਬੇਅਰਥਾ ਲੱਗਾ। ਜਦ ਆਪਣਾ ਸਮਾਨ ਲੈਣ ਲਈ ਉਸ ਨੇ ਆਪਣੀ ਮਾਸੀ ਦੇ ਘਰ ਫੋਨ ਕੀਤਾ, ਉਸ ਦੀ ਮਾਸੀ ਬੋਲੀ, ''ਸਾਡੀ ਮਿੱਟੀ ਨਾ ਪਲੀਤ ਕਰਦੀ ਫਿਰ। ਭਲੀ ਮਾਣਸ ਬਣ ਕੇ ਵਾਪਸ ਮੁੜ ਜਾ, ਟਿਕਟ ਤੇਰੀ ਮੈਂ ਲੈ ਦਿੰਨੀ ਆਂ।''

''ਵਾਪਸ ਤਾਂ ਨੀ ਹੁਣ ਮੈਂ ਮੁੜਦੀ।''

''ਵੇਹਨੀਂ ਆਂ ਤੈਨੂੰ ਫਿਰ ਕਿਵੇਂ ਨੀ ਮੁੜਦੀ। ਅਗਾਂਹ ਦੀ ਫੀਸ ਅਸੀਂ ਨੀ ਤੇਰੀ ਭਰਦੇ। ਕੰਮ ਕਿਤੇ ਤੂੰ ਨੀ ਕਰ ਸਕਦੀ। ਜੇ ਕਰੇਂਗੀ, ਮੈਂ ਸ਼ਿਕਾਇਤ ਕਰੂੰ। ਹੁਣ ਤਾਂ ਟਿਕਟ ਮੈਂ ਕਟਾਉਣੀ ਐਂ, ਫੇਰ ਜਬਕਦੀ ਫਿਰੀਂ।''

''ਮੈਨੂੰ ਨੀ ਚਾਹੀਦੀ ਥੋਡੀ ਟਿਕਟ,'' ਡਿੰਪਲ ਨੇ ਜਵਾਬ ਦਿੱਤਾ।

''ਨਹੀਂ ਚਾਹੀਦੀ ਤਾਂ ਭੌਂਕਦੀ ਫਿਰ, ਹੈਨੀ ਤੇਰਾ ਕੋਈ ਸਮਾਨ ਐਥੇ,'' ਆਖ ਕੇ ਮਨਜੀਤ ਨੇ ਫੋਨ ਕੱਟ ਦਿੱਤਾ।

ਕੁਝ ਦੇਰ ਡਿੰਪਲ ਅੰਦਰੇ-ਅੰਦਰ ਆਪਣੀ ਮਾਸੀ ਪ੍ਰਤੀ ਜ਼ਹਿਰ ਘੋਲਦੀ ਰਹੀ। ਫਿਰ ਇਹ ਜ਼ਹਿਰ ਹੰਝੂਆਂ ਰਾਹੀਂ ਵਹਿ ਤੁਰੀ। ਮਨਜੀਤ ਦਾ ਦਿੱਤਾ ਡਰਾਵਾ ਕਿ 'ਅਗਲੇ ਸਾਲ ਦੀ ਫੀਸ ਅਸੀਂ ਨੀ ਭਰਦੇ' ਉਸ ਦੇ ਦਿਮਾਗ ਵਿੱਚ ਘੁੰਮਣ ਲੱਗਾ। ਡਿੰਪਲ ਨੇ ਫੀਸ ਬਾਰੇ ਆਪਣੇ ਮੰਮੀ-ਡੈਡੀ ਨੂੰ ਗੱਲਾਂ ਕਰਦੇ ਸੁਣਿਆ ਸੀ। ਉਸ ਦੇ ਡੈਡੀ ਨੇ ਕਿਹਾ ਸੀ, ''ਪਹਿਲੇ ਸਾਲ ਦੀ ਫੀਸ ਆਪਾਂ ਮੋਗੇ ਵਾਲਾ ਪਲਾਟ ਵੇਚ ਕੇ ਭਰ ਦੇਵਾਂਗੇ। ਦੂਜੇ ਸਾਲ ਦੀ ਫੀਸ ਜਗਜੀਤ ਸਿਓਂ ਕਹਿੰਦਾ ਸੀ ਮੈਂ ਆਪੇ ਭਰ ਦੇਊਂ, ਜਦੋਂ ਆਪਾਂ ਉੱਥੇ ਚਲੇ ਗਏ ਉਸ ਦੇ ਪੈਸੈ ਮੋੜ ਦਿਆਂਗੇ।'' ਯਾਦ ਕਰਕੇ ਡਿੰਪਲ ਦੀ ਚਿੰਤਾ ਹੋਰ ਵਧ ਗਈ।

'ਕਾਲਜ ਦੇ ਅਗਲੇ ਸਾਲ ਦੀ ਫੀਸ ਕਿੱਥੋਂ ਭਰੂੰ? ਜੇ ਡੈਡੀ ਔਖੇ-ਸੌਖੇ ਫੀਸ ਭਰ ਵੀ ਦੇਣਗੇ ਤਾਂ ਖਰਚਾ ਕਿੱਥੋਂ ਤੋਰੂੰ। ਬੇਸਮੈਂਟ ਦਾ ਰੈਂਟ ਤੇ ਹੋਰ ਖਰਚੇ ਕਿਵੇਂ ਚੱਲਣਗੇ? ਲੀਗਲੀ ਕੰਮ ਕਿਤੇ ਮੈਂ ਨੀ ਕਰ ਸਕਦੀ । ਕੀ ਬਣੂੰਗਾ? ਪੈਟੀ ਤੇ ਰਾਣਾ ਕਿੰਨੀ ਕੁ ਹੈਲਪ ਕਰ ਦੇਣਗੇ?' ਸੋਚਦੀ ਉਹ ਹੁਬਕੋ-ਹੁਬਕੀ ਰੋ ਪਈ। ਪੈਟੀ ਨੇ ਉਸ ਨੂੰ ਆਪਣੀ ਬਾਹਾਂ 'ਚ ਲੈ ਲਿਆ। ਡਿੰਪਲ ਨੇ ਹੋਈ-ਬੀਤੀ ਪੈਟੀ ਨੂੰ ਦੱਸ ਦਿੱਤੀ।

''ਤੂੰ ਪੁਲੀਸ ਨੂੰ ਸ਼ਿਕਾਇਤ ਕਿਓਂ ਨੀ ਕਰਦੀ?'' ਪੈਟੀ ਨੇ ਕਿਹਾ।

'' ਨਹੀਂ, ਮੇਰੇ ਮਾਂ-ਬਾਪ ਨਹੀਂ ਚਾਹੁੰਦੇ ਕਿ ਮੈਂ ਇਸ ਤਰ੍ਹਾਂ ਕਰਾਂ,'' ਡਿੰਪਲ ਨੇ ਜਵਾਬ ਦਿੱਤਾ।

''ਇਸ ਤਰ੍ਹਾਂ ਤਾਂ ਉਸ ਸੂਰ ਨੂੰ ਹੋਰ ਸ਼ਹਿ ਮਿਲੇਗੀ। ਉਹ ਕਿਸੇ ਹੋਰ ਨਾਲ ਵੀ ਇਸੇ ਤਰ੍ਹਾਂ ਕਰਨ ਦੀ ਕੋਸ਼ਿਸ਼ ਕਰੇਗਾ,'' ਪੈਟੀ ਦਾ ਜਿਵੇਂ ਆਪਣਾ ਕੋਈ ਜ਼ਖ਼ਮ ਉੱਚੜ ਗਿਆ ਹੋਵੇ।

''ਮੈਨੂੰ ਇਸ ਨਾਲੋਂ ਆਪਣੇ ਭਵਿੱਖ ਦੀ ਜ਼ਿਆਦਾ ਚਿੰਤਾ ਹੈ,'' ਸੁਣ ਕੇ ਪੈਟੀ ਚੁੱਪ ਕਰ ਗਈ। ਫਿਰ ਬੋਲੀ, ''ਹਰੇਕ ਸਮੱਸਿਆ ਦਾ ਕੋਈ ਨਾ ਕੋਈ ਹੱਲ ਜ਼ਰੂਰ ਹੁੰਦਾ ਹੈ। ਤੂੰ ਫ਼ਿਕਰ ਨਾ ਕਰ।''

ਡਿੰਪਲ ਨੂੰ ਲੱਗਿਆ ਸੀ ਜਿਵੇਂ ਉਸ ਦੀ ਸਮੱਸਿਆ ਦਾ ਹੱਲ ਉਸ ਦੀ ਕਲਾਸ-ਮੇਟ ਕਿੰਮਬਰਲੀ ਨੇ ਕੱਢ ਦੇਣਾ ਸੀ। ਕਾਲਜ ਵਿੱਚ ਉਸ ਨੂੰ ਕਿੰਮਬਰਲੀ ਨੇ ਕਿਹਾ ਸੀ, '' ਤੂੰ ਘਬਰਾ ਨਾ, ਤੈਨੂੰ ਕਿਸੇ ਦੇ ਸਹਾਰੇ ਦੀ ਜ਼ਰੂਰਤ ਨਹੀਂ। ਤੂੰ ਖੁਦ ਆਪਣੀ ਦੇਖ-ਭਾਲ ਕਰ ਸਕਦੀ ਹੈਂ। ਮੈਂ ਕਲਾਸ ਤੋਂ ਬਾਅਦ ਤੈਨੂੰ ਦੱਸੂੰਗੀ ਕਿ ਕਿਵੇਂ ਕਮਾਈ ਕਰਨੀ ਹੈ।''

''ਪਰ ਮੈਂ ਤਾਂ ਸਟੂਡੈਂਟ ਵੀਜ਼ੇ 'ਤੇ ਆਈ ਹੋਈ ਹਾਂ। ਆਪਣਾ ਕਾਲਜ ਪ੍ਰਾਈਵੇਟ ਹੈ ਇਸ ਕਰਕੇ ਮੈਂ ਕਿਤੇ ਕੰਮ ਨਹੀਂ ਕਰ ਸਕਦੀ,'' ਡਿੰਪਲ ਨੇ ਮਾਯੂਸੀ ਨਾਲ ਕਿਹਾ।

''ਤੂੰ ਫਿਕਰ ਨਾ ਕਰ। ਮੈਂ ਆਪੇ ਪ੍ਰਬੰਧ ਕਰ ਲਵਾਂਗੀ। ਤੂੰ ਸਾਰਾ ਕੁਝ ਮੇਰੇ ਉੱਪਰ ਛੱਡ ਦੇ,'' ਆਖਦੀ ਕਿੰਮਬਰਲੀ ਨੇ ਉਸ ਦਾ ਮੋਢਾ ਥਪਥਪਾਇਆ।

ਡਿੰਪਲ ਲਈ ਕਲਾਸ ਜਿਵੇਂ ਮੁੱਕਣ ਵਿੱਚ ਹੀ ਨਹੀਂ ਸੀ ਆ ਰਹੀ। ਕਲਾਸ ਖਤਮ ਹੁੰਦੇ ਸਾਰ ਹੀ ਉਹ ਕਿੰਮਬਰਲੀ ਕੋਲ ਗਈ, ''ਮੇਰੀ ਬੱਸ ਦਾ ਟਾਈਮ ਹੋਣ ਵਾਲਾ ਹੈ। ਤੂੰ ਕ੍ਰਿਪਾ ਕਰਕੇ ਆਪਣੀ ਸਲਾਹ ਦੱਸੇਂਗੀ?''

''ਫਿਕਰ ਨਾ ਕਰ। ਮੈਂ ਤੈਨੂੰ ਛੱਡ ਦੇਵਾਂਗੀ। ਮੈਂ ਆਰਾਮ ਨਾਲ ਦੱਸਾਂਗੀ। ਜੇ ਚਾਹੇਂ ਤਾਂ ਮੇਰੇ ਨਾਲ ਚੱਲ ਮੇਰੀ ਅਪਾਰਟਮੈਂਟ 'ਚ,'' ਕਿੰਮਬਰਲੀ ਨੇ ਕਿਹਾ।

''ਨਹੀਂ, ਧੰਨਵਾਦ ਮੈਂ ਪੈਟੀ ਨਾਲ ਹੀ ਠੀਕ ਹਾਂ,'' ਡਿੰਪਲ ਨੇ ਧੰਨਵਾਦੀ ਨਜ਼ਰਾਂ ਨਾਲ ਪੈਟੀ ਵੱਲ ਵੇਖ ਕੇ ਕਿਹਾ।

''ਤੇਰੀ ਮਰਜ਼ੀ।''

ਫਿਰ ਉਹ ਕਿੰਮਬਰਲੀ ਦੀ ਕਾਰ ਵਿੱਚ ਪੈਟੀ ਦੀ ਬੇਸਮੈਂਟ ਵਿੱਚ ਪਹੁੰਚ ਗਈਆਂ। ਕਿੰਮਬਰਲੀ ਨੇ ਆਸੇ-ਪਾਸੇ ਕੰਧਾਂ ਵੱਲ ਨਿਗ੍ਹਾ ਘੁਮਾ ਕੇ ਕਿਹਾ, "ਤੂੰ ਇਸ ਤੋਂ ਕਿਤੇ ਵਧੀਆ ਅਪਾਰਟਮੈਂਟ ਰੈਂਟ ਕਰ ਸਕੇਂਗੀ।" ਡਿੰਪਲ ਨੇ ਉਸ ਵੱਲ ਇਸ ਤਰ੍ਹਾਂ ਵੇਖਿਆ ਜਿਵੇਂ ਕਿੰਮਬਰਲੀ ਕੋਈ ਜਾਦੂਗਰ ਹੋਵੇ।

"ਮੈਂ ਹਫਤੇ ਵਿੱਚ ਦੋ ਦਿਨ ਕੰਮ ਕਰਦੀ ਹਾਂ। ਕੋਈ ਸਟੂਡੈਂਟ ਲੋਨ ਨਹੀਂ ਲਿਆ। ਆਪਣੀ ਅਪਾਰਟਮੈਂਟ ਹੈ। ਤੈਨੂੰ ਵੀ ਇਹ ਸਾਰਾ ਕੁਝ ਮਿਲ ਸਕਦਾ ਹੈ,----ਜਿੰਨੀ ਦੇਰ ਮੈਂ ਇਹ ਕੋਰਸ ਮੁਕਾ ਕੇ ਕੋਈ ਜੌਬ ਨਹੀਂ ਲੱਭ ਲੈਂਦੀ ਓਨੀ ਦੇਰ ਇਹ ਕੰਮ ਕਰਾਂਗੀ," ਕਿੰਮਬਰਲੀ ਨੇ ਕਿਹਾ।

"ਪਰ ਇਹ ਕੰਮ ਹੈ ਕੀ?" ਡਿੰਪਲ ਨੇ ਹੈਰਾਨੀ ਨਾਲ ਪੁੱਛਿਆ।

"ਮਸਾਜ-ਪਾਰਲਰ 'ਚ ਕੰਮ ਕਰੇਂਗੀ? ਕੋਈ ਖਤਰਾ ਨਹੀਂ ਹੈ, ਕੋਈ ਡਰ ਨਹੀਂ, ਤੂੰ ਤਾਂ ਮੇਰੇ ਨਾਲੋਂ ਵੀ ਵੱਧ ਕਮਾ ਲਿਆ ਕਰੇਂਗੀ, ਤੇਰੇ ਵਰਗੀਆਂ ਭੂਰੀ ਚਮੜੀ ਦੀਆਂ ਕੁੜੀਆਂ ਇਸ ਕਿੱਤੇ ਵਿੱਚ ਬਹੁਤ ਥੋੜ੍ਹੀਆਂ ਹਨ।"

ਡਿੰਪਲ ਉਸ ਵੱਲ ਡੌਰ-ਭੌਰੀਆਂ ਅੱਖਾਂ ਨਾਲ ਵੇਖਦੀ ਰਹੀ। ਪਰ ਪੈਟੀ ਬੇਸਮੈਂਟ ਦੇ ਬਾਹਰ ਵਾਲੇ ਦਰਵਾਜ਼ੇ ਨੂੰ ਖੋਹਲ ਕੇ ਬੋਲੀ, "ਏਹਨੂੰ ਸੋਚਣ ਦਾ ਮੌਕਾ ਦੇ, ਤੈਨੂੰ ਇਹ ਛੇਤੀ ਹੀ ਦੱਸ ਦੇਵੇਗੀ।" ਕਿੰਮਬਰਲੀ ਉੱਠ ਕੇ ਬਾਹਰ ਨਿਕਲਦੀ ਬੋਲੀ, "ਯਕੀਨਣ, ਮੈਂ ਇਸ ਦੇ ਜਵਾਬ ਦੀ ਉਡੀਕ ਕਰਾਂਗੀ।"

ਕਿੰਮਬਰਲੀ ਦੇ ਪਿੱਛੇ ਬੇਸਮੈਂਟ ਦਾ ਦਰਵਾਜ਼ਾ ਠਾਹ ਦੇਣੇ ਮਾਰਦਿਆਂ ਪੈਟੀ ਨੇ ਭਰਵੀਂ ਗਾਲ੍ਹ ਕੱਢੀ ਅਤੇ ਡਿੰਪਲ ਦੇ ਕੋਲ ਆ ਕੇ ਬੈਠ ਗਈ।

"ਇਹ ਮਸਾਜ-ਪਾਰਲਰ 'ਚ ਕੀ ਕੰਮ ਹੁੰਦਾ ਹੈ?" ਡਿੰਪਲ ਨੇ ਪੁੱਛਿਆ।

"ਵੇਸਵਾਗਿਰੀ ਦਾ ਨਵਾਂ ਤਰੀਕਾ ਹੈ ਇਹ।"

ਡਿੰਪਲ ਉਸ ਵੱਲ ਬਿੱਟ-ਬਿੱਟ ਵੇਖਦੀ ਰਹੀ ਫਿਰ ਪੈਟੀ ਦੇ ਗਲ ਲੱਗ ਕੇ ਰੋ ਪਈ। ਪੈਟੀ ਉਸ ਦੇ ਵਾਲ ਸਹਿਲਾਉਂਦੀ ਉਸ ਨੂੰ ਦਿਲਾਸਾ ਦਿੰਦੀ ਰਹੀ। ਪਰ ਡਿੰਪਲ ਦਾ ਰੋਣ ਠੱਲ੍ਹਣ 'ਚ ਨਹੀਂ ਸੀ ਆ ਰਿਹਾ। ਪੈਟੀ ਨੇ ਉਸ ਨੂੰ ਆਪਣੇ ਨਾਲ ਘੁੱਟ ਲਿਆ।

ਮੱਲੋ-ਜ਼ੋਰੀ ਡਿੰਪਲ ਨੂੰ ਖਾਣਾ ਖਵਾ ਕੇ ਪੈਟੀ ਨੇ ਉਸ ਨੂੰ ਸਾਰਾ ਕੁਝ ਭੁੱਲ ਕੇ ਸੌਣ ਦੀ ਤਾਕੀਦ ਕੀਤੀ ਅਤੇ ਆਪਣੇ ਕਮਰੇ ਵਿੱਚ ਚਲੀ ਗਈ। ਪਰ ਡਿੰਪਲ ਦੀਆਂ ਅੱਖਾਂ ਵਿੱਚੋਂ ਤਾਂ ਨੀਂਦ ਜਿਵੇਂ ਉੱਡ-ਪੁੱਡ ਹੀ ਗਈ ਸੀ। ਕਦੇ ਉਸ ਦੇ ਦਿਮਾਗ ਵਿੱਚ ਕਿੰਮਬਰਲੀ ਦਾ ਕਿਹਾ ਕਿ, 'ਮਸਾਜ਼ ਪਾਰਲਰ 'ਚ ਕੰਮ ਕਰੇਂਗੀ?' ਆਉਂਦਾ ਕਦੇ ਜਗਜੀਤ ਦਾ ਕਿਹਾ ਕਿ 'ਰਾਣੀ ਬਣਾ ਕੇ ਰੱਖੂੰ' ਆਉਂਦਾ। 'ਕੁੱਤੇ ਨੇ ਕੰਜਰੀ ਸਮਝ ਲਿਆ ਮੈਨੂੰ' ਸੋਚ ਕੇ ਉਸ ਦਾ ਅੰਦਰ ਪੀੜ ਨਾਲ ਵਲੂੰਧਰਿਆ ਗਿਆ। ਉਸ ਦਾ ਜੀਅ ਕੀਤਾ ਕਿ ਉੱਚੀ ਆਵਾਜ਼ ਵਿੱਚ ਕਹੇ ਕਿ 'ਚੁੱਕ ਲੈ ਰੱਬਾ ਜੇ ਕਿਤੇ ਹੈਗੇਂ ਤਾਂ'। ਉਸ ਨੇ ਆਪਣੇ ਬੁੱਲ੍ਹਾਂ ਨੂੰ ਘੁੱਟ ਲਿਆ। ਉਸ ਦਾ ਇਹ ਉਬਾਲ ਪਰਲ-ਪਰਲ ਕਰਕੇ ਅੱਖਾਂ ਰਾਹੀਂ ਵਹਿ ਤੁਰਿਆ। ਫਿਰ ਉਸ ਦੇ ਡੈਡੀ ਦੇ ਬੋਲ ਚੇਤੇ 'ਚ ਗੂੰਜਣ ਲੱਗੇ, 'ਬੇਟੇ ਤੇਰੇ ਨਾਲ ਤੇਰੇ ਛੋਟੇ ਭੈਣ-ਭਰਾ ਦਾ ਵੀ ਭਵਿੱਖ ਬੱਝਾ ਹੋਇਐ', 'ਬੇਟੇ ਕੋਈ ਉਲਾਂਭਾ ਨਹੀਂ ਆਉਣਾ ਚਾਹੀਦਾ'।' 'ਬੇਟੇ---- 'ਕੀ ਕਰਾਂ ਮੈਂ ਡੈਡੀ?' ਉਸ ਦਾ ਲੇਰ ਮਾਰਨ ਨੂੰ ਚਿੱਤ ਉੱਛਲਿਆ। ਉਹ ਉੱਠ ਕੇ ਆਪਣੀ ਮੰਮੀ ਨੂੰ ਫੋਨ ਮਿਲਾਉਣ ਲੱਗੀ। ਫੋਨ ਮਿਲਦੇ ਹੀ ਉਸ ਲੇਰ ਮਾਰਨ ਵਾਂਗ "ਮੰਅਮਾਂਅ" ਕਿਹਾ।

"ਕੀ ਗੱਲ ਐ ਬੱਚੇ?" ਉਸ ਦੀ ਮੰਮੀ ਨੇ ਘਬਰਾਈ ਆਵਾਜ਼ 'ਚ ਪੁੱਛਿਆ।

"ਮੰਅਮਾਂ, ਮੇਰਾ- ਜੀਅ--ਨੀ ਲੱਗਦਾ, ਮੈਨੂੰ—ਆਪਣੇ ਕੋਲ ਸੱਦਲੈ," ਆਖਦੀ ਡਿੰਪਲ ਦਾ ਕੜ ਪਾਟ ਗਿਆ।

"ਬੱਸ ਮੇਰੀ ਧੀ, ਮੇਰਾ ਕਿਹੜਾ ਤੈਨੂੰ ਆਪਣੇ ਕੋਲੋਂ ਵੱਖ ਰੱਖਣ ਨੂੰ ਜੀਅ ਕਰਦੈ," ਆਖਦੀ ਉਸ ਦੀ ਮੰਮੀ ਦੀ ਆਵਾਜ਼ ਭਰੜਾਅ ਗਈ। ਥੋੜੀ ਦੇਰ ਰੁੱਕ ਕੇ ਉਹ ਫਿਰ ਬੋਲੀ, "ਹੌਂਸਲਾ ਕਰ ਮੇਰੀ ਧੀ।"

"ਮੰਅਮਾਂ ---ਮਾਸੜ ਨੇ--- ਮੇਰੇ ਨਾਲ ---ਇਓਂ ਕਿਓਂ ਕੀਤਾ ਮੰਮਾ,"

"ਡਰਾਉਣਾ ਸੁਪਨਾ ਸਮਝ ਕੇ ਭੁੱਲ ਜਾ, ਮੇਰੇ ਬੱਚੇ"

"ਕਿਵੇਂ ਭੁੱਲਾਂ ਮੰਅਮਾਂ?" ਆਖ ਰਹੀ ਡਿੰਪਲ ਦੇ ਮੋਢੇ ਉੱਪਰ ਪੈਟੀ ਨੇ ਆਪਣਾ ਹੱਥ ਆ ਰੱਖਿਆ।

" ਆਪਣਾ ਕੁਝ ਨਹੀਂ ਵਿਗੜਿਆ। ਤੈਨੂੰ ਤਾਂ ਸਗੋਂ ਮਾਣ ਹੋਣਾ ਚਾਹੀਦੈ, ਤੂੰ ਸਹੀ ਸਲਾਮਤ ਓਹਦੇ ਚੁੰਗਲ 'ਚੋਂ ਬਚ ਕੇ ਆ ਗੀ। ਓਹਨੇ ਤਾਂ ਅੱਧ ਵਿਚਾਲੇ ਡੋਬਾ ਦੇਣ ਦੀ ਕਸਰ ਨੀ ਛੱਡੀ ਹੁਣ ਓਹਨੂੰ ਸਿਰੇ ਲੱਗ ਕੇ ਵਿਖਾਵਾਂਗੇ। ਤੂੰ ਬੱਸ ਹੌਂਸਲੇ ਤੋਂ ਕੰਮ ਲੈ। ਤੇਰੇ ਡੈਡੀ ਭੱਜ-ਨੱਸ ਕਰੀ ਜਾਂਦੇ ਆ। ਕੋਈ ਹੱਲ ਲੱਭਣਗੇ ਹੀ, ਬੱਸ ਤੂੰ ਤਕੜੀ ਹੋ। ਜੇ ਤੂੰ ਹੀ ਢੇਰੀ ਢਾਅ ਲਈ ਫਿਰ ਕਿਵੇਂ ਪੂਰੀਆਂ ਪੈਣਗੀਆਂ। ਚੁੱਪ ਮੇਰੀ ਧੀ--------- ਤੂੰ ਆਵਦੇ ਚਿੱਤ 'ਚ ਧਾਰ ਲੈ ਬਈ ਹੁਣ ਪੱਕੇ ਹੋ ਕੇ ਦਖਾਉਣੈ ਕਨੇਡੇ 'ਚ,--------------" ਉਸ ਦੀ ਮੰਮੀ ਕਾਫੀ ਦੇਰ ਉਸ ਨੂੰ ਹੌਸਲਾ ਦਿੰਦੀ ਰਹੀ।

" ਕੋਸ਼ਿਸ਼ ਕਰੂੰਗੀ ਮੰਮਾਂ," ਆਖ ਕੇ ਡਿੰਪਲ ਨੇ ਫੋਨ ਬੰਦ ਕਰ ਦਿੱਤਾ ਅਤੇ ਪੈਟੀ ਦੀਆਂ ਬਾਹਾਂ 'ਚ ਸਮਾਅ ਗਈ। ਪੈਟੀ ਉਸ ਨੂੰ ਦਿਲਾਸਾ ਦੇ ਕੇ ਸਵਾਉਣ ਲੱਗੀ।

ਡਿੰਪਲ ਦੇ ਸੌਂਦਿਆਂ ਹੀ ਪੈਟੀ ਆਪਣੇ ਕਮਰੇ ਵਿੱਚ ਜਾ ਪਈ। ਸੁੱਤੀ ਪਈ ਡਿੰਪਲ ਨੂੰ ਲੱਗਾ ਜਿਵੇਂ 'ਉਹ ਇੱਕ ਹਨੇਰੇ ਵਿੱਚ ਗੁਆਚ ਗਈ ਹੋਵੇ। ਹੱਥ-ਪੈਰ ਮਾਰਦੀ ਨੂੰ ਇੱਕ ਕਿਰਨ ਦਿਸੀ ਅਤੇ ਉਹ ਉਸ ਕਿਰਨ ਵੱਲ ਵਧਣ ਲੱਗੀ। ਪਰ ਇਹ ਤਾਂ ਕਿੰਮਬਰਲੀ ਸੀ। ਫੇਰ ਉਸ ਨੂੰ ਜਗਜੀਤ ਕਿਸੇ ਹਿੰਦੀ ਫਿਲਮਾਂ ਦੇ ਖਲਨਾਇਕ ਵਾਂਗ ਹੱਸਦਾ ਲੱਗਾ। ਉਹ ਡਰ

ਨਾਲ ਸੁੰਗੜਨ ਲੱਗੀ। ਹੱਸਦੇ-ਹੱਸਦੇ ਜਗਜੀਤ ਨੇ ਨਾਗ ਦਾ ਰੂਪ ਧਾਰ ਲਿਆ ਅਤੇ ਉਸ ਵੱਲ ਵਧਣ ਲੱਗਾ।' ਉਹ ਝਟਕੇ ਨਾਲ ਉੱਠੀ ਅਤੇ ਬੱਤੀ ਜਗਾ ਕੇ ਇੱਧਰ-ਉੱਧਰ ਵੇਖਣ ਲੱਗੀ। ਆਸੇ-ਪਾਸੇ ਕੁਝ ਵੀ ਨਹੀਂ ਸੀ ਪਰ ਉਸ ਨੂੰ ਲੱਗਾ ਜਿਵੇਂ ਨਾਗ ਸ਼ਹਿ ਲਾ ਕੇ ਬੈਠਾ ਹੋਵੇ ਅਤੇ ਉਸ ਦੇ ਪੈਣ ਸਾਰ ਹੀ ਉਸ ਦੀ ਹਿੱਕ ਉੱਪਰ ਆ ਚੜ੍ਹੇਗਾ। ਡਰਦੀ-ਕੰਬਦੀ ਉਹ ਪੈਟੀ ਦੇ ਨਾਲ ਜਾ ਪਈ।

"ਕੀ ਹੋਇਆ ਹੈ ਮਿੱਠੋ?" ਪੈਟੀ ਨੇ ਪਾਸਾ ਪਰਤਦੇ ਪੁੱਛਿਆ।

"ਡਰ ਲੱਗਦਾ ਹੈ," ਆਖ ਡਿੰਪਲ ਪੈਟੀ ਦੇ ਨਾਲ ਚੰਬੜ ਗਈ। ਪੈਟੀ ਨੇ ਉਸ ਦੇ ਕੇਸਾਂ 'ਚ ਉਂਗਲਾਂ ਫੇਰਦੇ ਪੁੱਛਿਆ, "ਕੋਈ ਡਰਾਉਣਾ ਸੁਪਨਾ ਵੇਖਿਆ ਸੀ?"

"ਹਾਂ, ਮੈਨੂੰ ਅੰਕਲ (ਮਾਸੜ) ਦਿਸਿਆ।"

"ਇਹ ਡਰਾਉਣੇ ਸੁਪਨੇ ਬਹੁਤ ਚਿਰ ਪਿੱਛਾ ਨਹੀਂ ਛੱਡਦੇ ਹੁੰਦੇ, ਪਰ ਤੂੰ ਚਿੰਤਾ ਨਾ ਕਰ। ਇੱਥੇ ਨਹੀਂ ਆ ਸਕਦਾ ਉਹ ਹਰਾਮਜ਼ਾਦਾ, ਇਹ ਸਾਰੇ ਮਰਦ ਹਰਾਮਜ਼ਾਦੇ ਹੁੰਦੇ ਆ, ਮੈਂ ਨਫ਼ਰਤ ਕਰਦੀ ਹਾਂ ਇਨ੍ਹਾਂ ਨੂੰ।" ਪਰ ਡਿੰਪਲ ਨੂੰ ਕੁਝ ਨਹੀਂ ਸੀ ਸੁਣ ਰਿਹਾ। ਉਹ ਜਿਵੇਂ ਪੈਟੀ ਦੇ ਅੰਦਰ ਵੜ ਜਾਣਾ ਚਾਹੁੰਦੀ ਹੋਵੇ। ਪੈਟੀ ਦਾ ਉਸ ਦੇ ਕੇਸਾਂ ਵਿੱਚ ਫਿਰ ਰਿਹਾ ਹੱਥ ਉਸ ਨੂੰ ਆਪਣੀ ਮਾਂ ਦਾ ਹੱਥ ਲੱਗਾ। ਪੈਟੀ ਉਦੋਂ ਤੱਕ ਉਸ ਨੂੰ ਸਹਿਲਾਉਂਦੀ ਰਹੀ ਜਦ ਤੱਕ ਡਿੰਪਲ ਸੌਂ ਨਾ ਗਈ।

ਸਵੇਰੇ ਉੱਠ ਪੈਟੀ ਨੇ ਕੌਫੀ ਦਾ ਕੱਪ ਫੜਾਉਂਦਿਆਂ ਡਿੰਪਲ ਨੂੰ ਕਿਹਾ, "ਮੇਰੀ ਇੱਕ ਵੱਡੀ ਭੈਣ ਸੀ। ਕ੍ਰਿਸਟਲ ਸੀ ਉਹਦਾ ਨਾਂ। ਉਸ ਨੂੰ ਨਵੀਆਂ-ਨਵੀਆਂ ਚੀਜ਼ਾਂ ਲੈਣ ਦਾ ਸ਼ੌਕ ਸੀ। ਬਹੁਤ ਚੰਚਲ ਸੀ। ਤੇ ਮੇਰੇ ਮਤਰੇਏ ਪਿਓ ਨੇ ਉਸ ਦੀ ਇਸ ਚੰਚਲਤਾ ਦਾ ਲਾਹਾ ਲਿਆ। ਉਹ ਕ੍ਰਿਸਟਲ ਦੀਆਂ ਲੋੜਾਂ ਪੂਰੀਆਂ ਕਰ ਦਿੰਦਾ ਅਤੇ ਬਦਲੇ ਵਿੱਚ ਉਸ ਦੇ ਜਵਾਨ ਹੋ ਰਹੇ ਸਰੀਰ ਨੂੰ ਭੋਗਦਾ। ਫੇਰ ਕ੍ਰਿਸਟਲ ਹੋਰ ਮਰਦਾਂ ਨਾਲ ਵੀ ਇਸੇ ਤਰ੍ਹਾਂ ਕਰਨ ਲੱਗੀ। ਡਰੱਗ ਲੈਣ ਲੱਗ ਗਈ। ਤੇ ਅਖੀਰ ਸੜਕਾਂ ਉੱਪਰ ਵੇਸਵਾਗਿਰੀ ਕਰਨ ਲੱਗੀ।" ਪੈਟੀ ਨੇ ਹਾਉਕਾ ਲਿਆ ਅਤੇ ਬੋਲੀ, " ਤੇ ਜਦ ਕ੍ਰਿਸਟਲ ਘਰੋਂ ਨਿਕਲ ਗਈ ਤਾਂ ਮੇਰਾ ਮਤਰੇਆ ਪਿਓ ਮੇਰੇ ਉੱਪਰ ਡੋਰੇ ਸੁੱਟਣ ਲੱਗਾ ਪਰ ਮੈਂ ਉਸ ਦੇ ਚੁੰਗਲ ਵਿੱਚ ਨਾ ਫਸੀ। ਇੱਕ ਦਿਨ ਉਸ ਗੰਦੇ ਸੂਰ ਨੇ ਮੇਰੇ ਨਾਲ ਬਲਾਤਕਾਰ ਕਰ ਦਿੱਤਾ। ਮੈਨੂੰ ਹੁਣ ਤੱਕ ਉਸ ਦੇ ਡਰਾਉਣੇ ਸੁਪਨੇ ਆਉਂਦੇ ਆ" ।

ਡਿੰਪਲ ਪ੍ਰਸ਼ਨ-ਸੂਚਕ ਨਿਗ੍ਹਾ ਨਾਲ ਪੈਟੀ ਵੱਲ ਵੇਖਣ ਲੱਗੀ।

ਪੈਟੀ ਨੇ ਫਿਰ ਕਿਹਾ, "ਹੁਣ ਮੈਂ ਸੋਚਦੀ ਹਾਂ ਕਿ ਜੇ ਮੈਂ ਵੀ ਲਾਲਚ ਵਿੱਚ ਆ ਕੇ ਆਪਣੀ ਭੈਣ ਦੇ ਰਾਹ ਤੁਰ ਪੈਂਦੀ ਤਾਂ ਮੇਰਾ ਵੀ ਅੰਤ ਉਸ ਵਾਂਗ ਹੀ ਹੋਣਾ ਸੀ।" ਉਹ ਥੋੜ੍ਹਾ ਰੁਕ ਕੇ ਫਿਰ ਬੋਲੀ, " ਮੈਨੂੰ ਗਲਤ ਨਾ ਸਮਝੀਂ, ਤੇਰੇ ਹਾਲਾਤ ਹੀ ਅਜੇਹੇ ਹਨ ਕਿ ਹੋ ਸਕਦਾ ਹੈ ਕਿ ਤੈਨੂੰ ਕਿੰਮਬਰਲੀ ਦੀ ਸਲਾਹ ਠੀਕ ਲੱਗੇ। ਪਰ ਤੂੰ ਸੋਚ ਸਮਝ ਕੇ ਉਸ ਨੂੰ ਜਵਾਬ ਦੇਵੀਂ।"

ਪੈਟੀ ਵੱਲ ਬਿੱਟ-ਬਿੱਟ ਵੇਖਦੀ ਡਿੰਪਲ ਨੇ ਇੱਕ ਦਮ ਉੱਠ ਕੇ "ਧੰਨਵਾਦ, ਪੈਟੀ" ਆਖਦਿਆਂ ਉਸ ਦੇ ਗਲ ਬਾਂਹਾਂ ਪਾ ਕੇ ਉਸ ਨੂੰ ਆਪਣੇ ਨਾਲ ਘੁੱਟ ਲਿਆ।

"ਮੇਰੀ ਚੰਗੀ ਕੁੜੀ," ਆਖਦਿਆਂ ਪੈਟੀ ਨੇ ਉਸ ਦੀ ਪਿੱਠ ਥਾਪੜੀ ਅਤੇ ਬੋਲੀ, "ਇੱਕ ਗੱਲ ਹੋਰ, ਤੈਨੂੰ ਇਸ ਸਦਮੇ 'ਚੋਂ ਨਿਕਲਣ ਲਈ ਆਪਣੀ ਸਹਾਇਤਾ ਆਪ ਕਰਨੀ ਪਵੇਗੀ। ਜਿੰਨੀ ਛੇਤੀ ਸਾਰਾ ਕੁਝ ਭੁਲਾਏਂਗੀ , ਉਨ੍ਹਾ ਹੀ ਤੇਰੇ ਲਈ ਚੰਗਾ ਹੋਵੇਗਾ।"

"ਮੈਨੂੰ ਜਦ ਵੀ ਉਹ ਸਮਾਂ ਯਾਦ ਆਉਂਦਾ ਹੈ ਮੈਨੂੰ ਆਪਣਾ-ਆਪ ਬੇਇੱਜਤ ਹੋਇਆ ਮਹਿਸੂਸ ਹੁੰਦਾ ਹੈ। ਉਸ ਬੇਇੱਜ਼ਤੀ ਦੀ ਪੀੜ ਮੇਰੇ ਲਈ ਅਸਹਿ ਹੁੰਦੀ ਹੈ," ਡਿੰਪਲ ਨੇ ਉਸ ਦੇ ਮੋਢੇ ਲੱਗੀ ਨੇ ਹੀ ਕਿਹਾ।

"ਜਦ ਵੀ ਤੈਨੂੰ ਯਾਦ ਆਉਣ ਲੱਗੇ, ਤੂੰ ਆਪਣੇ-ਆਪ ਨੂੰ ਕਿਸੇ ਹੋਰ ਕੰਮ ਵਿੱਚ ਰੁਝਾ ਲਿਆ ਕਰ ਜਾਂ ਆਪਣੀ ਪੀੜ ਮੇਰੇ ਨਾਲ ਸਾਂਝੀ ਕਰ ਲਿਆ ਕਰ," ਆਖਦੀ ਪੈਟੀ ਨੇ ਉਸ ਨੂੰ ਆਪਣੇ ਨਾਲ ਘੁੱਟ ਲਿਆ।

ਫੋਨ ਦੀ ਘੰਟੀ ਨੇ ਉਨ੍ਹਾਂ ਨੂੰ ਅਲੱਗ ਕੀਤਾ। ਡਿੰਪਲ ਦੇ ਡੈਡੀ ਦਾ ਫੋਨ ਸੀ। ਉਸ ਨੇ ਡਿੰਪਲ ਨੂੰ ਕੋਈ ਫਿਕਰ ਨਾ ਕਰਨ ਦੀ ਤਾਕੀਦ ਕੀਤੀ ਅਤੇ ਇਮੀਗਰੇਸ਼ਨ ਕਾਊਂਸਲਰ ਦਾ ਫੋਨ ਪਤਾ ਲਿਖਵਾਉਂਦਿਆਂ ਹੌਸਲਾ ਦਿੱਤਾ ਕਿ ਉਸ ਨਾਲ ਗੱਲ ਹੋ ਗਈ ਹੈ। ਜਿਵੇਂ ਉਹ ਸਲਾਹ ਦੇਵੇ ਕਰ ਲਵੇ।

ਪੈਟੀ ਨੂੰ ਨਾਲ ਲੈ ਕੇ ਜਦ ਡਿੰਪਲ ਇੰਮੀਗਰੇਸ਼ਨ ਕਾਊਂਸਲਰ ਕੋਲ ਗਈ ਤਾਂ ਉਸ ਨੇ ਕੁਝ ਰਾਹਤ ਮਹਿਸੂਸ ਕੀਤੀ। ਕਾਊਂਸਲਰ ਨੇ ਕਿਹਾ, "ਬੀਬਾ ਪੜ੍ਹਾਈ ਜਾਰੀ ਰੱਖਣੀ ਤਾਂ ਤੇਰੇ ਲਈ ਮੁਸ਼ਕਲ ਐ ਕਿਉਂ ਕਿ ਅਗਲੇ ਸਾਲ ਦੀ ਫੀਸ ਦਸ ਹਜ਼ਾਰ ਡਾਲਰ ਹੈ। ਖੈਰ ਓਹਦੇ 'ਚ ਤਾਂ ਹਾਲੇ ਪੰਜ-ਛੇ ਮਹੀਨੇ ਪਏ ਆ। ਨਾਲੇ ਪੜ੍ਹਾਈ ਤਾਂ ਸਾਰੀ ਉਮਰ ਪਈ ਐ ਜਦੋਂ ਮਰਜ਼ੀ ਸ਼ੁਰੂ ਕਰ ਲਵੀਂ। ਮੁੱਖ ਮਸਲਾ ਤੇਰਾ ਐਥੇ ਪੱਕੇ ਹੋਣ ਦਾ ਹੈ। ਤੇਰੇ ਰਿਸ਼ਤੇਦਾਰ ਕਹਿੰਦੇ ਆ ਪਈ ਜੇ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਤੂੰ ਇਲੀਗਲ ਕੰਮ ਕਰਦੀ ਐਂ ਤਾਂ ਓਹਨਾਂ ਸ਼ਿਕਾਇਤ ਕਰ ਦੇਣੀ ਆ ਇਸ ਕਰਕੇ ਤੇਰੇ ਰਹਿਣ-ਸਹਿਣ ਦਾ ਖਰਚਾ ਵੀ ਇੰਡੀਆ ਤੋਂ ਮੰਗਵਾਉਣਾ ਪਊ ਪਰ ਜਿਵੇਂ ਤੇਰੇ ਫਾਦਰ ਦੱਸਦੇ ਸੀ ਕਿ ਤੁਹਾਡੇ ਲਈ ਇਹ ਅਫੋਰਡ ਕਰਨਾ ਮੁਸ਼ਕਲ ਹੈ। ਸੋ ਤੁਹਾਡੇ ਕੋਲ ਔਪਸ਼ਨ ਹੈ ਕਿ ਵਿਆਹ ਦੇ ਬੇਸ 'ਤੇ ਇੰਮੀਗਰੇਸ਼ਨ ਲੈ ਲਈ ਜਾਵੇ। ਓਸ ਵਾਸਤੇ ਮੈਂ ਕੋਸ਼ਿਸ ਕਰੂੰਗਾ। ਓਨੀ ਦੇਰ ਤੁਸੀਂ ਕੋਈ ਐਸਾ ਕੰਮ ਲੱਭੋ ਜਿਹੜਾ ਘਰ ਬੈਠੇ ਕਿਸੇ ਹੋਰ ਦੇ ਨਾਂ ਹੇਠ ਕਰ ਸਕੋ ਪਰ ਸਾਵਧਾਨੀ ਨਾਲ।"

ਕਾਉਂਸਲਰ ਕੋਲੋਂ ਵਾਪਸ ਮੁੜਦੀ ਡਿੰਪਲ ਦੇ ਦਿਮਾਗ ਵਿੱਚ ਆਇਆ ਕਿ ਉਹ ਰਾਣੇ ਨੂੰ ਦੱਸੇ ਕਿ ਜੇ ਉਸ ਦਾ ਕਿਸੇ ਨਾਲ ਇੱਥੇ ਵਿਆਹ ਹੋ ਜਾਵੇ ਤਾਂ ਉਹ ਪੱਕੀ ਹੋ ਸਕਦੀ ਹੈ। ਪਲ ਦੀ ਪਲ ਉਸ ਨੂੰ ਲੱਗਾ ਕਿ ਰਾਣਾ ਕਹੇਗਾ , 'ਅਸੀਂ ਹਾਜ਼ਰ ਆਂ ਸਾਡੀ ਟੋਇਆਂ ਵਾਲੀ ਸਰਕਾਰ' ਪਰ ਦੂਸਰੇ ਹੀ ਪਲ ਉਸ ਨੂੰ ਰਾਣੇ ਦਾ ਕਿਹਾ ਯਾਦ ਆ ਗਿਆ। ਉਸ ਨੇ ਕਿਹਾ ਸੀ, ''ਸਾਨੂੰ ਤਾਂ ਤੇਰੇ ਵਰਗੀ ਕੁੜੀ ਦੀ ਬੱਸ ਦੋਸਤੀ ਚਾਹੀਦੀ ਐ। ਵਿਆਹ ਤਾਂ ਪੱਕੇ ਹੋਣ ਲਈ ਪਤਾ ਨੀਂ ਕਿਹੋ ਜੀ ਨਾਲ ਕਰਵਾਉਣਾ ਪਵੇ।'' 'ਮੈਨੂੰ ਵੀ ਪਤਾ ਨੀ ਕਿਹੋ ਜੇ ਦੇ ਲੜ ਲੱਗਣਾ ਪਊ ਪੱਕੀ ਹੋਣ ਲਈ' ਸੋਚ ਕੇ ਉਹ ਉਦਾਸ ਹੋ ਗਈ। ਪਰ ਪੈਟੀ ਨੇ ਉਸ ਦੀ ਕੰਮ ਵਾਲੀ ਸਮੱਸਿਆ ਦਾ ਹੱਲ ਲੱਭ ਕੇ ਉਸ ਦੀ ਉਦਾਸੀ ਦੂਰ ਕਰ ਦਿੱਤੀ। ਪੈਟੀ ਨੇ ਭਰੋਸਾ ਦਿੱਤਾ ਕਿ ਉਹ ਆਪਣੇ ਨਾਂ 'ਤੇ ਉਸ ਨੂੰ ਕੋਟੀਆਂ ਲਿਆ ਦਿਆ ਕਰੇਗੀ। ਇਸ ਨਾਲ ਕਮਾਈ ਤਾਂ ਬਹੁਤੀ ਨਹੀਂ ਸੀ ਹੋਣੀ ਪਰ ਰੋਟੀ-ਪਾਣੀ ਦਾ ਖਰਚ ਨਿਕਲ ਜਾਇਆ ਕਰਨਾ ਸੀ।

ਘਰ ਆ ਕੇ ਡਿੰਪਲ ਨੇ ਪੈਟੀ ਦਾ ਮਨ-ਭਾਉਂਦਾ ਖਾਣਾ ਬਟਰ ਚਿਕਨ ਬਣਾਇਆ। ਖਾਣਾ ਖਾ ਕੇ ਟੀ.ਵੀ. ਵੇਖਦਿਆਂ ਡਿੰਪਲ ਨੂੰ ਲੱਗਾ ਜਿਵੇਂ ਪੈਟੀ ਇੱਕ ਟੱਕ ਉਸੇ ਵੱਲ ਹੀ ਵੇਖ ਰਹੀ ਹੋਵੇ। ਜਦ ਡਿੰਪਲ ਨੇ ਆਪਣਾ ਸ਼ੱਕ ਨਿਵਰਤ ਕਰਨ ਲਈ ਉੱਧਰ ਵੇਖਿਆ ਪੈਟੀ ਨੇ ਉਸ ਦਾ ਚੇਹਰਾ ਆਪਣੇ ਹੱਥਾਂ 'ਚ ਫੜ ਗੱਲ੍ਹਾਂ 'ਚ ਪੈਂਦੇ ਟੋਏ ਵਾਲੀ ਥਾਂ ਤੋਂ ਚੁੰਮ ਲਿਆ। ''ਪਰ੍ਹੇ ਮਰ ਲੁੱਚੀਏ,'' ਡਿੰਪਲ ਨੇ ਪੰਜਾਬੀ 'ਚ ਕਿਹਾ ਅਤੇ ਹੱਸ ਪਈ। ਉਸ ਨੂੰ ਲੱਗਾ ਜਿਵੇਂ ਪੈਟੀ ਦੀ ਥਾਂ ਪੱਲਵੀ ਹੋਵੇ। ਉਹ ਵੀ ਕਦੇ-ਕਦੇ ਮਸਤੀ 'ਚ ਆਈ ਇਸ ਤਰ੍ਹਾਂ ਕਰ ਜਾਂਦੀ ਸੀ।

''ਕੀ ਕਿਹਾ ਹੈ?'' ਪੈਟੀ ਨੇ ਹੈਰਾਨੀ ਜਿਹੀ 'ਚ ਪੁੱਛਿਆ।

''ਕੁਝ ਨਹੀਂ।''

''ਦੱਸ-ਦੱਸ,'' ਆਖਦੀ ਪੈਟੀ ਉਸ ਦੇ ਕੁਤਕਤਾਰੀਆਂ ਕੱਢਣ ਲੱਗੀ। ਉਹ ਇਸ ਤਰ੍ਹਾਂ ਕਰਦੀ ਡਿੰਪਲ ਨੂੰ ਪੱਲਵੀ ਹੀ ਲੱਗੀ। ਫਿਰ ਉਸ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਉਹ ਪੱਲਵੀ ਨਾਲ ਅਣਕਹੀਆਂ ਹੱਦਾਂ ਪੈਟੀ ਨਾਲ ਪਾਰ ਕਰ ਗਈ। ਜਦ ਉਸ ਨੂੰ ਸੁਰਤ ਆਈ ਪੈਟੀ ਦੀ 'ਆਈ ਲਵ ਯੂ', 'ਆਈ ਲਵ ਯੂ' ਕਰਦੀ ਆਵਾਜ਼ ਡਿੰਪਲ ਦੇ ਕੰਨਾਂ ਵਿੱਚ ਸਾਂ-ਸਾਂ ਕਰਨ ਲੱਗੀ। ਪੈਟੀ ਦੀਆਂ ਬਾਹਾਂ ਵਿੱਚ ਹੀ ਸੁੱਤੀ ਡਿੰਪਲ ਦੀ ਜਦ ਸਵੇਰੇ ਜਾਗ ਖੁੱਲ੍ਹੀ ਉਸ ਦਾ ਉੱਠਣ ਲਈ ਦਿਲ ਨਾ ਕੀਤਾ। 'ਇਹ ਕੀ ਕਰ ਬੈਠੀ ਮੈਂ?' ਸੋਚਦੀ ਡਿੰਪਲ ਉੱਪਰ ਗੁਨਾਹ ਦੀ ਭਾਵਨਾ ਭਾਰੂ ਹੋਣ ਲੱਗੀ।

''ਉੱਠ, ਕੰਮ ਲੈਣ ਨਹੀਂ ਜਾਣਾ?'' ਪੈਟੀ ਦੀ ਆਵਾਜ਼ ਸੁਣ ਉਹ ਇੱਕ ਦਮ ਬਿਸਤਰੇ ਵਿੱਚੋਂ ਨਿਕਲੀ। 'ਚੱਲ ਜਿਹੜਾ ਕੁਝ ਹੋਣਾ ਸੀ ਹੋ ਗਿਆ। ਅਗਾਂਹ ਨੂੰ ਨਹੀਂ ਹੋਣ ਦਿੰਦੀ' ਸੋਚਦੀ ਡਿੰਪਲ ਤਿਆਰ ਹੋਣ ਲੱਗੀ।

ਪੈਟੀ ਨੂੰ ਕਾਲਜ ਤੋਰ ਡਿੰਪਲ ਦਰਵਾਜ਼ਾ ਬੰਦ ਕਰਕੇ ਕੋਟੀ ਬੁਣਨ ਬੈਠ ਗਈ। ਕੁਝ ਦੇਰ ਬਾਅਦ ਭੁੱਖ ਨਾਲ ਉਸ ਅੰਦਰ ਖੋਹ ਜਿਹੀ ਪਈ। 'ਜੇ ਮੰਮੀ ਇੱਥੇ ਹੁੰਦੀ ਤਾਂ ਬੈਠੀ ਨੂੰ ਉਸ ਨੇ ਖਾਣ ਲਈ ਕੁਝ ਫੜਾ ਦੇਣਾ ਸੀ' ਉਸ ਨੇ ਸੋਚਿਆ। 'ਮੰਮੀ ਦੇ ਸਿਰ ਮੌਜਾਂ ਕਰਦੀ ਸੀ, ਰਜਾਈ 'ਚ ਬੈਠੀ ਨੂੰ ਚਾਹ ਫੜਾ ਜਾਂਦੀ ਸੀ' ਸੋਚ ਕੇ ਉਸ ਹਾਉਕਾ ਲਿਆ। ਉਸ ਦੇ ਚਿੱਤ 'ਚ ਆਈ ਕਿ ਉੱਡ ਕੇ ਇੰਡੀਆ ਪਹੁੰਚ ਜਾਵੇ। ਬੇਸਮੈਂਟ ਉਸ ਨੂੰ ਜੇਲ੍ਹ ਵਾਂਗ ਲੱਗੀ। ਉਸ ਦਾ ਚਿੱਤ ਕਾਹਲਾ ਪੈਣ ਲੱਗਾ। ਉਸ ਨੇ ਆਪਣੀ ਨਿਗ੍ਹਾ ਸਿਲਾਈਆਂ ਤੋਂ ਹਟਾ ਲਈ। ਡੈਡੀ ਦਾ ਕਿਹਾ ਕਿ 'ਮੁੜਨ ਬਾਰੇ ਸੋਚਣਾ ਵੀ ਨਹੀਂ' ਸੋਚ ਕੇ ਉਸ ਨੂੰ ਆਪਣੇ ਡੈਡੀ ਉੱਪਰ ਖਿੱਝ ਆਉਣ ਲੱਗੀ। 'ਜੇ ਇੱਥੇ ਆ ਕੇ ਵੇਖਣ ਕਿ ਕਿਵੇਂ ਅੰਦਰ ਤੜੀ ਬੈਠੀ ਹਾਂ, ਫੇਰ ਪਤਾ ਲੱਗੇ।----- ਮੈਂ ਵੀ ਐਵੇਂ ਬੀਬੀ ਧੀ ਬਣ ਕੇ ਹਰ ਗੱਲ ਸਿਰ ਮੱਥੇ ਮੰਨ ਲੈਨੀ ਆਂ। ਹੁਣ ਜਦੋਂ ਫੋਨ ਆਇਆ ਮੈਂ ਆਖ ਦੇਣੈ ਬਈ ਮੈਥੋਂ ਨੀਂ ਜੇਲ੍ਹ ਕੱਟੀ ਜਾਂਦੀ।----ਪਰ ਮੈਥੋਂ ਕਿੱਥੇ ਆਖ ਹੋਣੈ?' ਉਸ ਨੂੰ ਆਪਣੇ-ਆਪ 'ਤੇ ਖਿੱਝ ਆਉਣ ਲੱਗੀ। ਫਿਰ ਉਸ ਨੇ ਸੋਚਿਆ, ' ਡੈਡੀ ਹੋਰਾਂ ਵਿਚਾਰਿਆਂ ਦਾ ਵੀ ਕੀ ਕਸੂਰ। ਐਨਾ ਖਰਚ ਕਰਕੇ ਭੇਜਿਐ ਐਥੇ। ਉਨ੍ਹਾਂ ਨੂੰ ਕਿਹੜਾ ਪਤਾ ਸੀ ਬਈ ਮੇਰੇ ਨਾਲ ਇਸ ਤਰ੍ਹਾਂ ਹੋਣੀ ਐ? ਇਹ ਤਾਂ ਕੰਜਰ ਮਾਸੜ--। ਮਾਸੜ ਦਾ ਖਿਆਲ ਆਉਂਦੇ ਹੀ ਉਸ ਦੀ ਪਕੜ ਸਿਲਾਈਆਂ ਉੱਪਰ ਕਸੀ ਗਈ। ਉਸ ਦਾ ਸਾਹ ਤੇਜ ਹੋ ਗਿਆ। ''ਜਿਵੇਂ ਤੂੰ ਮੇਰੇ ਨਾਲ ਕੀਤੀ ਐ, ਕੀੜੇ ਪੈਣ ਐਹੋ ਜੇ ਦੇ,'' ਉਹ ਬੁੜਬੜਾਈ। ਜਗਜੀਤ ਨੂੰ ਕੀੜਿਆਂ ਨਾਲ ਤੜਫਦਾ ਚਿਤਵ ਕੇ ਡਿੰਪਲ ਦੇ ਬੁੱਲ੍ਹਾਂ ਉੱਪਰ ਮੁਸਕਾਨ ਆ ਗਈ। 'ਇਹ ਮੈਂ ਕੀ ਐਵੇਂ ਵਾਧੂ-ਘਾਟੂ ਸੋਚਣ ਲੱਗ ਪਈ,' ਸੋਚ ਕੇ ਡਿੰਪਲ ਨੇ ਸਿਲਾਈਆਂ ਪਾਸੇ ਰੱਖ ਦਿੱਤੀਆਂ। ਉਸ ਦਾ ਜੀਅ ਕੀਤਾ ਕਿ ਉੱਠ ਕੇ ਬਾਹਰ ਤੁਰ-ਫਿਰ ਆਵੇ। 'ਜੇ ਕੋਈ ਬਾਹਰ ਮਾਸੜ ਵਰਗਾ ਹੋਇਆ' ਸੋਚ ਕੇ ਉਹ ਬਾਹਰ ਜਾਣੋਂ ਡਰ ਗਈ। ਆਪਣੇ-ਆਪ ਨੂੰ ਸੋਚਾਂ ਤੋਂ ਬਚਾਉਣ ਲਈ ਉਹ ਬੇਸਮੈਂਟ ਦੀ ਸਫਾਈ ਕਰਨ ਲੱਗੀ। ਫਿਰ ਆਪਣੇ ਅਤੇ ਪੈਟੀ ਦੇ ਕੱਪੜੇ ਧੋਣ ਲੱਗੀ। ਪੈਟੀ ਦੇ ਕੱਪੜੇ ਮਲਦਿਆਂ ਉਸ ਨੂੰ ਪੈਟੀ ਦੇ ਖਿਆਲ ਨੇ ਹੁਲਾਰਾ ਜਿਹਾ ਦਿੱਤਾ । 'ਕਿੰਨੀ ਚੰਗੀ ਐ ਪੈਟੀ, ----ਉਹਦੇ ਬਿਨਾਂ ਘਰ ਸੁੰਨਾ-ਸੁੰਨਾ ਜਿਹਾ ਲੱਗਦੈ,----- ਹਾਲੇ ਤਾਂ ਓਹਦੇ ਆਉਣ 'ਚ ਦੋ-ਤਿੰਨ ਘੰਟੇ ਪਏ ਆ,------ ਅੱਜ ਓਹਦੀ ਪਸੰਦ ਦਾ ਕਿਹੜਾ ਖਾਣਾ ਬਣਾਵਾਂ?' ਅਤੇ ਉਹ ਪੈਟੀ ਦੇ ਖਾਣੇ ਦੀ ਪਸੰਦ ਬਾਰੇ ਸੋਚਣ ਲੱਗੀ। ਖਾਣਾ ਤਿਆਰ ਕਰ ਕੇ ਉਹ ਪੈਟੀ ਦੀ ਉਡੀਕ ਕਰਨ ਲੱਗੀ। ਇਸ ਤਰ੍ਹਾਂ ਪੈਟੀ ਦੀ ਉਡੀਕ ਕਰਨਾ ਉਸ ਨੂੰ ਚੰਗਾ-ਚੰਗਾ ਲੱਗਾ।

ਜਦ ਪੈਟੀ ਘਰ ਪਹੁੰਚੀ ਡਿੰਪਲ ਨੇ ਉੱਠ ਕੇ ਉਸ ਨੂੰ ਜੱਫ਼ੀ ਪਾ ਲਈ ਜਿਵੇਂ ਬਹੁਤ ਚਿਰਾਂ ਦੀ ਵਿਛੜੀ ਮਿਲੀ ਹੋਵੇ। ''ਮੈਨੂੰ ਸਾਰਾ ਦਿਨ ਤੇਰੀ ਯਾਦ ਸਤਾਉਂਦੀ ਰਹੀ,'' ਪੈਟੀ ਨੇ ਕਿਹਾ।

''ਮੈਨੂੰ ਵੀ,'' ਆਖ ਡਿੰਪਲ ਨੇ ਜੱਫ਼ੀ ਹੋਰ ਪੀਡੀ ਕਰ ਲਈ । ਫਿਰ ਉਸ ਤੋਂ ਅਲੱਗ ਹੁੰਦੀ ਬੋਲੀ, ''ਤੂੰ ਪਹਿਲਾਂ ਨਹਾ ਲੈ। ਮੈਂ ਤੇਰੇ ਮਨ-ਭਾਉਂਦੇ ਡੋਸੇ ਤਿਆਰ ਕੀਤੇ ਹਨ।''

"ਓ, ਸੱਚੀਂ? ਤੂੰ ਕਿੰਨੀ ਚੰਗੀ ਹੈਂ! ਮੈਂ ਤੈਨੂੰ ਪਿਆਰ ਕਰਦੀ ਹਾਂ।"

"ਚੰਗਾ ਚੰਗਾ ਛੇਤੀ ਕਰ, ਮੈਂ ਖਾਣਾ ਗਰਮ ਕਰਦੀ ਹਾਂ," ਆਖ ਕੇ ਡਿੰਪਲ ਸਟੋਵ ਦੇ ਕੋਲ ਜਾ ਖੜ੍ਹੀ। ਉਸ ਨੂੰ ਆਪਣੇ ਅੰਦਰ ਤਰੰਗਾਂ ਜਿਹੀਆਂ ਉੱਠਦੀਆਂ ਮਹਿਸੂਸ ਹੋਈਆਂ। 'ਇਹ ਕੀ ਹੋਣ ਲੱਗ ਪਿਐ ਮੇਰੇ ਅੰਦਰ?--------------- ਨਹੀਂ ਨਹੀਂ,ਮੈਨੂੰ ਆਪਣੇ-ਆਪ 'ਤੇ ਕਾਬੂ ਰੱਖਣਾ ਚਾਹੀਦੈ,' ਸੋਚ ਕੇ ਉਹ ਖਾਣੇ ਤੋਂ ਬਾਅਦ ਕੋਟੀ ਬੁਣਨ ਲੱਗ ਪਈ। ਫਿਰ ਸੋਫੇ ਉੱਪਰ ਹੀ ਸੌਣ ਲਈ ਟੇਡੀ ਹੋ ਗਈ। ਅੱਖਾਂ ਮੀਚਦਿਆਂ ਹੀ ਪੈਟੀ ਦਾ ਚੇਹਰਾ ਉਸ ਦੇ ਸਾਹਮਣੇ ਸੀ। ਉਸ ਦੀ ਪਿਆਰ ਭਰੀ ਤੱਕਣੀ ਡਿੰਪਲ ਨੂੰ ਬੁਲਾਵਾ ਦਿੰਦੀ ਲੱਗੀ। ਉਸ ਦਾ ਜੀਅ ਕੀਤਾ ਕਿ ਜਾ ਕੇ ਪੈਟੀ ਨੂੰ ਆਪਣੀਆਂ ਬਾਹਾਂ ਵਿੱਚ ਭਰ ਲਵੇ। ਬਾਹਾਂ ਦੀ ਕਲਿੰਗੜੀ ਪਾਉਂਦਿਆਂ ਡਿੰਪਲ ਨੇ ਆਪਣੇ ਆਪ ਨੂੰ ਰੋਕ ਲਿਆ ਅਤੇ ਪਾਸਾ ਪਰਤ ਕੇ ਸੌਣ ਦੀ ਕੋਸ਼ਿਸ਼ ਕਰਨ ਲੱਗੀ ਪਰ ਪੈਟੀ ਦੀ ਸ਼ਕਲ ਵਾਰ-ਵਾਰ ਉਸ ਦੇ ਸਾਹਮਣੇ ਆ ਜਾਂਦੀ। ਕੁਝ ਦੇਰ ਉਸੱਲ-ਵੱਟੇ ਲੈਣ ਤੋਂ ਬਾਅਦ ਉਹ ਉੱਠ ਕੇ ਪੈਟੀ ਨਾਲ ਜਾ ਪਈ।

ਇਸ ਤਰ੍ਹਾਂ ਕਈ ਵਾਰ ਹੁੰਦਾ ਕਿ ਉਸ ਤੋਂ ਰਿਹਾ ਨਾ ਜਾਂਦਾ ਤੇ ਉਹ ਪੈਟੀ ਨਾਲ ਉਸ ਦੇ ਬਿਸਤਰੇ 'ਚ ਜਾ ਪੈਂਦੀ ਜਾਂ ਪੈਟੀ ਉਸ ਨੂੰ ਖਿੱਚ ਲਿਜਾਂਦੀ। ਪਿੱਛੋਂ ਡਿੰਪਲ ਆਪਣੇ ਆਪ ਨੂੰ ਕੋਸਦੀ 'ਇਹ ਕਿਹੜੇ ਰਾਹੀਂ ਮੈਂ ਤੁਰ ਪਈ?' ਅਤੇ ਅਗਾਂਹ ਤੋਂ ਪੈਟੀ ਨਾਲ ਇੱਕ ਵਿੱਥ ਰੱਖਣ ਦਾ ਮਨ ਬਣਾਉਂਦੀ। ਕਦੇ-ਕਦੇ ਉਸ ਨੂੰ ਪੈਟੀ ਦੀਆਂ ਗੱਲਾਂ ਬਾਰੇ ਸੋਚ ਡਰ ਲੱਗਣ ਲੱਗਦਾ। ਪੈਟੀ ਨੇ ਇੱਕ ਦਿਨ ਆਪਣੇ ਕੱਪੜੇ (ਜਿਹੜੇ ਡਿੰਪਲ ਨੇ ਧੋ-ਸਵਾਰ ਕੇ ਰੱਖੇ ਸਨ) ਵੇਖਦਿਆਂ ਕਿਹਾ ਸੀ, "ਡਿੰਪਲ ਤੂੰ ਕਿੰਨੀ ਚੰਗੀ ਹੈਂ, ਮੇਰੀ ਕਿੰਨੀ ਦੇਖ-ਭਾਲ ਕਰਦੀ ਹੈਂ!"

"ਤੂੰ ਕਿਹੜਾ ਮੇਰਾ ਘੱਟ ਖਿਆਲ ਰੱਖਦੀ ਹੈਂ। ਮੇਰੇ ਔਖੇ ਵੇਲੇ ਤੂੰ ਹੀ ਕੰਮ ਆਉਂਦੀ ਹੈਂ," ਡਿੰਪਲ ਨੇ ਉਸ ਨੂੰ ਯਾਦ ਕਰਵਾਇਆ।

"ਮੈਂ ਬਹੁਤ ਕਿਸਮਤ ਵਾਲੀ ਹਾਂ ਕਿ ਮੈਨੂੰ ਤੇਰੇ ਵਰਗੀ ਪਿਆਰੀ ਕੁੜੀ ਮਿਲੀ। ਨਹੀਂ ਤਾਂ ਮੈਂ ਮਰ ਹੀ ਚੱਲੀ ਸੀ ਜਦ ਮੇਰੀ ਪਹਿਲੀ ਪਾਰਟਨਰ ਨੇ ਮੈਨੂੰ ਧੋਖਾ ਦਿੱਤਾ," ਆਖਦੀ ਪੈਟੀ ਨੇ ਮੂੰਹ ਕੁਸੈਲਾ ਜਿਹਾ ਕਰ ਲਿਆ।

"ਕੀ ਹੋਇਆ ਸੀ?" ਡਿੰਪਲ ਨੇ ਪੁੱਛਿਆ।

"ਉਹ ਧੋਖੇਬਾਜ਼ ਸੀ। ਮੇਰੀ ਵੀ ਪਾਰਟਨਰ ਸੀ ਤੇ ਬਾਹਰ ਵੀ ਸੌਂਦੀ ਫਿਰਦੀ ਸੀ। ਮੈਨੂੰ ਧੋਖੇਬਾਜ਼ ਲੋਕਾਂ ਨਾਲ ਨਫ਼ਰਤ ਹੈ। ਕਦੇ-ਕਦੇ ਮੈਨੂੰ ਲੱਗਦਾ ਹੈ ਕਿ ਉਹ ਮੇਰੇ ਮਤਰੇਏ ਪਿਓ ਦਾ ਹੀ ਦੂਜਾ ਰੂਪ ਸੀ ਜਿਹੜੀ ਸਾਲ ਭਰ ਮੇਰੇ ਨਾਲ ਬਲਾਤਕਰ ਕਰਦੀ ਰਹੀ," ਆਖਦੀ ਪੈਟੀ ਦਾ ਸਾਹ ਤੇਜ਼-ਤੇਜ਼ ਚੱਲਣ ਲੱਗਾ। ਡਿੰਪਲ ਨੇ ਆਪਣੇ ਮੋਢੇ ਨਾਲ ਲਾ ਉਸ ਨੂੰ ਸ਼ਾਂਤ ਕੀਤਾ ਪਰ ਉਸ ਦੇ ਆਪਣੇ ਅੰਦਰ ਇੱਕ ਡਰ ਜਿਹਾ ਪੈਦਾ ਹੋ ਗਿਆ।

ਇਹ ਡਰ ਕੁਝ ਦਿਨ ਬਾਅਦ ਹੋਰ ਵੀ ਵਧ ਗਿਆ ਜਦ ਪੈਟੀ ਨੇ ਕਿਹਾ ਸੀ, "ਡਿੰਪਲ , ਮੈਂ ਤੇਰੇ ਨਾਲ ਵਿਆਹ ਕਰਾਉਣਾ ਚਾਹੁੰਦੀ ਹਾਂ।" ਡਿੰਪਲ ਨੂੰ ਲੱਗਾ ਜਿਵੇਂ ਪੈਟੀ ਵੀ ਪੱਲਵੀ ਵਾਂਗ ਹੀ ਮਜ਼ਾਕ ਕਰ ਰਹੀ ਹੈ। ਉਹ ਵੀ ਆਖਦੀ ਹੁੰਦੀ ਸੀ, "ਜੇ ਮੈਂ ਮੁੰਡਾ ਹੁੰਦੀ ਤਾਂ ਤੇਰੇ ਨਾਲ ਹੀ ਵਿਆਹ ਕਰਵਾਉਂਦੀ।"

"ਮੇਰੇ ਘਰਦੇ ਕਿੱਥੋਂ ਮੰਨਦੇ ਪੰਡਤਾਂ ਦੇ ਮੁੰਡੇ ਨਾਲ ਵਿਆਹ ਕਰਨ ਨੂੰ," ਡਿੰਪਲ ਲਾਚੜ ਕੇ ਜਵਾਬ ਦਿੰਦੀ।

"ਜੇ ਨਾ ਮੰਨਦੇ ਤਾਂ ਮੈਂ ਤੈਨੂੰ ਕੱਢ ਕੇ ਲੈ ਜਾਣਾ ਸੀ," ਪੱਲਵੀ ਚੁਸਕੀ ਲੈਂਦੀ।

ਡਿੰਪਲ ਨੂੰ ਪੈਟੀ ਵੀ ਉਸੇ ਤਰਜ਼ 'ਚ ਗੱਲ ਕਰਦੀ ਲੱਗੀ। ਉਸ ਨੇ ਹੱਸ ਕੇ ਜਵਾਬ ਦਿੱਤਾ, "ਮੇਰੇ ਮਾਪੇ ਤੇਰੇ ਨਾਲ ਕਿੱਥੋਂ ਵਿਆਹ ਕਰਨ ਦੇਣਗੇ?" ਉਸ ਨੇ ਸੋਚਿਆ ਕਿ ਪੈਟੀ ਵੀ ਪੱਲਵੀ ਵਾਂਗ ਹੀ ਕੋਈ ਜਵਾਬ ਦੇਵੇਗੀ ਪਰ ਪੈਟੀ ਨੇ ਕਿਹਾ, "ਇਹ ਤੇਰੀ ਜ਼ਿੰਦਗੀ ਹੈ। ਇਹਦੇ ਫੈਸਲੇ ਤੂੰ ਕਰਨੇ ਹਨ, ਤੇਰੇ ਮਾਪਿਆਂ ਨੇ ਨਹੀਂ।" ਸੁਣ ਕੇ ਡਿੰਪਲ ਡਰ ਨਾਲ ਹਿੱਲ ਗਈ। ਉਸ ਨੇ ਆਪਣੇ-ਆਪ ਨੂੰ ਸੰਭਾਲਦਿਆਂ ਕਿਹਾ, "ਆਪਾਂ ਸਿਰਫ਼ ਚੰਗੀਆਂ ਦੋਸਤ ਹਾਂ। ਇਸ ਤੋਂ ਜ਼ਿਆਦਾ ਕੁਝ ਨਹੀਂ।"

"ਜੇ ਆਪਾਂ ਹੋਰ ਕੁਝ ਨਹੀਂ ਤਾਂ ਮੇਰੇ ਨਾਲ ਕਿਓਂ ਸੌਂਦੀ ਹੈਂ?" ਸੁਣ ਕੇ ਡਿੰਪਲ ਨੂੰ ਕੋਈ ਜਵਾਬ ਨਾ ਅਹੁੜਿਆ। ਉਸ ਕਿਹਾ, "ਮੈਨੂੰ ਨੀ ਪਤਾ। ਮੈਂ ਕਦੇ ਸੋਚਿਆ ਨਹੀਂ।"

"ਤੂੰ ਕਿਸੇ ਹੋਰ ਨੂੰ ਪਿਆਰ ਕਰਦੀ ਐਂ?

"ਨਹੀਂ।"

"ਫੇਰ?" ਪੈਟੀ ਨੇ ਪ੍ਰਸ਼ਨ-ਪੂਰਵਕ ਡਿੰਪਲ ਵੱਲ ਵੇਖਿਆ। ਫੇਰ ਬੋਲੀ, "ਮੈਨੂੰ ਪੂਰਾ ਯਕੀਨ ਹੈ ਕਿ ਤੂੰ ਮੈਨੂੰ ਹੀ ਪਿਆਰ ਕਰਦੀ ਹੈਂ ਪਰ ਆਪਣੇ ਕਲਚਰ ਕਰਕੇ ਤੇਰੀ ਹਿੰਮਤ ਨਹੀਂ ਪੈਂਦੀ। ਪਰ ਮਿੱਠੋ ਇਹ ਤੇਰੀ ਜ਼ਿੰਦਗੀ ਹੈ। ਤੈਨੂੰ ਆਪਣੀ ਮਰਜ਼ੀ ਨਾਲ ਜਿਓਣੀ ਚਾਹੀਦੀ ਹੈ। ਮੈਂ ਤੇਰੀ ਉਡੀਕ ਕਰਾਂਗੀ," ਪੈਟੀ ਨੇ ਕਿਹਾ।

ਪਰ ਡਿੰਪਲ ਦੇ ਦਿਮਾਗ ਵਿੱਚ ਤਾਂ ਪੈਟੀ ਦਾ ਕਿਹਾ, 'ਮੇਰੇ ਨਾਲ ਕਿਓਂ ਸੌਂਦੀ ਹੈਂ?' ਘੁੰਮ ਰਿਹਾ ਸੀ। ਗੁੰਮ-ਸੁੰਮ ਹੋਈ ਉਹ ਸੋਚਣ ਲੱਗੀ। ਫਿਰ ਉਹ ਬੈਠੀ-ਬੈਠੀ ਇਕਦਮ ਬੋਲੀ, "ਮੈਨੂੰ ਚੰਗਾ ਲੱਗਦਾ ਹੈ।"

"ਕੀ ਚੰਗਾ ਲੱਗਦਾ ਹੈ?" ਪੈਟੀ ਨੇ ਹੈਰਾਨੀ ਨਾਲ ਪੁੱਛਿਆ।

"ਤੇਰੇ ਨਾਲ।"

"ਓ, ਵਿਆਹ ਕਿਓਂ ਨਹੀਂ ਕਰਵਾਉਂਦੀ ਫਿਰ?" ਪੈਟੀ ਨੇ ਸਵਾਲ ਕੀਤਾ।

''ਕੀ ਵਿਆਹ ਕਰਵਾਉਣਾ ਜ਼ਰੂਰੀ ਹੈ?'' ਡਿੰਪਲ ਨੇ ਜਿਵੇਂ ਤਰਲਾ ਕੀਤਾ ਹੋਵੇ।

''ਸਰੀਰਕ ਸਬੰਧਾਂ ਵਾਲੇ ਰਿਸ਼ਤੇ ਦਾ ਕੋਈ ਨਾਂ ਤਾਂ ਹੋਣਾ ਚਾਹੀਦਾ ਹੈ ਜਿਹੜਾ ਆਪਣੇ ਸਾਥੀ ਪ੍ਰਤੀ ਵਫ਼ਾਦਾਰ ਰਹਿਣ ਲਈ ਯਾਦ ਕਰਵਾਉਂਦਾ ਰਹੇ,'' ਪੈਟੀ ਦੀ ਇਸ ਗੱਲ ਦਾ ਡਿੰਪਲ ਨੇ ਕੋਈ ਜਵਾਬ ਨਾ ਦਿੱਤਾ। ਉਹ ਫਿਰ ਆਪਣੇ-ਆਪ 'ਚ ਸਿਮਟ ਗਈ। ਪੈਟੀ ਆਪਣੇ ਕਮਰੇ ਵਿੱਚ ਚਲੀ ਗਈ।

ਡਿੰਪਲ ਦੇ ਦਿਮਾਗ ਵਿੱਚ ਸ਼ੋਰ ਮੱਚਣ ਲੱਗਾ। ਉਸ ਨੂੰ ਲੱਗਾ ਜਿਵੇਂ ਕੋਈ ਆਖ ਰਿਹਾ ਹੋਵੇ, 'ਕੁੜੀਆਂ ਦੇ ਵੀ ਕਦੇ ਕੁੜੀਆਂ ਨਾਲ ਵਿਆਹ ਹੋਏ ਐ?' ਫੇਰ ਉਸ ਨੂੰ ਲੱਗਾ ਜਿਵੇਂ ਬਹੁਤ ਸਾਰੀਆਂ ਆਵਾਜ਼ਾਂ ਉਸ ਕੋਲੋਂ ਪੁੱਛ ਰਹੀਆਂ ਹੋਣ, 'ਪੈਟੀ ਤੇਰੀ ਕੀ ਲੱਗਦੀ ਹੈ?' ਫੇਰ ਉਸ ਨੂੰ ਲੱਗਾ ਜਿਵੇਂ ਉਸ ਦੇ ਮੰਮੀ-ਡੈਡੀ ਅਤੇ ਛੋਟੇ ਭੈਣ-ਭਰਾ ਉਨ੍ਹਾਂ ਦਾ ਮਖੌਲ ਉਡਾ ਰਹੇ ਲੋਕਾਂ ਦੇ ਵਿਚਕਾਰ ਘਿਰੇ ਉਸ ਕੋਲੋਂ ਪੁੱਛ ਰਹੇ ਹੋਣ, 'ਤੂੰ ਇਸ ਤਰ੍ਹਾਂ ਸਾਡੇ ਨਾਲ ਕਿਓਂ ਕੀਤਾ?' ਡਿੰਪਲ ਉਨ੍ਹਾਂ ਨਾਲ ਅੱਖ ਨਾ ਮਿਲਾ ਸਕੀ। ਉਸ ਨੇ ਆਪਣਾ ਸਿਰ ਝਟਕਿਆ, 'ਮੈਂ ਤਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਇਸ ਤਰ੍ਹਾਂ ਹੋਵੇਗਾ, ਇਹ ਮੈਂ ਕੀ ਕਰ ਬੈਠੀ?' ਪਛਤਾਵੇ 'ਚ ਸਿਰ ਮਾਰਦੀ ਉਹ ਬੁੜਬੜਾਈ, ''ਬੱਸ ਹੋਰ ਨਹੀਂ। ਬੱਸ ਹੋਰ ਨਹੀਂ''।

'ਜਿਹੜਾ ਕੁਝ ਹੋਣਾ ਸੀ ਹੋ ਗਿਆ, ਹੁਣ ਪੈਟੀ ਨੂੰ ਵੀ ਆਖ ਦੇਣੈ ਕਿ ਸਿਰਫ਼ ਸਹੇਲੀਆਂ ਬਣ ਕੇ ਰਹਿਣੈ। ਹੋਰ ਨੀ ਕੁਛ ਕਰਿਆ ਕਰਨਾ ਭਾਵੇਂ ਜਿੰਨਾਂ ਮਰਜ਼ੀ ਜੀਅ ਕਰੇ' ਸੋਚਦੀ ਉਹ ਉੱਠ ਕੇ ਵਾਸ਼ਰੂਮ ਵਿੱਚ ਵੜ ਗਈ। ਸ਼ਾਵਰ ਥੱਲੇ ਖੜ੍ਹ ਉਹ ਆਪਣੇ ਪਿੰਡੇ ਨੂੰ ਪੱਫ ਨਾਲ ਰਗੜਨ ਲੱਗੀ। ਪਰ ਉਸ ਦੇ ਅੰਦਰ ਡਰ ਅਤੇ ਅਪਰਾਧ ਦਾ ਰਲਵਾਂ-ਮਿਲਵਾਂ ਜਿਹਾ ਕੁਝ ਸੀ ਜਿਹੜਾ ਉਸ ਦੇ ਪਿੰਡੇ ਨੂੰ ਰਗੜਿਆਂ ਵੀ ਉਸ ਦੇ ਸਰੀਰ ਨਾਲੋਂ ਲਹਿ ਕੇ ਪਾਣੀ ਦੇ ਵਹਾਅ ਵਿੱਚ ਨਹੀਂ ਸੀ ਰੁੜ੍ਹ ਰਿਹਾ।

ਇਸ ਡਰ ਅਤੇ ਗੁਨਾਹ ਦੀ ਭਾਵਨਾ ਕਾਰਣ ਹੀ, ਜਿਸ ਦਿਨ ਉਸ ਦਾ ਇੰਮੀਗਰੇਸ਼ਨ ਕਾਊਂਸਲਰ ਘਰ ਆਇਆ ਉਸ ਦਾ ਜੀਅ ਕਰੇ ਕਿ ਧਰਤੀ ਪਾਟ ਕੇ ਉਸ ਨੂੰ ਆਪਣੇ ਵਿੱਚ ਸਮਾਅ ਲਵੇ। ਕਾਊਂਸਲਰ ਨੇ ਕਿਹਾ, '' ਮੈਂ ਕਈ ਥਾਈਂ ਟਰਾਈ ਕੀਤੀ ਆ ਬਈ ਕੋਈ ਰਿਸ਼ਤਾ ਮਿਲ ਜਾਵੇ ਪਰ ਬਹੁਤੇ ਮੁੰਡਿਆਂ ਦੇ ਪਹਿਲਾਂ ਹੀ ਰਿਸ਼ਤੇਦਾਰੀਆਂ 'ਚ ਆਂਢੇ-ਸਾਂਢੇ ਲਾਏ ਹੁੰਦੇ ਆ। ਮੈਂ ਕੋਸ਼ਿਸ਼ ਕਰ ਰਿਹਾਂ ਕਿ ਕੋਈ ਕਾਗਜ਼ਾਂ 'ਚ ਹੀ ਵਿਆਹ ਕਰਨਾ ਮੰਨ ਜਾਵੇ।'' ਫਿਰ ਉਸ ਨੇ ਪੈਟੀ ਦੀ ਫੋਟੋ ਵੱਲ ਹੱਥ ਕਰਕੇ ਪੁੱਛਿਆ, ''ਇਹ ਕੁੜੀ ਤੇਰੀ ਰੂਮ-ਮੇਟ ਈ ਐ ਜਾਂ ਫਰੈਂਡ ਵੀ ਹੈ?''

ਪਰ ਡਿੰਪਲ ਨੂੰ ਲੱਗਾ ਜਿਵੇਂ ਉਸ 'ਫਰੈਂਡ' ਸ਼ਬਦ ਦੀ ਥਾਂ 'ਕੁਝ ਹੋਰ ਵੀ' ਕਿਹਾ ਹੋਵੇ। ਉਸ ਨੇ ਆਪਣੀਆਂ ਅੱਖਾਂ ਧਰਤੀ 'ਤੇ ਗੱਡ ਲਈਆਂ ਜਿਵੇਂ ਉਸ ਤੋਂ ਵੇਹਲ ਭਾਲਦੀ ਹੋਵੇ।

''ਮੈਂ ਸੋਚਦਾ ਸੀ ਕਿ ਜੇ ਇਹ ਤੇਰੇ ਆਖੇ ਲੱਗ ਕੇ ਕਾਗਜ਼ਾਂ ਵਿੱਚ ਤੇਰੀ ਸੇਮ-ਸੈਕਸ ਪਾਰਟਨਰ ਬਣ ਕੇ ਅਪਲਾਈ ਕਰ ਦੇਵੇ ਤਾਂ ਤੈਨੂੰ ਇੰਮੀਗ੍ਰੇਸ਼ਨ ਮਿਲ ਜਾਵੇਗੀ,'' ਆਖ ਕਾਊਂਸਲਰ ਨੇ ਡਿੰਪਲ ਦੇ ਚੇਹਰੇ ਵੱਲ ਵੇਖਿਆ। ਉਸ ਦਾ ਚੇਹਰਾ ਸ਼ਰਮ ਨਾਲ ਲਾਲ ਸੁਰਖ ਹੋ ਗਿਆ ਸੀ।

''ਤੂੰ ਪਤਾ ਕਰਕੇ ਵੇਖੀਂ ਇਸ ਕੁੜੀ ਨੂੰ। ਮੈਂ ਤੇਰੇ ਡੈਡੀ ਹੋਰਾਂ ਨਾਲ ਵੀ ਗੱਲ ਕੀਤੀ ਸੀ। ਉਹ ਕਹਿੰਦੇ ਆ ਕਿ ਜਿਵੇਂ ਮਰਜ਼ੀ ਕਰਾਂ ਕੁੜੀ ਪੱਕੀ ਹੋਣੀ ਚਾਹੀਦੀ ਐ,'' ਆਖ ਕੇ ਕਾਊਂਸਲਰ ਚਲਾ ਗਿਆ। ਡਿੰਪਲ ਦੇ ਅੰਗ-ਪੈਰ ਜਿਵੇਂ ਝੂਠੇ ਪੈ ਗਏ ਹੋਣ। ਉਸ ਨੇ ਖੜ੍ਹਨ ਦੀ ਕੋਸ਼ਿਸ਼ ਕੀਤੀ ਪਰ ਉਸ ਦੀਆਂ ਲੱਤਾਂ ਨੇ ਉਸ ਦਾ ਸਾਥ ਨਾ ਦਿੱਤਾ ਅਤੇ ਉਹ ਥਾਏਂ ਬੈਠ ਗਈ। 'ਏਹਨੂੰ ਕਿਵੇਂ ਪਤਾ ਲੱਗ ਗਿਆ?' ਸੋਚਦੀ ਉਹ ਗੁੰਮ-ਸੁੰਮ ਜਿਹੀ ਹੋ ਗਈ। ਹੌਲੀ-ਹੌਲੀ ਆਪਣੇ-ਆਪ 'ਚ ਆਉਂਦੀ ਨੇ ਸੋਚਿਆ, 'ਹੋ ਸਕਦੈ ਕਿ ਉਸ ਨੇ ਸਭੈਕੀ ਕਿਹਾ ਹੋਵੇ? ਮੈਨੂੰ ਪੱਕੀ ਕਰਵਾਉਣ ਲਈ'। ਇਸ ਵਿਚਾਰ ਨੇ ਉਸ ਨੂੰ ਤਸੱਲੀ ਦਿੱਤੀ। 'ਪਰ ਜ਼ਰੂਰੀ ਤਾਂ ਨਹੀਂ ਕਿ ਪੈਟੀ ਨਾਲ ਹੀ ਪੇਪਰ ਭਰੇ ਜਾਣ। ਜੇ ਕਾਗਜੀ ਕਾਰਵਾਈ ਹੀ ਕਰਨੀ ਹੈ ਤਾਂ ਕਿਸੇ ਮੁੰਡੇ ਨਾਲ ਵੀ ਭਰੇ ਜਾ ਸਕਦੇ ਹਨ?---ਪਰ ਇਓਂ ਕੌਣ ਮੰਨਦਾ ਹੈ? ਕੀ ਪਤਾ ਅਗਲਾ ਮੂਹਰੋਂ ਕੀ ਸ਼ਰਤ ਰੱਖੇ?' ਸੋਚਦਿਆਂ ਉਦਾਸੀ ਨੇ ਉਸ ਨੂੰ ਘੇਰ ਲਿਆ। ਇਹ ਉਦਾਸੀ ਹੋਰ ਵੀ ਗਹਿਰੀ ਹੋ ਗਈ ਜਦ ਸ਼ਾਮ ਵੇਲੇ ਉਸ ਦੀ ਮੰਮੀ ਦਾ ਫੋਨ ਆ ਗਿਆ। ਉਸ ਨੇ ਕਿਹਾ, ''ਨਾਲ ਵਾਲੀ ਗੋਰੀ ਕੁੜੀ ਨੂੰ ਪੁੱਛ ਕੇ ਵੇਖ ਜੇ ਮੰਨ ਜਾਵੇ। ਕਾਗਜ਼ਾਂ 'ਚ ਈ ਕਰਨੈ, ਕਿਸੇ ਨੂੰ ਕੋਈ ਸ਼ੱਕ-ਸੁਬਾ ਨੀ ਹੁੰਦਾ। ਸਾਨੂੰ ਤਾਂ ਸਾਰਾ ਦਿਨ ਤੇਰਾ ਈ ਫਿਕਰ ਖਾਂਦਾ ਰਹਿੰਦੈ ਬਈ ਕੰਮ ਕਿਸੇ ਪਾਸੇ ਲੱਗੇ ।''

ਡਿੰਪਲ ਦੇ ਚਿੱਤ 'ਚ ਆਈ ਕਿ ਆਖੇ , 'ਗੋਰੀ ਤਾਂ ਸੱਚੀ-ਮੁੱਚੀਂ ਦਾ ਵਿਆਹ ਕਰਵਾਉਣਾ ਚਾਹੁੰਦੀ ਹੈ, ਤੂੰ ਦੱਸ ਹਾਂ ਕਰੇਂਗੀ?' ਪਰ ਉਸ ਨੂੰ ਮਾਂ ਨਾਲ ਅਜੇਹੀ ਗੱਲ ਕਰਨ ਲਈ ਆਪਣੇ ਆਪ 'ਤੇ ਗਿਲਾਨੀ ਜਿਹੀ ਹੋਈ ਅਤੇ ਉਸ ''ਚੰਗਾ, ਪੁੱਛ ਲਊਂ,'' ਆਖ ਫੋਨ ਰੱਖ ਦਿੱਤਾ।

ਫੋਨ ਰੱਖ ਉਹ ਸੋਚੀਂ ਪੈ ਗਈ, 'ਜੇ ਮੈਂ ਛੇਤੀ-ਛੇਤੀ ਪੱਕੀ ਹੋ ਜਾਵਾਂ ਤਾਂ ਡੈਡੀ ਹੋਰੀਂ ਆਪੇ ਆ ਕੇ ਸੰਭਾਲ ਲੈਣ ਜ਼ਿੰਮੇਵਾਰੀਆਂ, ਮੈਂ ਪੜ੍ਹਾਂ ਆਵਦਾ। ਸਾਰਾ ਦਿਨ ਫਿਕਰਾਂ 'ਚ ਪਈ ਰਹਿੰਦੀ ਆਂ। ਜੇ ਮੈਂ ਪੈਟੀ ਨਾਲ ਵਿਆਹ---- ਕੋਰਟ 'ਚ ਜਾ ਕੇ ਸਿਰਫ ਰਜਿਸਟਰ ਹੀ ਕਰਵਾਉਣਾ ਹੈ। ਪੈਟੀ ਨੂੰ ਕਹੂੰਗੀ ਕਿ ਕਿਸੇ ਨੂੰ ਦੱਸੇ ਨਾ----ਹਾਏ-ਹਾਏ ਮੈਨੂੰ ਕੀ ਹੋਈ ਜਾਂਦੈ। ਮੈਂ ਕਿੰਨੀ ਗਿਰ ਗਈ ਹਾਂ।' ਫਿਰ ਉਸ ਦੇ ਅੰਦਰ ਡੈਡੀ ਦੇ ਬੋਲ ਗੂੰਜੇ, 'ਤੇਰੇ ਨਾਲ ਤੇਰੇ ਛੋਟੇ ਭੈਣ-ਭਰਾ ਦਾ ਵੀ ਭਵਿੱਖ ਬੱਝਿਆ ਹੋਇਐ।' ਅਗਲੇ ਹੀ ਪਲ ਉਸ ਦੇ ਦਿਮਾਗ ਵਿੱਚ ਆਇਆ, 'ਮੇਰਾ ਕੀ ਘਸ ਜਾਊ, ਜਦ ਮੰਮੀ-ਡੈਡੀ ਆ ਗਏ ਤੋੜ-ਵਿਛੋੜਾ ਕਰ ਲਊਂ।' ਉਸ ਦੇ ਅੰਦਰ ਖੋਹ ਜਿਹੀ ਪਈ। 'ਪੈਟੀ ਬਿਨ੍ਹਾਂ ਮੈਂ ਕਿਵੇਂ ਰਹਿ ਲਊਂ?' ਸੋਚਦਿਆਂ ਉਸ ਨੇ ਹਾਉਕਾ ਲਿਆ। ਉਸ ਦੇ ਅੰਦਰ ਉਛਾਲ ਜਿਹਾ ਉੱਠਿਆ ਕਿ ਜਾ ਕੇ ਪੈਟੀ ਦੀਆਂ ਬਾਹਾਂ ਵਿੱਚ ਸਮਾਅ ਜਾਵੇ। ਅਗਲੇ ਹੀ ਪਲ

ਉਸ ਦੇ ਕੰਨਾਂ ਵਿੱਚ ਸਾਂਅ-ਸਾਂਅ ਹੋਣ ਲੱਗੀ। ਉਸ ਨੂੰ ਲੱਗਾ ਜਿਵੇਂ ਬਹੁਤ ਸਾਰੀਆਂ ਆਵਾਜ਼ਾਂ ਉਸ ਕੋਲੋਂ ਪੈਟੀ ਨਾਲ ਉਸ ਦੇ ਰਿਸ਼ਤੇ ਬਾਰੇ ਪੁੱਛ ਰਹੀਆਂ ਹੋਣ। ਉਸ ਅੰਦਰ ਉੱਠਿਆ ਉਛਾਲ ਬੈਠ ਗਿਆ। ਉਸ ਨੇ ਦੰਦ ਕਿਰਚੇ। ਫੇਰ ਉਸ ਨੂੰ ਲੱਗਾ ਜਿਵੇਂ ਇੱਕ ਬਹੁਤ ਵੱਡੀ ਪਾਣੀ ਦੀ ਛੱਲ ਬਾਕੀ ਸਾਰਿਆਂ ਨੂੰ ਆਪਣੇ ਨਾਲ ਵਹਾਅ ਕੇ ਲੈ ਗਈ ਹੋਵੇ ਅਤੇ ਉਹ ਪੈਟੀ ਦੀਆਂ ਬਾਹਾਂ ਵਿੱਚ ਖੜ੍ਹੀ ਬਚ ਗਈ ਹੋਵੇ। ਇਹ ਸੋਚ ਆਉਂਦਿਆਂ ਹੀ ਉਸ ਦੇ ਬੁੱਲ੍ਹਾਂ ਉੱਪਰ ਮੁਸਕਾਨ ਫੈਲ ਗਈ।

ਡਿੰਪਲ ਨੇ ਆਪਣੇ ਸਿਰ ਨੂੰ ਝਟਕਿਆ। 'ਇਹ ਮੈਂ ਕੀ ਊਲ-ਜਲੂਲ ਸੋਚੀ ਜਾਨੀ ਆਂ। ਜਿਹੜਾ ਕੁਝ ਹੋਊ ਵੇਖੀ ਜਾਊ। ਪਹਿਲਾਂ ਇੱਥੇ ਪੱਕੀ ਤਾਂ ਹੋਵਾਂ,' ਸੋਚਦਿਆਂ ਉਸ ਸੌਣ ਲਈ ਅੱਖਾਂ ਮੀਚ ਲਈਆਂ। ਉਸ ਨੂੰ ਲੱਗਾ ਜਿਵੇਂ ਰੋਂਦੀ-ਵਿਲਕਦੀ ਪੈਟੀ ਉਸ ਨੂੰ ਆਖ ਰਹੀ ਹੋਵੇ, 'ਤੂੰ ਮੈਨੂੰ ਧੋਖਾ ਕਿਓਂ ਦਿੱਤਾ? ਮੈਂ ਤਾਂ ਤੈਨੂੰ ਵਫਾਦਾਰ ਸਮਝ ਕੇ ਦਿਲ ਦਿੱਤਾ ਸੀ।' ਡਿੰਪਲ ਨੇ ਝੱਟ ਅੱਖਾਂ ਖੋਹਲ ਦਿੱਤੀਆਂ। ਇਨ੍ਹਾਂ ਉਲਝਣਾਂ 'ਚ ਡੁੱਬੀ ਹੀ ਉਹ ਸੌਂ ਗਈ। ਸੁਪਨੇ ਵਿੱਚ ਉਹ ਵੇਖਦੀ ਹੈ ਕਿ ਵੱਡੇ-ਵੱਡੇ ਨਹੁੰਆ ਵਾਲੇ ਹੱਥ ਪੈਟੀ ਵੱਲ ਵਧ ਰਹੇ ਹਨ, ਡਰਦੀ-ਕੰਬਦੀ-ਵਿਲਕਦੀ ਪੈਟੀ ਪਿੱਛੇ ਵੱਲ ਖਿਸਕ ਰਹੀ ਹੈ, ਹੱਥ ਹੋਰ ਅਗਾਂਹ ਵਧਣ ਲੱਗਦੇ ਹਨ ਫਿਰ ਪੈਟੀ ਦੀ ਸ਼ਕਲ ਉਸ ਦੀ ਆਪਣੀ ਸ਼ਕਲ ਵਿੱਚ ਤਬਦੀਲ ਹੋ ਜਾਂਦੀ ਹੈ। ਹੱਥ ਉਸ ਦੇ ਕੱਪੜਿਆਂ ਨੂੰ ਪਾੜਣ ਲਈ ਅਹੁਲਦੇ ਹਨ। ਉਹ ਉੱਠਣ ਦੀ ਕੋਸ਼ਿਸ਼ ਕਰਦੀ ਹੈ ਪਰ ਉਸ ਕੋਲੋਂ ਉੱਠ ਨਹੀਂ ਹੁੰਦਾ। ਹੱਥ ਉਸ ਦੇ ਕੱਪੜਿਆਂ ਤੱਕ ਪਹੁੰਚ ਜਾਂਦੇ ਹਨ, ਉਹ ਚੀਕਣ ਦੀ ਕੋਸ਼ਿਸ਼ ਕਰਦੀ ਹੈ ਪਰ ਉਸ ਦੀ ਚੀਕ ਨਹੀਂ ਨਿਕਲ ਰਹੀ। ਇਸੇ ਕਸ਼ਮਕਸ਼ 'ਚ ਉਹ ਹੜਬੜਾ ਕੇ ਉੱਠ ਬੈਠੀ ਅਤੇ ਲੰਮੇ-ਲੰਮੇ ਸਾਹ ਲੈਣ ਲੱਗੀ।

"ਕੀ ਹੋਇਐ ਮਿੱਠੋ?" ਪੈਟੀ ਦੀ ਆਵਾਜ਼ ਆਈ। ਡਿੰਪਲ ਨੂੰ ਲੱਗਾ ਜਿਵੇਂ ਉਹ ਸੰਨ੍ਹ ਵਿੱਚ ਹੀ ਫੜੀ ਗਈ ਹੋਵੇ। ਉਸ ਮਰੀ ਜਿਹੀ ਆਵਾਜ਼ 'ਚ ਕਿਹਾ, "ਕੁਝ ਨਹੀਂ, ਡਰਾਉਣਾ ਸੁਪਨਾ ਆਇਆ ਸੀ।"

"ਓਹ ਪਿਆਰੀ!" ਆਖਦੀ ਪੈਟੀ ਨੇ ਬੱਤੀ ਜਗਾਈ ਅਤੇ ਡਿੰਪਲ ਕੋਲ ਆ ਗਈ। ਡਿੰਪਲ ਉਸ ਨਾਲ ਅੱਖ ਨਾ ਮਿਲਾ ਸਕੀ ਅਤੇ ਉਸ ਦੀਆਂ ਬਾਹਾਂ ਵਿੱਚ ਹੁੱਬਕੀਂ-ਹੁੱਬਕੀਂ ਰੋਣ ਲੱਗੀ। (ਸਿਰਜਣਾ ਜਨਵਰੀ-ਮਾਰਚ 2006) ●●

# ਸੱਭਿਆਚਾਰ ਦੇ ਰਖਵਾਲੇ

''ਆਓ-ਆਓ ਮਾਰ੍ਹਾਜ, ਕਦੇ ਦਰਸ਼ਨ-------?''

''ਸੁਣਾ ਸੋਹਣਿਆ ਕਿਵੇਂ ਐਂ ?'' 'ਥਰਟੀ ਟੂ' ਨੇ ਮੇਰੀ ਮਾਰ੍ਹਾਜ ਅਣਸੁਣੀ ਕਰ ਟੈਕਸੀ ਦਾ ਪਿਛਲਾ ਦਰਵਾਜ਼ਾ ਖੋਲ੍ਹ ਕੇ ਵਿੱਚ ਬੈਠਦੇ ਨੇ ਪੁੱਛਿਆ।

''ਬਸ ਠੀਕ ਐ, ਤੁਸੀਂ ਸੁਣਾਓ ਕਿਤੇ ਦਰਸ਼ਨ ਹੀ ਨਹੀਂ ਹੁੰਦੇ?''

''ਸਾਡੇ ਦਰਸ਼ਨ ਕਰਨੇ ਹੁੰਦੇ ਐ ਤਾਂ ਰਾਤਾਂ ਨੂੰ ਆਇਆ ਕਰ,'' ਥਰਟੀ ਟੂ ਨੇ ਥੋੜ੍ਹਾ-ਥੋੜ੍ਹਾ ਹੱਸਦੇ ਹੋਏ ਕਿਹਾ ।

''ਰਾਤਾਂ ਨੂੰ ਮਾਰ੍ਹਾਜ ਡਰ ਲਗਦੈ ਸ਼ਰਾਬੀਆਂ ਤੋਂ।''

''ਸ਼ਰਾਬੀਆਂ ਤੋਂ ਨਹੀਂ, ਸ਼ਰਾਬਣਾਂ ਤੋਂ ਕਹਿ,'' ਆਖ ਕੇ 'ਥਰਟੀ ਟੂ' ਹੱਸਿਆ, ਫਿਰ ਕਹਿਣ ਲੱਗਾ , ''ਕਿਓਂ ਬਈ, ਸ਼ਰਾਬਣਾਂ ਐਨੀਆਂ ਵੀ ਨਹੀਂ ਹਲ਼ਕੀਆਂ ਫਿਰਦੀਆਂ ਕਿ ਤੇਰੇ ਵਰਗੇ ਨੂੰ ਰੇਪ ਕਰ ਦੇਣ,'' ਉਹ ਫਿਰ ਹੱਸਿਆ ।

ਮੈਂ ਵੀ ਹੱਸ ਪਿਆ। ਮੈਨੂੰ ਕੋਈ ਜਵਾਬ ਹੀ ਨਾ ਸੁੱਝਿਆ ।

ਥਰਟੀ ਟੂ ਉਸਦੀ ਟੈਕਸੀ ਦਾ ਨੰਬਰ ਸੀ, ਉਸਦੇ ਅਸਲ ਨਾਮ ਦਾ ਮੈਨੂੰ ਨਹੀਂ ਪਤਾ। ਟੈਕਸੀਆਂ ਵਾਲੇ ਇੱਕ ਦੂਜੇ ਨੂੰ ਟੈਕਸੀ ਦੇ ਨੰਬਰ ਨਾਲ ਹੀ ਬਲਾਉਂਦੇ। ਅਸਲ ਨਾਮ ਕੋਈ ਘੱਟ ਹੀ ਪੁੱਛਦਾ।

'ਥਰਟੀ ਟੂ' ਦਾ ਗੱਲ ਸੁਣਾਉਣ ਦਾ ਢੰਗ ਬਹੁਤ ਦਿਲਚਸਪ ਹੁੰਦਾ। ਪਰ ਉਸਦੀਆਂ ਗੱਲਾਂ ਕਦੇ-ਕਦੇ ਹੀ ਸੁਣਨ ਨੂੰ ਮਿਲਦੀਆਂ। ਉਹ ਲੌਂਗ-ਸ਼ਿਫ਼ਟ ਟੈਕਸੀ ਚਲਾਉਂਦਾ। ਚੌਵੀ ਘੰਟੇ ਟੈਕਸੀ ਉਸ ਕੋਲ ਹੀ ਰਹਿੰਦੀ। ਉਂਝ ਟੈਕਸੀ ਦੀਆਂ ਦੋ ਸ਼ਿਫ਼ਟਾਂ ਹੁੰਦੀਆਂ, ਬਾਰਾਂ-ਬਾਰਾਂ ਘੰਟੇ ਦੀਆਂ। ਪਰ ਕਈ ਡਰਾਈਵਰ ਦੋਨੋਂ ਸ਼ਿਫ਼ਟਾਂ ਦੀ ਟੈਕਸੀ ਹੀ ਲੈ ਲੈਂਦੇ। ਉਸਨੂੰ ਉਹ 'ਲੌਂਗ ਸ਼ਿਫ਼ਟ' ਆਖਦੇ। ਇੱਕ ਸ਼ਿਫ਼ਟ ਨਾਲੋਂ ਡੇਢ ਗੁਣਾਂ ਜ਼ਿਆਦਾ ਲੀਜ਼ ਦੇ ਕੇ ਟੈਕਸੀ ਆਪਣੇ ਕੋਲ ਹੀ ਰੱਖਦੇ। ਜਦ ਦਿਲ ਕਰਦਾ ਟੈਕਸੀ ਚਲਾਉਣ ਲੱਗ ਪੈਂਦੇ, ਜਦ ਦਿਲ ਕਰਦਾ ਘਰ ਜਾਕੇ ਥੋੜ੍ਹੇ ਚਿਰ ਲਈ ਆਰਾਮ ਕਰ ਆਉਂਦੇਂ। ਇਸ ਤਰ੍ਹਾਂ ਕਈ ਡਰਾਈਵਰ ਪੰਦਰਾਂ-ਪੰਦਰਾਂ, ਸੋਲਾਂ-ਸੋਲਾਂ ਘੰਟੇ ਟੈਕਸੀ ਚਲਾਉਂਦੇ ।

'ਥਰਟੀ ਟੂ' ਆਮ ਤੌਰ 'ਤੇ ਦਿਨ ਦੇ ਇੱਕ ਦੋ ਵਜੇ ਟੈਕਸੀ ਚਲਾਉਣੀ ਸ਼ੁਰੂ ਕਰਦਾ ਅਤੇ ਅਗਲੀ ਸਵੇਰ ਦੇ ਤਿੰਨ-ਚਾਰ ਵਜੇ ਤੱਕ ਚਲਾਉਂਦਾ ਰਹਿੰਦਾ। ਮੈਂ ਵੀਕਐਂਡ 'ਤੇ ਟੈਕਸੀ ਚਲਾਉਂਦਾ, ਦਿਨ ਦੀ ਬਾਰਾਂ ਘੰਟੇ ਦੀ ਸ਼ਿਫ਼ਟ। ਸਵੇਰੇ ਚਾਰ ਵਜੇ ਸ਼ੁਰੂ ਕਰਕੇ ਸ਼ਾਮ ਦੇ ਚਾਰ ਵਜੇ ਤੱਕ ਚਲਾਉਂਦਾ ਰਹਿੰਦਾ। ਇਸ ਸਮੇਂ ਦੌਰਾਨ ਕਦੇ ਰੱਬ-ਸਬੱਬੀਂ 'ਥਰਟੀ ਟੂ' ਨੂੰ ਕਿਸੇ ਸਟੈਂਡ 'ਤੇ ਮਿਲ ਜਾਣਾ ਤਾਂ ਗੱਲ-ਬਾਤ ਹੋ ਜਾਣੀ। ਕੰਮ ਮੰਦਾ ਹੋਣਾ ਤਾਂ ਗੱਲਾਂ-ਬਾਤਾਂ ਵੱਧ ਵੀ ਹੋ ਜਾਂਦੀਆਂ, ਤੇਜ਼ ਹੋਣਾ ਤਾਂ ਦੂਰੋਂ ਹੀ 'ਮਾਰ੍ਹਾਜ-ਮਾਰ੍ਹਾਜ' ਹੋ ਜਾਂਦੀ ।

ਜਦੋਂ ਗੱਲ-ਬਾਤ ਹੋਣੀ, ਉਹ ਮੇਰੇ ਨਾਲ ਅਕਸਰ ਕੁੜੀਆਂ ਦੀਆਂ ਗੱਲਾਂ ਹੀ ਕਰਦਾ, ਹੋਰ ਵੀ ਕਰਦਾ ਪਰ ਬਹੁਤੀਆਂ ਕੁੜੀਆਂ ਦੀਆਂ ਹੀ ਹੁੰਦੀਆਂ। ਭਾਵੇਂ ਉਹ ਮੇਰੇ ਨਾਲੋਂ ਦੋ-ਚਾਰ ਸਾਲ ਹੀ ਵੱਡਾ ਹੋਵੇਗਾ, ਸਤਾਈ-ਅਠਾਈ ਵਰ੍ਹਿਆਂ ਦੇ ਗੇੜ 'ਚ। ਪਰ ਉਹ ਮੈਨੂੰ ਅਲੂੰਆਂ ਜਿਹਾ ਮੁੰਡਾ ਹੀ ਸਮਝਦਾ, ਜਿਸ ਨਾਲ ਸਿਰਫ਼ ਕੁੜੀਆਂ ਦੀਆਂ ਹੀ ਗੱਲਾਂ ਕੀਤੀਆਂ ਜਾ ਸਕਦੀਆਂ ਸਨ। ਮੇਰਾ ਵਿਆਹ ਨਾ ਹੋਇਆ ਹੋਣ ਕਰਕੇ ਸ਼ਾਇਦ ਉਹ ਅਜੇਹਾ ਸਮਝਦਾ ਸੀ। ਆਪ ਉਹ ਵਿਆਹਿਆ ਹੋਇਆ ਸੀ, ਦੋ ਸਾਲਾਂ ਦੀ ਧੀ ਦਾ ਪਿਓ ।

ਇੱਕ ਦਿਨ ਮਿਲਿਆ, ਕਹਿੰਦਾ, ''ਬਈ ਰਾਤ ਤਾਂ ਸਵਾਦ ਆ ਗਿਆ 'ਕੇਰਾਂ, ਇੱਕ ਅੱਧਖੜ ਜਿਹੀ ਗੋਰੀ ਟੱਕਰ ਗਈ, ਸ਼ਰਾਬਣ ----''

''ਅੱਛਾ?'' ਮੈਂ ਉਸਦੀ ਗੱਲ ਸੁਣਨ ਲਈ ਠੀਕ ਜਿਹਾ ਹੋ ਕੇ ਬੈਠਦੇ ਨੇ ਕਿਹਾ।

ਉਸ ਗੱਲ ਜਾਰੀ ਰੱਖਦੇ ਹੋਏ ਕਿਹਾ, ''------ਕਹਿੰਦੀ ਅੱਜ ਮੇਰਾ ਬਰਥਡੇ ਐ, ਅਖੈ ਮੈਂ ਇਕੱਲੀ-ਇਕੱਲੀ ਮਹਿਸੂਸ ਕਰ ਰਹੀ ਆਂ। ਮੈਂ ਪੁਛਿੱਆ ਤੇਰਾ ਕੋਈ ਪੁੱਤ-ਧੀ, ਤੇਰਾ ਹਸਬੈਂਡ? ਕਹਿੰਦੀ 'ਮੈਂ ਵਿਆਹ ਹੀ ਨਹੀਂ ਕਰਾਇਆ। ਬੁਆਏ ਫਰੈਂਡ ਸੀ, ਉਹਦੇ ਨਾਲ ਟੁੱਟ ਗਈ।' ਮੈਂ ਸੋਚਿਆ ਇਹ ਤਾਂ ਆਪ ਈ ਸੁਰ 'ਚ ਐ। ਉਂਝ ਉਹ ਬਹੁਤੀ ਸੁਨੱਖੀ ਨਹੀਂ ਸੀ, ਪਰ ਸੀ ਤਾਂ ਸਾਲੀ ਗੋਰੀ। ਮੈਂ ਕਿਹਾ, 'ਹੇ ਲਿਟਸ ਸੈਲੀਬਰੇਟ, ਲਿਟਸ ਹੈਵ ਸਮ ਡਰਿੰਕਸ, ਆਈ ਐਮ ਯੂਅਰ ਫਰੈਂਡ, ਕਮ ਆਨ। ਕਹਿੰਦੀ , 'ਆਰ ਯੂ ?' ਮੈਂ ਕਿਹਾ, 'ਓ ਜਿਆ, ਮੇਰੇ ਕੋਲ ਵਿਸਕੀ ਹੈਗੀ ਐ, ਚੱਲ ਤੇਰੇ ਘਰ ਚੱਲਦੇ ਆਂ'। ਗੋਰੀ ਮਿੱਤਰਾ ਖੁਸ਼ ਹੋਗੀ। ਮੇਰੇ ਕੋਲ ਕੁੰਡੇ ਆਲੀ (1.75 ਲੀਟਰ ਦੀ ਬੋਤਲ) ਪਿੱਛੇ ਟਰੰਕ 'ਚ ਪਈ ਸੀ। ਉਹਦੀ ਅਪਾਰਟਮੈਂਟ 'ਚ ਚਲੇ ਗਏ। ਗੋਰੀ ਪਹਿਲਾਂ ਹੀ ਸ਼ਰਾਬਣ ਸੀ, ਮੈਂ ਉਸਨੂੰ ਇੱਕ ਹੋਰ ਲੰਡੂ ਜਾ ਡਰਾਮ ਬਣਾ ਦਿੱਤਾ, ਇੱਕ ਗੱਦਰਗੱਫਾ ਜਿਹਾ ਮੈਂ ਆਵਦੇ ਅੰਦਰ ਸੁੱਟਿਆ ਬੱਸ ਫੇਰ ਨਾ ਪੁੱਛ, ਗੋਰੀ ਮੁੜ-ਮੁੜ ਜੱਫੀਆਂ ਪਾਵੇ, ਆਖੀ ਜਾਵੇ 'ਯੂ ਆਰ ਸੋ ਨਾਈਸ'। ਅਸੀਂ ਆਪਣਾ ਕੰਮ ਨਬੇੜ ਕੇ ਤੁਰਨ ਨੂੰ ਹੋਏ, ਪਰ ਉਹ ਆਉਣ ਨਾ ਦੇਵੇ, ਕਹੇ ਹਾਲੇ ਹੋਰ ਰਹਿ 'ਯੂ ਆਰ ਸਵੀਟ, ਹਨੀ-ਹਨੀ ਕਹੇ, ਕਦੇ ਲਵ-ਲਵ ਕਹੇ । ਮੈਂ ਕਿਹਾ ' ਹੁਣ ਬਿਜ਼ੀ ਟਾਈਮ ਐ ਕਦੇ ਫੇਰ ਸਹੀ 'ਤੇ ਆਪਾਂ ਡੰਡੀ ਪਏ।''

ਫੇਰ ਇੱਕ ਦਿਨ ਮਿਲਿਆ ਕਹਿੰਦਾ, ''ਗੋਰੀ ਕੌਮ ਤਾਂ ਬੱਸ ਤਬਾਹ ਹੋਈ ਸਮਝ।''

"ਕਿਵੇਂ?" ਮੈਂ ਹੈਰਾਨੀ ਨਾਲ ਪੁੱਛਿਆ।

"ਕਿਵੇਂ ਕੀ, ਡਰੱਗਾਂ ਨੇ ਮਾਰ ਲੈਣੀ ਐਂ। ਥੋੜ੍ਹੇ ਜੇ ਦਿਨਾਂ ਦੀ ਗੱਲ ਐ, ਇੱਕ ਬਾਰਾਂ-ਤੇਰਾਂ ਸਾਲਾਂ ਦੀ ਗੋਰੀ ਟੱਕਰੀ, ਮੈਂ ਮੈਟਰੋਟਾਊਨ ਬੈਠਾ ਸੀ ਰਾਤ ਦੇ ਗਿਆਰਾਂ ਕੁ ਵੱਜੇ ਹੋਣੇ ਐਂ, ਪੁੱਛਣ ਲੱਗੀ ਕਿ ਤੇਰੇ ਕੋਲ ਕੋਈ ਡਰੱਗ ਵਗੈਰਾ ਹੈਗੀ ਐ, ਮੈਂ ਕਿਹਾ, 'ਨਹੀਂ'। ਫੇਰ ਕਹਿੰਦੀ , 'ਆਰ ਯੂ ਬਿਜ਼ੀ ?' ਮੈਂ ਕਿਹਾ, 'ਨਾਟ ਰੀਅਲੀ'। ਮੋਹਰਲੀ ਡੋਰ ਖੋਹਲ ਕੇ ਨਾਲ ਬੈਠ ਗਈ ਕਹਿੰਦੀ, 'ਲਿੱਟਸ ਗੋ, ਮੈਨੂੰ ਡਰੱਗ ਵਾਸਤੇ ਪੱਚੀ ਡਾਲਰ ਚਾਹੀਦੇ ਐ, ਡਰੱਗ ਬਿਨ੍ਹਾਂ ਜਾਨ ਨਿਕਲੀ ਜਾਂਦੀ ਐ।' ਮੁੜ-ਮੁੜ ਪੱਟਾਂ 'ਤੇ ਡਿੱਗੇ। ਮਲੂਕ ਜੇਹੀ, ਜਿਵੇਂ ਕੱਚਾ ਅੰਬ ਹੋਵੇ ਅਚਾਰੀ। ਮੈਂ ਬਈ ਉਹਨੂੰ ਆਵਦੇ ਫਰੈਂਡ ਦੀ ਅਪਾਰਟਮੈਂਟ 'ਚ ਲੈ ਗਿਆ। ਡਾਲਰ ਤਾਂ ਪੱਚੀਆਂ ਦੀ ਥਾਂ ਤੀਹ ਦੇ ਦਿੱਤੇ ਪਰ ਡੰਝਾਂ ਲਈਆਂ ਲਾਹ। ਅਗਲੀਆਂ ਪਿਛਲੀਆਂ ਸਾਰੀਆਂ ਕਸਰਾਂ ਕੱਢ ਲਈਆਂ।"

ਇੱਕ ਹੋਰ ਦਿਨ ਮਿਲਿਆ ਕਹਿੰਦਾ, "ਅੱਜ ਇੱਕ ਗੋਰੀ ਦੀਆਂ ਲੱਤਾਂ ਦੇਖੀਆਂ, ਬਸ ਪੁੱਛ ਕੁਝ ਨਾ, ਧਰਮ ਨਾਲ ਐਨੀਆਂ ਸੋਹਣੀਆਂ ਲੱਤਾਂ, ਲੰਮੀਆਂ, ਗੋਲ-ਗੋਲ ਪਿੰਜਣੀਆਂ, ਮੱਲਾਂ ਵਰਗੇ ਪੱਟ, ਪੂਰੇ ਸਖਤ, ਕੂਲੇ-ਕੂਲੇ। ਤੰਗ ਸਕਰਟ ਪਾਈ ਹੋਈ। ਮੈਂ ਜਦੋਂ ਘਰੋਂ ਨਿਕਲਦੀ ਦੇਖੀ ਪਹਿਲਾਂ ਹੀ ਉੱਠ ਕੇ ਟੈਕਸੀ ਦੀ ਮੋਹਰਲੀ ਡੋਰ ਖੋਲ੍ਹ ਦਿੱਤੀ, ਸੋਚਿਆ ਕਿਤੇ ਮਗਰਲੀ ਸੀਟ 'ਤੇ ਨਾ ਬੈਠ ਜਾਵੇ। ਕਹਿੰਦੀ ਨਿਊਵੈਸਟ ਜਾਣੈ ਦਸਾਂ ਡਾਲਰਾਂ 'ਚ। ਮੈਂ ਕਿਹਾ 'ਨੋ ਪ੍ਰਾਬਲਮ, 'ਉਂਝ ਵੀ ਮੀਟਰ 'ਤੇ ਬਾਰਾਂ-ਤੇਰਾਂ ਡਾਲਰ ਮਸਾਂ ਚੱਲਣੇ ਸੀ ਮੈਟਰੋਟਾਊਨ ਏਰੀਏ ਤੋਂ। ਮੇਰਾ ਚਿੱਤ ਹੋਰੂੰ-ਹੋਰੂੰ ਹੋਈ ਜਾਵੇ ਉਹਦੇ ਪੱਟ ਦੇਖਕੇ। ਅਖੀਰ ਮੈਂ ਹੌਸਲਾ ਜਿਹਾ ਕਰਕੇ ਓਹਦੇ ਪੱਟਾਂ 'ਤੇ ਹੱਥ ਫੇਰ ਦਿੱਤਾ, ਸੋਚਿਆ ਕੀ ਐ, ਸ਼ਾਇਦ ਲੋਟ ਸਿਰ ਆ ਹੀ ਜਾਵੇ, ਨਾਲ ਹੀ ਆਖ ਦਿੱਤਾ, 'ਬਿਊਟੀਫੁੱਲ ਲੈਗਜ਼।' ਉਹਨੇ ਜੀ ਮੇਰਾ ਹੱਥ ਚੁੱਕ ਕੇ ਪਾਸੇ ਰੱਖਤਾ।"

ਉਹਦੀ ਗੱਲ ਸੁਣ ਕੇ ਮੇਰਾ ਹਾਸਾ ਨਿਕਲ ਗਿਆ, "ਕੀ ਰਿਹਾ ਫਿਰ?"

"ਮੇਰਾ ਗਿਆ ਵੀ ਦੱਸ ਕੀ? ਤੂੰ ਤਾਂ ਯਾਰ ਬੁੜ੍ਹੀਆਂ ਆਲੀਆਂ ਗੱਲਾਂ ਕਰਦੈਂ।"

"ਮਾਰ੍ਹਾਜ ਵਿਆਹੇ-ਵਰੇ ਬੰਦੇ ਐਂ ਤੁਸੀਂ, ਹਾਲੇ ਵੀ ਨਹੀਂ ਹਟਦੇ ਪੁੱਠੇ ਪੰਗਿਆਂ ਤੋਂ," ਮੈਂ ਕਿਹਾ।

"ਫੇਰ ਉਹੀ ਗੱਲ, ਜੇ ਵਿਆਹੇ-ਵਰੇ ਐਂ ਤਾਂ ਕੀ ਹੋ ਗਿਆ, ਘਰਵਾਲੀਆਂ ਨਾਲ ਉਹ ਸਵਾਦ ਨਹੀਂ ਜਿਹੜੀਆਂ ਲੱਜਤਾਂ ਗੋਰੀਆਂ ਨਾਲ ਐ। ਘਰਵਾਲੀਆਂ ਤਾਂ ਜਵਾਕ ਸੰਭਾਲੀ ਜਾਣ ਬਹੁਤ ਐ। ਨਾਲੇ ਯਾਰ ਉਹ ਪੰਜਾਬੀ ਬੰਦਾ ਹੀ ਕਾਹਦਾ ਜੀਹਨੇ ਬਿਗਾਨੀ ਖੁਰਲੀ 'ਚ ਮੂੰਹ ਨਾ ਮਾਰਿਆ ਹੋਵੇ," ਆਖ ਉਹ ਮੇਰੇ ਮੋਢੇ 'ਤੇ ਹੱਥ ਮਾਰ ਕੇ ਹੱਸਿਆ।

ਉਸ ਦਿਨ ਵੀ ਜਦ ਉਸ ਟੈਕਸੀ 'ਚ ਬੈਠਦੇ ਨੇ ਹੀ 'ਸ਼ਰਾਬਣਾਂ' ਦਾ ਜ਼ਿਕਰ ਕਰ ਦਿੱਤਾ ਤਾਂ ਮੈਨੂੰ ਲੱਗਿਆ ਕਿ ਉਹ ਕੋਈ ਇਹੋ ਜਿਹੀ ਹੀ ਗੱਲ ਸੁਣਾਏਗਾ। ਇਸ ਲਈ ਮੈਂ ਗੱਲ ਸ਼ੁਰੂ ਕਰਨ ਲਈ ਉਸਤੋਂ ਪੁੱਛ ਲਿਆ, "ਕਿਓਂ ਕੋਈ ਟੱਕਰੀ ਨਹੀਂ ਗੋਰੀ-ਗਾਰੀ ?"

"ਗੋਰੀਆਂ-ਗਾਰੀਆਂ ਕਾਹਦੀਆਂ ਯਾਰ, ਬੇਸ਼ਰਮ ਕੌਮ । ਸਗੋਂ ਇਨ੍ਹਾਂ ਨੇ ਤਾਂ ਆਪਣੀਆਂ ਕੁੜੀਆਂ ਵੀ ਖਰਾਬ ਕਰਤੀਆਂ," ਉਸ ਦੀ ਸੁਰ ਧੀਮੀ ਸੀ ।

ਮੈਂ ਸੋਚਿਆ ਸ਼ਾਇਦ ਉਹ ਗੱਲ ਸੁਣਾਉਣ ਲਈ ਭੂਮਿਕਾ ਬੰਨ੍ਹ ਰਿਹਾ ਹੈ। 'ਆਪਣੀਆਂ ਕੁੜੀਆਂ' ਦਾ ਜ਼ਿਕਰ ਸੁਣ ਮੈਨੂੰ ਲੱਗਿਆ ਕਿ ਗੱਲ ਜ਼ਰੂਰ ਹੀ ਬਹੁਤ ਦਿਲਚਸਪ ਹੋਵੇਗੀ। ਮੈਂ ਠੀਕ ਜਿਹਾ ਹੋ ਕੇ ਬੈਠਦੇ ਨੇ ਪੁੱਛਿਆ, "ਕਿਓਂ ਕੀ ਗੱਲ ਹੋਗੀ, ਮਾਰ੍ਹਾਜ?"

"ਗੱਲ ਕਾਹਦੀ ਯਾਰ, ਦੋ ਕੁ ਦਿਨ ਹੋਗੇ, ਰਾਤ ਦੇ ਕੋਈ ਦੋ ਕੁ ਵੱਜੇ ਹੋਣਗੇ, ਆਪਣੀਆਂ ਦੋ ਕੁੜੀਆਂ, ਅਠਾਰਾਂ-ਉੱਨੀਂ ਸਾਲਾਂ ਦੇ ਗੇੜ 'ਚ, ਆ ਕੇ ਬੈਠ ਗਈਆਂ ਟੈਕਸੀ 'ਚ। ਅਖੇ ਸਾਸਰੀਕਾਲ-ਸਾਸਰੀਕਾਲ। ਮੈਂ ਹੈਰਾਨ 'ਆਪਣੇ ਲੋਕ ਕਿੱਥੇ ਟੈਕਸੀਆਂ ਲੈਂਦੇ ਐ ' ਕਹਿੰਦੀਆਂ, 'ਚੱਲ'। ਮੈਂ ਪੁੱਛ ਲਿਆ 'ਜਾਣਾ ਕਿੱਥੇ ਐ?' ਕਹਿੰਦੀਆਂ 'ਦੱਸਾਂਗੀਆਂ ਪਹਿਲਾਂ ਤੁਰ ਤਾਂ ਸਹੀ।' ਮੈਂ ਟੈਕਸੀ ਤੋਰ ਲਈ । ਕਹਿੰਦੀਆਂ 'ਅਸੀਂ ਕਿਸੇ ਦੇ ਵਿਆਹ ਦੀ ਪਾਰਟੀ 'ਤੇ ਗਈਆਂ ਸੀ ਉਥੋਂ ਟਲ ਕੇ ਆ ਗਈਆਂ। ਸਾਨੂੰ ਸ਼ਰਾਬ ਚਾਹੀਦੀ ਐ । ਅਖੇ ਸਾਡੀ ਪੀਤੀ ਵੀ ਹੈਗੀ ਐ, ਹੋਰ ਵੀ ਪੀਣੀ ਐ-----------"

"ਹਟ ਪਿੱਛੇ," ਮੇਰੇ ਮੂੰਹੋਂ ਹੈਰਾਨੀ ਜਿਹੀ 'ਚ ਨਿਕਲ ਗਿਆ।

"---ਸ਼ਰਾਬ ਮੇਰੇ ਕੋਲ ਸੀ, ਕੁੰਡੇ ਆਲੀ ਟਰੰਕ 'ਚ ਪਈ ਸੀ------"

"ਕੁੰਡੇ ਆਲੀ ਨਾਲ ਈ ਰੱਖਦੇ ਐਂ ਫਿਰ?" ਮੈਂ ਵਿੱਚੋਂ ਹੀ ਟੋਕਿਆ।

"ਇਹਦੇ ਬਿਨਾਂ ਕਿੱਥੇ ਸਰਦੈ। ਵੇਲੇ-ਕਵੇਲੇ ਲੋੜ ਪੈ ਜਾਂਦੀ ਐ। ਅੱਛਾ ਤੇ ਮੇਰਾ ਚਿੱਤ ਨਹੀਂ ਮੰਨਿਆ ਉਨ੍ਹਾਂ ਨੂੰ ਸ਼ਰਾਬ ਦੇਣ ਲਈ। ਸੋ ਮੈਂ ਟਾਲਣ ਦੇ ਮਾਰੇ ਨੇ ਆਖ ਦਿੱਤਾ ਬਈ ਐਸ ਵੇਲੇ ਸਾਰੇ ਲੀਕਰ ਸਟੋਰ ਤੇ ਪੱਬ ਬੰਦ ਐ, ਸ਼ਰਾਬ ਨਹੀਂ ਮਿਲਣੀ। ਕਹਿੰਦੀਆਂ 'ਨਹੀਂ ਸਾਨੂੰ ਸ਼ਰਾਬ ਚਾਹੀਦੀ ਜ਼ਰੂਰ ਐ ਜਿੱਥੋਂ ਮਰਜ਼ੀ ਲਿਆ ਕੇ ਦੇ, ਸਾਡੇ ਕੋਲ ਤੀਹ ਡਾਲਰ ਹੈਗੇ ਐ---'

"ਪੰਜਾਬੀ ਬੋਲਦੀਆਂ ਸੀ ?" ਮੈਂ ਜਿਗਿਆਸਾ ਵੱਸ ਵਿੱਚੋਂ ਹੀ ਪੁੱਛ ਲਿਆ।

"ਓਹ ਜਿਆ, ਜਿਵੇਂ ਐਥੋਂ ਦੇ ਜੰਮੇ-ਪਲੇ ਰੁਕ-ਰੁਕ ਕੇ ਬੋਲਦੇ ਹੁੰਦੇ ਐ । ਪਹਿਲਾਂ ਮੈਂ ਸੋਚਿਆ ਬਈ ਇਨ੍ਹਾਂ ਨੂੰ ਸਮਝਾਵਾਂ ਕਿ ਆਪਣਾ ਕਲਚਰ ਕੁੜੀਆਂ ਦਾ ਸ਼ਰਾਬ ਪੀਣਾ ਤੇ ਰਾਤ ਨੂੰ ਬਾਹਰ ਤੁਰੇ ਫਿਰਨਾ ਚੰਗਾ ਨਹੀਂ ਸਮਝਦਾ। ਫੇਰ ਸੋਚਿਆ ਮਨਾਂ ਇਹ ਸਮਝਣ ਦੇ ਮੂਡ 'ਚ ਕਿੱਥੇ ਐ ? ਊਂ ਟਾਲੋ, ਜੇ ਟਲ ਜਾਣ ਤਾਂ। ਮੈਂ ਕਿਹਾ ਬਈ ਤੀਹ ਡਾਲਰਾਂ ਨਾਲ ਨਹੀਂ ਸਰਨਾ ਥੋਡਾ, ਸ਼ਰਾਬ ਵੀ ਲਿਆਉਣੀ ਐ ਤੇ ਟੈਕਸੀ ਦਾ ਕਿਰਾਇਆ ਵੀ, ਥੋਡੇ ਪੰਜਾਹ-ਸੱਠ ਡਾਲਰ ਲੱਗ ਜਾਣੇ ਐ । ਪਰ ਉਹ ਟਲਣ

ਵਾਲੀਆਂ ਕਿੱਥੇ ਸੀ। ਇੱਕ ਕਹਿੰਦੀ , 'ਫੇਰ ਦੇ ਦੇਵਾਂਗੀਆਂ ਜਾਂ ਗੁੱਡ ਟਾਈਮ ਕਰ ਲੈਨੇ ਐ ।' ਜਦੋਂ ਉਹਨੇ ਗੁੱਡ ਟਾਈਮ ਕਰ ਲੈਨੇ ਐ ਕਿਹਾ ਮੈਨੂੰ ਸਾਲੀ ਅੱਗ ਲੱਗ ਗਈ। ਚਿੱਤ 'ਚ ਆਇਆ ਬਈ ਮਾਂ-ਪਿਓ ਨੇ ਜਵਾਕਾਂ ਦਾ ਅੱਗਾ ਸੰਵਾਰਨ ਲਈ ਦੋ-ਦੋ ਸ਼ਿਫਟਾਂ ਕੰਮ ਕਰਕੇ ਆਪਣੀ ਸਾਰੀ ਉਮਰ ਖਰਾਬ ਕਰ ਲਈ ਹੋਵੇਗੀ ਤੇ ਜਵਾਕ ਬੰਨ੍ਹਵਾਈ ਜਾਂਦੇ ਐ ਪੱਗ ਬੁੜ੍ਹੇ ਦੇ । ਮੈਂ ਸੋਚਿਆ ਜੇ ਟਾਲੀਆਂ ਤਾਂ ਕੀ ਪਤਾ ਅੰਗੂਠਾ ਚੁੱਕ ਕੇ ਸੜਕ 'ਤੇ ਨਾ ਖੜ੍ਹ ਜਾਣ, ਫੇਰ ਕੀ ਪਤਾ ਕਿਹੋ-ਜਿਹੇ ਦੇ ਅੜਿੱਕੇ ਚੜ੍ਹਨ 'ਤਲਬ ਇਨ੍ਹਾਂ ਨੂੰ ਹੈਗੀ ਐ । ਮੈਂ ਕਿਹਾ 'ਬਈ ਗੁੱਡ ਟਾਈਮ ਕਰਨ ਦਾ ਮੌਕਾ ਨਹੀਂ, ਬਿਜ਼ੀ ਟਾਈਮ ਐ, ਤੁਸੀਂ ਆਵਦਾ ਫੋਨ ਨੰਬਰ ਦਿਓ, ਬਾਕੀ ਡਾਲਰ ਫੇਰ ਲੈ ਲਵਾਂਗਾ, ਸ਼ਰਾਬ ਥੋਨੂੰ ਲਿਆ ਦਿੰਨੈ, ਪਰ ਨੰਬਰ ਆਵਦਾ ਠੀਕ ਦਿਓ, ਪਹਿਲਾਂ ਡਰੈਕਟਰੀ 'ਚੋਂ ਨੰਬਰ ਚੈੱਕ ਕਰਕੇ ਫੇਰ ਸ਼ਰਾਬ ਲਿਆ ਕੇ ਦੇਵਾਂਗਾ।' ਫ਼ੋਨ ਨੰਬਰ ਇੱਕ ਨੇ ਦੇ ਦਿੱਤਾ ਕਹਿੰਦੀ, 'ਵੀਕਡੇਜ਼ ਵਿੱਚ ਸ਼ਾਮ ਦੇ ਚਾਰ ਤੋਂ ਅੱਠ ਦੇ ਵਿਚਕਾਰ ਫ਼ੋਨ ਕਰੀਂ ਉਦੋਂ ਮੇਰਾ ਡੈਡ ਤੇ ਭਰਾ ਘਰ ਨਹੀਂ ਹੁੰਦੇ । ਇੰਗਲਿਸ਼ 'ਚ ਗੱਲ ਕਰੀਂ ਮੇਰਾ ਨਾਂ ਰਾਜਦੀਪ ਐ।' ਕਹਿ ਕੇ ਉਹ ਹੱਸ ਪਈ। ਮੈਂ ਕਿਹਾ 'ਇਹਦੀ ਤੁਸੀਂ ਵਰੀ ਨਾ ਕਰੋ।' ਤੇ ਮੈਂ ਫ਼ੋਨ ਬੂਥ ਕੋਲ ਟੈਕਸੀ ਰੋਕ ਲਈ ਉਨ੍ਹਾਂ ਨੂੰ ਕਿਹਾ ਬਈ ਫਰੈਂਡ ਨੂੰ ਫ਼ੋਨ ਕਰਕੇ ਸ਼ਰਾਬ ਬਾਰੇ ਪੁੱਛਦੈਂ। ਮੈਂ ਬੂਥ ਤੋਂ ਜਿਹੜਾ ਨੰਬਰ ਉਨ੍ਹਾਂ ਨੇ ਦਿੱਤਾ ਸੀ ਘੁਮਾਇਆ। ਅੱਗੋਂ ਬੰਦੇ ਨੇ ਫ਼ੋਨ ਚੁੱਕਿਆ ਮੈਂ ਪੁੱਛਿਆ ਬਈ ਰਾਜਦੀਪ ਨਾਂ ਦੀ ਤੁਹਾਡੇ ਕੋਈ ਕੁੜੀ ਹੈਗੀ ਐ, ਕਹਿੰਦਾ 'ਹਾਂ' ਫੇਰ ਮੈਂ ਉਹਨੂੰ ਸਾਰੀ ਗੱਲ ਦੱਸੀ ਕਿ ਉਹ ਐਦਾਂ ਕਰਕੇ ਸ਼ਰਾਬ ਭਾਲਦੀਐਂ, ਮੇਰੀ ਟੈਕਸੀ 'ਚ ਬੈਠੀਐਂ। ਦੱਸੋ ਕਿੱਥੇ ਮਿਲੋਂਗੇ ਤੁਹਾਡੇ ਹਵਾਲੇ ਕਰ ਜਾਨੈਂ। ਬੰਦਾ ਪਹਿਲਾਂ ਚੁੱਪ ਜਿਹਾ ਕਰ ਗਿਆ, ਨਮੋਸ਼ੀ ਮੰਨ ਗਿਆ ਹੋਣੈ। ਫੇਰ ਰੋਣਹਾਕੀ ਜਿਹੀ ਆਵਾਜ 'ਚ ਕਹਿੰਦਾ, 'ਵੈਨਕੂਵਰ ਫਰੇਜ਼ਰ ਤੇ ਫੋਰਟੀਫਸਟ ਦੇ ਕੌਰਨਰ 'ਤੇ ਆਜਾ, ਉੱਥੇ ਮੈਂ ਪਹੁੰਚ ਜਾਨੈਂ, ਮੇਰੇ ਕੋਲ ਟਿਊਟਾ ਦੀ ਲਾਲ ਜਿਹੀ ਵੈਨ ਹੋਵੇਗੀ।' ਮੈਂ ਉਸਨੂੰ ਪੰਦਰਾਂ ਮਿੰਟਾਂ 'ਚ ਉੱਥੇ ਪਹੁੰਚਣ ਦੀ ਤਸੱਲੀ ਦਵਾ ਕੇ ਟੈਕਸੀ 'ਚ ਮੁੜ ਆਇਆ । ਕੁੜੀਆਂ ਨੂੰ ਦੱਸਿਆ ਬਈ ਸ਼ਰਾਬ ਮੁੰਡੇ ਕੋਲ ਹੈਗੀ ਐ, ਉਹਦਾ ਘਰ ਫਰੇਜ਼ਰ ਫੋਰਟੀਫਸਟ ਵੱਲ ਹੈ । ਕਹਿੰਦੀਆਂ 'ਜਿੱਥੇ ਮਰਜ਼ੀ ਹੋਵੇ, ਬੱਸ ਲੈ ਚੱਲ ।' ਰਾਹ 'ਚ ਮੈਂ ਉਨ੍ਹਾਂ ਤੋਂ ਉਨ੍ਹਾਂ ਦੇ ਘਰਦਿਆਂ ਬਾਰੇ ਪੁੱਛਣ ਲੱਗ ਪਿਆ । ਇੱਕ ਦੱਸਣ ਲੱਗ ਪਈ ਕਿ ਉਹ ਦੋਵੇਂ ਭੈਣਾਂ ਹਨ, ਉਨ੍ਹਾਂ ਦਾ ਡੈਡੀ ਪੁਰਾਣਾ ਇੰਡੀਆ ਤੋਂ ਆਇਆ ਹੋਇਆ ਹੈ ਉਸ ਕੋਲ ਧਨ ਬਹੁਤ ਹੈ ਪਰ ਉਹ ਖਰਚ ਕਰਕੇ ਰਾਜ਼ੀ ਨਹੀਂ, ਪੁਰਾਣੇ ਵਿਚਾਰਾਂ ਦਾ ਬੰਦਾ ਹੈ । ਫੇਰ ਦੂਜੀ ਕਹਿੰਦੀ , 'ਫੱਕ ਹਿੰਮ, ਟਾਕ ਅਬਾਊਟ ਸਮਥਿੰਗ ਇਲਸ ।' ਇੰਨੇ ਚਿਰ 'ਚ ਮੈਂ ਟੈਕਸੀ ਫਰੇਜ਼ਰ ਫੋਰਟੀ ਫਸਟ ਦੇ ਕੌਰਨਰ 'ਤੇ ਲਾਤੀ । ਵੈਨ ਉੱਥੇ ਖੜ੍ਹੀ ਸੀ, ਬਜ਼ੁਰਗ ਨੀਵੀਂ ਜੀ ਪਾਈ ਖੜ੍ਹਾ ਰਿਹਾ ਨਾਲ ਉਹਦੇ ਦੋ ਹੋਰ ਮੁੰਡੇ, ਉਹਦੇ ਪੁੱਤ ਹੋਣਗੇ ਜਾਂ ਕੋਈ ਹੋਰ, ਇੱਕ ਨੇ ਵੈਨ ਦੀ ਖੁੱਲ੍ਹੀ ਡੋਰ ਵੱਲ ਹੱਥ ਕਰਕੇ ਕੁੜੀਆਂ ਵੱਲ ਦੇਖਿਆ, ਉਹ ਮੇਰੇ ਵੱਲ ਆਨੇ ਜਿਹੇ ਕੱਢਦੀਆਂ ਵੈਨ 'ਚ ਬੈਠ ਗਈਆਂ।''

ਜਦ 'ਥਰਟੀ ਟੂ' ਨੇ ਗੱਲ ਖਤਮ ਕੀਤੀ ਉਹ ਪਹਿਲਾਂ ਵਾਲਾ ਬੰਦਾ ਨਾ ਹੋਕੇ ਜਵਾਨ ਧੀ ਦਾ ਪਿਓ ਨਜ਼ਰ ਆ ਰਿਹਾ ਸੀ। ਬਾਹਰ ਠੰਡ ਹੋਣ ਕਾਰਨ ਗੱਲਾਂ ਕਰਦਿਆਂ ਟੈਕਸੀ ਦੇ ਸ਼ੀਸ਼ੇ ਧੁੰਦਲੇ ਹੋ ਗਏ ਸਨ । ਮੈਂ ਕਾਰ ਸਟਾਰਟ ਕਰਕੇ ਹੀਟ ਚਲਾ ਦਿੱਤੀ ਤਾਂ ਕਿ ਸ਼ੀਸ਼ੇ ਸਾਫ਼ ਹੋ ਜਾਣ ।

''ਪਰ ਮਾਰ੍ਹਾਜ ਤੁਸੀਂ ਕਿਓਂ ਐਨੇ ਖਲਜਗਣ 'ਚ ਪਏ ਨਾਲੇ ਆਪਣਾ ਟਾਈਮ ਖਰਾਬ ਕੀਤਾ, ਤੁਸੀਂ ਗੁੱਡ ਟਾਈਮ ਕਰ ਲੈਣਾ ਸੀ । ਓਦਣ ਤੁਸੀਂ ਦੱਸਦੇ ਸੀ ਕਿ ਬਾਰਾਂ-ਤੇਰ੍ਹਾਂ ਸਾਲਾਂ ਦੀ ਜਵਾਕੜੀ ਨੂੰ ਵੀ ਨਹੀਂ ਸੀ ਬਖ਼ਸ਼ਿਆ।'' ਮੈਂ ਉਸਦੇ ਬਦਲਾਓ 'ਤੇ ਹੈਰਾਨ ਸੀ ।

''ਉਹਦੀ ਗੱਲ ਹੋਰ ਸੀ, ਉਹ ਤਾਂ ਗੋਰੀ ਸੀ,'' 'ਥਰਟੀ ਟੂ' ਦਾ ਜਵਾਬ ਸੀ। (ਵਤਨ ਅਪ੍ਰੈਲ-ਜੂਨ 1994) ●●

# ਢੋਲ

(ਦੀਪਕ ਬਿਨਿੰਗ ਨੂੰ ਸਮਰਪਿਤ)

ਬੈਂਕੁਅਟ-ਹਾਲ ਦੇ ਗੇਟ 'ਚ ਪ੍ਰਾਹੁਣਿਆਂ ਨੂੰ ਜੀ-ਆਇਆਂ ਕਹਿਣ ਲਈ ਖੜੋਤੀ ਮਨਪ੍ਰੀਤ ਦੀ ਨਿਗ੍ਹਾ ਨੀਨਾ 'ਤੇ ਪਈ ਤਾਂ ਉਸ ਨੂੰ ਲੱਗਾ ਜਿਵੇਂ ਹੁਣੇ ਸੂਰਜ ਆ ਕੇ ਨੀਨਾ ਦੀ ਬਾਂਹ 'ਚ ਬਾਂਹ ਪਾਏਗਾ ਅਤੇ ਉਹ ਹਾਲ ਵਿੱਚ ਆਉਣਗੇ। ਪਰ ਨੀਨਾ ਦੇ ਨਾਲ ਲੱਗ ਕੇ ਲਾਈਨ 'ਚ ਖੜ੍ਹੇ ਕਿਸੇ ਓਪਰੇ ਮੁੰਡੇ ਨੂੰ ਵੇਖ ਮਨਪ੍ਰੀਤ ਨੂੰ ਪਲ ਦੀ ਪਲ ਪਿਆ ਭੁਲੇਖਾ ਦੂਰ ਹੋ ਗਿਆ। ਮਨਪ੍ਰੀਤ ਨੇ ਹਾਉਕਾ ਲੈ ਕੇ ਸੋਚਿਆ, 'ਸੂਰਜ ਨੇ ਕਿੱਥੋਂ ਆਉਣੈ?''

''ਹਾਏ ਆਂਟੀ, ਕੀ ਹਾਲ ਐ?'' ਆਖ ਨੀਨਾ ਉਸ ਦੇ ਗਲ ਲੱਗ ਕੇ ਮਿਲੀ ਅਤੇ ਆਪਣੇ ਪਿੱਛੇ ਖੜ੍ਹੇ ਦੋ ਮੁੰਡਿਆਂ ਅਤੇ ਇੱਕ ਕੁੜੀ ਵੱਲ ਹੱਥ ਕਰਕੇ ਬੋਲੀ, ''ਮੇਰੇ ਫ੍ਰੈਂਡਸ।'' ਫਿਰ ਆਪਣੇ ਦੋਸਤਾਂ ਵੱਲ ਵੇਖਦੀ ਨੇ ਕਿਹਾ, ''ਇਹ ਸੂਰਜ ਦੇ ਮੰਮੀ-ਡੈਡੀ।'' ਮਨਪ੍ਰੀਤ ਨੇ ਸਭ ਨੂੰ 'ਜੀ-ਆਇਆਂ' ਆਖ 'ਸੂਰਜ ਫਾਊਂਡੇਸ਼ਨ' ਦਾ ਇੱਕ-ਇੱਕ ਚਾਬੀ ਵਾਲਾ ਛੱਲਾ ਦਿੱਤਾ ਅਤੇ ਉਨ੍ਹਾਂ ਨੂੰ ਹਾਲ ਦੇ ਅੰਦਰ ਵੱਲ ਤੋਰ ਦਿੱਤਾ। ਮਨਪ੍ਰੀਤ ਨੂੰ ਲੱਗਾ ਜਿਵੇਂ ਉਸ ਦੇ ਅੰਦਰੋਂ ਕੁਝ ਭੁਰ ਗਿਆ ਹੋਵੇ। ਕੋਲ ਖੜ੍ਹੇ ਆਪਣੇ ਪਤੀ ਜੀਤ ਦੀ ਬਾਂਹ ਦਾ ਆਸਰਾ ਲੈ ਬੋਲੀ, ''ਜੀਤ, ਮੈਥੋਂ ਹੋਰ ਨਹੀਂ ਖੜ੍ਹਿਆ ਜਾਂਦਾ ਇੱਥੇ।''

ਜੀਤ ਉਸ ਨੂੰ ਹਲਕਾ ਜਿਹਾ ਆਪਣੇ ਨਾਲ ਘੁੱਟਦਿਆਂ ਬੋਲਿਆ, ''ਹੌਸਲਾ ਕਰ।''

''ਨਹੀਂ, ਹੋਰ ਨਹੀਂ ਮੈਥੋਂ ਆਪਣੇ-ਆਪ ਨੂੰ ਰੋਕ ਹੋਣਾ। ਪਲੀਜ਼,'' ਮਨਪ੍ਰੀਤ ਦੀ ਆਵਾਜ਼ ਲਰਜ਼ਾਅ ਗਈ। ਜੀਤ ਨੇ ਉਸ ਦੀਆਂ ਅੱਖਾਂ ਵੱਲ ਵੇਖਿਆ, ਉਹ ਤਰ-ਬ-ਤਰ ਸਨ। ਮਨਪ੍ਰੀਤ ਦਾ ਹੱਥ ਘੁੱਟ ਉਹ ਬੋਲਿਆ, ''ਚੰਗਾ, ਮੈਂ ਵੀਰ ਤੇ ਭਾਬੀ ਨੂੰ ਕਹਿਨੈ ਕਿ ਐਥੇ ਖੜ੍ਹਨ, ਤੂੰ ਜਾ ਕੇ ਡ੍ਰੈਸਿੰਗ-ਰੂਮ 'ਚ ਬੈਠ।''

ਜੀਤ ਗੇਟ 'ਤੇ ਆਪਣੇ ਭਰਾ-ਭਰਜਾਈ ਨੂੰ ਖੜ੍ਹੇ ਕਰਕੇ ਮਨਪ੍ਰੀਤ ਦੇ ਮਗਰ ਹੀ ਡ੍ਰੈਸਿੰਗ-ਰੂਮ 'ਚ ਚਲਾ ਗਿਆ। ਮਨਪ੍ਰੀਤ ਉਸ ਦੇ ਮੋਢੇ ਲੱਗ ਸਿਸਕਣ ਲੱਗੀ।

''ਹਿੰਮਤ ਕਰ ਹਿੰਮਤ, ਤੂੰ ਤਾਂ ਸ਼ੇਰ ਦੀ ਮਾਂ ਐਂ,'' ਜੀਤ ਨੇ ਉਸ ਦੀ ਪਿੱਠ ਥਾਪੜਦਿਆਂ ਕਿਹਾ।

''ਮੈਂ ਕਿਹਾ ਤਾਂ ਸੀ ਕਿ ਹਾਲੇ ਰਹਿਣ ਦਿਓ ਫੰਡ ਰੇਜ਼ਿੰਗ ਡਿਨਰ ਨੂੰ, ਦੋ ਕੁ ਸਾਲਾਂ ਨੂੰ ਸ਼ੁਰੂ ਕਰ ਲਿਓ,'' ਜੀਤ ਤੋਂ ਅਲੱਗ ਹੁੰਦੀ ਮਨਪ੍ਰੀਤ ਬੋਲੀ।

''ਸੂਰਜ ਨੇ ਆਪਣੀ ਜ਼ਿੰਮੇਵਾਰੀ ਲਾਈ ਸੀ। ਜਿੰਨਾਂ ਲੇਟ ਹੁੰਦੇ ਗਏ, ਘੱਟ ਕੰਮ ਹੋਵੇਗਾ। ਮੈਂ ਚਾਹੁੰਨੈਂ ਵੱਧ ਤੋਂ ਵੱਧ ਜਿੰਨਾਂ ਹੋ ਸਕਦੈ ਕਰੀਏ। ਵੇਖ ਨੀਨਾ ਨੇ ਕਿਵੇਂ ਆਪਣੇ-ਆਪ ਨੂੰ ਸੰਭਾਲ ਲਿਐ, ਤੂੰ ਵੀ ਸੰਭਾਲ।''

''ਨੀਨਾ ਨੂੰ ਤਾਂ ਹੋਰ ਦੋਸਤ ਮਿਲ ਜਾਊ, ਤੇ ਮੈਨੂੰ------?'' ਆਖਦੀ ਮਨਪ੍ਰੀਤ ਫਿਰ ਫਿੱਸ ਪਈ।

''ਪ੍ਰੀਤ, ਸੰਭਾਲ ਆਪਣੇ-ਆਪ ਨੂੰ। ਨੀਨਾ ਨੂੰ ਕੋਈ ਘੱਟ ਦੁੱਖ ਸੀ? ਸਾਰਾ ਸਾਰਾ ਦਿਨ ਸੂਰਜ ਦੇ ਕੋਲ ਬੈਠੀ ਰਹਿੰਦੀ ਸੀ,'' ਆਖ ਜੀਤ ਨੇ ਮਨਪ੍ਰੀਤ ਨੂੰ ਆਪਣੇ ਨਾਲ ਘੁੱਟ ਲਿਆ ਅਤੇ ਉਸ ਦੇ ਸਿਰ ਤੇ ਪੋਲਾ-ਪੋਲਾ ਥਾਪੜਾ ਦਿੰਦਾ ਰਿਹਾ।

''ਸੌਰੀ ਜੀਤ, ਨੀਨਾ ਨੂੰ ਵੇਖ ਜਿਵੇਂ ਮੇਰੇ ਅੰਦਰੋਂ ਕੁਝ ਕਿਰ ਜਿਹਾ ਗਿਆ ਹੋਵੇ। ਮੇਰਾ ਚਿੱਤ ਭਰ ਆਇਆ। ਨਹੀਂ ਤਾਂ ਮੈਂ ਉਸ ਦਿਨ ਦੀ ਹੀ ਕੋਸ਼ਿਸ਼ ਕਰ ਰਹੀ ਹਾਂ ਕਿ ਕੰਟ੍ਰੋਲ 'ਚ ਰਹਾਂ ਜਿੱਦਣ ਦਾ ਇਹ ਪ੍ਰੋਗਰਾਮ ਉਲੀਕਿਆ ਸੀ,'' ਆਖ ਕੇ ਮਨਪ੍ਰੀਤ ਨੇ ਅੱਖਾਂ ਪੂੰਝੀਆਂ ਅਤੇ ਬੋਲੀ, ''ਜੀਤ, ਤੂੰ ਜਾਹ ਹਾਲ 'ਚ, ਮੈਂ ਠੀਕ ਆਂ।'' ਜੀਤ ਨੂੰ ਹਾਲ ਵੱਲ ਤੋਰ ਮਨਪ੍ਰੀਤ ਸੋਫ਼ੇ 'ਤੇ ਬੈਠ ਗਈ। ਸੂਰਜ ਤੇ ਨੀਨਾ ਦੀਆਂ ਯਾਦਾਂ ਉਸ ਦੇ ਚੇਤੇ 'ਚ ਉੱਭਰ ਆਈਆਂ।

ਚਾਰ-ਪੰਜ ਸਾਲ ਦੀ ਉਮਰ ਦੇ ਇੱਕਠੇ ਖੇਡ ਰਹੇ ਨੀਨਾ ਤੇ ਸੂਰਜ, ਉਸ ਨੂੰ ਲੱਗਾ, ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ। ਉਹ ਨੀਨਾ ਦੇ ਰਸੋਈ-ਖਿਡੌਣੇ ਦੁਆਲੇ ਬੈਠੇ ਸਨ। ਨੀਨਾ ਆਪਣੇ ਛੋਟੇ-ਛੋਟੇ ਖਿਡਾਉਣੇ-ਭਾਂਡੇ ਸੂਰਜ ਵੱਲ ਕਰਦੀ ਆਖਦੀ, ''ਲੈ ਸੂਰਜ ਪੀਜ਼ਾ ਲੈ ਲਾ।'' ਫੇਰ ਆਖਦੀ, ''ਲੈ ਸੂਰਜ ਕੌਫ਼ੀ ਲੈ ਲਾ।'' ਸੂਰਜ ਭਾਂਡਾ ਮੂੰਹ ਨੂੰ ਲਾ ਕੇ ਆਖਦਾ, ''ਯੰਮੀ, ਯੰਮੀ।'' ਮਨਪ੍ਰੀਤ ਉਨ੍ਹਾਂ ਵੱਲ ਵੇਖ-ਵੇਖ ਮੁਸਕਰਾਉਂਦੀ ਰਹੀ ਤੇ ਫਿਰ ਬੋਲੀ ਸੀ, ''ਤੁਹਾਡਾ ਵਿਆਹ ਨਾ ਕਰ ਦੇਈਏ?''

''ਹਾਂ, ਕਰਦੋ,'' ਨੀਨਾ ਝੱਟ ਬੋਲੀ ਸੀ। ਇਹ ਸੁਣ ਮਨਪ੍ਰੀਤ ਤੇ ਨੀਨਾ ਦੀ ਮਾਂ ਹੱਸ ਪਈਆਂ ਸਨ ਪਰ ਨੀਨਾ ਦੀ ਦਾਦੀ ਬੋਲੀ ਸੀ, ''ਚੁੱਪ ਕੁੜੇ, ਕੁੜੀਆਂ ਏਦਾਂ ਨੀ ਕਹਿੰਦੀਆਂ ਹੁੰਦੀਆਂ।''

ਫਿਰ ਬਾਰਾਂ-ਤੇਰਾਂ ਸਾਲਾਂ ਦੇ ਨੀਨਾ ਤੇ ਸੂਰਜ ਉਸ ਦੀਆਂ ਅੱਖਾਂ ਮੂਹਰੇ ਘੁੰਮਣ ਲੱਗੇ। ਉਹ ਸੋਫੇ 'ਤੇ ਬੈਠੇ ਟੀ.ਵੀ. ਵੇਖ ਰਹੇ ਸਨ ਅਤੇ ਨਾਲ-ਨਾਲ ਮੱਕੀ ਦੀਆਂ ਖਿੱਲਾਂ ਖਾਂਦੇ, ਇੱਕ-ਦੂਜੇ ਦੇ ਹੱਥੋਂ ਖੋਹਦੇਂ, ਹੱਸ-ਰੁੱਸ ਰਹੇ ਸਨ। ਇੱਕ ਟੱਕ ਉਨ੍ਹਾਂ ਵੱਲ ਵੇਖ ਰਹੀ ਮਨਪ੍ਰੀਤ ਬੋਲੀ, ''ਜੇ ਤੁਹਾਡਾ ਵਿਆਹ ਹੋ ਗਿਆ, ਫੇਰ ਵੀ ਇੱਦਾਂ ਹੀ ਲੜਿਆ ਕਰੋਂਗੇ?''

''ਆਂਟੀ!'' ਆਖ ਨੀਨਾ ਸ਼ਰਮਾ ਗਈ।

ਤੇ ਹਸਪਤਾਲ 'ਚ ਸੂਰਜ ਦੇ ਸਿਰ੍ਹਾਣੇ ਬੈਠੀ ਨੀਨਾ ਨੂੰ ਯਾਦ ਕਰਕੇ ਮਨਪ੍ਰੀਤ ਦੀਆਂ ਅੱਖਾਂ ਫਿਰ ਨਮ ਹੋਣ ਲੱਗੀਆਂ। ਨੀਨਾ ਸੂਰਜ ਦੇ ਸਿਰ੍ਹਾਣੇ ਬੈਠੀ ਆਖ ਰਹੀ ਸੀ, "ਸੂਰਜ ਜਦੋਂ ਤੂੰ ਠੀਕ ਹੋ ਗਿਆ, ਵੂਈ ਵਿੱਲ ਗੋ ਟੂ ਡਿਜ਼ਨੀਲੈਂਡ । ਰੀਮੈਂਮਬਰ ਜਦੋਂ ਆਪਾਂ ਸਾਰੇ ਪਿਛਲੀ ਵਾਰ ਛੋਟੇ ਹੁੰਦੇ ਗਏ ਸੀ ਕਿੰਨਾਂ ਫੰਨ ਹੋਇਆ ਸੀ-----।" ਸੁਣ ਮਨਪ੍ਰੀਤ ਕਮਰੇ ਦੇ ਦਰਵਾਜ਼ੇ 'ਚੋਂ ਹੀ ਵਾਪਿਸ ਮੁੜ ਪਈ ਸੀ ਅਤੇ ਉਡੀਕ ਵਾਲੇ ਕਮਰੇ 'ਚ ਬੈਠ ਹੰਝੂ ਕੇਰਨ ਲੱਗੀ ਸੀ। ਵਾਰ-ਵਾਰ ਉਸ ਦੇ ਦਿਮਾਗ 'ਚ ਆ ਰਿਹਾ ਸੀ ਕਿ ਨੀਨਾ ਨੂੰ ਸੂਰਜ ਦੇ ਬਚਣ ਦੀ ਕੋਈ ਆਸ ਦਿਸਦੀ ਹੈ ਜਾਂ ਐਵੇਂ ਹੀ ਸੂਰਜ ਦਾ ਦਿਲ ਧਰਾ ਰਹੀ ਹੈ?

ਸੂਰਜ ਅਤੇ ਨੀਨਾ ਦੀਆਂ ਯਾਦਾਂ 'ਚ ਘਿਰੀ ਮਨਪ੍ਰੀਤ ਨੂੰ ਆਪਣੀ ਛੋਟੀ ਭੈਣ ਦੀ ਆਵਾਜ਼ ਸੁਣੀ। ਉਹ ਡ੍ਰੈਸਿੰਗ-ਰੂਮ 'ਚ ਵੜ੍ਹਦੀ ਆਖ ਰਹੀ ਸੀ, "ਦੀਦੀ ਤੁਸੀਂ ਇੱਥੇ ਬੈਠੇ ਆਂ, ਮੈਂ ਤੁਹਾਨੂੰ ਓਧਰ ਸਾਰੇ ਲੱਭਦੀ ਫਿਰਦੀ ਆਂ।"
ਮਨਪ੍ਰੀਤ ਦੀਆਂ ਅੱਖਾਂ 'ਚੋਂ ਵਹਿੰਦੇ ਪਰਲ-ਪਰਲ ਹੰਝੂਆਂ ਨੂੰ ਵੇਖ ਉਸ ਪੁੱਛਿਆ, "ਕੀ ਹੋਇਐ ਦੀਦੀ?"
"ਕੁਝ ਨਹੀਂ, ਬਸ ਐਵੇਂ ਹੀ ਮਨ ਭਰ ਆਇਆ।"
ਭੈਣ ਨੇ ਮਨਪ੍ਰੀਤ ਨੂੰ ਜੱਫ਼ੀ 'ਚ ਲੈ ਲਿਆ।
"ਮੈਨੂੰ ਪਤੈ ਕਿ ਇਹ ਬਹੁਤ ਔਖੈ। ਸੂਰਜ ਨੂੰ ਤਾਂ ਬਾਹਰਲੇ ਨਹੀਂ ਭੁਲਾ ਸਕੇ ਹਾਲੇ, ਤੁਸੀਂ ਤਾਂ ਫਿਰ ਮਾਂ ਓ। ਪਰ ਤੁਹਾਨੂੰ ਦਿਲ ਕਰੜਾ ਕਰਨਾ ਪੈਣੈਂ। ਬਾਹਰ ਹਾਲ ਤਕਰੀਬਨ ਭਰ ਗਿਆ ਹੈ। ਉੱਠੋ ਤੇ ਮੂੰਹ ਧੋਵੋ, ਬਹਾਰ ਚੱਲੀਏ। ਬਾਹਰ ਲੋਕ ਤੁਹਾਡੇ ਬਾਰੇ ਪੁੱਛ ਰਹੇ ਹਨ ਕਿ ਕਿੱਥੇ ਹੈ।"
"ਹਾਂ, ਮੈਂ ਉੱਠਦੀ ਹਾਂ," ਆਖ ਮਨਪ੍ਰੀਤ ਉੱਠੀ। ਭੈਣ ਉਸ ਦਾ ਮੂੰਹ-ਹੱਥ ਧਵਾ-ਸੰਵਾਰ ਕੇ ਉਸ ਨੂੰ ਆਪਣੇ ਨਾਲ ਹਾਲ ਵਿੱਚ ਲੈ ਗਈ।

ਹਾਲ ਵਿੱਚ ਲੋਕ ਗੋਲ ਮੇਜ਼ਾਂ ਦੇ ਦੁਆਲੇ ਬੈਠੇ ਚਾਹ-ਪਾਣੀ ਪੀ ਰਹੇ ਸਨ। ਬਹਿਰੇ ਚਾਹ ਅਤੇ ਪਕੌੜੇ ਵਾਲੀਆਂ ਪਲੇਟਾਂ ਚੁੱਕੀ ਹਾਲ ਵਿੱਚ ਘੁੰਮ ਰਹੇ ਸਨ। ਮਨਪ੍ਰੀਤ ਅਤੇ ਉਸ ਦੀ ਭੈਣ ਮੂਹਰਲੇ ਮੇਜ਼ ਦੁਆਲੇ ਬੈਠ ਗਈਆਂ। ਸਟੇਜ ਉੱਪਰ ਅੰਗ੍ਰੇਜ਼ੀ 'ਚ ਲਿਖਿਆ 'ਸੂਰਜ ਫਾਊਂਡੇਸ਼ਨ' ਦਾ ਬੈਨਰ ਲਟਕ ਰਿਹਾ ਸੀ, ਜਿਸ ਦੇ ਵਿਚਕਾਰ ਉਦੇ ਹੋ ਰਹੇ ਸੂਰਜ ਦਾ ਚਿੱਤਰ ਬਣਿਆ ਹੋਇਆ ਸੀ। ਸਟੇਜ ਦੇ ਇੱਕ ਪਾਸੇ ਪੋਡੀਅਮ ਸੀ। ਜਿਸ ਉੱਪਰ 'ਫਸਟ ਐਨੁਅਲ ਸੂਰਜ ਮੈਮੋਰੀਅਲ ਫੰਡ ਰੇਜ਼ਿੰਗ ਡਿਨਰ ਐਂਡ ਡਾਂਸ' ਲਿਖਿਆ ਹੋਇਆ ਸੀ। ਸਟੇਜ ਦੇ ਦੂਸਰੇ ਸਿਰੇ ਉੱਪਰ ਭੰਗੜਾ ਪਾ ਰਹੇ ਸੂਰਜ ਦੀ 36×24 ਸਾਈਜ਼ ਦੀ ਤਸਵੀਰ ਸਟੈਂਡ ਉੱਪਰ ਟਿਕਾਈ ਹੋਈ ਸੀ, ਜਿਸ ਉੱਤੇ ਰੋਸ਼ਨੀ ਪੈ ਰਹੀ ਸੀ ਅਤੇ ਨਾਲ ਹੀ ਇੱਕ ਢੋਲ ਪਿਆ ਸੀ।
"ਹਾਏ ਮਨਪ੍ਰੀਟ," ਮਨਪ੍ਰੀਤ ਦੇ ਸਾਹਮਣੇ ਸੂਰਜ ਦੇ ਪਹਿਲੇ ਗ੍ਰੇਡ ਵਾਲੀ ਅਧਿਆਪਕਾ ਖੜ੍ਹੀ ਸੀ।
"ਹੈਲੋ, ਮਿਸਿਜ਼ ਨੌਰਟਨ, ਇੱਥੇ ਆਉਣ ਲਈ ਧੰਨਵਾਦ," ਆਖਦੀ ਮਨਪ੍ਰੀਤ ਨੇ ਖੜ੍ਹੀ ਹੋ ਕੇ ਉਸ ਨਾਲ ਹੱਥ ਮਿਲਾਇਆ।
"ਇਹ ਤਾਂ ਮੇਰੀ ਖੁਸ਼ੀ ਹੈ, ਸੂਰਜ ਕਿੰਨਾਂ ਪਿਆਰਾ ਬੱਚਾ ਸੀ।--ਤੇ ਤੂੰ ਵੀ ਕਿੰਨੀ ਪਿਆਰੀ ਹੈਂ, ਤੇਰੀਆਂ ਕੁੱਕੀਆਂ ਅਸੀਂ ਹਾਲੇ ਤੱਕ ਯਾਦ ਕਰਦੇ ਹਾਂ।"
ਸਟੇਜ ਉੱਪਰ ਸੈਕਟਰੀ ਮਾਈਕ ਮੂਹਰੇ ਆ ਖਲੋਤਾ ਅਤੇ ਉਹ ਆਪਣੀ-ਆਪਣੀ ਸੀਟ 'ਤੇ ਬੈਠ ਗਈਆਂ।

ਮਨਪ੍ਰੀਤ ਸੂਰਜ ਦੇ ਕਿੰਡਰਗਾਰਟਨ ਵੇਲੇ ਸਕੂਲ 'ਚ ਇੱਕ ਦਿਨ ਸਾਰੀ ਜਮਾਤ ਲਈ ਕੁੱਕੀਆਂ ਬਣਾ ਕੇ ਲੈ ਗਈ ਸੀ। ਬੱਚੇ ਬਹੁਤ ਖੁਸ਼ ਹੋਏ ਸਨ। ਫਿਰ ਉਹ ਮਹੀਨੇ-ਖੰਡ ਬਾਅਦ ਕੁੱਕੀਆਂ ਬਣਾ ਕੇ ਲੈ ਜਾਂਦੀ। ਇਹ ਸਿਲਸਲਾ ਉਦੋਂ ਤੱਕ ਚੱਲਦਾ ਰਿਹਾ ਸੀ ਜਦ ਤੱਕ ਸੂਰਜ ਹਾਈ ਸਕੂਲ 'ਚ ਨਹੀਂ ਸੀ ਚਲਾ ਗਿਆ। ਕਦੇ-ਕਦੇ ਉਹ ਬੱਚਿਆਂ ਲਈ ਲਾਇਬ੍ਰੇਰੀ ਦੀਆਂ ਕਿਤਾਬਾਂ ਪਾਉਣ ਲਈ ਛੋਟੇ-ਛੋਟੇ ਬੈਗ ਸਿਓਂ ਕੇ ਦੇ ਦਿੰਦੀ। ਸਕੂਲ ਦੇ ਅਧਿਆਪਕਾਂ ਨਾਲ ਮਨਪ੍ਰੀਤ ਦੀ ਐਨੀ ਨੇੜਤਾ ਹੋ ਗਈ ਸੀ ਕਿ ਸੂਰਜ ਭਾਵੇਂ ਉਸ ਸਕੂਲ 'ਚ ਨਹੀਂ ਸੀ ਜਾਂਦਾ ਪਰ ਅਧਿਆਪਕ ਹੁਣ ਤੱਕ ਬੈਗ ਸਿਉਣ ਲਈ ਮਨਪ੍ਰੀਤ ਨੂੰ ਸੁਨੇਹਾ ਭੇਜ ਦਿੰਦੇ।

ਪੋਡੀਅਮ ਪਿੱਛੇ ਖੜ੍ਹਾ ਸਟੇਜ ਸੈਕਟਰੀ ਦੱਸ ਰਿਹਾ ਸੀ ___ "ਅੱਜ ਦਾ ਇੱਕਠਾ ਹੋਇਆ ਸਾਰਾ ਫੰਡ ਸੂਰਜ ਫਾਊਂਡੇਸ਼ਨ ਵੱਲੋਂ ਇੰਡੀਆ ਵਿੱਚ ਬੇਸਹਾਰਾ ਬੱਚਿਆਂ ਦੇ ਰਹਿਣ-ਸਹਿਣ ਅਤੇ ਸਕੂਲ ਲਈ ਥਾਂ ਖ੍ਰੀਦਣ ਲਈ ਵਰਤਿਆ ਜਾਵੇਗਾ।____ ਅਸੀਂ ਚਾਹੁੰਦੇ ਹਾਂ ਕਿ ਭੰਗੜੇ ਦੀਆਂ ਆਈਟਮਾਂ ਅਤੇ ਕੁਝ ਮਹਿਮਾਨਾਂ ਦੇ ਭਾਸ਼ਣਾਂ ਦੌਰਾਨ ਹਾਲ ਵਿੱਚ ਮੁਕੰਮਲ ਸ਼ਾਂਤੀ ਹੋਵੇ। ਉਸ ਤੋਂ ਬਾਅਦ ਸਾਰਾ ਸਮਾਂ ਖਾਣ-ਪੀਣ, ਨੱਚਣ-ਟੱਪਣ ਅਤੇ ਗੱਪਾਂ ਮਾਰਨ ਲਈ ਹੋਵੇਗਾ।"

ਮਨਪ੍ਰੀਤ ਦੀ ਨਿਗ੍ਹਾ ਸੂਰਜ ਦੀ ਫੋਟੋ ਨਾਲ ਪਏ ਢੋਲ ਉੱਪਰ ਟਿਕੀ ਹੋਈ ਸੀ। ਇਹ ਢੋਲ ਸੂਰਜ ਨੂੰ ਉਸ ਦੇ ਚੌਧਵੇਂ ਜਨਮ-ਦਿਨ 'ਤੇ ਜੀਤ ਨੇ ਲਿਆ ਕੇ ਦਿੱਤਾ ਸੀ। ਜੀਤ ਨੇ ਇਹ ਇੰਡੀਆ ਤੋਂ ਸਪੈਸ਼ਲ ਤੌਰ 'ਤੇ ਮੰਗਵਾਇਆ ਸੀ। ਜਿਸ ਚਾਅ ਨਾਲ ਜੀਤ ਨੇ ਢੋਲ ਸੂਰਜ ਨੂੰ ਦਿੱਤਾ ਸੀ, ਉਸੇ ਤਰ੍ਹਾਂ ਦਾ ਚਾਅ ਸੂਰਜ ਨੂੰ ਹੋਇਆ ਸੀ ਜਦ ਉਸ ਨੇ ਆਪਣਾ ਢੋਲ ਵੇਖਿਆ ਸੀ। ਢੋਲ ਤਾਂ ਉਹ ਸੱਤ ਸਾਲ ਦੀ ਉਮਰ 'ਚ ਹੀ ਵਜਾਉਣ ਲੱਗ ਪਿਆ ਸੀ ਪਰ ਇਹ ਉਸ ਦਾ ਪੂਰੇ ਸਾਈਜ਼ ਦਾ ਪਹਿਲਾ ਢੋਲ

ਸੀ। ਜਿਸ ਦਿਨ ਦਾ ਸੂਰਜ ਨੂੰ ਇਹ ਢੋਲ ਮਿਲਿਆ ਸੀ, ਉਹ ਸਕੂਲ ਤੋਂ ਆ ਕੇ ਬੇਸਮੈਂਟ 'ਚ ਚਲਿਆ ਜਾਂਦਾ ਅਤੇ ਢੋਲ ਵਜਾਉਂਦਾ। ਪਹਿਲਾਂ ਜੀਤ ਤੇ ਸੂਰਜ ਵੀਕਐਂਡ 'ਤੇ ਹੀ ਕਮਿਊਨਿਟੀ ਸੈਂਟਰ 'ਚ ਜਾ ਕੇ ਢੋਲ ਵਜਾਉਂਦੇ ਸਨ। ਉਹ ਬਾਕੀ ਭੰਗੜਾ ਟੀਮ ਨਾਲੋਂ ਪਹਿਲਾਂ ਪਹੁੰਚ ਜਾਂਦੇ ਅਤੇ ਪ੍ਰੈਕਟਿਸ ਕਰਦੇ ਰਹਿੰਦੇ।
ਮਨਪ੍ਰੀਤ ਦੇ ਚੇਤੇ 'ਚ ਉਹ ਦਿਨ ਘੁੰਮਿਆ, ਜਿਸ ਦਿਨ ਉਹ ਕੰਮ ਤੋਂ ਹੀ ਕਿਸੇ ਗੱਲੋਂ ਗੁੱਸੇ ਦੇ ਮੂਡ 'ਚ ਘਰ ਪਹੁੰਚੀ ਸੀ। ਉਸ ਦੇ ਤੌਰ ਵੇਖ ਸੂਰਜ ਬੋਲਿਆ ਸੀ, "ਮੰਮ ਆਓ ਤੁਹਾਨੂੰ ਢੋਲ ਵਜਾਉਣਾ ਸਿਖਾਵਾਂ, ਫੇਰ ਵੇਖਿਓ ਤੁਹਾਡਾ ਗੁੱਸਾ ਕਿੱਧਰ ਜਾਂਦਾ। ਸਭ ਕੁਝ ਭੁੱਲ ਜਾਓਗੇ।"
ਅੱਗੋਂ ਮਨਪ੍ਰੀਤ ਉਸ 'ਤੇ ਹੀ ਵਰ੍ਹ ਗਈ ਸੀ, "ਥੋਨੂੰ ਪਿਓ-ਪੁੱਤਾਂ ਨੂੰ ਢੋਲ ਤੋਂ ਬਿਨਾਂ ਵੀ ਕਿਸੇ ਗੱਲ ਦਾ ਫਿਕਰ ਹੁੰਦੈ? ਪਹਿਲਾਂ ਵੀਕਐਂਡ ਤੇ ਨਿਕਲ ਜਾਂਦੇ ਸੀ ਦੋਹੇਂ, ਹੁਣ ਵੀਕਡੇਜ਼ 'ਚ ਵੀ ਲੱਗ ਜਾਨੇ ਆਂ। ਮੰਮ ਕਰਦੀ ਰਹੇ ਸਾਰਾ ਕੁਝ ਇੱਕਲੀ।" ਇਹ ਸੁਣ ਕੇ ਸੂਰਜ ਚੁੱਪ ਕਰਕੇ ਆਪਣੇ ਕਮਰੇ ਵਿੱਚ ਵੜ ਗਿਆ। ਰਾਤ ਨੂੰ ਰੋਟੀ ਤੋਂ ਬਆਦ ਉਹ ਭਾਂਡੇ ਧੋਣ ਲੱਗ ਪਿਆ ਸੀ। ਮਨਪ੍ਰੀਤ ਦਾ ਗੁੱਸਾ ਢਲੇ ਤੋਂ ਉਹ ਬੋਲਿਆ, "ਆਈ ਐਮ ਸੌਰੀ ਮੰਮ। ਮੇਰਾ ਕਦੇ ਇੱਧਰ ਧਿਆਨ ਹੀ ਨਹੀਂ ਗਿਆ ਕਿ ਮੈਂ ਤੇ ਡੈਡ ਤੁਹਾਡੇ ਨਾਲ ਬਿਲਕੁਲ ਵੀ ਟਾਈਮ ਸਪੈਂਡ ਨਹੀਂ ਕਰਦੇ। ਯੂ ਨੋ ਵੱਟ ਮੰਮ, ਹੇਅਰ ਇਜ਼ ਆ ਡੀਲ – ਮੈਂ ਤੇ ਡੈਡ ਤੁਹਾਡੇ ਨਾਲ ਘਰ ਦਾ ਕੰਮ ਕਰਵਾਇਆ ਕਰਾਂਗੇ ਤੇ ਤੁਸੀਂ ਸਾਡੇ ਨਾਲ ਭੰਗੜੇ ਦੀ ਟੀਮ ਜੁਆਇਨ ਕਰਿਓ। ਫੇਰ ਆਪਾਂ ਸਾਰੇ ਬਹੁਤ ਟਾਈਮ ਇੱਕਠੇ ਰਿਹਾ ਕਰਾਂਗੇ।"
ਮਨਪ੍ਰੀਤ ਨੇ ਡੀਲ ਸਵੀਕਾਰ ਕਰਦਿਆਂ ਕਿਹਾ, "ਚੱਲ ਮੈਨੂੰ ਭੰਗੜਾ ਪਾਉਣਾ ਸਿਖਾ ਦਿਓ।" "ਭੰਗੜਾ ਤਾਂ ਤੂੰ ਪਾ ਹੀ ਲੈਨੀ ਐਂ, ਇਹ ਤਾਂ ਪੰਜਾਬੀਆਂ ਦੇ ਖੂਨ 'ਚ ਹੀ ਹੈ। ਤੈਨੂੰ ਢੋਲ ਵਜਾਉਣਾ ਸਿਖਾਵਾਂਗੇ, ਜੇ ਢੋਲ ਵਾਲਾ ਹੋਵੇਗਾ ਤਾਂ ਉਹ ਕਿਤੇ ਵੀ ਭੰਗੜੇ ਦੀ ਟੀਮ ਬਣਾ ਸਕਦੈ, ਨਾਲੇ ਢੋਲ ਵਜਾਉਣਾ ਤਾਂ ਇੱਕ ਕਿਸਮ ਦੀ ਮੈਡੀਟੇਸ਼ਨ ਹੈ, ਢੋਲ ਭੰਗੜੇ ਦਾ ਮੁੱਢ ਹੈ," ਜੀਤ ਦਾ ਤਰਕ ਸੀ।
ਜੀਤ ਤੇ ਸੂਰਜ ਮਨਪ੍ਰੀਤ ਨੂੰ ਢੋਲ ਵਜਾਉਣਾ ਸਿਖਾਉਣ ਲੱਗੇ। ਪਹਿਲਾਂ-ਪਹਿਲਾਂ ਤਾਂ ਉਹ ਗਲ਼ ਪਿਆ ਹੀ ਵਜਾਉਂਦੀ ਸੀ ਪਰ ਬਾਅਦ ਵਿੱਚ ਉਸ ਨੂੰ ਇਸ ਕੰਮ ਵਿੱਚੋਂ ਆਨੰਦ ਆਉਣ ਲੱਗ ਪਿਆ। ਉਨ੍ਹਾਂ ਦੇ ਗ੍ਰੁੱਪ ਵਿੱਚ ਕੁੜੀਆਂ ਦੀ ਇੱਕ ਭੰਗੜਾ ਟੀਮ ਵੀ ਬਣ ਗਈ। ਉਹ ਤਿੰਨੇ ਢੋਲ ਵਜਾਉਂਦੇ। ਮਨਪ੍ਰੀਤ ਕੁੜੀਆਂ ਦੀ ਟੀਮ ਲਈ, ਸੂਰਜ ਬੱਚਿਆਂ ਦੀ ਟੀਮ ਲਈ ਅਤੇ ਜੀਤ ਮੁੰਡਿਆਂ ਦੀ ਟੀਮ ਲਈ। ਸਾਰਾ ਕੁਝ ਵਧੀਆ ਚੱਲ ਰਿਹਾ ਸੀ।

ਸਟੇਜ ਤੋਂ ਸੈਕਟਰੀ ਦੇ ਬੋਲ ਮਨਪ੍ਰੀਤ ਦੇ ਕੰਨੀਂ ਪਏ। ਉਹ ਆਖ ਰਿਹਾ ਸੀ, "ਇਸ ਵਾਰ ਮੁੰਡਿਆਂ ਅਤੇ ਬੱਚਿਆਂ ਦੀਆਂ ਭੰਗੜੇ ਦੀਆਂ ਟੀਮਾਂ ਹੀ ਤੁਹਾਡੇ ਸਾਹਮਣੇ ਪੇਸ਼ ਹੋਣਗੀਆਂ। ਉਮੀਦ ਹੈ ਇਸ ਸਦਮੇ 'ਚੋਂ ਨਿਕਲ ਕੇ ਅਗਲੇ ਸਾਲ ਤੱਕ ਸਾਡੇ ਭੈਣ ਜੀ ਮਨਪ੍ਰੀਤ ਕੁੜੀਆਂ ਦੀ ਟੀਮ ਵੀ ਤਿਆਰ ਕਰ ਲੈਣਗੇ-----

'ਮੈਂ ਕਿੱਥੋਂ ਤਿਆਰ ਕਰ ਲਊਂ ਹੁਣ? ਸਾਰਾ ਕੁਝ ਸੂਰਜ ਨਾਲ ਹੀ ਸੀ, ਹੁਣ ਤਾਂ ਜਿਵੇਂ ਨਾਚ-ਗਾਣੇ ਨੂੰ ਵੱਢੀ ਰੂਹ ਨਹੀਂ ਕਰਦੀ।' ਮਨਪ੍ਰੀਤ ਨੇ ਇੱਕ ਲੰਮਾ ਹਾਉਕਾ ਲਿਆ ਅਤੇ ਜੀਤ ਵੱਲ ਵੇਖਿਆ। ਸਟੇਜ ਦੇ ਮੂਹਰੇ ਭੰਗੜੇ ਵਾਸਤੇ ਰੱਖੀ ਥਾਂ 'ਚ ਖੜ੍ਹੇ ਜੀਤ ਨੇ ਢੋਲ ਉੱਪਰ ਡਗਾ ਲਾਇਆ। ਭੰਗੜਾ ਟੀਮ ਤਿਆਰ-ਬਰ-ਤਿਆਰ ਖੜ੍ਹੀ ਸੀ। ਢੋਲ ਵੱਜਣ ਲੱਗਾ, ਭੰਗੜਾ ਸ਼ੁਰੂ ਹੋ ਗਿਆ। ਢੋਲ ਦੀ ਆਵਾਜ਼ ਮਨਪ੍ਰੀਤ ਨੂੰ ਕੰਨ ਪਾੜਵੀਂ ਮਹਿਸੂਸ ਹੋਈ। ਉਸ ਨੂੰ ਲੱਗਾ ਜਿਵੇਂ ਢੋਲ ਰੁਦਨ ਕਰ ਰਿਹਾ ਹੋਵੇ। ਹਾਲ ਵਿੱਚ ਤਾੜੀਆਂ ਵੱਜੀਆਂ।'ਇਹਨਾਂ ਲੋਕਾਂ ਨੂੰ ਕਾਹਦੀ ਖੁਸ਼ੀ ਚੜ੍ਹੀ ਹੋਈ ਹੈ?' ਉਸ ਸੋਚਿਆ। ਫਿਰ ਢੋਲ ਵਜਾ ਰਹੇ ਜੀਤ ਵੱਲ ਉਸ ਦੀ ਨਿਗ੍ਹਾ ਗਈ। ਉਹ ਮਸਤ ਹੋਇਆ ਢੋਲ ਵਜਾ ਰਿਹਾ ਸੀ।'ਕਿਤੇ ਇਸ ਦਾ ਦਿਮਾਗ ਤਾਂ ਨਹੀਂ ਹਿੱਲ ਗਿਆ'। ਉਸ ਨੂੰ ਗੁਆਂਢਣ ਆਂਟੀ ਦਾ ਕਿਹਾ ਯਾਦ ਆਇਆ।

ਹਾਲੇ ਸੂਰਜ ਪੂਰੇ ਹੋਏ ਨੂੰ ਮਹੀਨਾ ਵੀ ਨਹੀਂ ਸੀ ਹੋਇਆ ਕਿ ਜੀਤ ਬੇਸਮੈਂਟ 'ਚ ਜਾ ਕੇ ਢੋਲ ਵਜਾਉਣ ਲੱਗਾ ਸੀ। ਜਦ ਉਹ ਬਹੁਤ ਦੇਰ ਢੋਲ ਵਜਾਉਂਦਾ ਰਿਹਾ ਸੀ ਤਾਂ ਮਨਪ੍ਰੀਤ ਦਾ ਚਿੱਤ ਕਾਹਲਾ ਪੈਣ ਲੱਗਿਆ। ਜੀਤ ਨੂੰ ਰੋਕਣ ਲਈ ਜਦ ਉਹ ਬੇਸਮੈਂਟ 'ਚ ਗਈ ਤਾਂ ਉਸ ਵੱਲ ਵੇਖ ਕੇ ਮਨਪ੍ਰੀਤ ਦਾ ਮਨ ਕੁਰਲਾ ਉੱਠਿਆ। ਸਾਰਿਆਂ ਨੂੰ ਹੌਸਲੇ 'ਚ ਰਹਿਣ ਲਈ ਪ੍ਰੇਰਨ ਵਾਲੇ ਜੀਤ ਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂ ਕਿਰ ਰਹੇ ਸਨ। ਮਨਪ੍ਰੀਤ ਨੇ ਉਸ ਨੂੰ ਪਿੱਛੋਂ ਜਾ ਕੇ ਬਾਹਾਂ 'ਚ ਭਰ ਲਿਆ। ਪਰ ਉਹ ਉਦੋਂ ਤੱਕ ਢੋਲ ਵਜਾਉਂਦਾ ਰਿਹਾ ਸੀ, ਜਦ ਤੱਕ ਮਨਪ੍ਰੀਤ ਨੇ ਉਸ ਦੇ ਹੱਥੋਂ ਡਗਾ ਅਤੇ ਤੀਲੀ ਨਹੀਂ ਸੀ ਫੜ ਲਏ। ਉਸ ਦਿਨ ਤੋਂ ਬਾਅਦ ਮਨਪ੍ਰੀਤ ਨੇ ਕਦੇ ਜੀਤ ਦੀਆਂ ਅੱਖਾਂ 'ਚ ਹੰਝੂ ਨਹੀਂ ਸੀ ਵੇਖੇ। ਪਰ ਮਨਪ੍ਰੀਤ ਦੀਆਂ ਆਪਣੀਆਂ ਅੱਖਾਂ 'ਚੋਂ ਇਹ ਮੁੱਕਣ 'ਚ ਨਹੀਂ ਸੀ ਆ ਰਹੇ। ਜੀਤ ਉਸ ਨੂੰ ਆਖਦਾ, "ਜਦ ਸੂਰਜ ਦੀ ਯਾਦ ਤੜਫਾਉਣ ਲੱਗੇ ਤਾਂ ਢੋਲ ਵਜਾਉਣ ਲੱਗ ਜਾਇਆ ਕਰ, ਮੇਰੇ ਵਾਂਗ। ਜਦ ਮੈਂ ਢੋਲ ਵਜਾਉਨੈ ਤਾਂ ਲੱਗਦੈ ਜਿਵੇਂ ਸੂਰਜ ਨਾਲ ਗੱਲਾਂ ਕਰ ਰਿਹਾ ਹੋਵਾਂ।"
ਤੇ ਹਰ ਸ਼ਾਮ ਉਹ ਸੂਰਜ ਨਾਲ ਇਸੇ ਤਰ੍ਹਾਂ ਗੱਲਾਂ ਕਰਦਾ। ਇਹ ਸ਼ਾਮ ਦਾ ਉਹ ਵੇਲਾ ਹੁੰਦਾ, ਜਦੋਂ ਉਹ ਸੂਰਜ ਨਾਲ ਪੰਜਾ ਲੜਾਉਂਦਾ ਹੁੰਦਾ ਸੀ। ਪਹਿਲੇ ਕਈ ਦਿਨ ਤਾਂ ਉਹ ਇਸ ਵੇਲੇ ਐਵੇਂ ਹੀ ਇੱਕ ਕਮਰੇ 'ਚੋਂ ਦੂਜੇ ਕਮਰੇ 'ਚ ਤੁਰਿਆ ਫਿਰਦਾ। ਫਿਰ ਇੱਕ ਦਿਨ ਜਾ ਕੇ ਢੋਲ ਵਜਾਉਣ ਲੱਗ ਪਿਆ ਸੀ। ਦੂਜੇ ਦਿਨ ਮਨਪ੍ਰੀਤ ਨੂੰ ਮਿਲੀ ਗਵਾਂਢਣ ਆਂਟੀ ਕਹਿੰਦੀ, "ਕੁੜੇ

ਹਾਲੇ ਤਾਂ ਮੁੰਡੇ ਦਾ ਸਿਵਾ ਵੀ ਠੰਡਾ ਨਹੀਂ ਹੋਇਆ ਤੇ ਇਹ ਢੋਲ ਵਜਾਉਣ ਲੱਗ ਪਿਐ। ਕਿਤੇ ਏਹਦਾ ਦਿਮਾਗ ਤਾਂ ਨਹੀਂ ਹਿੱਲ ਗਿਆ''?

ਮਨਪ੍ਰੀਤ ਨੇ ਆਪਣੀ ਨਿਗ੍ਹਾ ਢੋਲ ਵਜਾ ਰਹੇ ਜੀਤ 'ਤੇ ਗੱਡੀ ਹੋਈ ਸੀ। ਉਸ ਨੇ ਧਿਆਨ ਨਾਲ ਜੀਤ ਦੀਆਂ ਮੀਚੀਆਂ ਅੱਖਾਂ ਵੱਲ ਵੇਖਿਆ। ਉੱਥੇ ਕੋਈ ਤਰਲ ਨਹੀਂ ਸੀ। ਮਨਪ੍ਰੀਤ ਦਾ ਮਨ ਹੌਲੀ-ਹੌਲੀ ਸ਼ਾਂਤ ਹੋਣ ਲੱਗਾ ਜਿਵੇਂ ਉਹ ਜੀਤ ਰਾਹੀਂ ਸੂਰਜ ਨਾਲ ਗੱਲਾਂ ਕਰ ਰਹੀ ਹੋਵੇ। ਉਸ ਨੇ ਭੰਗੜਾ ਪਾਉਂਦੇ ਸੂਰਜ ਦੀ ਤਸਵੀਰ ਵੱਲ ਵੇਖਿਆ। ਤਸਵੀਰ ਤੋਂ ਹੁੰਦੀ ਹੋਈ ਉਸ ਦੀ ਨਿਗ੍ਹਾ ਭੰਗੜਾ ਪਾ ਰਹੇ ਮੁੰਡਿਆਂ 'ਤੇ ਚਲੀ ਗਈ। ਇੱਕ ਮੁੰਡੇ ਦੀ ਪਿੱਠ 'ਤੇ ਉਸ ਦੀ ਨਿਗ੍ਹਾ ਅਟਕ ਗਈ, ਜਿਵੇਂ ਉਹ ਸੂਰਜ ਹੋਵੇ। ਉਹੀ ਕੱਦ-ਕਾਠ। ਮੁੰਡੇ ਨੇ ਛਾਲ ਮਾਰ ਕੇ ਆਪਣੇ ਸਾਥੀ ਦੇ ਲੱਕ ਨੂੰ ਕੈਂਚੀਂ ਪਾ ਲਈ ਅਤੇ ਭੰਗੜਾ ਪਾਉਣ ਲੱਗਾ। ਹਾਲ ਵਿੱਚ ਫਿਰ ਤਾੜੀਆਂ ਗੂੰਜੀਆਂ। ਮਨਪ੍ਰੀਤ ਨੇ ਹੱਥਾਂ 'ਚ ਹਰਕਤ ਮਹਿਸੂਸ ਕੀਤੀ। ਪਰ ਉਸ ਤੋਂ ਤਾੜੀ ਨਾ ਵੱਜੀ। ਭੰਗੜਾ ਟੀਮ ਹਾਲ ਦੇ ਇੱਕ ਪਾਸੇ ਵੱਲ ਵਧਣ ਲੱਗੀ, ਜਿਸ ਪਾਸੇ ਬਾਹਰ ਨਿਕਲਣ ਦਾ ਰਸਤਾ ਸੀ। ਦੂਸਰੇ ਪਾਸਿਓਂ ਛੋਟੇ-ਛੋਟੇ ਬੱਚੇ ਕੁਰਤੇ-ਚਾਦਰਿਆਂ 'ਚ ਸਜੇ ਸਟੇਜ ਵੱਲ ਵਧਣ ਲੱਗੇ। ਢੋਲ ਬੰਦ ਹੋ ਗਿਆ ਅਤੇ ਉੱਚੀ ਆਵਾਜ਼ ਵਿੱਚ ਗੀਤ ਵੱਜਣ ਲੱਗਾ____ 'ਢੋਲਾ ਵੇ ਢੋਲਾ, ਸੁਣ ਢੋਲਾ, ਆਜਾ ਦੋਨੋ ਨੱਚੀਏ ਸੁਣ ਢੋਲਾ----

ਮਨਪ੍ਰੀਤ ਨੇ ਸੂਰਜ ਦੀ ਤਸਵੀਰ ਵੱਲ ਵੇਖਿਆ ਤੇ ਫੇਰ ਢੋਲ ਵੱਲ। ਉਸ ਦੇ ਚੇਤਿਆਂ 'ਚ ਪੰਜ ਕੁ ਸਾਲ ਦਾ ਸੂਰਜ ਭੰਗੜਾ ਪਾਉਣ ਲੱਗਾ। ਇਹੀ ਗੀਤ ਵੱਜ ਰਿਹਾ ਸੀ ਅਤੇ ਸੂਰਜ ਢੋਲ ਵੱਲ ਹੱਥ ਕਰ-ਕਰ ਨੱਚ ਅਤੇ ਗਾ ਰਿਹਾ ਸੀ। ਮੋਹਿਤ ਹੋਈ ਮਨਪ੍ਰੀਤ ਉਸ ਵੱਲ ਵੇਖਦੀ ਮੰਦ-ਮੰਦ ਮੁਸਕਰਾਉਂਦੀ ਰਹੀ। ਗੀਤ ਮੁੱਕੇ ਤੋਂ ਉਹ ਬੋਲੀ, ''ਵੇ ਕਮਲਿਆ ਇਹ 'ਢੋਲ' ਘਰਵਾਲੇ ਨੂੰ ਕਹਿੰਦੇ ਆ, ਤੂੰ ਢੋਲ ਵੱਲ ਇਸ਼ਾਰੇ ਕਰੀ ਜਾਨੈਂ।'' ਇਸੇ ਗੱਲ ਨੂੰ ਲੈ ਕੇ ਉਹ ਸੂਰਜ ਨੂੰ **ਹੁਣ ਤੱਕ** ਛੇੜਦੀ ਆਖਦੀ ਸੀ, ''ਸੂਰਜ ਤੇਰਾ ਢੋਲ ਤੇਰੇ ਨਾਲ ਨੱਚਣ ਲੱਗੈ ਹਾਲੇ ਕਿ ਨਹੀਂ?'' ਤੇ ਸੂਰਜ 'ਮੰਅਅਮ' ਆਖ ਸ਼ਰਮਾ ਜਾਂਦਾ।

ਮਨਪ੍ਰੀਤ ਨੇ ਇੱਕ ਲੰਮਾ ਹਾਉਕਾ ਲਿਆ ਅਤੇ ਭੰਗੜਾ ਪਾ ਰਹੇ ਬੱਚਿਆਂ ਵੱਲ ਵੇਖਣ ਲੱਗੀ।
ਹਾਲ ਵਿੱਚ ਭੰਗੜੇ ਤੋਂ ਬਾਅਦ ਭਾਸ਼ਣ ਸ਼ੁਰੂ ਹੋ ਗਏ ਸਨ। ਸਟੇਜ 'ਤੇ ਖੜ੍ਹੀ ਨੀਨਾ ਬੋਲ ਰਹੀ ਸੀ, ''ਸਭ ਤੋਂ ਪਹਿਲਾਂ ਮੈਂ ਸੌਰੀ ਮੰਗਦੀ ਆਂ ਕਿ ਮੇਰੀ ਸਪੀਚ ਇੰਗਲਿਸ਼ 'ਚ ਹੋਵੇਗੀ---
ਨੀਨਾ ਆਖ ਰਹੀ ਸੀ, ''ਦੋ ਕੁ ਸਾਲ ਪਹਿਲਾਂ ਜਦ ਸੂਰਜ ਇੰਡੀਆ ਗਿਆ ਸੀ, ਉਹ ਉਸ ਦੀ ਆਪਣੀ ਸੁਰਤ 'ਚ ਪਹਿਲੀ ਫੇਰੀ ਸੀ ਇੰਡੀਆ ਦੀ। ਉਹ ਵਾਪਸ ਆ ਕੇ ਅਕਸਰ ਉੱਥੋਂ ਦੇ ਛੋਟੇ-ਛੋਟੇ ਬੱਚਿਆਂ ਦਾ ਜ਼ਿਕਰ ਕਰਦਾ, ਜਿਹੜੇ ਲੋਕਾਂ ਤੋਂ ਭੀਖ ਮੰਗ ਕੇ ਗੁਜ਼ਾਰਾ ਕਰਦੇ ਹਨ। ਉਨ੍ਹਾਂ ਬਾਰੇ ਗੱਲ ਕਰਦਾ ਸੂਰਜ ਉਦਾਸ ਹੋ ਜਾਂਦਾ। ਉਹ ਉਨ੍ਹਾਂ ਲਈ ਕੁਝ ਕਰਨਾ ਚਾਹੁੰਦਾ ਸੀ। ਜਿਹੜਾ ਕੰਮ ਸੂਰਜ ਪਿਛਲੇ ਸਾਲ ਸ਼ੁਰੂ ਕਰ ਗਿਆ ਸੀ ਹੁਣ ਅਸੀਂ ਕਰਨਾ ਹੈ-- –

ਮਨਪ੍ਰੀਤ ਨੂੰ ਯਾਦ ਸੀ ਕਿ ਸੂਰਜ ਇੰਡੀਆ ਤੋਂ ਆ ਕੇ ਜਦ ਵੀ ਟੀ.ਵੀ. ਉੱਪਰ ਤੀਜੀ ਦੁਨੀਆ ਦੀ ਭੁੱਖ-ਮਰੀ ਬਾਰੇ ਵਿਖਾਈਆਂ ਜਾਂਦੀਆਂ ਡਾਕੂਮੈਂਟਰੀ ਫਿਲਮਾਂ ਵੇਖਦਾ ਤਾਂ ਉਦਾਸ ਹੋ ਜਾਂਦਾ। ਫਿਰ ਆਖਦਾ, ''ਮੰਮ ਜਦ ਮੈਂ ਜੌਬ 'ਤੇ ਲੱਗ ਗਿਆ ਨਾ, ਕਿਸੇ ਪੂਅਰ ਕੰਟਰੀ ਦੇ ਬੱਚੇ ਨੂੰ ਅਡਾਪਟ ਕਰ ਲੈਣੈ।''

ਤਾੜੀਆਂ ਦੀ ਆਵਾਜ਼ ਨੇ ਮਨਪ੍ਰੀਤ ਦਾ ਧਿਆਨ ਸਟੇਜ ਵੱਲ ਕਰਵਾਇਆ। ਨੀਨਾ ਸਟੇਜ ਤੋਂ ਉੱਤਰ ਰਹੀ ਸੀ। ਕੋਈ ਹੋਰ ਸਟੇਜ ਵੱਲ ਵਧ ਰਿਹਾ ਸੀ। ਮਨਪ੍ਰੀਤ ਦੀ ਨਿਗ੍ਹਾ ਸੂਰਜ ਦੇ ਅਧਿਆਪਕ ਰੌਡ ਮਨਰੋ 'ਤੇ ਪਈ ਅਤੇ ਉੱਥੇ ਹੀ ਅਟਕ ਗਈ।

''ਤਾਂ ਤੂੰ ਉਹ ਗੌਰਵਮਈ ਮਾਂ ਹੈਂ!'' ਮਨਪ੍ਰੀਤ ਨਾਲ ਹੱਥ ਮਿਲਾਉਂਦੇ ਹੋਏ ਉਸ ਕਿਹਾ ਸੀ। ਜਦ ਸੂਰਜ ਦੀ ਬੀਮਾਰੀ ਦਾ ਪਤਾ ਲੱਗ ਚੁੱਕਾ ਸੀ ਤਾਂ ਮਨਪ੍ਰੀਤ ਇਹ ਦੱਸਣ ਲਈ ਸਕੂਲ ਗਈ ਸੀ ਕਿ ਸੂਰਜ ਦੀ ਇੱਛਾ ਹੈ ਕਿ ਉਹ ਗ੍ਰੈਜੂਏਟ ਹੋਵੇਗਾ। ਇਹ ਸੁਣ ਕੇ ਰੌਡ ਮਨਰੋ ਬੋਲਿਆ ਸੀ, ''ਮੈਨੂੰ ਇਸ ਬਾਰੇ ਸੂਰਜ ਦੇ ਦੋਸਤਾਂ ਤੋਂ ਪਤਾ ਲੱਗ ਚੁੱਕਾ ਹੈ। ਤੂੰ ਇੱਕ ਬਹੁਤ ਹੋਣਹਾਰ ਪੁੱਤਰ ਨੂੰ ਜਨਮ ਦਿੱਤਾ ਹੈ। ਕੀ ਉਸ ਨੂੰ ਪਤਾ ਹੈ ਕਿ ਉਸ ਕੋਲ ਬਹੁਤ ਸਮਾਂ ਨਹੀਂ ਹੈ?''
''ਹਾਂ, ਅਸੀਂ ਦੱਸ ਦਿੱਤਾ ਹੈ ਕਿ ਵੱਧ ਤੋਂ ਵੱਧ ਸਾਲ,'' ਮਨਪ੍ਰੀਤ ਦਾ ਗਲ ਭਰ ਆਇਆ ਅਤੇ ਅੱਖਾਂ ਤਰ ਹੋ ਗਈਆਂ ਸਨ।
''ਬਹਾਦਰ ਬਣ, ਤੈਨੂੰ ਤਾਂ ਸਗੋਂ ਗਰਵ ਹੋਣਾ ਚਾਹੀਦਾ ਹੈ,'' ਰੌਡ ਮਨਰੋ ਦੇ ਬੋਲ ਕੰਨਾਂ 'ਚ ਲਈ ਭਰੀਆਂ ਅੱਖਾਂ ਨਾਲ ਉਸ ਨੂੰ ਪਤਾ ਹੀ ਨਾ ਲੱਗਾ ਕਿ ਕਦ ਘਰ ਪਹੁੰਚ ਕੇ ਉਹ ਬੈੱਡ 'ਤੇ ਚੌਫਾਲ ਜਾ ਡਿੱਗੀ ਸੀ ਅਤੇ ਭੁੱਬੀਂ ਰੋਈ ਸੀ। ਹਟਕੋਰੇ ਲੈਂਦੀ ਉਹ ਮੁੜ-ਮੁੜ ਆਖਦੀ, ''ਕਿਵੇਂ ਬਹਾਦਰ ਬਣਾਂ?--- ਕਾਹਦੇ ਆਸਰੇ ਚਿੱਤ ਕਰੜਾ ਰੱਖਾਂ?--- ਜੀਹਦੇ ਵੱਲ ਵੇਖ-ਵੇਖ ਜਿਉਂਦੀ ਹਾਂ, ਜੇ ਉਸ ਹੀ ਨੀ ਰਹਿਣਾ, ਫੇਰ ਕਿਵੇਂ ਟਿਕਾਣੇ ਰਹਿ ਜੂ ਚਿੱਤ।----ਹਾਏ ਨੀ ਮਾਂ ਕਿਉਂ ਜੰਮਿਆ ਸੀ ਇਹ ਦਿਨ ਦੇਖਣ ਨੂੰ।'' ਜਿਵੇਂ ਮਹੀਨੇ ਭਰ ਦਾ ਡੱਕਿਆ ਰੋਣ ਉਸ ਨੇ ਕੱਢ ਕੇ ਹਟਣਾ ਹੋਵੇ। ਜੀਤ ਆਖਦਾ ਸੀ ਕਿ ਸੂਰਜ

ਸਾਹਮਣੇ ਦਿਲ ਛੋਟਾ ਨਹੀਂ ਕਰਨਾ। ਪਰ ਮਨਪ੍ਰੀਤ ਦਾ ਤਾਂ ਸੂਰਜ ਤੋਂ ਇੱਕ ਪਲ ਲਈ ਵੀ ਪਾਸੇ ਹੋਣ ਨੂੰ ਜੀਅ ਨਹੀਂ ਸੀ ਕਰਦਾ।

ਡੇਢ ਮਹੀਨਾ ਪਹਿਲਾਂ ਸਾਰਾ ਕੁਝ ਠੀਕ-ਠਾਕ ਚੱਲ ਰਿਹਾ ਸੀ ਕਿ ਅਚਾਨਕ ਸੂਰਜ ਨੇ ਪੇਟ ਵਿੱਚ ਦਰਦ ਮਹਿਸੂਸ ਕੀਤਾ ਅਤੇ ਉਲਟੀਆਂ ਕਰਨ ਲੱਗਾ ਸੀ। ਇੱਕ ਅੱਧਾ ਦਿਨ ਤਾਂ ਉਨ੍ਹਾਂ ਗਰੈਵਲ  ਵਗੈਰਾ ਲੈ ਕੇ ਹੀ ਸਾਰ ਛੱਡਿਆ ਪਰ ਜਦ ਉਲਟੀਆਂ ਨਾ ਹਟੀਆਂ ਤਾਂ ਡਾਕਟਰ ਕੋਲ ਗਏ ਸਨ। ਡਾਕਟਰ ਨੇ ਵੀ ਬਹੁਤੀ ਗੌਰ ਨਹੀਂ ਸੀ ਕੀਤੀ; ਕਹਿੰਦਾ ਕਿ ਸਟੌਮਿਕ ਫਲੂ ਹੈ ਇੱਕ ਅੱਧੇ ਦਿਨ 'ਚ ਠੀਕ ਹੋ ਜਾਊ। ਪਰ ਇੱਕ-ਅੱਧੇ ਦਿਨ 'ਚ ਵੀ ਜਦ ਕੋਈ ਫ਼ਰਕ ਨਹੀਂ ਸੀ ਪਿਆ ਤਾਂ ਡਾਕਟਰ ਨੇ ਐਕਸਰੇ ਲਈ ਭੇਜ ਦਿੱਤਾ। ਜਦ ਰੀਪੋਰਟ ਆਈ ਡਾਕਟਰ ਕਹਿੰਦਾ ਕਿ ਕੁਝ ਪੱਕਾ ਨਹੀਂ ਆਖ ਸਕਦਾ, ਹੋਰ ਟੈਸਟ ਕਰਵਾ ਲਈਏ। ਜਦ ਟੈਸਟਾਂ ਦੀ ਰੀਪੋਰਟ ਆਈ ਤਾਂ ਜਿਵੇਂ ਉਨ੍ਹਾਂ ਦੀ ਦੁਨੀਆ ਹੀ ਹਿੱਲ ਗਈ ਹੋਵੇ। 'ਪੇਟ 'ਚ ਕੈਂਸਰ ਸੀ'। ਪਰ ਡਾਕਟਰ ਨੇ ਧਰਵਾਸ ਦਿੱਤਾ ਸੀ ਕਿ ਅਪ੍ਰੇਸ਼ਨ ਨਾਲ ਬਾਹਰ ਵੀ ਕੱਢਿਆ ਜਾ ਸਕਦਾ ਹੈ। ਤੇ ਜਦ ਡਾਕਟਰਾਂ ਨੇ ਅਪ੍ਰੇਸ਼ਨ ਲਈ ਸੂਰਜ ਦੇ ਪੇਟ ਦੀ ਚੀਰ-ਫਾੜ ਕੀਤੀ ਤਾਂ ਉਨ੍ਹਾਂ ਅਪ੍ਰੇਸ਼ਨ ਲਈ ਚੀਰੇ ਪੇਟ ਨੂੰ ਬਿਨ੍ਹਾਂ ਅਪ੍ਰੇਸ਼ਨ ਕੀਤੇ ਹੀ ਸਿਓਂ ਦਿੱਤਾ। ਕੈਂਸਰ ਸਾਰੇ ਪੇਟ ਵਿੱਚ ਫੈਲ ਚੁੱਕਾ ਸੀ। ਡਾਕਟਰਾਂ ਆਖ ਦਿੱਤਾ ਕਿ ਵੱਧ ਤੋਂ ਵੱਧ ਸਾਲ। ਇਹ ਸੁਣ ਮਨਪ੍ਰੀਤ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਸ ਨੇ ਜੀਤ ਦਾ ਸਹਾਰਾ ਲਿਆ। ਜੀਤ ਨੇ ਉਸ ਨੂੰ ਆਪਣੀਆਂ ਬਾਹਾਂ 'ਚ ਲੈ ਲਿਆ। ਉਸ ਕਾਫੀ ਦੇਰ ਮਨਪ੍ਰੀਤ ਨੂੰ ਆਪਣੇ ਨਾਲ ਲਾਈ ਰੱਖਿਆ, ਜਿਵੇਂ  ਉਹ ਮਨਪ੍ਰੀਤ ਨੂੰ ਸਹਾਰਾ ਦੇ ਨਹੀਂ ਸੀ ਰਿਹਾ ਸਗੋਂ, ਉਸ ਦਾ ਸਹਾਰਾ ਲੈ ਰਿਹਾ ਹੋਵੇ। ਫਿਰ ਉਹ ਉੱਥੇ ਹੀ ਬੈਠ ਗਏ ਜਿਵੇਂ ਉਨ੍ਹਾਂ ਦੀਆਂ ਲੱਤਾਂ ਉਨ੍ਹਾਂ ਦਾ ਭਾਰ ਝੱਲਣੋਂ ਅਸਮਰੱਥ ਹੋ ਗਈਆਂ ਹੋਣ। ਹੌਲੀ-ਹੌਲੀ ਉੱਠ ਕੇ ਜੀਤ ਨੇ ਆਪਣੇ ਵੱਡੇ ਭਰਾ ਨੂੰ ਫੋਨ ਕੀਤਾ। ਉਹ ਆਪਣੀ ਘਰਵਾਲੀ ਦੇ ਨਾਲ ਝੱਟ ਉੱਥੇ ਪਹੁੰਚ ਗਿਆ। ਉਹ ਜੀਤ ਅਤੇ ਮਨਪ੍ਰੀਤ ਨੂੰ ਲੈ ਕੇ ਘਰ ਵੱਲ ਚੱਲ ਪਏ। ਕਾਰ ਵਿੱਚ ਸੋਗੀ ਚੁੱਪ ਪੱਸਰੀ ਹੋਈ ਸੀ। ਜਿਵੇਂ ਕਿਸੇ ਕੋਲ ਕੁਝ ਕਹਿਣ ਲਈ ਬਚਿਆ ਹੀ ਨਾ ਹੋਵੇ। ਕਦੇ-ਕਦੇ ਜੀਤ ਦਾ ਭਰਾ ਉਸ ਵੱਲ ਵੇਖਦਾ ਜਿਵੇਂ ਕੁਝ ਕਹਿਣਾ ਚਾਹੁੰਦਾ ਹੋਵੇ ਪਰ ਮੂੰਹੋਂ ਕੁਝ ਨਾ ਬੋਲਦਾ। ਜੀਤ ਦੀ ਭਰਜਾਈ ਨੇ ਮਨਪ੍ਰੀਤ ਨੂੰ ਆਪਣੇ ਨਾਲ ਘੁੱਟਿਆ ਹੋਇਆ ਸੀ। ਇਹ ਚੁੱਪ ਉਦੋਂ ਟੁੱਟੀ ਜਦ ਉਹ ਘਰ ਪਹੁੰਚ ਗਏ। ਜੀਤ ਨੇ ਆਪਣੇ ਭਰਾ ਦੇ ਮੋਢੇ ਲੱਗ ਧਾਹ ਮਾਰੀ, "ਵੀਰ, ਖਤਮ ਹੋ ਗਿਆ ਸਭ ਕੁਝ।" ਭਰਾ ਨੇ ਜੀਤ ਨੂੰ ਆਪਣੇ ਨਾਲ ਘੁੱਟ ਲਿਆ ਅਤੇ ਕੁਝ ਪਲ ਉਸੇ ਤਰ੍ਹਾਂ ਆਪਣੇ ਨਾਲ ਲਾਈ ਰੱਖਿਆ। ਫਿਰ ਉਸ ਦਾ ਮੋਢਾ ਥਾਪੜਦਾ ਬੋਲਿਆ, " ਦਿਲ ਨਾ ਛੱਡ। ਡਾਕਟਰਾਂ ਦਾ ਅਨੁਮਾਨ ਹੀ ਹੈ। ਲੋਕ ਕੈਂਸਰ ਨਾਲ ਪੰਜਾਹ-ਪੰਜਾਹ ਸਾਲ ਜਿਉਂਦੇ ਰਹਿੰਦੇ ਆ।"

"ਝੂਠੀਆਂ ਤਸੱਲੀਆਂ ਨਾ ਦੇ ਵੀਰ," ਜੀਤ ਨੇ ਵਿਲਕਦੇ ਹੋਏ ਕਿਹਾ।

ਮਨਪ੍ਰੀਤ ਤੋਂ ਰੋਂਦਾ ਹੋਇਆ ਜੀਤ ਸਹਾਰਿਆ ਨਾ ਗਿਆ। ਉਸ ਸਿਸਕਦੇ ਹੋਏ ਕਿਹਾ, "ਆਪਾਂ ਅਮਰੀਕਾ ਜਾਂ ਕਿਤੇ ਹੋਰ ਲੈ ਜਾਵਾਂਗੇ, ਐਹੋ ਜੀ ਵੀ ਕੀ ਗੱਲ ਐ, ਕਿਤੇ ਤਾਂ ਇਲਾਜ ਹੁੰਦਾ ਹੀ ਹੋਊ? ਚੱਲੋ ਜੀਤ ਆਪਾਂ ਗੁਰਦੁਆਰੇ ਚਲਦੇ ਹਾਂ। ਅਰਦਾਸ ਕਰਾਂਗੇ," ਮਨਪ੍ਰੀਤ ਇੱਕੋ ਸਾਹ ਬੋਲ ਗਈ।

"ਅਰਦਾਸ ਕਰਨ ਨਾਲ ਸੂਰਜ ਦੇ ਅੰਦਰੋਂ ਕੈਂਸਰ ਕਿਵੇਂ ਖਤਮ ਹੋ ਜਾਊ? ਇਸ ਦਾ ਕੋਈ ਇਲਾਜ ਨਹੀਂ ਹੈ, ਮਨਪ੍ਰੀਤ," ਜੀਤ ਦੇ ਰੋਣ ਦੀ ਆਵਾਜ਼ ਹੋਰ ਉੱਚੀ ਹੋ ਗਈ।

ਭਰਾ ਨੇ ਜੀਤ ਨੂੰ ਆਪਣੇ ਨਾਲ ਘੁੱਟਦਿਆਂ ਕਿਹਾ,"ਜੀਤ, ਤੂੰ ਹੀ ਸਾਰਿਆਂ ਨੂੰ ਸੰਭਾਲਣੈਂ। ਜੇ ਤੂੰ ਆਪ ਹੀ ਦਿਲ ਛੱਡ ਗਿਆ ਤਾਂ ਮਨਪ੍ਰੀਤ ਤੇ ਸੂਰਜ ਦਾ ਕੌਣ ਖਿਆਲ ਰੱਖੇਗਾ? ਹਿੰਮਤ ਕਰ, ਸੂਰਜ ਜਿੰਨਾਂ ਚਿਰ ਸਾਡੇ ਕੋਲ ਹੈ, ਉਸ ਨੂੰ ਖੁਸ਼ੀਆਂ ਦੇਈਏ।"

ਜਦ ਉਨ੍ਹਾਂ ਦਾ ਰੋਣਾ ਟਾਵੇਂ-ਟਾਵੇਂ ਹਾਉਕਿਆਂ 'ਚ ਬਦਲਿਆ ਤਾਂ ਕੰਬਦੀ ਆਵਾਜ਼ 'ਚ ਮਨਪ੍ਰੀਤ ਬੋਲੀ, "ਸੂਰਜ ਨੂੰ ਕਿਵੇਂ ਦੱਸਾਂਗੇ?"

ਜੀਤ ਨੇ ਉਸ ਵੱਲ ਵੇਖਿਆ ਜਿਵੇਂ ਉਸ ਨੂੰ ਆਪ ਨਾ ਸਮਝ ਆ ਰਹੀ ਹੋਵੇ ਕਿ ਕੀ ਕੀਤਾ ਜਾਵੇ। ਫਿਰ ਆਪਣੇ ਭਰਾ ਨੂੰ ਪੁੱਛਣ ਲੱਗਾ, "ਕਿਓਂ ਵੀਰ, ਸੂਰਜ ਨੂੰ ਦੱਸੀਏ ਕਿ ਨਾ?"

"ਤੁਸੀਂ ਆਪਣੇ-ਆਪ ਨੂੰ ਸੰਭਾਲੋ ਪਹਿਲਾਂ, ਫੇਰ ਹੌਲੀ-ਹੌਲੀ ਉਸ ਨੂੰ ਦੱਸ ਦੇਵਾਂਗੇ। ਦੱਸਣਾ ਹੀ ਠੀਕ ਰਹੂ," ਭਰਾ ਨੇ ਕਿਹਾ।

ਦੂਸਰੇ ਦਿਨ ਹਸਪਤਾਲ ਜਾਣ ਤੋਂ ਪਹਿਲਾਂ ਜੀਤ ਬੋਲਿਆ, "ਆਪਾਂ ਸੂਰਜ ਸਾਹਮਣੇ ਉਦਾਸ ਨਹੀਂ ਹੋਣਾ।" ਮਨਪ੍ਰੀਤ ਨੇ ਆਪਣੀ ਜੇਠਾਣੀ ਨਾਲ ਗੁਰਦਵਾਰੇ ਜਾ ਕੇ ਸੂਰਜ ਦੀ ਲੰਬੀ ਉਮਰ ਅਤੇ ਤੰਦਰੁਸਤੀ ਦੀ ਅਰਦਾਸ ਕਰਵਾਈ ਅਤੇ ਆਪਣੀ ਉਦਾਸੀ ਲੁਕਾਉਣ ਦਾ ਯਤਨ ਕਰਦੀ ਸੂਰਜ ਕੋਲ ਵਾਪਿਸ ਆ ਗਈ। ਉਸ ਦਾ ਬੁਝਿਆ ਮਨ  ਉਸ ਦੇ ਚੇਹਰੇ ਦਾ ਸਾਥ ਨਾ ਦਿੰਦਾ। ਉਹ ਦੋ ਕੁ ਦਿਨ ਆਪਣੇ-ਆਪ ਨੂੰ ਘੁੱਟੀ-ਵੱਟੀ ਸੂਰਜ ਦੇ ਆਲੇ-ਦੁਆਲੇ ਇਸੇ ਤਰ੍ਹਾਂ ਭਾਉਂਦੀ ਰਹਿੰਦੀ। ਸੂਰਜ ਨਾਲ ਅੱਖ ਮਿਲਾਉਣ ਤੋਂ ਕਤਰਾਉਂਦੀ। ਉਸ ਨੂੰ ਇਸ ਤਰ੍ਹਾਂ ਫਿਰਦੀ ਵੇਖ ਸੂਰਜ ਬੋਲਿਆ, "ਮੌਮ ਤੂੰ ਤਾਂ ਇਓਂ ਸੈਡ ਹੋਈ ਫਿਰਦੀ ਆਂ ਜਿਵੇਂ ਮੈਂ ਇੱਥੇ ਪਏ ਰਹਿਣਾ ਹੈ। ਡੌਂਟ ਵਰੀ ਆਈ 'ਲ ਬੀ ਔਰਾਈਟ।" ਆਪਣੀਆਂ ਭਰੀਆਂ ਅੱਖਾਂ ਸੂਰਜ ਤੋਂ ਛੁਪਾਉਣ ਦਾ ਯਤਨ ਕਰਦੀ ਉਹ ਵਾਸ਼ਰੂਮ ਵਿੱਚ ਵੜ ਗਈ।

''ਹਾਂ, ਐਵੇਂ ਹੀ ਸੈਡ ਹੋਈ ਫਿਰਦੀ ਐ,'' ਜੀਤ ਨੇ ਹਾਮੀ ਭਰੀ। ਪਰ ਅਗਲੇ ਦਿਨ ਉਸ ਨੇ ਬਹੁਤ ਹੀ ਸਹਿਜ ਹੋ ਕੇ ਸੂਰਜ ਨੂੰ ਪੁੱਛਿਆ, ''ਸੂਰਜ ਠੀਕ ਹੋ ਕੇ ਤੇਰੀ ਕੀ ਇੱਛਾ ਹੈ? ਕਿੱਥੇ ਜਾਣਾ ਚਾਹੇਂਗਾ? ਹਵਾਈ, ਲਾਸ ਵੇਗਸ ਜਾਂ ਕਿਤੇ ਹੋਰ?'' ਸੁਣ ਕੇ ਮਨਪ੍ਰੀਤ ਦੇ ਅੰਦਰ ਇੱਕ ਚੀਸ ਉੱਠੀ ਅਤੇ ਉਸ ਨੇ ਆਪਣਾ ਮੂੰਹ ਦੂਜੇ ਪਾਸੇ ਕਰ ਲਿਆ।

''ਸਕੂਲ। ਆਈ ਹੈਵ ਟੂ ਕੈਚਅੱਪ ਔਨ ਆਲ ਮਾਈ ਹੋਮਵਰਕ,'' ਸੂਰਜ ਨੇ ਜਵਾਬ ਦਿੱਤਾ।

''ਮੇਰਾ ਮਤਲਬ ਸਕੂਲ ਤੋਂ ਬਿਨਾਂ, ਜੇ ਮੈਂ ਤੈਨੂੰ ਕਹਾਂ ਕਿ ਸਕੂਲ ਨੂੰ ਰਹਿਣ ਦੇ ਸਾਲ ਭਰ ਮੌਜ-ਮਸਤੀ ਕਰ। ਦੈਨ, ਵੱਟ ਵੁੱਡ ਯੂ ਲਾਈਕ ਟੂ ਡੂ?''

''ਬੱਟ, ਵਾਏ ਡੈਡ? ਟੈੱਲ ਮੀ ਫਰੈਂਕਲੀ ਵੱਟਸ ਦਾ ਮੈਟਰ?'' ਸੂਰਜ ਭਾਣੇ ਅਪ੍ਰੇਸ਼ਨ ਹੋ ਚੁੱਕਿਆ ਸੀ। ਉਸ ਨੂੰ ਸਮਝ ਨਾ ਲੱਗੀ ਕਿ ਜੀਤ ਕਿਓਂ ਬੁਝਾਰਤਾਂ ਜਿਹੀਆਂ ਪਾ ਰਿਹਾ ਸੀ। ''ਮੈਂ ਤਾਂ ਐਵੇਂ ਹੀ ਕਿਹਾ ਸੀ ਕਿ ਤੂੰ ਬੀਮਾਰੀ ਕਾਰਣ ਐਨਾ ਔਖਾ ਹੋਇਐਂ। ਕੁਝ ਦੇਰ ਰੀਲੈਕਸ ਕਰ ਲੈ,'' ਆਖ ਜੀਤ ਚੁੱਪ ਕਰ ਗਿਆ। ਪਰ ਅਗਲੇ ਦਿਨ ਸਵੇਰੇ ਜਦ ਜੀਤ ਦਾ ਭਰਾ ਸੂਰਜ ਦਾ ਪਤਾ ਲੈਣ ਆਇਆ ਤਾਂ ਜੀਤ ਨੇ ਸੂਰਜ ਦਾ ਹੱਥ ਆਪਣੇ ਹੱਥਾਂ 'ਚ ਲੈ ਲਿਆ ਅਤੇ ਦਿਲ ਕਰੜਾ ਕਰਕੇ ਬੋਲਿਆ, ''ਯੂਅਰ ਕੈਂਸਰ ਇਜ਼ ਟਰਮੀਨਲ।''

ਜੀਤ ਦਾ ਭਰਾ ਸੂਰਜ ਦੇ ਨੇੜੇ ਹੋ ਕੇ ਬੈਠਦਾ ਬੋਲਿਆ, ''ਡੌਂਟ ਵਰੀ ਸੂਰਜ, ਅਸੀਂ ਸਾਰੇ ਤੇਰੇ ਨਾਲ ਹਾਂ। ਕੁਝ ਨਹੀਂ ਹੋਣ ਦਿੰਦੇ ਤੈਨੂੰ।''

ਸੂਰਜ ਨੇ ਉਸ ਵੱਲ ਵੇਖਿਆ ਅਤੇ ਚੁੱਪ ਕਰ ਗਿਆ। ਜੀਤ ਅਤੇ ਉਸ ਦਾ ਭਰਾ ਬਹੁਤ ਦੇਰ ਸੂਰਜ ਨੂੰ ਦਿਲਾਸੇ ਦਿੰਦੇ ਰਹੇ। ਉਹ ਚੁੱਪ-ਚਾਪ ਸੁਣਦਾ ਰਿਹਾ। ਸਾਰਾ ਦਿਨ ਹੀ ਕੁਝ ਨਾ ਬੋਲਿਆ। ਅੱਖਾਂ ਟੱਡੀ ਕਮਰੇ ਦੀ ਛੱਤ ਵੱਲ ਵੇਖਦਾ ਰਿਹਾ ਜਿਵੇਂ ਕੁਝ ਸੋਚ ਰਿਹਾ ਹੋਵੇ।

ਉਸ ਨੂੰ ਇਸ ਤਰ੍ਹਾਂ ਪਏ ਨੂੰ ਵੇਖ ਮਨਪ੍ਰੀਤ ਨੇ ਹਾਉਕਾ ਲੈ ਕੇ ਕਿਹਾ, ''ਜੀਤ, ਕਿਓਂ ਦੱਸਿਆ ਸੀ ਐਵੇਂ? ਵੇਖ ਕਿਵੇਂ ਚੁੱਪ ਵੱਟ ਗਿਐ।''

''ਇੱਕ ਦਿਨ ਤਾਂ ਉਸ ਨੂੰ ਪਤਾ ਲੱਗਣਾ ਹੀ ਸੀ, ਮੈਂ ਬਹੁਤੀ ਦੇਰ ਉਸ ਨੂੰ ਭੁਲੇਖੇ 'ਚ ਨਹੀਂ ਸੀ ਰੱਖਣਾ ਚਾਹੁੰਦਾ। ਤੂੰ ਚਿੰਤਾ ਨਾ ਕਰ, ਉਹ ਸੰਭਲ ਜਾਵੇਗਾ,'' ਜੀਤ ਨੇ ਹੌਸਲਾ ਦਿੱਤਾ। ਰਾਤ ਤੱਕ ਸੱਚ ਹੀ ਸੂਰਜ ਸੰਭਲ ਕੇ ਜੀਤ ਨੂੰ ਪੁੱਛਣ ਲੱਗਾ, ''ਹਾਓ ਲੌਂਗ ਕੈਨ ਆਈ ਐਕਸਪੈਕਟ ਟੂ ਲਿਵ?'' ਸੁਣ ਕੇ ਮਨਪ੍ਰੀਤ ਦਾ ਅੰਦਰ ਕੁਰਲਾ ਉਠਿਆ। ਉਸ ਦੀ ਧਾਹ ਨਿਕਲਣ ਲੱਗੀ ਪਰ ਜੀਤ ਨੇ ਆਪਣਾ ਇੱਕ ਹੱਥ ਮਨਪ੍ਰੀਤ ਦੇ ਮੋਢੇ 'ਤੇ ਫੇਰਿਆ ਅਤੇ ਦੂਜੇ ਹੱਥ ਨਾਲ ਸੂਰਜ ਦਾ ਹੱਥ ਘੁੱਟਦੇ ਹੋਏ ਬੋਲਿਆ, ''ਬਹੁਤ ਐ, ਡੌਂਟ ਵਰੀ, ਡਾਕਟਰ ਤਾਂ ਐਵੇਂ ਅਨੁਮਾਨ ਜੇਹੇ ਲਾਉਂਦੇ ਹੁੰਦੇ ਆ।''

''ਕਿੰਨਾਂ ਚਿਰ ਕਿਹੈ ਡੌਕਟਰ ਨੇ,'' ਸੂਰਜ ਨੇ ਆਵਾਜ਼ 'ਤੇ ਜ਼ੋਰ ਦੇ ਕੇ ਕਿਹਾ।

''ਸਾਲ,'' ਆਖਦੇ ਜੀਤ ਨੇ ਸੂਰਜ ਦੇ ਕੇਸਾਂ 'ਚ ਹੱਥ ਫੇਰਿਆ।

ਉਹ ਕੁਝ ਦੇਰ ਜੀਤ ਵੱਲ ਵੇਖਦਾ ਰਿਹਾ। ਫਿਰ ਬੋਲਿਆ, ''ਓ ਗੁੱਡ, ਮੇਰੇ ਕੋਲ ਸਾਲ ਹੈ, ਗ੍ਰੈਜੂਏਟ ਹੋਣ ਲਈ ਤਾਂ ਸਿਰਫ ਦੋ ਮਹੀਨੇ ਹੀ ਹੋਰ ਚਾਹੀਦੇ ਹਨ। ਆਈ ਵਾਂਟ ਟੂ ਗ੍ਰੈਜੂਏਟ।''

ਹਸਪਤਾਲ ਤੋਂ ਆ ਕੇ ਸੂਰਜ ਸਕੂਲ ਜਾਣ ਲੱਗ ਪਿਆ ਸੀ। ਕਦੇ-ਕਦੇ ਉਲਟੀਆਂ ਲੱਗ ਜਾਂਦੀਆਂ ਤਾਂ ਡਾਕਟਰਾਂ ਨੇ ਦਵਾਈਆਂ ਦੇ ਰੱਖੀਆਂ ਸਨ। ਜੇ ਹਾਲਤ ਜ਼ਿਆਦਾ ਵਿਗੜਦੀ ਤਾਂ ਹਸਪਤਾਲ ਜਾ ਆਉਂਦੇ। ਜਦ ਵੀ ਵਕਤ ਮਿਲਦਾ ਸੂਰਜ ਕਿਤਾਬਾਂ 'ਚ ਰੁੱਝ ਜਾਂਦਾ। ਕਿਤਾਬਾਂ 'ਚ ਰੁੱਝੇ ਨੂੰ ਜਦ ਮਨਪ੍ਰੀਤ ਆਖਦੀ, ''ਸੂਰਜ ਵੇਖ ਤੇਰੀ ਸੇਹਤ ਇਜਾਜ਼ਤ ਨਹੀਂ ਦਿੰਦੀ, ਤੂੰ ਆਰਾਮ ਕਰ।''

''ਮੈਂ ਟੌਪ 'ਤੇ ਰਹਿ ਕੇ ਹੀ ਗ੍ਰੈਜੂਏਟ ਹੋਣਾ ਹੈ,'' ਸੂਰਜ ਦਾ ਜਵਾਬ ਹੁੰਦਾ। ਪ੍ਰੋਵੈਨਸ਼ੀਅਲ ਇਮਤਿਹਾਨਾਂ ਦੇ ਦੌਰਾਨ ਹੀ ਉਸ ਦੀ ਸੇਹਤ ਫਿਰ ਵਿਗੜਨੀ ਸ਼ੁਰੂ ਹੋ ਗਈ ਸੀ। ਪਰ ਉਸ ਨੇ ਇਮਤਿਹਾਨ ਦਿੱਤੇ ਸਨ। ਇਮਤਿਹਾਨਾਂ ਤੋਂ ਬਾਅਦ ਉਸ ਨੂੰ ਫਿਰ ਹਸਪਤਾਲ ਦਾਖਿਲ ਹੋਣਾ ਪਿਆ ਸੀ। ਉਲਟੀਆਂ ਦਵਾਈਆਂ ਨਾਲ ਵੀ ਨਹੀਂ ਸੀ ਰੁਕਦੀਆਂ। ਉੱਥੇ ਆ ਕੇ ਹੀ ਰੌਡ ਮਨਰੋ ਨੇ ਖਬਰ ਸੁਣਉਂਦਿਆਂ ਕਿਹਾ ਸੀ, ''ਸੂਰਜ, ਤੂੰ ਆਪਣਾ ਨਿਸ਼ਾਨਾ ਪੂਰਾ ਕਰ ਲਿਆ ਹੈ।''

''ਟੌਪ 'ਤੇ ਰਹਿ ਕੇ?'' ਸੂਰਜ ਦਾ ਪ੍ਰਸ਼ਨ ਸੀ।

''ਜਿਹੜੀ ਹਾਲਤ 'ਚ ਤੂੰ ਇਮਤਿਹਾਨ ਲਿਖੇ ਸਨ, ਉਹ ਕਿਸੇ ਵੀ ਪਹਿਲੇ ਸਥਾਨ ਤੋਂ ਕਿਤੇ ਉੱਪਰ ਸਨ।'' ਸੁਣ ਕੇ ਸੂਰਜ ਚੁੱਪ ਕਰ ਗਿਆ।

''ਖੁਸ਼ ਹੋ, ਇਹ ਬਹੁਤ ਵੱਡੀ ਖੁਸ਼ੀ ਹੈ,'' ਆਖ ਰੌਡ ਮਨਰੋ ਇੱਕ ਪੈਕਟ ਸੂਰਜ ਵੱਲ ਵਧਾ ਕੇ ਬੋਲਿਆ, ''ਤੇਰੇ ਵਰਗੇ ਹੀ ਇੱਕ ਬਹਾਦਰ ਲੜਕੇ ਦੀ ਦਾਸਤਾਨ।''

''ਧੰਨਵਾਦ ਮਿਸਟਰ ਮਨਰੋ,'' ਆਖ ਸੂਰਜ ਨੇ ਪੈਕਟ ਖੋਲ੍ਹਿਆ ਅਤੇ 'ਟੈਰੀ ਫੌਕਸ'' ਸਿਰਲੇਖ ਵਾਲੀ ਕਿਤਾਬ ਨੂੰ ਵੇਖ ਫੇਰ ਬੋਲਿਆ, ''ਬਹੁਤ-ਬਹੁਤ ਧੰਨਵਾਦ।''

ਮਾਈਕ ਅੱਗੇ ਖੜ੍ਹਾ ਰੌਡ ਮਨਰੋ ਬੋਲ ਰਿਹਾ ਸੀ----- ਸੂਰਜ ਟੈਰੀ ਫੌਕਸ ਤੋਂ ਬਹੁਤ ਪ੍ਰਭਾਵਿਤ ਸੀ। ਜਿਹੜੇ ਲੋਕ ਪਿਛਲੇ ਸਾਲ ਸੂਰਜ ਵੱਲੋਂ ਵਜਾਏ ਢੋਲ ਦੌਰਾਨ ਇੱਥੇ ਹਾਜ਼ਰ ਸਨ, ਉਨ੍ਹਾਂ ਨੂੰ ਪਤਾ ਹੈ ਕਿ ਉਸ ਵੇਲੇ ਸੂਰਜ ਦੀ ਸਰੀਰਕ ਹਾਲਤ

ਇਹ ਸੀ ਕਿ ਉਸ ਨੂੰ ਵਾਸ਼ਰੂਮ ਤੱਕ ਵੀ ਸਹਾਰਾ ਦੇ ਕੇ ਲਿਜਾਣਾ ਪੈਂਦਾ ਸੀ ਪਰ ਉਸ ਨੇ ਬਹੁਤ ਦ੍ਰਿੜ੍ਹਤਾ ਨਾਲ ਢੋਲ ਵਜਾਇਆ ਸੀ—ਉਸ ਦਿਨ ਤੋਂ ਵੀਹ ਦਿਨ ਬਾਅਦ ਸੂਰਜ ਸਾਡੇ ਵਿੱਚੋਂ ਅਠਾਰਾਂ ਸਾਲ ਦੀ ਉਮਰ ਵਿੱਚ ਤੁਰ ਗਿਆ ਸੀ ਪਰ ਸਾਡੇ ਲਈ ਇੱਕ ਕੰਮ ਸ਼ੁਰੂ ਕਰ ਗਿਆ ਹੈ, ਜਿਸ ਨੂੰ ਅਸੀਂ ਕਰਦੇ ਰਹਿਣਾ ਹੈ। ਧੰਨਵਾਦ,'' ਆਖ ਰੌਡ ਮਨਰੋ ਸਟੇਜ ਤੋਂ ਥੱਲੇ ਉੱਤਰ ਗਿਆ। ਅਤੇ ਹੋਰ ਬੁਲਾਰੇ ਬੋਲਣ ਲੱਗੇ।

ਮਨਪ੍ਰੀਤ ਨੂੰ ਯਾਦ ਆਇਆ ਕਿ ਟੈਰੀ ਫੌਕਸ ਦੀ ਜੀਵਨੀ ਪੜ੍ਹ ਕੇ ਸੂਰਜ ਨੇ ਕਿਤਾਬ ਆਪਣੀ ਹਿੱਕ 'ਤੇ ਰੱਖ ਲਈ ਸੀ ਅਤੇ ਬੋਲਿਆ ਸੀ, ''ਗ੍ਰੇਟ ਗਾਏ।''

''ਹਾਂ, ਗ੍ਰੇਟ ਤਾਂ ਸੀਗਾ ਹੀ,'' ਆਖ ਕੇ ਮਨਪ੍ਰੀਤ ਨੇ ਕਿਤਾਬ ਸੂਰਜ ਤੋਂ ਫੜ ਲਈ। ਮਨਪ੍ਰੀਤ ਦੀ ਨਿਗ੍ਹਾ ਕਿਤਾਬ ਦੀ ਜਿਲਦ ਉੱਪਰ ਹੀ ਅਟਕ ਗਈ, ਜਿਸ ਉੱਪਰ ਟੈਰੀ ਫੌਕਸ ਦੀ ਤਸਵੀਰ ਸੀ ਅਤੇ ਨਾਲ ਲਿਖਿਆ ਹੋਇਆ ਸੀ, 'ਕੈਂਸਰ ਦਾ ਇਲਾਜ ਲੱਭਣ ਲਈ ਸਾਰੇ ਕਨੇਡਾ 'ਚੋਂ ਫੰਡ ਇੱਕਠਾ ਕਰਨ ਵਾਸਤੇ ਇੱਕ ਲੱਤ ਨਾਲ ਇੱਕ ਸੌ ਤਰਤਾਲੀ ਦਿਨਾਂ 'ਚ ਪੰਜ ਹਜ਼ਾਰ ਤਿੰਨ ਸੌ ਤਿਹੱਤਰ ਕਿਲੋਮੀਟਰ ਦੌੜਣ ਵਾਲੇ ਇੱਕ ਬਹਾਦਰ ਲੜਕੇ ਦੀ ਦਾਸਤਾਨ, ਜਿਹੜਾ ਇਸ ਦੁਨੀਆ ਵਿੱਚ ਸਿਰਫ ਬਾਈ ਸਾਲ ਰਿਹਾ।' ਕਿਤਾਬ ਨਿਹਾਰਦੀ ਮਨਪ੍ਰੀਤ ਦੇ ਅੰਦਰੋਂ ਹਾਉਕਾ ਨਿਕਲਿਆ ਅਤੇ ਉਸ ਨੇ ਸੋਚਿਆ, 'ਓਹਦੀ ਮਾਂ ਕਿਵੇਂ ਜਿਉਂਦੀ ਹੋਵੇਗੀ ਆਪਣੇ ਜਵਾਨ ਪੁੱਤ ਦੀ ਮੌਤ ਤੋਂ ਬਆਦ?' ਮਨਪ੍ਰੀਤ ਦੀਆਂ ਅੱਖਾਂ ਭਿੱਜਣ ਲੱਗੀਆਂ। ਕਮਰੇ ਅੰਦਰ ਆਏ ਜੀਤ ਦੀ ਪੈੜ-ਚਾਲ ਸੁਣ ਕੇ ਉਸ ਨੇ ਅੱਖਾਂ ਪੂੰਝ ਲਈਆਂ ਅਤੇ ਸੂਰਜ ਵੱਲ ਵੇਖਿਆ। ਉਹ ਅੱਖਾਂ ਮੀਚੀ ਪਿਆ ਸੀ।''ਕਿਓਂ ਬਈ ਸ਼ੇਰਾ, ਸੁੱਤਾ ਪਿਐਂ?'' ਜੀਤ ਬੋਲਿਆ।

''ਨਹੀਂ, ਮੈਂ ਕੁਝ ਥਿੰਕ ਕਰਦੈਂ,'' ਸੂਰਜ ਨੇ ਅੱਖਾਂ ਖੋਹਲਦੇ ਨੇ ਕਿਹਾ।

''ਕੀ ਬਈ, ਸਾਨੂੰ ਵੀ ਦੱਸ,'' ਜੀਤ ਉਸ ਦੇ ਸਾਹਮਣੇ ਕੁਰਸੀ 'ਤੇ ਬੈਠਦਾ ਬੋਲਿਆ।

ਸੂਰਜ ਆਪਣੇ ਦਿਲ ਦੀ ਗੱਲ ਦੱਸਣ ਲੱਗਾ। ਸੁਣ ਕੇ ਮਨਪ੍ਰੀਤ ਬੋਲੀ, ''ਸੂਰਜ, ਤੂੰ ਆਪਣੀ ਸੇਹਤ ਦਾ ਧਿਆਨ ਰੱਖ।'' ਪਰ ਸੂਰਜ ਦੀਆਂ ਅੱਖਾਂ ਦੀ ਚਮਕ ਵੇਖ ਕੇ ਜੀਤ ਨੇ ਕਿਹਾ, ''ਆਪਾਂ ਡਾਕਟਰਾਂ ਤੋਂ ਪੁੱਛ ਕੇ ਵੇਖਾਂਗੇ।''

''ਡੌਕਟਰਸ ਨੂੰ ਕੀ ਪੁੱਛਣੈਂ? ਆਈ ਕੈਨ ਹੈਂਡਲ ਇੱਟ,'' ਸੂਰਜ ਦੀ ਆਵਾਜ਼ 'ਚ ਉਤਸ਼ਾਹ ਸੀ।

ਫਿਰ ਡਾਕਟਰਾਂ ਦੀ ਸਲਾਹ ਨਾਲ ਉਨ੍ਹਾਂ ਪੰਦਰਾਂ ਦਿਨਾਂ 'ਚ ਹੀ ਫੰਡ ਰੇਜ਼ਿੰਗ ਡਿਨਰ ਦਾ ਪ੍ਰਬੰਧ ਕਰ ਲਿਆ ਸੀ। ਸੂਰਜ ਦੇ ਅਧਿਆਪਕ ਰੌਡ ਮਨਰੋ ਨੇ ਪ੍ਰੋਗਰਾਮ ਸ਼ੁਰੂ ਕਰਦਿਆਂ ਆਪਣੇ ਭਾਸ਼ਣ 'ਚ ਕਿਹਾ ਸੀ, ''ਸੂਰਜ ਮੇਰੇ ਸਕੂਲ ਦਾ ਮਾਣ ਹੈ। ਸਕੂਲ ਦੇ ਹਰ ਲੋਕ-ਭਲਾਈ ਪ੍ਰੋਗਰਾਮ ਵਿੱਚ ਇਸ ਨੇ ਸਭ ਤੋਂ ਅੱਗੇ ਹੋ ਕੇ ਫੰਡ ਇੱਕਠਾ ਕੀਤਾ ਹੈ। ਉਸ ਦੇ ਇਸੇ ਸੁਭਾਅ ਕਰਕੇ ਹੀ ਅੱਜ ਫੰਡ ਇੱਕਠਾ ਕਰਨ ਲਈ ਇਸ ਡਿਨਰ ਦਾ ਪ੍ਰਬੰਧ ਹੋਇਆ ਹੈ। ਸੂਰਜ ਨੇ ਮਸ਼ਹੂਰ ਹੋਣ ਲਈ ਇਸ ਡਿਨਰ ਦਾ ਪ੍ਰਬੰਧ ਨਹੀਂ ਕਰਵਾਇਆ। ਉਹ ਇੰਡੀਆ 'ਚ ਮੰਗ ਕੇ ਗੁਜ਼ਾਰਾ ਕਰਨ ਵਾਲੇ ਬੇਸਹਾਰਾ ਬੱਚਿਆਂ ਲਈ ਕੁਝ ਕਰਨਾ ਚਾਹੁੰਦਾ ਹੈ। ਟੈਰੀ ਫੌਕਸ ਬਾਰੇ ਪੜ੍ਹ ਕੇ ਉਸ ਨੇ ਸੋਚਿਆ ਕਿ ਉਹ ਢੋਲ ਰਾਹੀਂ ਉਨ੍ਹਾਂ ਬੱਚਿਆਂ ਲਈ ਇੱਕ ਅਜੇਹੀ ਥਾਂ ਬਣਾਉਣ ਲਈ ਫੰਡ ਇੱਕਠਾ ਕਰਨ ਦੀ ਸ਼ੁਰੂਆਤ ਕਰ ਸਕਦਾ ਹੈ, ਜਿੱਥੇ ਰਹਿ ਕੇ ਉਹ ਪੜ੍ਹ ਸਕਣ। ਸੂਰਜ ਨੇ ਇਸ ਦੀ ਸ਼ੁਰੂਆਤ ਕੀਤੀ ਹੈ, ਜਿਸ ਨੂੰ ਅਸੀਂ ਜਾਰੀ ਰੱਖਣਾ ਹੈ। ਇਹੀ ਸੂਰਜ ਦੀ ਇੱਛਾ ਹੈ।''

ਰੌਡ ਮਨਰੋ ਦੇ ਸ਼ਬਦ ਕੰਨੀ ਪੈਂਦਿਆਂ ਹੀ ਮਨਪ੍ਰੀਤ ਦੀਆਂ ਅੱਖਾਂ ਅੱਗੇ ਸੈਕਿੰਡ ਗ੍ਰੇਡ ਵੇਲੇ ਦਾ ਸੂਰਜ ਘੁੰਮ ਗਿਆ ਸੀ, ਜਿਸ ਨੇ ਆਪਣੇ ਪਿੱਗੀ ਬੈਂਕ ਵਿੱਚ ਨੈਨਟਿੰਡੋ ਲੈਣ ਲਈ ਜੋੜੇ ਸਾਰੇ ਪੈਸੇ ਸਕੂਲ ਵੱਲੋਂ ਘੱਟ ਕਿਸਮਤ ਵਾਲੇ ਬੱਚਿਆਂ ਲਈ ਇੱਕਠੇ ਕੀਤੇ ਜਾ ਰਹੇ ਫੰਡ ਲਈ ਦੇ ਦਿੱਤੇ ਸਨ।

'ਆ ਜਾ ਫਿਰ ਸ਼ੇਰਾ' ਜਦ ਜੀਤ ਦਾ ਗੜ੍ਹਕਾ ਮਨਪ੍ਰੀਤ ਨੇ ਸੁਣਿਆ, ਉਸ ਦਾ ਧਿਆਨ ਪਰਤਿਆ ਸੀ। ਉਸ ਨੇ ਸੂਰਜ ਨੂੰ ਸਹਾਰਾ ਦੇ ਕੇ ਉਠਾਉਣ ਦੀ ਕੋਸ਼ਿਸ਼ ਕੀਤੀ ਪਰ ਸੂਰਜ ਨੇ ਉਸ ਦੀਆਂ ਬਾਹਾਂ ਪਾਸੇ ਕਰ ਦਿੱਤੀਆਂ ਅਤੇ ਸਟੇਜ ਵੱਲ ਵਧਣ ਲੱਗਾ। ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਸਟੈਂਡ ਉੱਪਰ ਰੱਖੇ ਢੋਲ ਦੇ ਪਿੱਛੇ ਖੜ੍ਹੇ ਸੂਰਜ ਨੇ ਡਗਾ ਅਤੇ ਤੀਲੀ ਚੁੱਕੇ ਅਤੇ ਦੋਹਾਂ ਬਾਹਾਂ ਨੂੰ ਫੈਲਾਇਆ ਜਿਵੇਂ ਆਪਣੇ ਸੱਜੇ-ਖੱਬੇ ਖੜ੍ਹੇ ਦੋਹਾਂ ਦੋਸਤਾਂ ਨੂੰ ਕਿਹਾ ਹੋਵੇ, 'ਹੋ ਜੋ ਪਾਸੇ, ਮੈਂ ਨੀ ਡਿੱਗਦਾ'। ਸੂਰਜ ਨੇ ਡਗਾ ਲਾਇਆ ਅਤੇ ਪੂਰੇ ਦੋ ਮਿੰਟ ਢੋਲ ਵਜਾਉਂਦਾ ਰਿਹਾ। ਜਦ ਢੋਲ 'ਤੇ ਉਸ ਦੀ ਥਾਪ ਧੀਮੀ ਪੈਣ ਲੱਗੀ ਉਸ ਦੇ ਖੱਬੇ-ਸੱਜੇ ਖੜ੍ਹੇ ਦੋਸਤਾਂ ਨੇ ਉਸ ਨੂੰ ਪਕੜ ਲਿਆ। ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਸੂਰਜ ਨੂੰ ਹਸਪਤਾਲ ਵੱਲ ਵਾਪਿਸ ਲੈ ਜਾਇਆ ਜਾ ਚੁੱਕਾ ਸੀ ਅਤੇ ਹਾਲ ਵਿੱਚ ਲੋਕ ਦਿਲ ਖੋਲ੍ਹ ਕੇ ਦਾਨ ਦੇ ਰਹੇ ਸਨ।

ਪਰ ਉਹ ਤਾਂ ਪਿਛਲੇ ਸਾਲ ਦੀ ਗੱਲ ਸੀ, ਜਦ ਸੂਰਜ ਉਨ੍ਹਾਂ ਦੇ ਨਾਲ ਸੀ। ਹੁਣ ਤਾਂ ਕੇਵਲ ਸੂਰਜ ਦੀ ਫੋਟੋ ਸੀ ਅਤੇ ਸੂਰਜ ਵਾਲੀ ਥਾਂ ਗਲ ਵਿੱਚ ਢੋਲ ਪਾਈ ਜੀਤ ਖੜ੍ਹਾ ਸੀ। ''ਹੁਣ ਢੋਲ ਨਾਲ ਜੀਤ ਤੁਹਾਡੇ ਸਨਮੁਖ ਹੈ,'' ਸਟੇਜ ਸੈਕਟਰੀ ਦੇ ਬੋਲ ਮਨਪ੍ਰੀਤ ਦੇ ਕੰਨੀਂ ਪਏ। ''ਜੀਤ ਨੇ ਪਿਛਲੇ ਸਾਲ ਦੌਰਾਨ ਬਹੁਤ ਮੇਹਨਤ ਕੀਤੀ ਹੈ। ਇਸ ਵਾਰ ਇਸ ਨੂੰ ਬੱਚਿਆਂ ਦੀ ਟੀਮ ਵੀ ਤਿਆਰ ਕਰਨੀ ਪਈ ਜਿਹੜੀ, ਪਹਿਲਾਂ ਸੂਰਜ ਤਿਆਰ ਕਰਦਾ ਸੀ,'' ਸਟੇਜ ਸੈਕਟਰੀ ਬੋਲ ਰਿਹਾ ਸੀ।

ਮਨਪ੍ਰੀਤ ਨੇ ਸੂਰਜ ਦੀ ਫੋਟੋ ਵੱਲ ਵੇਖਿਆ ਉਸ ਨੂੰ ਲੱਗਾ ਜਿਵੇਂ ਸੂਰਜ ਉਸ ਨੂੰ ਕੁਝ ਆਖ ਰਿਹਾ ਹੋਵੇ। ਫਿਰ ਉਸ ਨੂੰ ਜੀਤ ਦੇ ਬੋਲ ਚੇਤੇ ਆਏ। ਉਸ ਕਿਹਾ ਸੀ, ''ਮਨਪ੍ਰੀਤ, ਦੱਸ ਮੈਂ ਤੈਨੂੰ ਸੰਭਾਲਾਂ ਜਾਂ ਸੂਰਜ ਨਾਲ ਕੀਤਾ ਪ੍ਰੌਮੈਸ ਪੂਰਾ ਕਰਾਂ। ਸੂਰਜ

ਦੀ ਇੱਛਾ ਸੀ ਕਿ ਭੰਗੜੇ ਦੀਆਂ ਟੀਮਾਂ ਤਿਆਰ ਕਰਦਾ ਰਹਾਂ। ਪਰ ਜਦੋਂ ਮੈਂ ਘਰ ਨਹੀਂ ਹੁੰਦਾ ਤਾਂ ਤੇਰੀ ਚਿੰਤਾ ਖਾਂਦੀ ਰਹਿੰਦੀ ਹੈ ਕਿ ਕੀ ਪਤਾ ਕਿਵੇਂ ਹੋਵੇਂਗੀ। ਨਾ ਤੂੰ ਆਪਣੇ-ਆਪ ਕੁਝ ਖਾਵੇਂ-ਪੀਵੇਂ, ਨਾ ਕਿੱਧਰੇ ਜਾਵੇਂ। ਐਂ ਕਿਵੇਂ ਜ਼ਿੰਦਗੀ ਚੱਲੂ?''

''ਕਾਹਦੇ ਪਿੱਛੇ ਜਿਉਣੈ ਹੁਣ?'' ਮਨਪ੍ਰੀਤ ਦੀ ਆਵਾਜ਼ 'ਚ ਅੰਤਾਂ ਦਾ ਦਰਦ ਸੀ।

''ਸੂਰਜ ਨਾਲ ਕੀਤੇ ਵਾਅਦਿਆਂ ਨੂੰ ਨਿਭਾਉਣ ਲਈ,''

''ਮੇਰਾ ਨੀ ਜੀਅ ਕਰਦਾ ਕੁਝ ਕਰਨ ਨੂੰ,'' ਮਨਪ੍ਰੀਤ ਨੇ ਮਰੀ ਜਿਹੀ ਆਵਾਜ਼ 'ਚ ਕਿਹਾ।

ਮਨਪ੍ਰੀਤ ਦੇ ਕੰਨਾਂ ਨਾਲ ਢੋਲ ਦੀ ਆਵਾਜ਼ ਟਕਰਾਈ। ਹਾਲ ਵਿਚਲੀਆਂ ਰੋਸ਼ਨੀਆਂ ਮੱਧਮ ਹੋ ਗਈਆਂ। ਜੀਤ ਉੱਪਰ ਰੋਸ਼ਨੀ ਪੈ ਰਹੀ ਸੀ। ਉਹ ਅੱਖਾਂ ਮੀਚ ਢੋਲ ਵਜਾ ਰਿਹਾ ਸੀ। ਮਨਪ੍ਰੀਤ ਨੇ ਸੂਰਜ ਦੀ ਤਸਵੀਰ ਵੱਲ ਵੇਖਿਆ। ਉਸ ਨੂੰ ਲੱਗਾ ਜਿਵੇਂ ਸੂਰਜ ਆਖ ਰਿਹਾ ਹੋਵੇ, 'ਮੰਮ ਮੈਂ ਤੇਰਾ ਵੀ ਤਾਂ ਪੁੱਤ ਹਾਂ, ਕੀ ਸਾਰਾ ਕੰਮ ਡੈਡੀ ਦੇ ਹੀ ਉੱਪਰ ਸੁੱਟੇਂਗੀ? ਕੁਝ ਤੂੰ ਵੀ ਕਰੇਂਗੀ?' ਮਨਪ੍ਰੀਤ ਨੇ ਆਪਣੀ ਨਜ਼ਰ ਸੂਰਜ ਦੀ ਤਸਵੀਰ ਤੋਂ ਪਾਸੇ ਕਰ ਲਈ। ਪਰ ਉਹ ਬਹੁਤੀ ਦੇਰ ਨਿਗ੍ਹਾ ਪਾਸੇ ਨਾ ਰੱਖ ਸਕੀ ਅਤੇ ਫਿਰ ਤਸਵੀਰ ਵੱਲ ਵੇਖਣ ਲੱਗੀ। ਇਸ ਵਾਰ ਉਸ ਨੂੰ ਲੱਗਾ ਜਿਵੇਂ ਸੂਰਜ ਉਸ ਵੱਲੋਂ ਨਜ਼ਰਾਂ ਫੇਰ ਕੇ ਢੋਲ ਵਜਾ ਰਹੇ ਆਪਣੇ ਡੈਡੀ ਵੱਲ ਵੇਖ ਰਿਹਾ ਹੋਵੇ। ਮਨਪ੍ਰੀਤ ਤੋਂ ਇਹ ਬਰਦਾਸ਼ਤ ਨਾ ਹੋਇਆ। ਉਹ ਹੌਲੀ-ਹੌਲੀ ਉੱਠੀ ਅਤੇ ਉਸ ਨੇ ਸੂਰਜ ਦੀ ਤਸਵੀਰ ਕੋਲ ਪਿਆ ਢੋਲ ਚੁੱਕਿਆ, ਸੂਰਜ ਦੀ ਤਸਵੀਰ ਵੱਲ ਵੇਖਿਆ ਅਤੇ ਜੀਤ ਦੀ ਤਾਲ ਨਾਲ ਤਾਲ ਮਿਲਾਉਣ ਲੱਗੀ। ਢੋਲ ਵਜਾ ਰਹੀ ਮਨਪ੍ਰੀਤ ਦਾ ਚੇਹਰਾ ਦਗਣ ਲੱਗਾ, ਜਿਵੇਂ ਬੈਨਰ ਤੋਂ ਉਦੇ ਹੋ ਰਹੇ ਸੂਰਜ ਦਾ ਚਿੱਤਰ ਸਟੇਜ 'ਤੇ ਖੜ੍ਹੀ ਮਨਪ੍ਰੀਤ ਦੇ ਸਿਰ 'ਤੇ ਆ ਟਿਕਿਆ ਹੋਵੇ। (ਕਹਾਣੀ ਪੰਜਾਬ ਜਨਵਰੀ-ਮਾਰਚ 2006) ●●

# ਰਾਮ ਗਊ

ਮੈਨੂੰ ਅਚਵੀ ਲੱਗੀ ਹੋਈ ਸੀ। ਕਦੇ ਪੈ ਜਾਂਦਾ, ਕਦੇ ਤੁਰਨ ਲੱਗਦਾ ਪਰ ਕੁਲਜੀਤ ਸਾਰੇ ਕੁਝ ਤੋਂ ਬੇਖ਼ਬਰ ਘੂਕ ਸੁੱਤੀ ਪਈ ਸੀ। ਮੈਨੂੰ ਵਾਰ-ਵਾਰ ਕਨੇਡਾ ਆਉਣ 'ਤੇ ਖਿਝ ਚੜ੍ਹ ਰਹੀ ਸੀ। ਕੀ ਘਾਟਾ ਸੀ ਉੱਥੇ, ਸਰਦਾਰੀ ਸੀ ਤੇ ਐਥੇ ਛੋਟੇ ਭਰਾ ਗੁਰਮੇਲ ਵਰਗੇ ਆਖਦੇ ਆ, ''ਜਾ ਰਲਿਆ ਵੱਗ 'ਚ।'' ਵਾਰ ਵਾਰ ਮਨ ਨੂੰ ਸਮਝਾਉਂਦਾ ਰਿਹਾ ਕਿ ਗੁਰਮੇਲ ਦਾ ਸੁਭਾਅ ਹੀ ਮਖੌਲੀਐ, ਪਰ ਗੱਲ ਦਿਮਾਗ 'ਚੋਂ ਨਿਕਲਦੀ ਹੀ ਨਹੀਂ ਸੀ। ਇਹ ਗੱਲ ਉਸਨੇ ਬਹੁਤ ਦਿਨ ਪਹਿਲਾਂ ਜਦੋਂ ਉਸਨੂੰ ਪਤਾ ਲੱਗਾ ਸੀ ਕਿ ਮੈਂ ਸੀਨੀਅਰਜ਼ ਸੈਂਟਰ 'ਚ ਜਾਣ ਲੱਗ ਪਿਆ ਹਾਂ, ਉਦੋਂ ਕਹੀ ਸੀ। ਪਰ ਮੈਨੂੰ ਕਦੇ-ਕਦੇ ਜਦੋਂ ਅਜੇਹੀ ਹੀ ਕੋਈ ਬੇਇੱਜ਼ਤੀ ਵਾਲੀ ਗੱਲ ਯਾਦ ਆ ਜਾਂਦੀ, ਮੈ ਬੇਚੈਨ ਹੋ ਜਾਂਦਾ। 'ਉਂਝ ਗੁਰਮੇਲ ਦੀ ਗੱਲ ਤਾਂ ਠੀਕ ਸੀ' ਮਨ 'ਚ ਖਿਆਲ ਆਇਆ। ਫੇਰ ਸੋਚਿਆ 'ਹੋਰ ਕਰਾਂ ਵੀ ਕੀ?'

ਕੁਲਜੀਤ ਨੇ ਪਾਸਾ ਪਰਤਿਆ। ''ਵਾਹਗੁਰੂ ਵੇਖ ਕਿਵੇਂ ਝੱਖੜ ਝੁੱਲਦੈ,'' ਉਸ ਕਿਹਾ। ਮੈਨੂੰ ਹੈਰਾਨੀ ਹੋਈ ਕਿ ਉਸ ਨੂੰ ਮੇਰੇ ਅੰਦਰ ਝੁੱਲ ਰਹੇ ਝੱਖੜ ਦੀ ਕਿਵੇਂ ਭਿਣਕ ਪੈ ਗਈ। ਬੱਦਲ ਗਰਜਣ ਦੀ ਆਵਾਜ਼ ਸੁਣ ਕੇ ਮੈਨੂੰ ਸਮਝ ਲੱਗੀ ਕਿ ਇਹ ਤਾਂ ਬਾਹਰ ਝੁੱਲ ਰਹੇ ਝੱਖੜ ਦੀ ਗੱਲ ਕਰ ਰਹੀ ਸੀ। ਮੈਂ ਆਪਣੇ -ਆਪ 'ਚ ਗੁਆਚਿਆ ਹੋਇਆ ਸੀ ਬਾਹਰ ਵਾਲੇ ਝੱਖੜ ਦੀ ਮੈਨੂੰ ਸੁਰਤ ਹੀ ਨਹੀਂ ਸੀ। ਤੇਜ਼ ਹਵਾ ਖਿੜਕੀ ਦੇ ਸ਼ੀਸ਼ੇ ਨਾਲ ਟਕਰਾਈ। ਕੁਲਜੀਤ ਉੱਠੀ। ਉਸਨੇ ਨੇ ਬੱਤੀ ਜਗਾਈ। ਮੈਨੂੰ ਸਰਾਹਣੇ ਨਾਲ ਢੋਅ ਲਾਕੇ ਬੈਠਾ ਦੇਖ ਬੋਲੀ , ''ਤੁਸੀਂ ਸੁੱਤੇ ਨੀਂ? ਨੀਂਦ ਨਹੀਂ ਸੀ ਆਉਂਦੀ ਤਾਂ ਮੈਨੂੰ ਜਗਾ ਲੈਣਾ ਸੀ।''

''ਕੁਲਜੀਤ ਇੱਥੇ ਆ ਕੇ ਤਾਂ ਸੱਚੀਂ ਰਾਮਗਊ ਬਣ ਗਿਆਂ,'' ਮੈਂ ਕਿਹਾ।

''ਐਵੇਂ ਨਾ ਪੁੱਠਾ ਸਿੱਧਾ ਸੋਚੀ ਜਾਇਆ ਕਰੋ,'' ਕੁਲਜੀਤ ਨੇ ਕਿਹਾ। ਫੇਰ ਉਹ ਪਰਦਾ ਹਟਾਕੇ ਬਾਹਰ ਦੇਖਦੀ ਬੋਲੀ, ''ਵੇਖੋ ਕਿਵੇਂ ਗੱਜਦੈ, ਜਵਾਂ ਇੰਡੀਆ ਆਂਗੂ।''

''ਇੱਥੇ ਕੋਈ ਹੋਰ ਰੱਬ ਐ?'' ਮੈਂ ਕਿਹਾ।

''ਜੇ ਰੱਬ ਹੋਰ ਨੀਂ ਤਾਂ-----?'' ਆਖਦੀ ਕੁਲਜੀਤ ਚੁੱਪ ਹੋ ਗਈ। ਫੇਰ ਆ ਕੇ ਮੇਰਾ ਮੱਥਾ ਦਬਾਉਣ ਲੱਗੀ ਕਹਿੰਦੀ, ''ਤੁਸੀਂ ਐਵੇਂ ਨਾ ਹਰ ਗੱਲ ਚਿੱਤ 'ਤੇ ਲਾ ਲਿਆ ਕਰੋ। ਗੁਰਮੇਲ ਦਾ ਚੰਗਾ ਭਲਾ ਪਤੈ ਥੋਨੂੰ, ਐਵੇਂ ਭੌਂਕਦਾ ਰਹਿੰਦੈ। ਆਪਾਂ ਹੱਥੀਂ ਪਾਲਿਐ ਓਹਨੂੰ। ਆਪਣੇ ਵਿਆਹ ਵੇਲੇ ਮਸਾਂ ਤੇਰਾਂ-ਚੌਦਾਂ ਸਾਲਾਂ ਦਾ ਹੋਵੇਗਾ।''

''ਉਹ ਤਾਂ ਠੀਕ ਐ ਕੁਲਜੀਤ ਪਰ ਮੈਂ ਕਿਹੜਾ ਮੱਲੋ-ਮੱਲੀ ਸੋਚਦੈਂ, ਐਵੇਂ ਦਿਮਾਗ 'ਚ ਆ ਜਾਂਦੈ,'' ਮੈਂ ਕਿਹਾ।

''ਪਤਾ ਨਹੀਂ ਕਿਉਂ ਤੁਸੀਂ ਢਹਿੰਦੀਆਂ ਕਲਾਂ 'ਚ ਸੋਚਣ ਲੱਗ ਪਏ। ਤੁਹਾਨੂੰ ਤਾਂ ਸਗੋਂ ਮਾਣ ਹੋਣਾ ਚਾਹੀਦੈ ਆਪਣੇ-ਆਪ ਉੱਤੇ। ਰਾਜੂ ਦੀ ਵਧੀਆ ਪਰਵਰਿਸ਼ ਤਾਂ ਕਰਨੀ ਹੀ ਸੀ ਸਗੋਂ ਬਾਪੂ ਜੀ ਦੀ ਸਾਰੀ ਕਬੀਲਦਾਰੀ ਤੁਸੀਂ ਕਿਉਂਟੀ ਐ। ਗੁਰਮੇਲ ਤੇ ਗੁੱਡੀ ਨੂੰ ਪੜ੍ਹਾਇਆ-ਲਿਖਾਇਆ, ਗੁੱਡੀ ਦਾ ਵਿਆਹ ਕੀਤਾ। ਬਾਪੂ ਜੀ ਦੀ ਕਮਾਈ ਨਾਲ ਤਾਂ ਘਰ ਦਾ ਰੋਟੀ-ਫੁਲਕਾ ਵੀ ਨਹੀਂ ਸੀ ਚੱਲਣਾਂ,'' ਕੁਲਜੀਤ ਨੇ ਸਿਰ ਦੀ ਮਾਲਿਸ਼ ਦੇ ਨਾਲ-ਨਾਲ ਗੱਲਾਂ ਦੀ ਟਕੋਰ ਕਰਕੇ ਮੈਨੂੰ ਸਵਾ ਦਿੱਤਾ।

ਪਹਿਲੇ ਦਿਨ ਏਅਰਪੋਰਟ ਤੋਂ ਘਰ ਆਉਂਦਿਆਂ ਹੀ ਗੁਰਮੇਲ ਨੇ ਬਾਹਰ ਸੜਕ 'ਤੇ ਤੁਰੇ ਜਾਂਦੇ ਚਾਰ-ਪੰਜ ਪੱਗਾਂ ਵਾਲੇ ਬਜ਼ੁਰਗਾਂ ਵੱਲ ਇਸ਼ਾਰਾ ਕਰਕੇ ਕਿਹਾ ਸੀ, ''ਆਹ ਜਾਂਦੀਐਂ ਰਾਮ ਗਊਆਂ।''

''ਤੇਰੀ ਆਦਤ ਨੀ ਗਈ,''ਆਖ ਮੈਂ ਹੱਸ ਪਿਆ।

''ਹੱਸ ਨਾ, ਤੂੰ ਵੀ ਚਾਰ ਕੁ ਦਿਨਾਂ ਨੂੰ ਇਨ੍ਹਾਂ 'ਚ ਹੀ ਰਲਣੈ,'' ਗੁਰਮੇਲ ਨੇ ਕਿਹਾ। ਸਾਰੇ ਹੱਸ ਪਏ। ਲੱਗਿਆ ਕਿ ਉਹ ਮਖੌਲ ਕਰ ਰਿਹਾ ਸੀ। ਉਸ ਦਿਨ ਸ਼ਾਮ ਨੂੰ ਗੁਰਮੇਲ ਹੋਰੀਂ, ਗੁੱਡੀ ਦਾ ਪ੍ਰੀਵਾਰ ਸਾਰੇ ਇੱਧਰ ਰਾਜੂ ਦੇ ਘਰ ਹੀ ਆ ਗਏ। ਮੈਂ ਖ਼ੁਸ਼ੀ ਦੇ ਮੂਡ 'ਚ ਸੀ। ਕਿੰਨੇ ਸਾਲਾਂ ਬਾਅਦ ਸਾਰਾ ਪ੍ਰੀਵਾਰ ਇਕੱਠਾ ਹੋਇਆ ਸੀ। ਰਾਜੂ ਦੇ ਬੱਚਿਆਂ ਨੂੰ ਤਾਂ ਪਹਿਲੀ ਵਾਰ ਹੀ ਵੇਖ ਰਹੇ ਸਾਂ। ਮੇਰੇ ਤੋਂ ਛੋਟੀ ਗੁੱਡੀ ਵਿਆਹ ਤੋਂ ਬਾਅਦ ਕਨੇਡਾ ਆ ਗਈ ਸੀ। ਫੇਰ ਉਸਨੇ ਬੇਬੇ ,ਬਾਪੂ ਅਤੇ ਗੁਰਮੇਲ ਨੂੰ ਬੁਲਾ ਲਿਆ। ਪੰਜ ਕੁ ਸਾਲ ਪਹਿਲਾਂ ਰਾਜੂ ਵਾਸਤੇ ਇਨ੍ਹਾਂ ਨੇ ਏਧਰ ਹੀ ਕੁੜੀ ਲੱਭ ਲਈ। ਇਸ ਤਰ੍ਹਾਂ ਉਹ ਵੀ ਆ ਗਿਆ। ਪਿੱਛੇ ਰਹਿ ਗਏ ਮੈਂ ਤੇ ਕੁਲਜੀਤ। ਐਡਾ ਘਰ ਖਾਲੀ-ਖਾਲੀ ਖਾਣ ਨੂੰ ਆਇਆ ਕਰੇ। ਸ਼ਾਮ ਨੂੰ ਘਰ ਵੜਨ ਨੂੰ ਦਿਲ ਨਾ ਕਰਿਆ ਕਰੇ। ਪਹਿਲਾਂ ਬੇਬੇ-ਬਾਪੂ ਹਰ ਦੋ ਸਾਲਾਂ ਬਾਅਦ ਗੇੜਾ ਮਾਰ ਜਾਂਦੇ, ਚਾਰ-ਪੰਜ ਮਹੀਨੇ ਘਰ 'ਚ ਵਾਹਵਾ ਰੌਣਕ ਲੱਗੀ ਰਹਿੰਦੀ। ਪਰ ਦੋ ਕੁ ਸਾਲ ਪਹਿਲਾਂ ਉਹ ਅੱਗੜ-ਪਿੱਛੜ ਚੜ੍ਹਾਈ ਕਰ ਗਏ। ਗੁਰਮੇਲ ਤਾਂ ਆਉਂਦਾ ਹੀ ਚਾਰ-ਪੰਜ ਸਾਲ ਬਾਅਦ ਸੀ। ਉਹ ਵੀ ਤਿੰਨ-ਚਾਰ ਹਫ਼ਤਿਆਂ ਵਾਸਤੇ। ਰਾਜੂ ਹਾਲੇ ਨਵਾਂ ਆਇਆ ਸੀ। ਇੱਧਰ ਸੈੱਟ ਹੋਣ 'ਚ ਹੀ ਲੱਗਿਆ ਰਿਹਾ। ਦੋ ਬੱਚੇ ਹੋ ਗਏ। ਰੁਪਿੰਦਰ ਤੋਂ ਕੰਮ ਕਾਹਦਾ ਹੋਣਾ ਸੀ। ਅਸੀਂ ਕਿਹਾ ਵੀ ਰਾਜੂ ਨੂੰ ਕਿ ਸਾਡੇ ਕੋਲ ਛੱਡ ਜਾ ਬੱਚਿਆਂ ਨੂੰ ਪਰ ਇਹ ਮੰਨੇ ਹੀ ਨਾ। ਰੁਪਿੰਦਰ ਕਾਨੂੰਨਣ ਜਿਹੀ ਐ। ਆਖ ਦਿਆ ਕਰੇ, '' ਉੱਥੇ ਬੱਚਿਆਂ ਦੀ ਚੰਗੀ ਦੇਖ-ਭਾਲ ਨਹੀਂ ਹੋ ਸਕਦੀ ,ਚੰਗੀਆਂ ਮੈਡੀਕਲ ਸਹੂਲਤਾਂ ਨਹੀਂ ਉੱਥੇ।''

ਹੱਥਲ਼ ਜਿਹੇ ਹੋਏ ਬੈਠੇ ਅਸੀਂ ਸੋਚਦੇ ਰਹਿੰਦੇ ਕਿ ਕਦ ਬੱਚਿਆਂ ਕੋਲ ਪਹੁੰਚਾਂਗੇ। ਇੱਕ ਦਿਨ ਖਾਸੀ ਸ਼ਾਮ ਜਿਹੇ ਪ੍ਰਾਹੁਣੇ ਆ ਗਏ। ਮੈਂ ਤਾਂ ਟੱਲੀ ਹੋਇਆ ਬੈਠਾ ਸੀ। ਕੁਲਜੀਤ ਆਪ ਭੱਜੀ ਆਂਡੇ ਲੈਣ ਸਬਜ਼ੀ ਲਈ। ਠੇਕੇ ਉਹ ਜਾ ਨਹੀਂ ਸੀ ਸਕਦੀ। ਮੈਂ ਡੱਬੇ ਦੀ ਆਖਰੀ ਬੋਤਲ ਮੁਕਾ ਚੁੱਕਾ ਸੀ। ਸੋਚਿਆ ਸੀ ਕਿ ਕੱਲ੍ਹ ਨੂੰ ਸਕੂਲੋਂ ਮੁੜਦਾ ਫੜੀ ਆਵਾਂਗਾ। ਆਂਢ-ਗੁਆਂਢ ਕੋਈ ਥਿਆਇਆ ਨਾ। ਆਪ ਹੀ ਡਿੱਕੇ-ਡੋਲੇ ਜਿਹੇ ਖਾਂਦਾ ਸੱਥ ਤੱਕ ਗਿਆ। ਉੱਥੋਂ ਘੁਮਿਆਰਾਂ ਦੇ ਰੁਲਦੂ ਨੂੰ ਭੇਜਿਆ। ਵਾਪਸ ਆਏ ਨੂੰ ਉਸ ਨੂੰ ਵੀ ਇੱਕ ਪੈੱਗ ਲੁਆ ਦਿੱਤਾ। ਉਹ ਕਹਿਣ ਲੱਗਾ, "ਮਾਸਟਰ ਸਾਡੇ ਬੰਸੇ ਨੂੰ ਰੱਖ ਲੈ ਕੋਲ, ਨਾਲੇ ਥੋਡੀ ਸੇਵਾ ਕਰੂ ਨਾਲੇ ਚਾਰ ਅੱਖਰ ਸਿੱਖ ਜੂ।" ਮੈਨੂੰ ਇਹ ਸਕੀਮ ਵਧੀਆ ਲੱਗੀ। ਉਹ ਦੂਜੇ ਦਿਨ ਹੀ ਬੰਸੇ ਨੂੰ ਸਾਡੇ ਘਰ ਛੱਡ ਗਿਆ। ਸਾਨੂੰ ਬੰਸੇ ਦਾ ਬਹੁਤ ਸੁੱਖ ਹੋਇਆ। ਉਹ ਕੁਲਜੀਤ ਨਾਲ ਘਰ ਦਾ ਕੰਮ ਕਰਾਉਂਦਾ। ਸਕੂਲ ਪੜ੍ਹਾਉਣ ਜਾਣ ਲੱਗੀ ਕੁਲਜੀਤ ਉਸ ਨੂੰ ਵੀ ਨਾਲ ਹੀ ਲੈ ਜਾਂਦੀ। ਬੰਸਾ ਭਾਵੇਂ ਘਰ 'ਚ ਕਿੰਨੀ ਵੀ ਰੌਣਕ ਲਾਉਂਦਾ ਪਰ ਆਪਣਾ ਪ੍ਰੀਵਾਰ ਆਪਣਾ ਹੀ ਹੁੰਦੈ।

ਤੇ ਉਦੋਂ ਪਹਿਲੇ ਦਿਨ ਆਪਣੇ ਪ੍ਰੀਵਾਰ 'ਚ ਬੈਠਿਆਂ ਮੈਥੋਂ ਖੁਸ਼ੀ ਸਾਂਭੀ ਨਹੀਂ ਸੀ ਜਾਂਦੀ। ਦਿਲ ਕਰਦਾ ਸੀ ਕਿ ਹੱਸੀ ਜਾਵਾਂ। ਮੈਂ ਗੁਰਮੇਲ ਨੂੰ ਛੇੜ ਲਿਆ, "ਕਿਉਂ ਗੁਰਮੇਲ ਉਹ ਰਾਮ ਗਊਆਂ ਵਾਲੀ ਕੀ ਗੱਲ ਸੀ? ਯਾਰ, ਬਜ਼ੁਰਗਾਂ ਨੂੰ ਤੂੰ ਰਾਮ ਗਊਆਂ ਹੀ ਦੱਸਦਾ ਸੀ।" ਗੁਰਮੇਲ ਥੋੜ੍ਹਾ ਜਿਹਾ ਮੁਸਕਰਾਇਆ। ਕਹਿੰਦਾ, "ਬਾਈ ਕੀ ਲੈਣਾ ਤੂੰ ਜਾਣ ਕੇ, ਤੈਨੂੰ ਆਪ ਹੀ ਪਤਾ ਲੱਗ ਜਾਣੈ। ਅਖੇ ਨਾਈਆ ਵਾਲ ਕਿੱਡੇ-ਕਿੱਡੇ ਕੁ ਐ ? ਅਖੇ, ਜਜਮਾਨਾ ਸਾਹਮਣੇ ਹੀ ਆਉਣੇ ਆ," ਆਖ ਕੇ ਗੁਰਮੇਲ ਹੱਸ ਪਿਆ। ਗੁੱਡੀ ਦਾ ਪ੍ਰਾਹੁਣਾ ਜੀਤਾ ਸਿਓਂ ਵੀ ਹੱਸਿਆ। ਰਾਜੂ ਖੁੱਲ੍ਹ ਕੇ ਨਹੀਂ ਹੱਸਿਆ। ਮੈਂ ਖਹਿੜੇ ਪੈ ਗਿਆ , " ਨਹੀਂ ਯਾਰ ਤੂੰ ਹੀ ਦੱਸ। ਜਦੋਂ ਪਤਾ ਲੱਗੂ ਦੇਖੀ ਜਾਊ।"

"ਸਵੇਰੇ ਨਿਕਲ ਜਾਂਦੇ ਐ ਛਤਰੀਆਂ ਜੀਆਂ ਚੁੱਕ ਕੇ। ਗੁਰਦੁਆਰੇ ਜਾ ਵੜਦੇ ਐ, ਉੱਥੇ ਚਾਹ-ਪਾਣੀ ਛਕਦੇ ਐ, ਤਾਸ਼ਾਂ ਖੇਡਦੇ ਐ ਫੇਰ ਗਊਆਂ ਵਾਂਗ ਸੜਕਾਂ ਤੇ ਤੁਰੇ ਫਿਰਦੇ ਐ। ਕਿਸੇ ਸ਼ਾਪਿੰਗ ਸੈਂਟਰ 'ਚ ਜਾ ਬਹਿੰਦੇ ਐ। ਲੰਘਦਿਆਂ - ਟੱਪਦਿਆਂ ਵੱਲ ਵੇਖੀ ਜਾਂਦੇ ਐ। ਰਾਮ ਗਊਆਂ ਨਾਲੋਂ ਘੱਟ ਐ"? 'ਛਤਰੀਆਂ ਜੀਆਂ ਚੁੱਕ ਕੇ' ਤੋਂ ਮੈਨੂੰ ਹਾਸਾ ਆ ਗਿਆ।

"ਟੈਮ ਤਾਂ ਪਾਸ ਕਰਨਾ ਹੀ ਹੁੰਦੈ। ਘਰੇ ਕਿਵੇਂ ਬੈਠੇ ਰਿਹਾ ਕਰਨ ਸਾਰਾ ਦਿਨ। ਤੂੰ ਵੀ ਗੁਰਮੇਲ ਐਵੇਂ ਬਜ਼ੁਰਗਾਂ ਦੇ ਮਗਰ ਪੈ ਜਾਨੈਂ," ਗੁੱਡੀ ਨੇ ਕਿਹਾ।

"ਕਿਸੇ ਹੋਰ ਕਮਿਊਨਿਟੀ ਦੇ ਬੁੜ੍ਹੇ ਵੇਖੇ ਐ ਇਓਂ ਫਿਰਦੇ? ਨਾਲੇ ਸਾਡਾ ਗੁਆਂਢੀ ਦਿਲਦਾਰ ਸਿਓਂ ਕਿਵੇਂ ਟਾਈਮ ਪਾਸ ਕਰਦੈ? ਵੇਖੀ ਐ ਗਾਰਡਨ ਬਣਾਈ ਵੀ? ਆਵਦੇ ਘਰ ਮੂਹਰੇ ਤਾਂ ਫੁੱਲ-ਬੂਟੇ ਲਾਉਣੇ ਹੀ ਹੈ, ਸਾਡੇ ਵੀ ਲਾ ਗਿਆ। ਸਾਡੇ ਕੀ ਆਂਢ-ਗੁਆਂਢ 'ਚ ਸਾਰੇ ਘਰਾਂ ਮੂਹਰੇ ਉਸਨੇ ਫੁੱਲ-ਬੂਟੇ ਲਾਏ ਐ। ਜਵਾਕਾਂ ਨੂੰ ਸਕੂਲ ਛੱਡ ਕੇ ਆਉਂਦੈ, ਲੈ ਕੇ ਆਉਂਦੈ। ਪੰਜਾਬੀ ਪੜ੍ਹਾਉਂਦੈ। ਆਂਢ-ਗੁਆਂਢ ਦੇ ਜਵਾਕਾਂ ਨੂੰ ਵੀ ਪੜ੍ਹਾ ਦਿੰਦੈ," ਹੁਣ ਗੁਰਮੇਲ ਹਾਸੇ ਦੇ ਮੂਡ 'ਚ ਨਹੀਂ ਸੀ।

"ਅੱਡ-ਅੱਡ ਸ਼ੌਂਕ ਹੁੰਦੇ ਐ। ਸੁਭਾਅ ਹੁੰਦੈ। ਗਰਮੀਆਂ 'ਚ ਵਿਚਾਰੇ ਖੇਤਾਂ 'ਚ ਰੁਲਦੇ ਐ। ਆਹ ਠੰਡ ਦੇ ਦਿਨਾਂ 'ਚ ਹੀ ਮੌਕਾ ਹੁੰਦੈ ਵਿਹਲੇ ਰਹਿ ਕੇ ਖਾਣ ਦਾ," ਗੁੱਡੀ ਨੇ ਦਲੀਲ ਦਿੱਤੀ।

"ਵਿਹਲੇ ਰਹਿ ਕੇ ਕਿਵੇਂ ਬਈ ?" ਮੈਂ ਜਗਿਆਸਾ ਵੱਸ ਪੁੱਛ ਲਿਆ।

"ਵਿਹਲੇ ਇਸ ਤਰ੍ਹਾਂ ਬਈ ਸਿਆਲਾਂ 'ਚ ਖੇਤਾਂ 'ਚ ਕੰਮ ਨਾ ਹੋਣ ਕਰਕੇ ਗੌਰਮਿੰਟ ਇਮਪਲਾਇਮੈਂਟ ਇੰਸ਼ੋਰੈਂਸ ਦੇ ਦਿੰਦੀ ਐ," ਜੀਤਾ ਸਿਓਂ ਨੇ ਦੱਸਿਆ।

"ਫੇਰ ਤਾਂ ਮੌਜ ਐ ਬਈ," ਮੈਨੂੰ ਇਹ ਸੌਦਾ ਵਧੀਆ ਲੱਗਿਆ, ਛੇ ਮਹੀਨੇ ਕੰਮ ਕਰਕੇ ਖਾਓ ਤੇ ਛੇ ਮਹੀਨੇ ਵਿਹਲੇ ਰਹਿ ਕੇ।

"ਲੱਗ ਜੂ ਪਤਾ।"ਆਖ ਕੇ ਗੁਰਮੇਲ ਹੱਸਿਆ।

"ਮੌਜ-ਮੂਜ ਕੋਈ ਨੀ ਡੈਡੀ ਖੇਤਾਂ 'ਚ ਕੰਮ ਬਹੁਤ ਔਖੈ, ਬਣਦਾ-ਬੁਣਦਾ ਕੁਛ ਹੈ ਨੀ,"ਰਾਜੂ ਨੇ ਦੱਸਿਆ।

"ਤੇ ਤੇਰਾ ਗੁਆਂਢੀ ਗੁਰਮੇਲ ਕੀ ਨਾਂ ਦੱਸਿਆ ਸੀ? ਹਾਂ ਦਿਲਦਾਰ ਸਿਓਂ ਫੁੱਲ-ਬੂਟਿਆਂ ਤੇ ਬੱਚੇ ਸਾਂਭਣ ਤੋਂ ਬਿਨਾਂ ਹੋਰ ਕੋਈ ਕੰਮ ਨੀ ਕਰਦਾ?"ਮੈਂ ਸੁਣ ਰੱਖਿਆ ਸੀ ਕਿ ਕਨੇਡਾ 'ਚ ਹਰ ਬੰਦੇ ਨੂੰ ਕੰਮ ਕਰਨਾ ਪੈਂਦਾ ਹੈ।

"ਇਹ ਥੋੜ੍ਹਾ ਕੰਮ ਐ ਡੈਡੀ ਪੋਤੇ-ਪੋਤੀ ਨੂੰ ਵਧੀਆ ਅਕਲ ਦੇ ਰਿਹੈ, ਘਰ ਦੀ ਵਧੀਆ ਲੁੱਕ ਆਫ਼ਟਰ ਕਰੀ ਜਾਂਦੈ," ਰਾਜੂ ਉਸ ਤੋਂ ਕਾਫ਼ੀ ਪ੍ਰਭਾਵਿਤ ਲਗਦਾ ਸੀ।

ਗੱਲ ਹੋਰ ਪਾਸੇ ਚਲੀ ਗਈ ਸੀ, ਮੈਂ ਹਾਲੇ ਵੀ ਹਾਸੇ ਦੇ ਮੂਡ 'ਚ ਸੀ। ਮੈਂ ਗੁਰਮੇਲ ਨੂੰ ਫੇਰ ਛੇੜ ਲਿਆ , "ਕਿਓਂ ਗੁਰਮੇਲ ਤੇਰੀਆਂ ਇਹ ਰਾਮ ਗਊਆਂ ਛਤਰੀਆਂ ਚੁੱਕ ਕੇ ਕਿਓਂ ਤੁਰਦੀਐਂ?"

"ਬਾਈ ਜੀ ਛਤਰੀਆਂ ਦੋ ਕੰਮ ਦਿੰਦੀਐਂ। ਇੱਕ ਤਾਂ ਇੱਥੇ ਮੌਸਮ ਦਾ ਕੋਈ ਭਰੋਸਾ ਨਹੀਂ ਬਿੰਦ 'ਚ ਧੁੱਪ ਐ ਤੇ ਝੱਟ 'ਚ ਮੀਂਹ। ਦੂਜਾ ਜਦੋਂ ਕੋਈ ਗੋਰਾ ਛੋਕਰਾ ਹਾਤ-ਹੂਤ ਕਰਦੈ ਉਦੋਂ ਇਹ ਬਾਬੇ ਛਤਰੀ ਦੇ ਕਿੱਲ ਵਾਲਾ ਪਾਸਾ ਮੂਹਰੇ ਕਰਕੇ ਹਥਿਆਰ ਬਣਾ ਲੈਂਦੇ ਐ,"ਗੁਰਮੇਲ ਤੋਂ ਪਹਿਲਾਂ ਹੀ ਜੀਤਾ ਸਿਓਂ ਬੋਲ ਪਿਆ।

"ਹਥਿਆਰ ਨਾ ਆਖ, ਸਿੰਗ ਆਖ," ਕਹਿ ਕੇ ਗੁਰਮੇਲ ਹੱਸ ਪਿਆ, ਮੇਰਾ ਵੀ ਹਾਸਾ ਨਿਕਲ ਗਿਆ।

ਪਰ ਮੇਰਾ ਇਹ ਹਾਸਾ ਬਹੁਤੇ ਦਿਨ ਨਾ ਚੱਲਿਆ। ਸਾਡੇ ਆਉਣ ਤੋਂ ਦੋ ਕੁ ਹਫ਼ਤੇ ਬਾਅਦ ਰੁਪਿੰਦਰ ਨੇ ਫੁੱਲ-ਟਾਈਮ ਕੰਮ ਸ਼ੁਰੂ ਕਰ ਲਿਆ। ਰਾਜੂ ਤੇ ਰੁਪਿੰਦਰ ਕੰਮ 'ਤੇ ਚਲੇ ਜਾਂਦੇ। ਬੱਚੇ ਬਹੁਤ ਖਰੂਦੀ, ਆਖੇ ਹੀ ਨਾ ਲੱਗਿਆ ਕਰਨ।

ਝਿੜਕ ਨੂੰ ਗੌਲਦੇ ਹੀ ਨਾ। ਮਾਰ ਸਕਦੇ ਨਹੀਂ ਸੀ। ਰੁਪਿੰਦਰ ਨੇ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਐਥੋਂ ਦੇ ਕਾਨੂੰਨ ਮੁਤਾਬਿਕ ਬੱਚਿਆਂ ਨੂੰ ਕੁੱਟ-ਮਾਰ ਨਹੀਂ ਸੀ ਸਕਦੇ। ਛੋਟਾ ਸੁਮੀਤ ਤਾਂ ਕਈ ਵਾਰੀ ਰੋਣ-ਹਾਕਾ ਕਰ ਦਿੰਦਾ। ਇੰਡੀਆ ਕਲਾਸ 'ਚ ਪੈਰ ਧਰਨਾ ਤੇ ਬੱਚਿਆਂ ਨੇ ਫੱਟ ਸ਼ਾਂਤ ਹੋ ਜਾਣਾ। ਇੱਥੇ ਇਹ ਦੋ ਹੀ ਨਹੀਂ ਸੀ ਟਿਕਣ ਦਿੰਦੇ। ਕੁਲਜੀਤ ਨਾਲ ਠੀਕ ਰਹਿੰਦੇ। ਉਹ ਸਾਰਾ ਦਿਨ ਲੇਲੇ-ਪੇਪੇ ਜਿਹੇ ਕਰਦੀ ਰਹਿੰਦੀ, ਮੈਥੋਂ ਇਹ ਹੁੰਦੇ ਨਹੀਂ ਸੀ। ਮੈਨੂੰ ਤੰਗ ਕਰਕੇ ਜਿਵੇਂ ਉਨ੍ਹਾਂ ਨੂੰ ਸਵਾਦ ਆਉਂਦਾ ਹੋਵੇ। ਨਾ ਟੀ.ਵੀ. ਵੇਖਣ ਦਿੰਦੇ। ਨਾ ਰੇਡੀਓ ਸੁਨਣ ਦਿੰਦੇ। ਆਪਸ 'ਚ ਲੜ ਪੈਂਦੇ, ਉੱਚੀ-ਉੱਚੀ ਰੌਲਾ ਪਾਉਂਦੇ। ਉਨ੍ਹਾਂ ਦਾ ਰੌਲਾ ਮੇਰੇ ਕੰਨਾਂ 'ਚ ਵੱਜਦਾ। ਘਰ ਬੈਠਾ ਸਾਰਾ ਦਿਨ ਮੈਂ ਅੱਕ ਜਾਂਦਾ। ਹਾਰ ਕੇ ਇੱਕ ਦਿਨ ਰਾਜੂ ਨੂੰ ਆਖ ਦਿੱਤਾ ਕਿ ਕੋਈ ਕੰਮ ਲੱਭ ਦੇਵੇ। ਪਰ ਉਹ ਮੰਨਿਆ ਨਾ, ਕਹਿੰਦਾ, " ਡੈਡੀ ਤੁਸੀਂ ਸਾਰੀ ਉਮਰ ਕੋਈ ਫਿਜ਼ੀਕਲ ਕੰਮ ਨਹੀਂ ਕੀਤਾ ,ਹੁਣ ਏਸ ਉਮਰ 'ਚ ਕਿੱਥੋਂ ਕਰ ਲਵੋਂਗੇ। ਤੇ ਨਾ ਹੀ ਥੋਨੂੰ ਕਰਨ ਦੇਣੈ। ਬੱਸ, ਬੱਚਿਆਂ ਨੂੰ ਸੰਭਾਲੀ ਜਾਓ। ਕੰਮ ਕਰਨ ਦੀ ਸਾਡੀ ਉਮਰ ਐ।" ਪਰ ਮੇਰਾ ਘਰ ਰਹਿ ਕੇ ਮਨ ਅੱਕ ਜਾਂਦਾ। ਬੱਚਿਆਂ ਨੂੰ ਕੁਲਜੀਤ ਸੰਭਾਲੀ ਜਾਂਦੀ। ਮੈਨੂੰ ਲਗਦਾ ਜਿਵੇਂ ਮੈਂ ਬੋਝ ਹੋਵਾਂ ਰਾਜੂ ਹੋਰਾਂ 'ਤੇ। ਕੁਲਜੀਤ ਕਹਿੰਦੀ, " ਐਵੇਂ ਨਾ ਵਾਧੂ-ਘਾਟੂ ਸੋਚੀ ਜਾਇਆ ਕਰੋ, ਬੋਝ ਕਿੱਥੋਂ ਹੋ ਗਏ, ਆਵਦੇ ਘਰ ਬੈਠੇ ਆਂ।" ਮੇਰਾ ਦਿਲ ਨਾ ਲੱਗਦਾ। ਉੱਥੇ ਹੈੱਡਮਾਸਟਰ ਸਾਹਬ -ਹੈੱਡਮਾਸਟਰ ਸਾਹਬ ਹੁੰਦੀ ਸੀ। ਲੋਕ ਸਲਾਹਾਂ ਲੈਣ ਆਉਂਦੇ। ਏਥੇ ਬੱਜਰ ਹੋਇਆ ਬੈਠਾ ਸੀ।

ਮੈਂ ਸੋਚਿਆ ਤੇ ਮਹਿਸੂਸ ਕੀਤਾ ਕਿ ਕੀਰਤ ਤੇ ਸੁਮੀਤ ਹਾਲੇ ਛੋਟੇ ਹੋਣ ਕਰਕੇ ਮੈਥੋਂ ਸੂਤ ਨਹੀਂ ਆਉਂਦੇ। ਮੇਰਾ ਵਾਹ ਤਾਂ ਹਮੇਸ਼ਾ ਵੱਡੀਆਂ ਜਮਾਤਾਂ ਦੇ ਬੱਚਿਆਂ ਨਾਲ ਰਿਹਾ ਸੀ। ਤੇ ਮੈਨੂੰ ਇਹ ਸੁੱਝੀ ਕਿ ਕਿਓਂ ਨਾ ਗੁਰਮੇਲ ਦੇ ਬੱਚਿਆਂ ਨੂੰ ਮੈਥ ਹੀ ਪੜ੍ਹਾ ਦਿਆ ਕਰਾਂ। ਨਾਲੇ ਟਾਈਮ ਨਿਕਲ ਜਾਇਆ ਕਰੇਗਾ। ਹੋ ਸਕਦੈ ਬੱਚੇ ਮੈਥੋਂ ਟਿਊਸ਼ਨਾਂ ਹੀ ਪੜ੍ਹਨ ਲੱਗ ਪੈਣ। ਇੱਕ ਸ਼ਾਮ ਮੈਂ ਗੁਰਮੇਲ ਦੇ ਘਰ ਗਿਆ। ਬੱਚੇ ਬਾਹਰ ਖੇਡਣ ਗਏ ਹੋਏ ਸਨ। ਮੈਂ ਗੁਰਮੇਲ ਨੂੰ ਆਪਣੇ ਮਨ ਦੀ ਦੱਸੀ। ਉਹ ਹੱਸ ਪਿਆ। ਕਹਿੰਦਾ, "ਬਾਈ, ਤੂੰ ਕਿੱਥੋਂ ਪੜ੍ਹਾ ਦੇਵੇਂਗਾ ਇਨ੍ਹਾਂ ਨੂੰ? ਟੀ.ਵੀ.ਦੀਆਂ ਖਬਰਾਂ ਦੀ ਤਾਂ ਤੈਨੂੰ ਹਾਲੇ ਸਮਝ ਨਹੀਂ ਆਉਂਦੀ।" ਗੁਰਮੇਲ ਨੇ ਓਦਣ ਦੀ ਗੱਲ ਦੁਹਰਾਈ ਜਿੱਦਣ ਸਾਰੇ ਜਣੇ ਬੜੇ ਧਿਆਨ ਨਾਲ ਕੋਈ ਖਬਰ ਵੇਖ ਰਹੇ ਸਨ। ਫਿਰ ਸਾਰੇ ਹੀ ਹੱਸ ਪਏ ਸਨ ਪਰ ਮੈਂ ਠੀਕ ਤਰ੍ਹਾਂ ਸਮਝ ਨਹੀਂ ਸੀ ਸਕਿਆ। ਨੀਵੀਂ ਜਿਹੀ ਆਵਾਜ਼ 'ਚ ਮੈਂ ਗੁਰਮੇਲ ਨੂੰ ਪੁੱਛ ਲਿਆ ਕਿ ਕੀ ਖਬਰ ਸੀ। ਉਹ ਕਹਿੰਦਾ, "ਵੜੇਵੇਂ! ਹੈੱਡ ਮਾਸਟਰ ਸਾਹਬ।"

"ਇਹ ਬੋਲਦੇ ਹੀ ਏਸ ਤਰ੍ਹਾਂ ਐਂ, ਯਾਰ ਪੱਲੇ ਈ ਕੁਛ ਨੀ ਪੈਂਦਾ," ਮੈਂ ਨਿੰਮੋਝੂਣਾ ਜਿਹਾ ਹੋ ਗਿਆ।

"ਕੋਈ ਨੀ ਡੈਡੀ, ਪਹਿਲਾਂ-ਪਹਿਲਾਂ ਸਾਨੂੰ ਵੀ ਸਮਝ ਨਹੀਂ ਸੀ ਲੱਗਦੀ ਹੁੰਦੀ। ਹੌਲੀ-ਹੌਲੀ ਪਿਕ-ਅਪ ਕਰ ਲਓਗੇ," ਰਾਜੂ ਨੇ ਧਰਵਾਸ ਦਿੱਤਾ। ਪਰ ਗੁਰਮੇਲ ਤਾਂ ਉਸ ਗੱਲ ਨੂੰ ਲੈ ਕੇ ਜਿਵੇਂ ਮੇਰੇ ਮਗਰ ਹੀ ਪੈ ਗਿਆ ਸੀ।

ਮੈਂ ਕਿਹਾ, "ਸਾਰੀ ਉਮਰ ਬੱਚੇ ਈ ਪੜ੍ਹਾਏ ਐ ,ਐਥੇ ਕੀ ਅਲੋਕਾਰ ਪੜ੍ਹਾਈ ਐ। ਤੂੰ ਕਿਤਾਬਾਂ ਦੱਸ ਕਿੱਥੇ ਐ?"

"ਆ ਜੋ ਵੀਰ ਜੀ, ਮੈਂ ਵਿਖਾਵਾਂ ਉਨ੍ਹਾਂ ਦੀਆਂ ਕਿਤਾਬਾਂ। ਇਹ ਤਾਂ ਐਵੇਂ ਆਪਣੀਆਂ ਹੀ ਮਾਰਦੇ ਰਹਿੰਦੇ ਐ,"ਗੁਰਮੇਲ ਦੇ ਘਰਵਾਲੀ ਤੇਜਵੰਤ ਮੈਨੂੰ ਬੱਚਿਆਂ ਦੇ ਕਮਰੇ 'ਚ ਲੈ ਗਈ। ਕਮਰੇ ਦੇ ਇੱਕ ਪਾਸੇ ਵੱਡੇ ਦੀਆਂ ਕਿਤਾਬਾਂ ਪਈਆਂ ਸਨ, ਉਹ ਗ੍ਰੇਡ ਟਵੈਲਵ 'ਚ ਸੀ ਤੇ ਦੂਜੇ ਪਾਸੇ ਛੋਟੇ ਦੀਆਂ ਜਿਹੜਾ ਗ੍ਰੇਡ ਟੈੱਨ 'ਚ ਸੀ। ਮੈਂ ਦੋਹਾਂ ਦੀਆਂ ਮੈਥ ਦੀਆਂ ਕਿਤਾਬਾਂ ਚੁੱਕ ਲਈਆਂ ਅਤੇ ਵੇਖਣ ਲੱਗਾ।

"ਯਾਰ ਗੁਰਮੇਲ ਐਵੇਂ ਡਰਾਈ ਜਾਂਦਾ ਸੀ, ਇਹ ਤਾਂ ਕੁਛ ਵੀ ਨੀ। ਆਹ ਮੈਥ ਤਾਂ ਆਪਣੇ ਉਥੇ ਅੱਠਵੀਂ-ਨੌਵੀਂ ਵਾਲੇ ਬੱਚੇ ਕਰਦੇ ਐ," ਮੈਂ ਕਿਤਾਬਾਂ ਵੇਖ ਕੇ ਕਿਹਾ।

"ਚੱਲ ਵੇਖ ਲੀਂ ਆ ਜਾਂਦੇ ਐ,"ਗੁਰਮੇਲ ਨੇ ਕਿਹਾ।

ਖੇਡ ਤੋਂ ਪਰਤੇ ਭਤੀਜੇ ਸਿੱਧੇ ਆਪਣੇ ਕਮਰੇ 'ਚ ਚਲੇ ਗਏ। ਗੁਰਮੇਲ ਨੇ ਆਵਾਜ਼ ਮਾਰੀ, "ਓਹ ਲਵੀ, ਅੰਕਲ ਨੂੰ ਆ ਕੇ ਮਿਲੋ।" ਪਹਿਲਾਂ ਛੋਟਾ ਆਇਆ। ਮੈਨੂੰ ਲੱਗਾ ਜਿਵੇਂ ਉਸ ਨੇ 'ਸਤਿ ਸ੍ਰੀ ਆਕਾਲ' ਚਲਾ ਕੇ ਮਾਰੀ ਹੋਵੇ।

"ਬਹਿ ਜਾ ਬੱਲੇ," ਮੈਂ ਪਿਆਰ ਨਾਲ ਉਸ ਨੂੰ ਸੋਫੇ 'ਤੇ ਬੈਠਣ ਲਈ ਥਾਂ ਦਿੱਤੀ।

"ਆਈ ਐਮ ਫਾਈਨ, ਅੰਕਲ," ਆਖ ਕੇ ਉਹ ਵਾਪਸ ਮੁੜਨ ਲੱਗਾ।

"ਅੰਕਲ ਨੇ ਤੈਨੂੰ ਮੈਥ ਪੜਾਉਣੈ, ਆ ਜਾ," ਗੁਰਮੇਲ ਨੇ ਕਿਹਾ।

"ਹੁਣ ?" ਉਸਨੇ ਪੈਰ ਮਲਦੇ ਨੇ ਪੁੱਛਿਆ।

"ਹਾਂ-ਹਾਂ ਥੋਨੂੰ ਪੜ੍ਹਾਉਣ ਵਾਸਤੇ ਈ ਆਏ ਐ।"

"ਬੱਟ ਡੈਡ, ਆਈ ਹੈਵ ਸਮ ਅਦਰ ਸਟੱਫ ਟੂ ਡੂ। ਐਂਡ ਆਈ ਡੌਂਟ ਨੀਡ ਐਨੀ ਹੈਲਪ," ਆਖ ਕੇ ਉਹ ਚਲਿਆ ਗਿਆ।

ਵੱਡੇ ਨੇ ਆ ਕੇ ਸਤਿ ਸ੍ਰੀ ਆਕਾਲ ਬੁਲਾਈ ਅਤੇ ਕੋਲ ਬੈਠ ਗਿਆ।

"ਕੀ ਹਾਲ ਐ ਬੱਲੇ, ਤੇਰੀ ਪੜ੍ਹਾਈ ਕਿਵੇਂ ਚੱਲਦੀ ਐ?" ਮੈਂ ਪਿਆਰ ਨਾਲ ਪੁੱਛਿਆ।

"ਠੀਕ, ਅੰਕਲ।"

"ਬੱਲੇ, ਮੈਂ ਤੇਰੀ ਆਹ ਮੈਥ ਦੀ ਬੁੱਕ ਵੇਖੀ ਐ। ਆਈ ਕੈਨ ਟੀਚ ਯੂ ਅਲਜਬਰਾ। ਵੈਰੀ ਇਜ਼ੀ," ਮੈਂ ਅੰਗ੍ਰੇਜ਼ੀ ਬੋਲ ਕੇ ਦੱਸਣਾ ਚਾਹਿਆ ਕਿ ਮੈਂ ਅੰਗਰੇਜ਼ੀ ਜਾਣਦਾ ਹਾਂ।

ਉਸਨੇ ਹੈਰਾਨੀ ਜਿਹੀ ਨਾਲ ਮੇਰੇ ਵੱਲ ਵੇਖਿਆ, ਫੇਰ ਮੇਰੇ ਕੋਲ ਪਈ ਆਪਣੀ ਕਿਤਾਬ ਵੇਖ ਕੇ ਕਹਿਣ ਲੱਗਾ, ''ਓ ਅਲਜੈਬਰਾ , ਓ ਓਕੇ। ਤਾਂ ਤੁਸੀਂ ਮੇਰੀ ਹੋਮਵਰਕ ਕਰਨ 'ਚ ਹੈਲਪ ਕਰ ਸਕਦੇ ਐਂ''? 'ਅਲਜੈਬਰਾ' ਸ਼ਬਦ ਉਸਨੇ ਬੁੱਲ੍ਹ ਜਿਹੇ ਮਰੋੜ ਕੇ ਕਿਹਾ।

''ਹਾਂ-ਹਾਂ, ਸ਼ਿਓਰ-ਸ਼ਿਓਰ,'' ਮੈਨੂੰ ਖੁਸ਼ੀ ਹੋਈ।

ਉਹ ਆਪਣੀ ਫਾਈਲ ਚੁੱਕ ਲਿਆਇਆ। ਸਾਧਾਰਣ ਜਿਹੇ ਸਵਾਲ ਸਨ। ਮੈਂ ਉਸ ਨੂੰ ਸਮਝਾਉਣ ਲੱਗ ਪਿਆ। ਚਾਰ-ਪੰਜ ਮਿੰਟ ਤਾਂ ਉਹ ਚੁੱਪ ਕਰਕੇ ਬੈਠਾ ਰਿਹਾ ਫਿਰ ਕਹਿੰਦਾ, ''ਅੰਕਲ ਸੌਰੀ ਟੂ ਸੇ, ਮੈਨੂੰ ਤੁਹਾਡੀ ਸਮਝ ਨੀ ਲੱਗਦੀ।'' ਤੇ ਉਹ ਉੱਠ ਕੇ ਚਲਾ ਗਿਆ।

''ਕਿਓਂ? ਪੜ੍ਹਾ ਲਏ ਜਵਾਕ, ਹੈੱਡਮਾਸਟਰ ਸਾਹਬ?'' ਕਹਿਕੇ ਗੁਰਮੇਲ ਹੱਸ ਪਿਆ।

''ਪੜ੍ਹਾਉਣ ਨੂੰ ਤਾਂ ਐਹੋਜੇ ਸਵਾਲ ਮੈਂ ਸੁੱਤਾ ਪਿਆ ਹੱਲ ਕਰ ਦਿਆਂ। ਪਤਾ ਨੀ ਇਹਨੂੰ ਕਿਓਂ ਨੀ ਸਮਝ ਲੱਗੀ,'' ਮੈਂ ਨਿੰਮੋਝੂਣਾ ਹੋ ਕੇ ਕਿਹਾ।

''ਤੂੰ ਬਾਈ, ਪਹਿਲਾਂ ਸਕੂਲ ਲੱਗਕੇ ਅੰਗ੍ਰੇਜ਼ੀ ਸਿੱਖ।'' ਲੱਗਿਆ ਜਿਵੇਂ ਗੁਰਮੇਲ ਨੇ ਟਾਂਚ ਕੀਤੀ ਹੋਵੇ।

''ਆਹ ਉਮਰ ਹੁਣ ਸਕੂਲ ਪੜ੍ਹਨ ਦੀ ਐ,'' ਮੈਂ ਨਿਰਾਸਤਾ ਜਿਹੀ 'ਚ ਕਿਹਾ। ਦੋਹਾਂ ਬੱਚਿਆਂ ਦੇ ਹੱਸਣ ਦੀ ਆਵਾਜ਼ ਆਈ। ਮੈਨੂੰ ਲੱਗਾ ਜਿਵੇਂ ਮੇਰਾ ਮਖੌਲ ਉਡਾ ਰਹੇ ਹੋਣ। ਮੈਨੂੰ ਆਪਣਾ-ਆਪ ਬੌਣਾ-ਬੌਣਾ ਲੱਗਾ। ਮੈਂ ਛਤਰੀ ਚੁੱਕ ਕੇ ਘਰ ਨੂੰ ਤੁਰ ਪਿਆ। ਗੁਰਮੇਲ ਕਹਿੰਦਾ , ''ਬਾਈ ਰੋਟੀ ਬਣਦੀ ਐ ,ਖਾ ਕੇ ਜਾਈਂ।ਮੈਂ ਕਾਰ 'ਤੇ ਛੱਡ ਆਊਂ।''

''ਆਹ ਤਾਂ ਘਰ ਐ, ਮੈਂ ਤੁਰਿਆ ਜਾਨੈਂ,'' ਆਖ ਕੇ ਮੈਂ ਬਾਹਰ ਆ ਗਿਆ। 'ਕਿਸੇ ਕੰਮ ਦੇ ਨਹੀਂ ਰਹੇ ਇੱਥੇ' ਸੋਚਦਾ ਮੈਂ ਪਤਾ ਹੀ ਨਾ ਲੱਗਾ ਕਦੋਂ ਘਰ ਪਹੁੰਚ ਗਿਆ। ਘਰ ਜਾ ਕੇ ਮੈਂ ਬੈੱਲ ਕੀਤੀ। ਰੁਪਿੰਦਰ ਨੇ ਡੋਰ ਖੋਹਲੀ। ਉਹ ਮੇਰੇ ਵੱਲ ਵੇਖ ਕੇ ਹੈਰਾਨ ਰਹਿ ਗਈ , ''ਡੈਡੀ ਤੁਸੀਂ ਕਿਵੇਂ ਸਾਰੇ ਭਿੱਜੇ ਪਏ ਐਂ? ਛਤਰੀ ਤੁਹਾਡੇ ਕੋਲ ਐ।''

''ਓਹ, ਮੈਨੂੰ ਖਿਆਲ ਹੀ ਨਹੀਂ ਰਿਹਾ ਕਿ ਮੀਂਹ ਪੈ ਰਿਹੈ,'' ਮੈਂ ਸ਼ਰਮਿੰਦਾ ਜਿਹਾ ਹੋਕੇ ਹੱਥ 'ਚ ਫੜੀ ਬੰਦ ਛਤਰੀ ਵੱਲ ਵੇਖਿਆ।

''ਚੰਗਾ ਡੈਡੀ, ਤੁਸੀਂ ਇੱਥੇ ਬਾਹਰ ਈ ਸੂਅ ਵਗੈਰਾ ਲਾਹ ਦੇਵੋ। ਮੈਂ ਇੱਥੇ ਹੀ ਤੁਹਾਡੀਆਂ ਚੱਪਲਾਂ ਤੇ ਤੌਲੀਆ ਲਿਆ ਦਿੰਨੀ ਆਂ, ਨਹੀਂ ਤਾਂ ਅੰਦਰ ਮੀਂਹ ਦੇ ਪਾਣੀ ਨਾਲ ਸਾਰੀ ਫਲੋਰ ਗੰਦੀ ਹੋ ਜਾਣੀ ਐ,'' ਆਖ ਕੇ ਰੁਪਿੰਦਰ ਅੰਦਰ ਚਲੀ ਗਈ। ਮੈਨੂੰ ਆਪਣਾ-ਆਪ ਗੰਦ 'ਚ ਲਿਬੱੜ ਕੇ ਆਏ ਪਾਲਤੂ ਜਾਨਵਰ ਵਰਗਾ ਲੱਗਾ।

ਰਾਤ ਨੂੰ ਮੇਰਾ ਮਨ ਭਰ-ਭਰ ਆਵੇ। ਮੈਂ ਆਪਣੇ ਆਪ ਨੂੰ ਰੋਕੀ ਰੱਖਿਆ। ਪਰ ਜਦ ਕੁਲਜੀਤ ਆ ਕੇ ਬੈੱਡ 'ਤੇ ਪਈ ''ਮੇਰਾ ਜੀਅ ਨਹੀਂ ਲੱਗਦਾ ਇੱਥੇ'' ਆਖਕੇ ਮੇਰੀ ਭੁੱਬ ਨਿਕਲ ਗਈ। ਰਾਜੂ ਹੋਰੀਂ ਹਾਲੇ ਜਾਗਦੇ ਸਨ ਉਹ ਵੀ ਆ ਗਏ।

''ਕੀ ਹੋ ਗਿਆ ਡੈਡੀ ?'' ਰਾਜੂ ਨੇ ਪੁੱਛਿਆ।

''ਹੋਣਾ ਕੀ ਐ, ਕਹਿੰਦੇ ਮੇਰਾ ਜੀਅ ਨਹੀਂ ਲੱਗਦਾ,'' ਕੁਲਜੀਤ ਨੇ ਦੱਸ ਦਿੱਤਾ।

''ਡੈਡੀ ਸਾਡੇ ਵੱਲੋਂ ਕੋਈ ਤਕਲੀਫ਼ ਐ ਤਾਂ ਦੱਸੋ? ਰਾਜੂ ਮੇਰੇ ਨਾਲ ਹੋ ਕੇ ਬੈਠ ਗਿਆ। ਮੈਂ ਉਸਨੂੰ ਜੱਫੀ 'ਚ ਲੈ ਲਿਆ ਮੇਰਾ ਰੋਣ ਹੋਰ ਉੱਚੀ ਹੋ ਗਿਆ। ''ਮੈਂ ਬੱਲੇ ਕਿਸੇ ਕੰਮ ਦਾ ਨਹੀਂ ਰਿਹਾ, ਨਾ ਕੁਛ ਕਮਾਵਾਂ ਨਾ ਤੁਹਾਡਾ ਕੁਛ ਸੰਵਾਰਾਂ, ਬੋਝ ਐਂ ਤੁਹਾਡੇ ਸਿਰ।''

''ਡੈਡੀ ਤੁਸੀਂ ਸਾਰੀ ਉਮਰ ਕਮਾਇਐ,'' ਰਾਜੂ ਦੀਆਂ ਅੱਖਾਂ ਵੀ ਛਲਕ ਪਈਆਂ।

''ਡੈਡੀ ਤੁਸੀਂ ਬੋਝ ਕਿਓਂ ਐਂ, ਥੋਡਾ ਸਾਨੂੰ ਕਿੰਨਾ ਆਸਰੈ। ਥੋਡੇ ਸਿਰ ਬੱਚਿਆਂ ਵੱਲੋਂ ਬੇਫਿਕਰ ਹੋ ਕੇ ਅਸੀਂ ਕੰਮਾਂ 'ਤੇ ਜਾਨੇ ਆਂ। ਜੇ ਅਸੀਂ ਥੋਡਾ ਕਿਸੇ ਗੱਲੋਂ ਦਿਲ ਦੁਖਾਇਆ ਹੋਵੇ ਤਾਂ ਦੱਸੋ, ਅਸੀਂ ਅਗਾਂਹ ਨੂੰ ਖਿਆਲ ਰੱਖਾਂਗੇ। ਪਰ ਇੱਦਾਂ ਰੋਂਦੇ ਵੇਖ ਕੇ ਸਾਨੂੰ ਚੰਗਾ ਨੀ ਲੱਗਦਾ,'' ਭਰੇ ਗਲੇ ਵਿੱਚੋਂ ਰੁਪਿੰਦਰ ਬੋਲੀ।

''ਨਾ ਭਾਈ, ਤੁਸੀਂ ਤਾਂ ਦੋਹੇਂ ਹੀਰੇ ਐਂ ਮੇਰੇ। ਪਰ ਇਹ ਜੀਅ ਐ ਨਾ, ਹੌਲੀ-ਹੌਲੀ ਲੱਗੂ। ਸਾਰੀ ਉਮਰ ਉੱਥੇ ਰਹੇ ਆਂ ਨਾ,'' ਮੈਂ ਆਪਣੇ ਆਪ ਨੂੰ ਟਿਕਾਉਣ ਲੱਗਾ।

''ਜੇ ਥੋਡਾ ਦਿਲ ਨਹੀਂ ਲੱਗਦਾ ਤਾਂ ਇੰਡੀਆ ਗੇੜਾ ਮਾਰ ਆਓ,''ਰਾਜੂ ਨੇ ਕਿਹਾ।

''ਨਹੀਂ-ਨਹੀਂ ਬੱਲੇ, ਮੈਂ ਠੀਕ ਆਂ। ਆਪੇ ਹੌਲੀ-ਹੌਲੀ ਮਨ ਟਿਕ ਜਾਵੇਗਾ। ਤੁਸੀਂ ਜਾ ਕੇ ਸੌਵੋਂ,'' ਮੈਂ ਮੱਲੋ-ਮੱਲੀ ਉਨ੍ਹਾਂ ਨੂੰ ਤੋਰਿਆ।

ਉਨ੍ਹਾਂ ਦੇ ਜਾਣ ਤੋਂ ਬਾਅਦ ਕੁਲਜੀਤ ਕਹਿੰਦੀ, ''ਕੀ ਹੋ ਜਾਂਦੈ ਤੁਹਾਨੂੰ? ਕਦੇ-ਕਦੇ ਬੱਚਿਆਂ ਵਾਂਗ ਰੋਣ ਲੱਗ ਜਾਨੇ ਐਂ। ਥੋਨੂੰ ਏਦਾਂ ਉਦਾਸ ਵੇਖ ਕੇ ਰਾਜੂ ਵੇਖਿਐ ਕਿਵੇਂ ਉਦਾਸ-ਉਦਾਸ ਰਹਿਣ ਲੱਗ ਪਿਐ। ਆਪਾਂ ਉਨ੍ਹਾਂ ਨੂੰ ਸਹਾਰਾ ਦੇਣਾ ਕਿ ਦੁਖੀ ਕਰਨੈ। ਸੰਭਾਲੋ ਆਪਣੇ-ਆਪ ਨੂੰ।''

''ਕੀ ਕਰਾਂ ਕੁਲਜੀਤ, ਮਨ ਟਿਕਦਾ ਹੀ ਨਹੀਂ ਇੱਥੇ,''ਮੈਂ ਨਿਰਾਸ਼ਾ 'ਚ ਸਿਰ ਮਾਰਿਆ।

''ਇਹਨੂੰ ਟਿਕਾਓ ਜੇ ਇਹ ਆਪਣੇ ਘਰ ਨਹੀਂ ਟਿਕਦਾ ਤਾਂ ਹੋਰ ਕਿੱਥੇ ਟਿਕੂ?''

"ਇਹੋ ਤਾਂ ਰੌਲੈ, ਇਹ ਘਰ ਲੱਗਦਾ ਹੀ ਨਹੀਂ ਆਵਦਾ। ਜੇ ਪਿੰਡ ਵਾਲਾ ਘਰ ਹੁੰਦਾ ਉੱਥੇ ਇਹ ਦੋਹੇਂ ਜੀਅ ਆਪਣੀ ਸੇਵਾ ਕਰਦੇ। ਕਿੰਨੀ ਖ਼ੁਸ਼ੀ ਹੁੰਦੀ। ਉਹ ਘਰ ਆਪ ਬਣਾਇਆ ਸੀ। ਇੱਥੇ ਤਾਂ ਪ੍ਰਾਹੁਣਿਆ ਵਾਂਗ ਲਗਦੈ।"

"ਮੈਨੂੰ ਤਾਂ ਕੋਈ ਨੀ ਲੱਗਦਾ ਪ੍ਰਾਹੁਣਿਆ ਵਾਂਗ, ਮੈਨੂੰ ਤਾਂ ਆਵਦਾ ਲੱਗਦੈ।"

"ਆਵਦਾ ਤਾਂ ਹੈਗਾ ਪਰ ਮਨ ਨੂੰ ਲੱਗਦਾ ਨੀ, ਕਿਓਂ ਕੁਲਜੀਤ ,ਆਪਾਂ ਇੰਡੀਆ ਨਾ ਚੱਲੀਏ।"

"ਇੰਡੀਆ ਕੀ ਐ? ਸਾਰਾ ਪ੍ਰੀਵਾਰ ਤਾਂ ਐਥੇ ਆ। ਬੱਚੇ ਰੁਲ ਜਾਣਗੇ ਬੇਬੀ ਸਿਟਰ ਦੇ ਤੁਹਾਨੂੰ ਏਦਾਂ ਨਹੀਂ ਡੋਲਣਾ ਚਾਹੀਦਾ।"

ਮੈਂ ਆਪਣੇ ਮਨ ਨੂੰ ਟਿਕਾਉਣ ਲੱਗਾ।

ਹਾਰ ਕੇ ਇੱਕ ਦਿਨ ਜੀਤਾ ਸਿਓਂ ਦੇ ਨਾਲ ਗੁਰਦੁਆਰੇ ਚਲਾ ਗਿਆ। ਜੀਤਾ ਸਿਓਂ ਰਾਹ ਦਿਖਾ ਕੇ ਕੰਮ 'ਤੇ ਚਲਾ ਗਿਆ। ਉੱਥੇ ਸੀਨੀਅਰਜ਼ ਸੈਂਟਰ 'ਚ ਤਾਸ਼ ਖੇਡਦੇ, ਗੱਪਾਂ ਵੱਜਦੀਆਂ, ਅਖ਼ਬਾਰਾਂ ਪੜ੍ਹੀਆਂ ਜਾਂਦੀਆਂ, ਨਾਲ ਹੀ ਗੁਰਦੁਆਰੇ ਦੇ ਲੰਗਰ 'ਚ ਦੁਪਿਹਰ ਦਾ ਲੰਗਰ ਛਕਿਆ ਜਾਂਦਾ, ਚਾਹ ਪੀਤੀ ਜਾਂਦੀ। ਮੇਰੀ ਦਿਹਾੜੀ ਵਧੀਆ ਨਿਕਲ ਗਈ ।

ਮੈਂ ਅਖਬਾਰ ਪੜ੍ਹਦਾ। ਮੇਰਾ ਪਿਛਲਾ ਪਿੰਡ ਕਿਹੜਾ ਹੈ, ਲਾਸਟ ਨਾਮ ਕੀ ਹੈ, ਕੁੜੀ ਕੋਲ ਆਇਆ ਹਾਂ ਜਾਂ ਮੁੰਡੇ ਕੋਲ, ਉੱਥੇ ਕੀ ਕਰਦਾ ਸੀ, ਵਗੈਰਾ, ਮੈਥੋਂ ਪਹਿਲੇ ਦਿਨ ਹੀ ਕਈਆਂ ਨੇ ਪੁੱਛ ਲਿਆ ਸੀ। ਪਰ ਮੈਂ ਕਿਸੇ ਨਾਲ ਬਹੁਤੀ ਬੋਲ-ਚਾਲ ਨਾ ਰੱਖਦਾ। ਇੱਕ ਦਿਨ ਤਾਸ਼ ਖੇਡ ਰਹੀ ਇੱਕ ਢਾਣੀ ਨੂੰ ਮੇਰੀ ਚੁੱਪ ਚੁੱਭ ਗਈ।

"ਸਾਨੂੰ ਵੀ ਪੜ੍ਹਾ ਦਿਆ ਕਰੋ ਹੈੱਡਮਾਸਟਰ ਸਾਹਬ," ਤਾਸ਼ ਖੇਡਦੇ ਬਰਾੜ ਨੇ ਕਿਹਾ। ਮੈਨੂੰ ਲੱਗਾ ਜਿਵੇਂ 'ਹੈੱਡਮਾਸਟਰ ਸਾਹਬ' ਉਸਨੇ ਵਿਅੰਗਮਈ ਸੁਰ 'ਚ ਕਿਹਾ ਹੋਵੇ।

"ਤੁਸੀਂ ਬਰਾੜ ਸਾਹਬ ਪੜ੍ਹੇ-ਪੜ੍ਹਾਏ ਐਂ। ਥੋਨੂੰ ਕੋਈ ਕੀ ਪੜ੍ਹਾ ਸਕਦੈ,"ਮੈਂ ਜਵਾਬ ਦਿੱਤਾ।

ਬਰਾੜ ਮੁਸਕਰਾਇਆ, "ਮੈਂ ਕਿਹਾ ਹੈੱਡਮਾਸਟਰ ਸਾਹਬ ਸਾਡੇ ਨਾਲ ਗੱਲ ਈ ਨਹੀਂ ਕਰਦੇ। ਅਖਬਾਰਾਂ ਜੀਆਂ ਪੜ੍ਹ ਕੇ ਮੁੜ ਜਾਂਦੇ ਐ।"

"ਮੈਂ ਕਦੇ ਤਾਸ਼ ਖੇਡੀ ਹੀ ਨਹੀਂ ਇਸ ਕਰਕੇ ਅਖਬਾਰਾਂ 'ਚ ਪਰਚੇ ਰਹੀਦੈ," ਮੈਂ ਕਿਹਾ।

"ਲੱਗਦੈ ਨਿਆਣੇ ਕੁੱਟਣੇ ਮਿੱਸ ਕਰਦੇ ਐ," ਉਸੇ ਢਾਣੀ 'ਚ ਬੈਠਾ ਕੈਰੋਂ ਬੋਲਿਆ।

"ਨਿਆਣੇ ਕੁੱਟਣ ਨੂੰ ਕੀਹਦਾ ਜੀਅ ਕਰਦਾ ਹੁੰਦੈ ਕੈਰੋਂ ਸਾਹਬ। ਨਾਲੇ ਅੱਜ-ਕੱਲ੍ਹ ਦੇ ਨਿਆਣੇ ਕਿੱਥੇ ਕੁੱਟ ਖਾਂਦੇ ਐ," ਮੈਂ ਅਖਬਾਰ ਉਸੇ ਤਰ੍ਹਾਂ ਫੜੀ ਰੱਖੀ। ਉੱਠ ਕੇ ਉਨ੍ਹਾਂ ਵਾਲੇ ਬੈਂਚ 'ਤੇ ਜਾਣ ਨੂੰ ਜੀਅ ਨਾ ਕੀਤਾ।

"ਜਵਾਕ ਕੁੱਟਣੇ ਮਿੱਸ ਨੀ ਕਰਦੇ ਤਾਂ ਵੇਹਲੀਆਂ ਖਾਣੀਆਂ ਮਿੱਸ ਕਰਦੇ ਹੋਵੋਂਗੇ। ਗੱਲ ਤਾਂ ਕੋਈ ਹੈ। ਬਿਨ੍ਹਾਂ ਕਿਸੇ ਗੱਲ ਤੋਂ ਬੰਦਾ ਕਿਵੇਂ ਚੁੱਪ-ਗੜੁੱਪ ਰਹਿ ਸਕਦੈ,"ਬਰਾੜ ਨੇ ਕਿਹਾ।

"ਵਿਹਲੀਆਂ ਕਿਵੇਂ ਬਈ"? ਢਾਣੀ 'ਚੋਂ ਹੀ ਇੱਕ ਨੇ ਪੁੱਛਿਆ ਜਿਸ ਦਾ ਨਾਂ ਮੈਂਨੂੰ ਨਹੀਂ ਸੀ ਪਤਾ।

"ਹੋਰ ਮਾਸਟਰ ਸਕੂਲਾਂ 'ਚ ਉੱਥੇ ਵੱਟਾਂ ਪਾਉਂਦੇ ਐ? ਵਿਹਲੇ ਰਹਿ ਕੇ ਤਨਖਾਹਾਂ ਕੁੱਟੀ ਜਾਂਦੇ ਐ,"ਬਰਾੜ ਨੇ ਕਿਹਾ ਅਤੇ ਉਹ ਸਾਰੇ ਹੱਸ ਪਏ।

"ਐਥੇ ਵੀ ਵਿਹਲੀਆਂ ਈ ਖਾਂਦੇ ਐ ਐਥੇ ਕਿਹੜਾ ਹਲ਼ ਜੁੜੇ ਐ," ਕੈਰੋਂ ਨੇ ਕਿਹਾ।

ਮੇਰਾ ਜੀਅ ਕੀਤਾ ਕਿ ਉੱਥੋਂ ਉਠ ਕੇ ਬਾਹਰ ਨਿਕਲ ਜਾਵਾਂ ਪਰ ਮੈਂ ਉਵੇਂ ਹੀ ਅਖਬਾਰ ਅੱਖਾਂ ਅੱਗੇ ਕਰਕੇ ਬੈਠਾ ਰਿਹਾ।

"ਐਥੇ ਵੇਹਲਿਆਂ ਨੂੰ ਕੌਣ ਦੇ ਦੂ। ਨਾਲੇ ਤੂੰ ਵੇਹਲੀਆਂ ਖਾਂਦਾ ਹੋਵੇਂਗਾ। ਬੇਰੀ ਸ਼ੁਰੂ ਹੋ ਲੈਣਦੇ ਫੇਰ ਵੇਖੀਂ," ਕਿਸੇ ਨੇ ਕਿਹਾ। ਹੁਣ ਮੈਨੂੰ ਸਿਰਫ ਆਵਾਜ਼ਾਂ ਸੁਣ ਰਹੀਆਂ ਸਨ।

"ਆਪਾਂ ਵੇਹਲੀਆਂ ਕਿਓਂ ਖਾਈਏ, ਸਗੋਂ ਦਿੰਨੇ ਆਂ ਮੁੰਡੇ ਨੂੰ। ਬਣੀ-ਤਣੀ ਚੈੱਕ ਫੜਾ ਦੇਈਦੀ ਐ ਅੰਮਪਲਾਏਮੈਂਟ ਵਾਲੀ।"

"ਚੈੱਕ ਤੇਰੀ ਹੁੰਦੀ ਐ ਨਾ ਹਜ਼ਾਰਾਂ 'ਚ," ਇਹ ਹਾਸਾ ਬਰਾੜ ਦਾ ਸੀ।

"ਸਾਲ ਰਹਿ ਗਿਆ ਪੈਨਸ਼ਨ ਲੱਗਣ 'ਚ ਫੇਰ ਤੇਰੇ ਜਿੱਡੀ ਆਉਣ ਲੱਗ ਜੂ। ਤੈਨੂੰ ਸਾਲ ਪਹਿਲਾਂ ਲੱਗ ਗੀ ਤੂੰ ਤਾਂ ਖੌਰੂ ਪਾਉਨੈ।" ਉਹ ਆਪਸ 'ਚ ਉਲਝ ਪਏ। ਮੈਂ ਅਖਬਾਰ ਰੱਖ ਕੇ ਬਾਹਰ ਆ ਗਿਆ। ਬਾਹਰ ਮੀਂਹ ਪੈ ਰਿਹਾ ਸੀ। ਪਾਣੀ ਢਲਾਣ ਵੱਲ ਵਗ ਕੇ ਗਟਰ 'ਚ ਪੈ ਰਿਹਾ ਸੀ। ਮੈਂ ਮੂੰਹ 'ਚ ਬਰਾੜ ਨੂੰ ਵੱਡੀ ਸਾਰੀ ਗਾਲ ਕੱਢੀ ਅਤੇ ਛਤਰੀ ਖੋਹਲ ਕੇ ਗਟਰ 'ਤੇ ਖੜ੍ਹ ਗਿਆ। ਚਿੱਤ 'ਚ ਆਇਆ ਜਿਵੇਂ ਗਟਰ ਪਾਣੀ ਨੂੰ ਆਪਣੇ 'ਚ ਸਮਾ ਰਿਹਾ ਹੈ ਮੈਨੂੰ ਵੀ ਸਮਾਅ ਲਵੇ। ਸੀਨੀਅਰ ਸੈਂਟਰ 'ਚੋਂ ਬਾਹਰ ਆ ਕੇ ਮੈਂ ਸੜਕਾਂ 'ਤੇ ਫਿਰਨ ਲੱਗਾ। 'ਵਿਹਲੀਆਂ ਖਾਦੈ' ਮੇਰੇ ਦਿਮਾਗ 'ਚ ਸਾਂ-ਸਾਂ ਕਰ ਰਿਹਾ ਸੀ। 'ਥੋਡੇ ਘਰੋਂ ਖਾਨੈਂ' ਮੇਰੇ ਅੰਦਰ ਕਚੀਚੀ ਜਿਹੀ ਉੱਠੀ। 'ਨਾ ਜਾਣ ਨਾ ਪਹਿਚਾਣ। ਐਨੀ ਖੁੱਲ੍ਹ ਤਾਂ ਬੰਦਾ ਆਵਦੇ ਨੇੜਲੇ ਦੋਸਤਾਂ ਨਾਲ ਵੀ ਨਹੀਂ ਲੈਂਦਾ ਤੇ ਇਹ ਬੁੜ੍ਹਝ ਇੱਕ ਅਨਜਾਣ ਬੰਦੇ ਨਾਲ ਏਸ ਤਰ੍ਹਾਂ ਬੇਬਾਕ ਗੱਲਾਂ ਕਰਦੇ ਐ। ਇਸ ਕਰਕੇ ਹੀ ਮੈਂ ਇਨ੍ਹਾਂ ਕੋਲ ਨਹੀਂ ਸੀ ਬੈਠਦਾ। ਵੇਖਣ 'ਚ ਹੀ ਸੱਥ 'ਚ ਬੈਠੇ ਅਨਪੜ੍ਹ ਲੋਕਾਂ ਵਰਗੇ ਲੱਗਦੇ ਐ। ਲਗਦੇ ਕੀ, ਹੈ ਈ ਅਨਪੜ੍ਹ ਪਰ ਮੈਂ ਉਦੋਂ ਕੁਝ ਬੋਲਿਆ ਕਿਓਂ ਨਹੀਂ'। ਮੈਨੂੰ ਆਪਣੇ-ਆਪ 'ਤੇ ਖਿਝ ਆਉਣ ਲੱਗੀ। ਦਿਮਾਗ ਸੁੰਨ ਹੋ ਗਿਆ, ਗੱਲਾਂ ਸੁਣ ਕੇ। ਕੁਝ ਅਹੁੜਿਆ ਹੀ ਨਾ। 'ਪੂਰੀ ਈਮਾਨਦਾਰੀ ਨਾਲ ਡਿਊਟੀ ਨਿਭਾਈ ਦੀ ਸੀ। ਮੈਥ 'ਚੋਂ ਕਦੇ ਕਿਸੇ

ਨੂੰ ਫੇਲ੍ਹ ਨਹੀਂ ਸੀ ਹੋਣ ਦਿੱਤਾ। ਨਹੀਂ ਤਾਂ ਹੈੱਡਮਾਸਟਰ ਚੌਧਰ 'ਤੇ ਰਹਿੰਦੇ ਐ। ਮੈਂ ਜਾਣ ਕੇ ਸਭ ਤੋਂ ਔਖੀ ਦਸਵੀਂ ਦੇ ਮੈਥ ਦੀ ਕਲਾਸ ਲੈਂਦਾ। ਇਹ ਸਰਦਾਰ ਕਹਿੰਦੇ ਐ ਕਿ ਵੇਹਲੀਆਂ ਖਾਣੀਆਂ ਮਿੱਸ ਕਰਦਾ ਹੋਵੇਂਗਾ'। ਸਿਰ ਪਾਟਣ-ਪਾਟਣ ਕਰਨ ਲੱਗਾ। ਦਿਲ 'ਚ ਆਇਆ ਕਿ ਕਿਤੇ ਦੂਰ ਚਲਾ ਜਾਵਾਂ। ਰਾਜੂ ਨੂੰ ਕਹਾਂ ਕਿ ਇੰਡੀਆ ਦਾ ਟਿਕਟ ਲੈ ਦੇਵੇ।'ਰਾਜੂ ਨੂੰ ਜਿਵੇਂ ਮੈਂ ਡਾਲਰ ਕਮਾਕੇ ਦਿੰਨੈ?' ਮੈਨੂੰ ਆਪਣਾ-ਆਪ ਅੱਧ ਵਿਚਕਾਰ ਲਟਕਦਾ ਮਹਿਸੂਸ ਹੋਇਆ।

ਸੀਨੀਅਰਜ਼ ਸੈਂਟਰ 'ਚ ਜਾਣ ਨੂੰ ਦਿਲ ਨਾ ਕਰਦਾ। ਸਾਰਾ ਦਿਨ ਸੜਕਾਂ 'ਤੇ ਆਵਾਰਾ ਘੁੰਮਦਾ ਰਹਿੰਦਾ। ਮੈਨੂੰ ਆਪਣਾ-ਆਪ ਹੀਣਾ ਹੀਣਾ ਲੱਗਦਾ। ਘਰ ਆ ਕੇ ਮੈਨੂੰ ਲਗਦਾ ਜਿਵੇਂ ਮੈਂ ਇੱਕ ਵਾਧੂ ਜੀਅ ਹੋਵਾਂ। ਰਾਜੂ ਸ਼ਰਾਬ ਦੀ ਬੋਤਲ ਮੁੱਕਣ ਤੋਂ ਪਹਿਲਾਂ ਹੀ ਨਵੀਂ ਲਿਆ ਕੇ ਰੱਖ ਦਿੰਦਾ। ਪਹਿਲਾਂ-ਪਹਿਲਾਂ ਤਾਂ ਮੈਂ ਪੀਂਦਾ ਰਿਹਾ ਫਿਰ ਪੀਣ ਨੂੰ ਦਿਲ ਕਰਨੋਂ ਹਟ ਗਿਆ। ਸੋਚਿਆ ਕਰਾਂ ਕਿ ਜਦੋਂ ਰਾਜੂ ਦਾ ਕੋਈ ਕੰਮ ਨਹੀਂ ਸੰਵਰਾਦਾ ਤਾਂ ਵਾਧੂ ਦਾ ਖਰਚਾ ਕਿਓਂ ਕਰਾਵਾਂ। ਰਾਜੂ ਆਖਦਾ ਕਿ ਡੈਡੀ ਖਰਚ ਦਾ ਫ਼ਿਕਰ ਨਾ ਕਰੋ। ਆਵਦਾ ਪੀ ਕੇ ਅਰਾਮ ਨਾਲ ਸੌਂਇਆ ਕਰੋ। ਉਸਨੂੰ ਪਤਾ ਸੀ ਕਿ ਰਾਤ ਨੂੰ ਮੈਨੂੰ ਚੰਗੀ ਤਰ੍ਹਾਂ ਨੀਂਦ ਨਹੀਂ ਸੀ ਆਉਂਦੀ। ਮੈਨੂੰ ਆਪਣਾ-ਆਪ ਰਾਜੂ 'ਤੇ ਇੱਕ ਭਾਰ ਜਿਹਾ ਲੱਗਦਾ। ਰੋਟੀ ਖਾਂਦੇ ਨੂੰ ਵੀ ਸ਼ਰਮ ਆਇਆ ਕਰੇ। ਨਾ ਕਿਸੇ ਨੂੰ ਬਲਾਉਣ ਨੂੰ ਦਿਲ ਕਰਿਆ ਕਰੇ ਨਾ ਕਿਤੇ ਆਉਣ-ਜਾਣ ਨੂੰ। ਲਗਦਾ ਜਿਵੇਂ ਕੁਲਜੀਤ ਵੀ ਮੇਰਾ ਧਿਆਨ ਰੱਖਣੋਂ ਹਟ ਗਈ ਹੋਵੇ। ਇੱਕ ਦਿਨ ਉਸ ਤੋਂ ਪਏ ਨੇ ਪਾਣੀ ਮੰਗ ਲਿਆ। "ਆਪ ਉੱਠ ਕੇ ਲੈ ਲਓ। ਐਨਾਂ ਵੀ ਨਹੀਂ ਕਰ ਸਕਦੇ ਕਿ ਉੱਠ ਕੇ ਪਾਣੀ ਪੀ ਲਵਾਂ। ਇੱਧਰ ਬੱਚੇ ਨੀ ਟਿਕਣ ਦਿੰਦੇ ਉੱਪਰੋਂ ਥੋਨੂੰ ਮਿਲੇ ਸਾਰਾ ਕੁਝ ਬਿਸਤਰੇ 'ਚ ਪਿਆਂ ਨੂੰ ।" ਲੱਗਿਆ ਜਿਵੇਂ ਕੁਲਜੀਤ ਮੈਥੋਂ ਅੱਕੀ ਪਈ ਹੋਵੇ। ਸ਼ਾਮ ਨੂੰ ਮੇਰੇ ਇੱਕ ਪੁਰਾਣੇ ਵਾਕਿਫ਼ ਦਾ ਫ਼ੋਨ ਆ ਗਿਆ। ਗੱਲ ਕਰਦਾ ਮੈਂ ਆਖ ਬੈਠਾ , "ਫਸ ਗਏ ਯਾਰ ਕਨੇਡਾ ਆ ਕੇ, ਜੀਅ ਨੀ ਲੱਗਦਾ, ਕੰਮ ਦੇ ਨਾ ਕਾਰ ਦੇ ਢਾਈ ਸੇਰ ਅਨਾਜ ਦੇ।" ਰੁਪਿੰਦਰ ਨੇ ਸੁਣ ਲਿਆ ਕਹਿੰਦੀ , "ਡੈਡੀ ਜਿਸ ਨੂੰ ਤੁਸੀਂ ਦੱਸਦੇ ਸੀ ਕਿ ਫਸ ਗਏ ਇੱਥੇ ਆ ਕੇ ਓਹਨੇ ਸੋਚਣੈਂ ਕਿ ਨੂੰਹ ਤੰਗ ਕਰਦੀ ਹੋਣੀ ਐਂ।"

"ਮੈਂ ਤਾਂ ਸੁਭਾਵਕ ਕਿਹਾ ਸੀ ਭਾਈ ਕਿ ਫਸ ਗਏ, ਆਪਣੇ ਬੱਚਿਆਂ ਦੀ ਨਿੰਦਾ ਕਿਸੇ ਕੋਲ ਕਿਵੇਂ ਕਰ ਸਕਦੈਂ।"

"ਫੇਰ ਦੱਸੋ ਡੈਡੀ ਥੋਡਾ ਜੀਅ ਕਿਵੇਂ ਲਵਾਈਏ?" ਰਾਜੂ ਦੀ ਆਵਾਜ਼ ਮੈਨੂੰ ਆਮ ਨਾਲੋਂ ਉੱਚੀ ਲੱਗੀ। ਮੈਨੂੰ ਲੱਗਾ ਜਿਵੇਂ ਉਹ ਸਾਰੇ ਰਲ ਕੇ ਮੇਰੇ ਵਿਰੁੱਧ ਕੋਈ ਸਾਜ਼ਿਸ਼ ਰਚ ਰਹੇ ਹੋਣ। ਇਹ ਮੇਰੇ ਮਨ 'ਚ ਘੁੰਮੀ ਜਾਇਆ ਕਰੇ। ਇੱਕ ਸ਼ਾਮ ਜਦ ਘਰ ਮੁੜਿਆ ਤਾਂ ਸਾਰਾ ਪ੍ਰੀਵਾਰ ਲਿਵਿੰਗ ਰੂਮ 'ਚ ਟੀ.ਵੀ. ਮੂਹਰੇ ਬੈਠਾ, ਹੱਸੀ ਜਾਵੇ। ਮੈਂ ਚੁੱਪ-ਚਪੀਤਾ ਜਿਹਾ ਅੰਦਰ ਜਾਣ ਲੱਗਾ। ਰਾਜੂ ਦੀ ਨਿਗ੍ਹਾ ਮੇਰੇ 'ਤੇ ਪੈ ਗਈ , "ਸਾਸਰੀਕਾਲ ਡੈਡੀ, ਕਿਵੇਂ ਐਂ, ਘੁੰਮ-ਫਿਰ ਆਏ"? ਉਸ ਨੇ ਕਿਹਾ। ਮੈਨੂੰ ਲੱਗਾ ਜਿਵੇਂ ਉਸ ਕਿਹਾ ਹੋਵੇ, 'ਕਰ ਆਏ ਆਵਾਰਾ-ਗਰਦੀ'। ਮੈਂ ਸਾਸਰੀਕਾਲ ਆਖ ਕੇ ਅੰਦਰ ਲੰਘ ਗਿਆ। ਉਨ੍ਹਾਂ ਦੇ ਹੱਸਣ ਦੀ ਆਵਾਜ਼ ਤੋਂ ਲੱਗਾ ਜਿਵੇਂ ਉਹ ਸਾਰੇ ਰਲਕੇ ਮੇਰਾ ਮਜ਼ਾਕ ਉਡਾ ਰਹੇ ਹੋਣ। ਮੇਰੇ ਦਿਮਾਗ 'ਚ ਸਾਂਅ-ਸਾਂਅ ਹੋਣ ਲੱਗੀ। ਫੇਰ ਲੱਗਾ ਜਿਵੇਂ ਹਾਸਾ ਗੁਰਮੇਲ ਦਾ ਹੋਵੇ, ਨਹੀਂ-ਨਹੀਂ ਗੁਰਮੇਲ ਦੇ ਬੱਚਿਆਂ ਦਾ, ਨਹੀਂ-ਨਹੀਂ ਬਰਾੜ ਦਾ। ਲੱਗਿਆ ਜਿਵੇਂ ਬਹੁਤ ਸਾਰੀਆਂ ਹੱਸਣ ਦੀਆਂ ਆਵਾਜ਼ਾਂ ਮੇਰਾ ਮਜ਼ਾਕ ਉਡਾ ਰਹੀਆਂ ਹੋਣ। ਮੇਰੀਆਂ ਬਾਂਹਾਂ 'ਚੋਂ ਸੇਕ ਨਿਕਲਣ ਲੱਗਾ। ਮੇਰੇ ਦੋਨੋਂ ਹੱਥ ਕੰਨਾਂ ਉੱਪਰ ਚਲੇ ਗਏ। ਮੈਂ ਕਮਰੇ ਤੋਂ ਦੂਜੇ ਕਮਰੇ 'ਚ ਕਾਹਲੀ-ਕਾਹਲੀ ਫਿਰਨ ਲੱਗਾ। ਪਰ ਹਾਸੇ ਦੀਆਂ ਆਵਾਜ਼ਾਂ ਮੇਰਾ ਪਿੱਛਾ ਨਹੀਂ ਸੀ ਛੱਡ ਰਹੀਆਂ। 'ਓਹ ਛੱਡ ਦਿਓ ਖਹਿੜਾ' ਆਖਦਾ-ਆਖਦਾ ਮੈਂ ਲਿਵਿੰਗਰੂਮ 'ਚ ਬੈਠੇ ਰਾਜੂ ਹੋਰਾਂ ਸਾਹਮਣੇ ਫਲੋਰ ਤੇ ਜਾ ਡਿੱਗਾ। ਜਿਵੇਂ ਸਾਰੇ ਅੰਗ-ਪੈਰ ਆਪ-ਮੁਹਾਰੇ ਹੋ ਗਏ ਹੋਣ। ਮੈਂ ਫਲੋਰ ਤੇ ਲਿਟਿਆ ਲੱਤਾਂ-ਬਾਹਾਂ ਚਲਾਉਣ ਲੱਗਾ। ਰਾਜੂ ਅਤੇ ਕੁਲਜੀਤ ਮੈਨੂੰ ਫੜ ਕੇ ਚੁੱਪ ਕਰਾਉਣ ਲੱਗੇ। ਮੈਂ ਉਨ੍ਹਾਂ ਤੋਂ ਛੁੱਟ-ਛੁੱਟ ਜਾਂਵਾਂ। ਦੋਹੇਂ ਬੱਚੇ ਰੋਣ ਲੱਗੇ। ਰਾਜੂ ਹੋਰੀਂ ਮੈਨੂੰ ਕਲੀਨਿਕ ਲੈ ਗਏ। ਡਾਕਟਰ ਕਹਿੰਦਾ ਕਿ ਮੈਨੂੰ ਡਿਪਰੈਸ਼ਨ ਹੈ। ਉਸਨੇ ਦਵਾਈ ਲਿਖ ਦਿੱਤੀ, ਨੀਂਦ ਦੀ ਦਵਾਈ ਵੀ ਲਿਖ ਦਿੱਤੀ। ਮੈਨੂੰ ਨੀਂਦ ਆ ਗਈ। ਅਗਲੇ ਦਿਨ ਉਸ ਮੈਨੂੰ ਸਾਇਕੈਟਰਿਸਟ ਦੇ ਭੇਜ ਦਿੱਤਾ। ਸਾਇਕੈਟਰਿਸਟ ਨੇ ਮੈਨੂੰ ਤੇ ਰਾਜੂ ਨੂੰ ਕਈ ਸਵਾਲ ਪੁੱਛੇ। ਉਸ ਨੇ ਕੁਝ ਦਵਾਈਆਂ ਲਿਖ ਦਿੱਤੀਆਂ। ਘਰ ਆ ਕੇ ਕੁਲਜੀਤ ਕਹਿੰਦੀ , "ਪਾਠ ਕਰਿਆ ਕਰੋ ਮਨ ਟਿਕਾਣੇ ਆ ਜਾਵੇਗਾ।" ਪਰ ਮੇਰਾ ਜੀਅ ਨਾ ਕੀਤਾ। ਕੁਲਜੀਤ ਕਹਿੰਦੀ ਕਿ ਮੈਂ ਉਸਦੇ ਮਗਰ-ਮਗਰ ਬੋਲਾਂ। ਉਹ ਵਾਹਿਗੁਰੂ-ਵਾਹਿਗੁਰੂ ਕਰਨ ਲੱਗੀ। ਮੈਂ ਉਸਦੇ ਮਗਰ ਬੋਲਣ ਲੱਗਾ। ਬੋਲਦੇ-ਬੋਲਦੇ ਮੈਂ ਆਵਾਜ਼ਾਂ ਮਾਰਨ ਲੱਗਾ, "ਓਹ ਵਾਹਗੁਰੂ ਕਿਥੇ ਐਂ ਤੂੰ।" ਕੁਲਜੀਤ ਨੇ ਮੈਨੂੰ ਜੱਫੀ 'ਚ ਲੈ ਲਿਆ। ਰਾਜੂ ਘਬਰਾ ਗਿਆ। ਉਸਨੇ ਉਦੋਂ ਹੀ ਡਾਕਟਰ ਨੂੰ ਫੋਨ ਕਰ ਲਿਆ। ਡਾਕਟਰ ਕਹਿੰਦਾ ਕਿ ਘਬਰਾਓ ਨਾ, ਸਭ ਠੀਕ-ਠਾਕ ਹੋ ਜਾਵੇਗਾ। ਦਵਾਈਆਂ ਦਾ ਅਸਰ ਹੋਣ 'ਚ ਦੋ ਕੁ ਹਫ਼ਤੇ ਲੱਗ ਜਾਂਦੇ ਐ।

ਦਵਾਈਆਂ ਦੇ ਅਸਰ ਨਾਲ ਮੇਰਾ ਦਿਮਾਗ ਸੁੰਨ ਜਿਹਾ ਰਹਿਣ ਲੱਗ ਪਿਆ। ਪਹਿਲਾਂ ਵਾਂਗ ਕੋਈ ਉਤੇਜਨਾਂ ਨਹੀਂ ਸੀ ਹੁੰਦੀ। ਪਰ ਫੇਰ ਵੀ ਕਦੇ-ਕਦੇ ਕੋਈ ਅਣਸੁਖਾਵੀਂ ਗੱਲ ਯਾਦ ਆ ਜਾਂਦੀ ਤੇ ਮੈਨੂੰ ਬੇਚੈਨ ਕਰ ਜਾਂਦੀ। ਜਦੋਂ ਮੈਂ ਸਾਇਕੈਟਰਿਸਟ ਦੇ ਜਾਂਦਾ ਉਹ ਮੇਰੇ ਨਾਲ ਦੋਸਤਾਂ ਵਾਂਗ ਗੱਲਾਂ ਕਰਦਾ। ਉਸ ਮੈਨੂੰ ਦੱਸਿਆ ਕਿ ਇੰਡੀਆ ਤੋਂ ਐਥੇ ਆ ਕੇ ਹਾਲਾਤ ਦੇ ਬਦਲਣ ਨਾਲ ਅਤੇ ਕੋਈ ਰੁਝੇਵਾਂ ਵਗੈਰਾ ਨਾ ਹੋਣ ਕਰਕੇ ਮੇਰਾ ਸੈਲਫ਼ਕੌਨਫੀਡੈਂਸ ਖਤਮ ਹੋ ਗਿਆ ਅਤੇ ਮੈਂ ਡਿਪਰੈਸ਼ਨ ਦਾ ਸ਼ਿਕਾਰ ਹੋ ਗਿਆ ਸਾਂ। ਮੈਨੂੰ ਉਹ ਕਿਸੇ ਪਾਸੇ ਰੁੱਝਣ ਦੀ ਸਲਾਹ ਦਿੰਦਾ।

ਇਨ੍ਹਾਂ ਸਲਾਹਾਂ ਬਾਰੇ ਸੋਚਦਾ ਹੀ ਮੈਂ ਬਿਸਤਰੇ 'ਚ ਪਿਆ ਸੀ। ਕੁਲਜੀਤ ਮੈਨੂੰ ਸਵਾ ਕੇ ਆਪ ਵੀ ਸੌਂ ਗਈ ਸੀ ਪਰ ਮੇਰੀ ਤਿੰਨ ਕੁ ਘੰਟਿਆ ਬਾਅਦ ਅੱਖ ਖੁੱਲ ਗਈ। ਬਾਹਰ ਤੇਜ਼ ਹਵਾ ਥੰਮ ਗਈ ਸੀ ਪਰ ਮੀਂਹ ਹਾਲੇ ਵੀ ਪੈ ਰਿਹਾ ਸੀ। ਦਿਮਾਗ 'ਚ ਆਇਆ ਕਿ ਸਾਇਕੈਟਰਿਸਟ ਦੀ ਸਲਾਹ ਮੰਨ ਕੇ ਕੋਈ ਰੁਝੇਵਾਂ ਜ਼ਰੂਰ ਅਪਣਾਵਾਂ, ਨਹੀਂ ਤਾਂ ਵਿਹਲੇ ਨੂੰ ਰਾਤ ਵਾਂਗ ਢਹਿੰਦੀਆਂ ਕਲਾ ਵਾਲੀਆਂ ਗੱਲਾਂ ਯਾਦ ਆ ਕੇ ਬੇਚੈਨ ਕਰਦੀਆਂ ਰਹਿਣਗੀਆਂ। ਪਰ ਕੁਝ ਕਰਨ ਨੂੰ ਦਿਲ ਹੀ ਨਹੀਂ ਕਰਦਾ।   ਫੇਰ ਸਇਕੈਟਰਿਸਟ ਦੀ ਸਲਾਹ ਯਾਦ ਆਈ। ਉਸ ਕਿਹਾ ਸੀ, "ਸਾਰੀ ਉਮਰ ਤੁਸੀਂ ਸਕੂਲਾਂ 'ਚ ਨੌਕਰੀ ਕੀਤੀ ਹੈ। ਇਸ ਕਰਕੇ ਤੁਹਾਨੂੰ ਸਕੂਲ ਜਾਣ ਬਾਰੇ ਸੋਚਣਾ ਚਾਹੀਦਾ ਹੈ। ਸਕੂਲ ਦਾ ਮਾਹੌਲ ਤੁਹਾਨੂੰ ਠੀਕ ਹੋਣ 'ਚ ਸਹਾਈ ਹੋ ਸਕਦੈ।"

"ਸਕੂਲ ਪੜ੍ਹ ਕੇ ਹੁਣ ਕੀ ਅਫ਼ਸਰ ਲੱਗਣੈ," ਮੇਰਾ ਇਹ ਜਵਾਬ ਸੁਣ ਕੇ ਸਾਇਕੈਟਰਿਸਟ ਨੇ ਕਿਹਾ ਸੀ, "ਸਕੂਲ ਸਿਰਫ਼ ਨੌਕਰੀ ਲੱਭਣ ਲਈ ਹੀ ਨਹੀਂ ਹੁੰਦੇ, ਕੁਝ ਨਵਾਂ ਸਿੱਖਣ ਲਈ ਵੀ ਹੁੰਦੇ ਹਨ।"

"ਹਾਂ ਜੀ ਜ਼ਰੂਰ ਸੋਚਾਂਗੇ।" ਉਦੋਂ ਤਾਂ ਮੈਂ ਆਖ ਦਿੱਤਾ ਸੀ ਪਰ ਮਨ 'ਚ ਆਇਆ ਕਿ ਨਵਾਂ ਸਿੱਖ ਕੇ ਹੁਣ ਕੀ ਕਰਨੈਂ, ਕਬਰ 'ਚ ਲੱਤਾਂ ਨੇ'। ਪਰ ਸਾਇਕੈਟਰਿਸਟ ਨੇ ਕਿਹਾ ਸੀ ਕਿ ਕੁਝ ਨਾ ਕੁਝ  ਧੱਕੇ ਨਾਲ ਹੀ ਸ਼ੁਰੂ ਕਰਨਾ ਪਵੇਗਾ। ਪਹਿਲਾਂ-ਪਹਿਲਾਂ ਜੀਅ ਨਹੀਂ ਕਰਨਾ ਕੁਝ ਕਰਨ ਨੂੰ, ਬਾਅਦ 'ਚ ਇਸ 'ਚੋਂ ਸੁਆਦ ਆਉਣ ਲੱਗ ਪਵੇਗਾ। ਇਨ੍ਹਾਂ ਸੋਚਾਂ 'ਚ ਹੀ ਫਿਰ ਸੌਂ ਗਿਆ। ਸੁਪਨੇ'ਚ ਮੈਨੂੰ ਗਊਆਂ ਦਾ ਇੱਕ ਬਹੁਤ ਵੱਡਾ ਵੱਗ ਦਿਸਿਆ। ਮੈਂ ਧੂੜ ਉਡਾਉਂਦੇ ਜਾ ਰਹੇ ਵੱਗ ਦੇ ਵਿਚਕਾਰ ਘਿਰਿਆ ਹੋਇਆ ਸੀ। ਅੱਗੇ-ਪਿੱਛੇ, ਸੱਜੇ-ਖੱਬੇ ਗਊਆਂ ਹੀ ਗਊਆਂ। ਮੈਂ ਇੱਕ ਪਾਸਿਓਂ ਵੱਗ 'ਚੋਂ ਨਿਕਲਣ ਲਈ ਕੋਸ਼ਿਸ਼ ਕਰਦਾ ਪਰ ਗਊਆਂ ਮੁੱਕਣ 'ਚ ਹੀ ਨਾ ਆਉਂਦੀਆਂ। ਹਾਰਕੇ ਮੈਂ ਦੂਜੇ ਪਾਸੇ ਕੋਸ਼ਿਸ਼ ਕਰਨ ਲੱਗਦਾ। ਉੱਧਰ ਵੀ ਇਹੀ ਹਾਲ ਹੁੰਦਾ। ਮੈਂ ਇੱਧਰ-ਉੱਧਰ ਦੌੜ ਰਿਹਾ ਸੀ ਪਰ ਮੈਨੂੰ ਨਿਕਲਣ ਲਈ ਕੋਈ ਰਾਹ ਨਹੀਂ ਸੀ ਮਿਲ ਰਿਹਾ। ਫਿਰ ਮੇਰੇ ਸਿਰ 'ਤੇ ਸਿੰਗ ਲੱਗ ਜਾਂਦੇ ਹਨ। ਬੇਵੱਸ ਹੋਇਆ ਮੈਂ ਚੀਕਣ ਦੀ ਕੋਸ਼ਿਸ਼ ਕਰਦਾ ਹਾਂ ਪਰ ਮੇਰੀ ਆਵਾਜ਼ ਨਹੀਂ ਨਿਕਲਦੀ। ਇਸੇ ਖਿੱਚੋਤਾਣ 'ਚ ਹੀ ਕੁਲਜੀਤ ਨੇ ਮੈਨੂੰ ਝੰਜੋੜਿਆ , "ਕੀ ਹੋਈ ਜਾਂਦੈ ਥੋਨੂੰ? ਜ਼ੋਰ ਜਾ ਲਾਈ ਜਾਨੇ ਐਂ, ਨਾਲੇ ਊਂ-ਊਂ ਕਰੀ ਜਾਨੇ ਐਂ।  ਉੱਠੋ, ਲੱਗਦੈ ਦਬਾਅ ਪੈ ਗਿਐ।" ਮੈਂ ਤ੍ਰਭਕ ਕੇ ਉੱਠਿਆ। ਮੇਰਾ ਸਾਰਾ ਸਰੀਰ ਪਸੀਨੇ ਨਾਲ ਤਰ-ਬ-ਤਰ ਸੀ। (ਤ੍ਰਿਸ਼ੰਕੂ ਜਨਵਰੀ-ਫਰਵਰੀ 2004) ●●

# ਲੋਕਾਚਾਰੀ

ਸ਼ਮਸ਼ਾਨ-ਘਰ ਦੇ ਹਾਲ ਅੰਦਰ ਵੜਦਿਆਂ ਹੀ, ਸਾਹਮਣੇ ਪਈ ਨਿੰਦਰ ਦੀ ਫ਼ੋਟੋ ਵੇਖ ਮੇਰੇ ਅੰਦਰ ਚੀਸ ਜਿਹੀ ਉੱਠੀ। ਇਹ ਤਾਂ ਉਹੀ ਫੋਟੋ ਵੱਡੀ ਕੀਤੀ ਹੋਈ ਸੀ, ਜਿਹੜੀ ਬਹੁਤ ਸਮਾਂ ਮੇਰੇ ਸਰ੍ਹਾਣੇ ਹੇਠ ਰਹੀ ਸੀ। ਵਿਆਹ ਤੋਂ ਬਾਅਦ ਜਦ ਨਿੰਦਰ ਇੱਧਰ ਆ ਗਿਆ ਸੀ, ਮੈਂ ਇਸੇ ਫੋਟੋ ਨਾਲ ਗੱਲਾਂ ਕਰਦੀ ਹੁੰਦੀ ਸੀ। ਅਸਲ 'ਚ ਵਿਆਹ ਤੋਂ ਪਹਿਲਾਂ ਹੀ ਜਦ ਗੱਲ ਪੱਕੀ ਵੀ ਨਹੀਂ ਸੀ ਹੋਈ, ਇਸ ਫੋਟੋ ਨੂੰ ਹੀ ਮੈਂ ਦਿਲ ਦੇ ਬੈਠੀ ਸੀ। ਇਹ ਮੇਰੇ ਸੁਪਨਿਆਂ ਦੇ ਰਾਜਕੁਮਾਰ ਦੀ ਫੋਟੋ ਸੀ। ਕਨੇਡਾ ਆ ਕੇ ਵੀ ਮੈਂ ਇਹ ਫੋਟੋ ਆਪਣੇ ਡ੍ਰੈੱਸਰ 'ਤੇ ਸਜਾ ਲਈ ਸੀ। ਜਦ ਵੀ ਕਦੇ ਨਿੰਦਰ ਨੂੰ ਚਿਤਵਦੀ ਤਾਂ ਇਹੀ ਫੋਟੋ ਵਾਲਾ ਨਿੰਦਰ ਮੂਹਰੇ ਆਉਂਦਾ। ਇਸ ਫੋਟੋ ਨੂੰ ਤਾਬੂਤ ਦੇ ਨਾਲ ਪਈ ਵੇਖ ਮੇਰੇ ਅੰਦਰ ਹਲਚਲ ਜਿਹੀ ਹੋਈ। ਜਦ ਦੀ ਖਬਰ ਸੁਣੀ ਸੀ, ਜਾਣੀ ਸੱਚ ਜਿਹਾ ਨਹੀਂ ਸੀ ਆਇਆ। ਜਹਾਜ਼ ਵਿੱਚ ਵੀ ਸਾਰੇ ਰਾਹ ਇਹੀ ਦਿਮਾਗ ਵਿੱਚ ਘੁੰਮਦਾ ਰਿਹਾ ਕਿ 'ਇਹ ਕੀ ਦਾ ਕੀ ਹੋ ਗਿਆ ਸੀ'।

ਮੈਂ ਆਪਣੇ-ਆਪ 'ਤੇ ਕਾਬੂ ਪਾਇਆ ਅਤੇ ਮਾਸੀ ਦੇ ਪਿੱਛੇ-ਪਿੱਛੇ ਮਨੀ ਦੀ ਉਂਗਲ ਫੜ ਇਸਤਰੀਆਂ ਵਾਲੇ ਪਾਸੇ, ਵਿਚਕਾਰ ਵਾਲੀਆਂ ਪੰਗਤੀਆਂ 'ਚ ਬੈਂਚ ਦੇ ਇੱਕ ਸਿਰੇ ਬੈਠ ਗਈ। ਮੈਨੂੰ ਲੱਗਾ ਜਿਵੇਂ ਕਈ ਨਜ਼ਰਾਂ ਮੇਰੇ ਵੱਲ ਉੱਠੀਆਂ ਹੋਣ। ਹੋ ਸਕਦਾ ਹੈ ਇਹ ਮੇਰਾ ਵਹਿਮ ਹੀ ਹੋਵੇ ਪਰ ਪਿਛਲੇ ਬੈਂਚ ਤੇ ਹੋਈ ਘੁਸਰ-ਮੁਸਰ ਤੋਂ ਮੈਨੂੰ ਲੱਗਾ ਜਿਵੇਂ ਕਿਸੇ ਨੇ ਕਿਹਾ ਹੋਵੇ, 'ਇਹ ਕੀ ਧੱਕੇ ਖਾਣ ਆਈ ਐ ਹੁਣ?' ਮੈਂ ਮਾਸੀ ਦੇ ਨਾਲ ਲੱਗ ਕੇ ਬੈਠ ਗਈ।

''ਉਸ ਬੌਕਸ 'ਚ ਕੀ ਆ ਮਾਮ?'' ਮਨੀ ਨੇ ਬਹੁਤ ਹੀ ਹੌਲੀ ਜਿਹੀ ਆਵਾਜ਼ 'ਚ ਪੁੱਛਿਆ।

''ਇਸ ਵਿੱਚ ਤੇਰੇ ਡੈਡੀ ਦੀ ਬੌਡੀ ਪਈ ਆ। ਹੁਣ ਪਾਠ ਹੋ ਰਿਹੈ ਫਿਰ ਬਾਬਾ ਜੀ ਅਰਦਾਸ ਕਰਨਗੇ, ਫੇਰ ਉਹ ਬੌਕਸ ਨੂੰ ਅੰਦਰ ਲੈ ਜਾਣਗੇ,'' ਮੈਂ ਮਨੀ ਦੀਆਂ ਅੱਖਾਂ 'ਚ ਤੈਰਦੇ ਪ੍ਰਸ਼ਨ ਵੇਖ ਧੀਮੀ ਆਵਾਜ਼ 'ਚ ਦੱਸਿਆ।

''ਅੰਦਰ ਕਿਓਂ ਲੈ ਜਾਣਗੇ?''

''ਅੰਦਰ ਲੈ ਜਾ ਕੇ ਬਰਨ ਕਰ ਦੇਣਗੇ।''

''ਬਰਨ ਕਾਹਤੋਂ ਕਰ ਦੇਣਗੇ?'' ਮਨੀ ਦੀਆਂ ਅੱਖਾਂ 'ਚ ਡਰ ਵੇਖ ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਕਿ ਮੈਂ ਕਿਓਂ ਬੱਚੇ ਨੂੰ ਦੱਸਣਾ ਸੀ, ਕੋਈ ਐਵੇਂ ਜਿਹਾ ਜਵਾਬ ਦੇ ਦਿੰਦੀ। ਪਰ ਮੈਂ ਦੱਸ ਬੈਠੀ ਸਾਂ। ਇਸ ਕਰਕੇ ਮੈਂ ਜਵਾਬ ਦਿੱਤਾ,''ਬੀਕਾਸ ਹੀ ਇਜ਼ ਨੋ ਮੋਰ,''

''ਜਿਆ ਬੱਟ ਹੀ ਇਜ਼ ਸਟਿੱਲ ਮਾਈ ਡੈਡ।''

''ਆਈ ਨੋ ਬੇਟਾ, ਬੱਟ ਹੀ ਇਜ਼ ਡੈੱਡ। ਇਟਸ ਜਸਟ ਆ ਬੌਡੀ। ਸਾਰੀਆਂ ਡੈੱਡ ਬੌਡੀਜ਼ ਨੂੰ ਬਰਨ ਕਰ ਦਿੰਦੇ ਆ।''

''ਪਰ ਕਾਹਤੋਂ?''

ਪਰ ਕਾਹਤੋਂ ਦਾ ਜਵਾਬ ਮੈਂ ਕੀ ਦੇਵਾਂ, ਮੈਨੂੰ ਸਮਝ ਨਾ ਲੱਗੀ। ਮੈਂ ਮਨੀ ਨੂੰ ਆਪਣੇ ਨਾਲ ਘੁੱਟ ਲਿਆ। ਭਾਵੇਂ ਮੈਂ ਤੇ ਮਨੀ ਬਹੁਤ ਹੀ ਮੱਧਮ ਆਵਾਜ਼ 'ਚ ਬੋਲ ਰਹੇ ਸੀ ਪਰ ਮੈਨੂੰ ਲੱਗਾ ਕਿ ਇਹ ਅਨੁਚਿਤ ਸੀ। ਮੈਨੂੰ ਸਗੋਂ ਸਪੀਕਰਾਂ 'ਚੋਂ ਆ ਰਹੀ 'ਵਾਹਿਗੁਰੂ' ਦੇ ਸਿਮਰਣ ਦੀ ਆਵਾਜ਼ ਵੱਲ ਧਿਆਨ ਦੇਣਾ ਚਾਹੀਦਾ ਸੀ। ਪਰ ਮੈਨੂੰ ਮਨੀ ਦਾ ਵੀ ਫਿਕਰ ਸੀ। ਉਹ ਬਹੁਤ ਸਹਿਮਿਆਂ-ਸਹਿਮਿਆਂ ਜਿਹਾ ਲੱਗ ਰਿਹਾ ਸੀ।

ਮਨੀ ਹਮੇਸ਼ਾ ਹੀ ਦੁਬਕਿਆ ਜਿਹਾ ਰਹਿੰਦਾ। ਲੋਕਾਂ ਦੇ ਬੱਚਿਆਂ ਨੂੰ ਉੱਛਲਦੇ-ਕੁੱਦਦੇ ਵੇਖ ਮੈਨੂੰ ਹਮੇਸ਼ਾ ਲੱਗਦਾ ਕਿ ਕਾਸ਼! ਮਨੀ ਵੀ ਇਸੇ-ਤਰ੍ਹਾਂ ਨੱਚੇ-ਟੱਪੇ। ਇਸ ਵੱਲ ਵੇਖ ਮੈਂ ਆਪਣੇ-ਆਪ ਨੂੰ ਗੁਨਾਹਗਾਰ ਸਮਝਣ ਲੱਗ ਪੈਂਦੀ। ਮੈਨੂੰ ਲਗਦਾ ਜਿਵੇਂ ਮੈਂ ਇਸ ਦਾ ਬਚਪਨ ਖਾ ਲਿਆ ਹੋਵੇ। ਪਰ ਮੈਂ ਤਾਂ ਜਿੰਨਾਂ ਕੁ ਬਰਦਾਸ਼ਤ ਕਰ ਸਕਦੀ ਸੀ, ਕਰਦੀ ਰਹੀ। ਜਦ ਗੱਲ ਵੱਸੋਂ ਬਾਹਰ ਹੋ ਗਈ, ਮੈਂ ਬੋਲ ਪਈ। ਉਦੋਂ ਮੈਨੂੰ ਲੱਗਾ ਸੀ ਕਿ ਜੇ ਮੈਂ ਇਸੇ ਤਰ੍ਹਾਂ ਘੁੱਟ-ਘੁੱਟ ਕੇ ਮਰ ਗਈ, ਫੇਰ ਮੇਰੇ ਬੱਚੇ ਨੂੰ ਕੌਣ ਸੰਭਾਲੇਗਾ? ਤਿੰਨ ਸਾਲ ਦਾ ਤਾਂ ਸੀ ਮਸਾਂ ਉਦੋਂ।

ਮੂਹਰਲੀਆਂ ਪੰਗਤੀਆਂ 'ਚੋਂ ਉੱਠ ਕੇ ਬਾਹਰ ਵੱਲ ਜਾਂਦੇ ਸੁਰਜੀਤ 'ਤੇ ਮੇਰੀ ਨਿਗ੍ਹਾ ਪਈ। ਮੈਨੂੰ ਲੱਗਾ ਜਿਵੇਂ ਉਹ ਮੇਰੇ ਵੱਲ ਕੌੜ ਕੌੜ ਕੇ ਝਾਕ ਰਿਹਾ ਹੋਵੇ। ਮੇਰਾ ਅੰਦਰ ਵੀ ਘ੍ਰਿਣਾ ਨਾਲ ਭਰ ਗਿਆ।

ਮੈਂ ਇਸਦੀ ਸਾਰਿਆਂ ਦੇ ਬੈਠਿਆਂ 'ਚ ਲਾਹ-ਪਾਹ ਕਰ ਦਿੱਤੀ ਸੀ। ਮੈਨੂੰ ਇਸ ਦਾ ਸਾਡੇ ਘਰ ਦੇ ਮਾਮਲੇ 'ਚ ਐਨਾ ਦਖਲ ਪਸੰਦ ਨਹੀਂ ਸੀ। ਸੁਲਾਹ ਕਰਵਾਉਣ ਲਈ ਜਦ ਡੈਡੀ ਹੋਰੀਂ ਕੁਝ ਰਿਸ਼ਤੇਦਾਰਾਂ ਨੂੰ ਨਾਲ ਲੈ ਕੇ ਗਏ, ਤਾਂ ਇਹ ਕੁਝ ਜ਼ਿਆਦਾ ਹੀ ਬਾਅ ਜੀ ਦਾ ਭਾਣਜਾ ਹੋਣ ਦਾ ਫ਼ਰਜ਼ ਨਿਭਾ ਰਿਹਾ ਸੀ।

ਡੈਡੀ ਕਹਿਣ ਲੱਗੇ, ''ਦੇਖੋ ਸਰਦਾਰ ਜੀ, ਇਹ ਸਭ ਚੰਗਾ ਨਹੀਂ ਹੋਇਆ। ਸਾਡੀ ਕੁੜੀ ਦਾ ਜੇ ਕੋਈ ਕਸੂਰ ਸੀ ਤਾਂ ਸਾਨੂੰ ਦੱਸਦੇ, ਅਸੀਂ ਸਮਝਾਉਂਦੇ। ਇਸ ਤਰ੍ਹਾਂ ਘਰੋਂ ਧੱਕਾ ਨੀ ਸੀ ਦੇਣਾ।''

"ਅਸੀਂ ਕੋਈ ਧੱਕਾ ਨੀ ਦਿੱਤਾ। ਸਮਝਾਉਣ ਖਾਤਿਰ ਹੀ ਥੋਡੇ ਕੋਲ ਛੱਡ ਕੇ ਆਏ ਹਾਂ। ਪਰ ਏਹਦੇ ਆਪਣੇ ਵਸਣ ਦੇ ਚਾਲੇ ਨਹੀਂ," ਬਾਅ ਜੀ ਬੋਲੇ।

"ਵਸਣ ਨੂੰ ਤਾਂ ਐਂ ਕੋਈ ਐਡੀ ਕਮਲੀ ਹੈ ਨੀ, ਘਰ 'ਚ ਠੀਕ ਵਰਤਾਅ ਨਹੀਂ ਹੁੰਦਾ ਸੀ ਇਹਦੇ ਨਾਲ। ਇਹ ਹਾਰ ਕੇ ਮੂਹਰੋਂ ਬੋਲ ਪਈ ਹੋਵੇਗੀ ਪਰ ਮਾਰਨ-ਕੁੱਟਣ ਵਾਲੀ ਗੱਲ ਠੀਕ ਨਹੀਂ ਹੋਈ। ਅਸੀਂ ਤਾਂ ਫੇਰ ਵੀ ਸਾਰਾ ਕੁਝ ਭੁੱਲ ਜਾਵਾਂਗੇ, ਤੁਸੀਂ ਸਮਝੌਤੇ ਵਾਲੀ ਕਰੋ ਕੋਈ ਗੱਲ," ਡੈਡੀ ਨੇ ਕਿਹਾ।

"ਏਹਨੂੰ ਪਹਿਲਾਂ ਦੂਜਿਆਂ ਦੀ ਇੱਜਤ ਕਰਨ ਤੇ ਬੋਲਣ ਦੀ ਤਮੀਜ ਸਿਖਾਓ, ਫੇਰ ਛੱਡ ਜਾਇਓ," ਬਾਅ ਜੀ ਦੀ ਆਵਾਜ਼ ਫ਼ੈਸਲਾਕੁਨ ਸੀ।

"ਇੱਥੇ ਤਾਂ ਇਹਨੇ ਨਹੀਂ ਰਹਿਣਾ, ਤੁਸੀਂ ਮੁੰਡੇ-ਕੁੜੀ ਨੂੰ ਵੱਖ ਕਰ ਦਿਓ। ਇਨ੍ਹਾਂ ਦਾ ਆਪਸ 'ਚ ਕੋਈ ਰੌਲਾ ਨੀ, ਆਪਾਂ ਘਰ ਨਾ ਪੱਟੀਏ ਬੱਚਿਆਂ ਦਾ," ਡੈਡੀ ਨੇ ਕਿਹਾ।

"ਘਰ ਪੱਟਣ ਵਾਲੀ ਗੱਲ ਤਾਂ ਤੂੰ ਕਰੀ ਜਾਨੈ। ਅਸੀਂ ਤਾਂ ਇੱਕਠੇ ਰਹਿਣੈ, ਜੇ ਇਹਨੇ ਰਹਿਣੈ ਤਾਂ ਕੁਝ ਅਕਲ ਸਿੱਖੇ, ਨਹੀਂ ਏਹਦੀ ਮਰਜੀ,।" ਬਾਅ ਜੀ ਗੁੱਸੇ ਭਰੀ ਆਵਾਜ਼ 'ਚ ਬੋਲੇ।

"ਇਓਂ ਨਾ ਕਰੋ, ਤੁਸੀਂ ਕਾਕਾ ਜੀ ਨੂੰ ਵੀ ਪੁੱਛੋ, ਇਹਨਾਂ ਦੀ ਕੀ ਰੈਅ ਆ। ਕਿਓਂ ਕਾਕਾ ਜੀ?" ਸਾਡੇ ਇੱਕ ਰਿਸ਼ਤੇਦਾਰ ਨੇ ਨਿੰਦਰ ਵੱਲ ਵੇਖ ਕੇ ਪੁੱਛਿਆ।

ਨਿੰਦਰ ਬਾਅ ਜੀ ਵੱਲ ਵੇਖਣ ਲੱਗਾ, ਜਿਵੇਂ ਉਨ੍ਹਾਂ ਤੋਂ ਬੋਲਣ ਦੀ ਇਜਾਜ਼ਤ ਮੰਗ ਰਿਹਾ ਹੋਵੇ। ਮੈਨੂੰ ਪਤਾ ਸੀ ਕਿ ਉਹ ਬਾਅ ਜੀ ਦੀ ਹਾਜ਼ਰੀ 'ਚ ਕੁਝ ਨਹੀਂ ਬੋਲੇਗਾ। ਵੈਸੇ ਵੀ ਵੱਖ ਹੋਣ ਵਾਲੀ ਗੱਲ ਤਾਂ ਇਸ ਨੂੰ ਮੈਂ ਬਥੇਰੀ ਵਾਰ ਕਹੀ ਸੀ । ਇਹ ਨਹੀਂ ਸੀ ਆਖੇ ਲੱਗਿਆ।

"ਕਾਕਾ ਕੀ ਬੋਲੂ, ਜਦੋਂ ਮੈਂ ਤੁਹਾਨੂੰ ਕਹਿਤਾ," ਬਾਅ ਜੀ ਨੇ ਅੱਖਾਂ ਵਿਖਾਈਆਂ।

"ਫੇਰ ਵੀ ਇਸ ਦੀ ਮਰਜੀ ਵੀ ਜਾਣਨੀ ਚਾਹੀਦੀ ਹੈ," ਰਿਸ਼ਤੇਦਾਰ ਨੇ ਕਿਹਾ।

"ਤੁਸੀਂ ਐਵੇਂ ਉੱਤੋਂ ਦੀ ਹੋਈ ਜਾਨੇ ਆਂ ਥੋਨੂੰ ਮਾਮਾ ਜੀ ਨੇ ਇੱਕ ਵਾਰ ਆਖ ਤਾਂ ਦਿੱਤੈ ਕਿ ਪਹਿਲਾਂ ਕੁੜੀ ਨੂੰ ਬੋਲਣ ਦੀ ਤਮੀਜ ਸਿਖਾਓ। ਬੋਲਣ ਦੀ ਤਾਂ ਭੋਰਾ ਸੂੰਹ ਨਹੀਂ ਏਹਨੂੰ, ਏਹ ਤਾਂ ਮਾਮਾ ਜੀ ਮੂਹਰੇ ਬੋਲ ਪੈਂਦੀ ਐ, ਜਿਨ੍ਹਾਂ ਸਾਰੀ ਉਮਰ ਕਿਸੇ ਦੀ ਟੈਂਅ ਨੀ ਮੰਨੀ," ਏਹੋ ਸੁਰਜੀਤ ਕ੍ਰੋਧ ਨਾਲ ਬੋਲਿਆ ਸੀ।

"ਆਹ ਬੈਠੇ ਆ ਬਾਅ ਜੀ,ਪੁੱਛ ਕੇ ਵੇਖੋ ਜੇ ਕਿਤੇ ਮੂਹਰੇ ਬੋਲੀ ਹੋਵਾਂ?" ਮੈਨੂੰ ਗੁੱਸਾ ਆ ਗਿਆ।

" ਆਹ ਹੁਣ ਸਾਰਿਆਂ ਦੇ ਮੂਹਰੇ ਬੋਲੀ ਜਾਂਦੀ ਐ। ਸਿਆਣੀਆਂ ਕੁੜੀਆਂ ਤਾਂ ਵੱਡਿਆਂ ਸਾਹਮਣੇ ਅੱਖ ਚੁੱਕ ਕੇ ਨੀ ਵੇਖਦੀਆਂ। ਇਓਂ ਨੀ ਘਰ ਵਸਦੇ ਹੁੰਦੇ," ਇਹ ਫਿਰ ਬੋਲਿਆ।

"ਤੁਸੀਂ ਵੀਰ ਜੀ ਪਹਿਲਾਂ ਆਪਣੇ ਘਰ ਦਾ ਕਲੇਸ਼ ਤਾਂ ਮੁਕਾਓ, ਫੇਰ ਦੂਜਿਆਂ ਨੂੰ ਮੱਤਾਂ ਦੇਣ ਆ ਜਾਇਓ।" ਮੈਂ ਗੁੱਸੇ 'ਚ ਆਖ ਦਿੱਤਾ। ਇਸ ਨੂੰ ਪਤਾ ਸੀ ਕਿ ਇਹਦੀ ਘਰਵਾਲੀ ਮੇਰੇ ਨਾਲ ਸਾਰੇ ਦੁਖ-ਸੁਖ ਕਰ ਲੈਂਦੀ ਸੀ। ਇਹ ਤਿਲਮਿਲਾ ਉੱਠਿਆ। ਬਾਅ ਜੀ ਨੂੰ ਕਹਿਣ ਲੱਗਾ, " ਬੱਸ ਮਾਮਾ ਜੀ ਕਰੋ ਖਤਮ ਕਿੱਸਾ। ਜੀਹਨੂੰ ਪਚੈਤ ਦੀ ਵੀ ਕੋਈ ਸੰਗ-ਸ਼ਰਮ ਨਹੀਂ , ਇਹੋ-ਜਿਹੀ ਜਨਾਨੀ ਕਿੱਥੋਂ ਵਸ ਜਾਊ। ਜੇ ਵਸਾਉਣੀ ਵੀ ਹੈ, ਤਾਂ ਮੇਰੇ ਘਰ ਨਾ ਆਵੇ," ਆਖ ਇਹ ਉੱਠ ਖਲੋਤਾ। ਡੈਡੀ ਇਸ ਤੋਂ ਮਾਫ਼ੀ ਮੰਗਣ ਲੱਗੇ।

"ਡੈਡੀ ਜਣੇ-ਖਣੇ ਮੂਹਰੇ ਹੱਥ ਜੋੜਣ ਦੀ ਕੋਈ ਜਰੂਰਤ ਨਹੀਂ।" ਮੈਂ ਡੈਡੀ ਦੇ ਬੰਨ੍ਹੇ ਹੱਥ ਖੋਹਲ ਦਿੱਤੇ। ਇਹ ਉੱਠ ਕੇ ਬਾਹਰ ਚਲਾ ਗਿਆ। ਨਿੰਦਰ ਤੇ ਉਸ ਦਾ ਭਰਾ ਇਸ ਦੇ ਮਗਰ ਬਾਹਰ ਗਏ। ਰੌਲਾ ਜਿਹਾ ਪੈ ਗਿਆ। ਰਾਜ ਮੇਰਾ ਭਰਾ, ਸਾਡੇ ਰਿਸ਼ਤੇਦਾਰ ਨੂੰ ਕਹਿਣ ਲੱਗਾ, "ਅਸਲ 'ਚ ਗੁੱਸਾ ਏਹਨੂੰ ਏਹ ਐ ਕਿ ਏਹਦੀ ਭੈਣ ਨੀ ਆ ਸਕੀ ਇੱਥੇ।"

"ਏਹਦੀ ਭੈਣ ਨੂੰ ਵੀ ਬੁਲਾ ਕੇ ਦਿਖਾਵਾਂਗੇ। ਤੂੰ ਗੱਲਾਂ ਕਿਹੜੀਆਂ ਕਰਦੈਂ," ਬਾਅ ਜੀ ਤਾਅ ਖਾ ਕੇ ਉੱਠ ਖਲੋਤੇ।

"ਨਹੀਂ-ਨਹੀਂ ਸਰਦਾਰ ਜੀ, ਇਹ ਨਿਆਣੈ, ਤੁਸੀਂ ਗੁੱਸਾ ਨਾ ਕਰੋ।" ਡੈਡੀ ਹੱਥ ਜੋੜ ਬਾਅ ਜੀ ਦੇ ਮੂਹਰੇ ਖੜ੍ਹ ਗਏ।

"ਗਰਮ ਕਿਓਂ ਨਾ ਹੋਈਏ ਤੁਸੀਂ ਸੁਲਾਹ ਕਰਨ ਆਏਂ ਐਂ ਕਿ ਪੁਰਾਣੇ ਜ਼ਖ਼ਮ ਉਚੇੜਣ ਆਏ ਐਂ?" ਆਖ ਬਾਅ ਜੀ ਵੀ ਬਾਹਰ ਨਿਕਲ ਗਏ। ਗੱਲ ਜਮਾਂ ਹੀ ਵਿਗੜ ਗਈ।

"ਵੇ ਸਾਨੂੰ ਅੱਧ ਵਿਚਕਾਰੇ ਡੋਬਾ ਦੇ ਗਿਆ ਵੇ ਪੁੱਤਾ--------।" ਇੱਕ ਲੰਮੇ ਵੈਣ ਨੇ ਸਾਰੇ ਹਾਲ ਨੂੰ ਕੰਬਾ ਕੇ ਰੱਖ ਦਿੱਤਾ। ਮਾਤਾ ਨੂੰ ਤਿੰਨ-ਚਾਰ ਤੀਵੀਆਂ ਨੇ ਫੜਿਆ ਹੋਇਆ ਸੀ। ਉਨ੍ਹਾਂ ਦੇ ਆਉਣ ਨਾਲ ਹੋਰ ਵੀ ਕਈ ਰੋਣ ਦੀਆਂ ਆਵਾਜ਼ਾਂ ਆਉਣ ਲੱਗੀਆਂ। ਹਾਲ ਅੰਦਰ ਕਰੁਣਾਮਈ ਮਾਹੌਲ ਬਣ ਗਿਆ। ਮਾਤਾ ਦੇ ਵੈਣ ਸੁਣ ਮੇਰੀਆਂ ਅੱਖਾਂ ਤਰ ਹੋ ਗਈਆਂ, ਮੈਂ ਪਰਦੇ ਜਿਹੇ ਨਾਲ ਅੱਖਾਂ ਪੂੰਝ ਲਈਆਂ ਅਤੇ ਆਪਣੇ ਆਪ ਤੇ ਕਾਬੂ ਪਾ ਮਨੀ ਦਾ ਹੱਥ ਆਪਣੇ ਹੱਥਾਂ 'ਚ ਘੁੱਟ ਲਿਆ। ਤੀਵੀਆਂ ਨੇ ਮਾਤਾ ਨੂੰ ਮੂਹਰਲੀਆਂ ਸੀਟਾਂ ਉੱਪਰ ਬਿਠਾ ਦਿੱਤਾ ਸੀ। ਰੋਣ ਦੀ ਆਵਾਜ਼ ਥੋੜ੍ਹੀ ਧੀਮੀ ਹੋਈ ਤਾਂ ਮਾਤਾ ਨੇ ਗਰਦਨ ਘੁਮਾਅ ਕੇ ਪਿਛਾਂਹ ਵੱਲ ਵੇਖਿਆ। ਫੇਰ ਉਹ ਵਾਹੋ-ਦਾਹੀ ਮੇਰੇ ਵੱਲ ਵਗੀ ਆਉਂਦੀ ਦਿਸੀ। ਮੇਰਾ ਅੰਦਰ ਕੰਬ ਗਿਆ। ਪਤਾ ਨਹੀਂ ਕੀ ਹੋਣ ਵਾਲਾ ਸੀ। ਮਨੀ ਨੂੰ ਮੈਂ ਆਪਣੇ ਨਾਲ ਘੁੱਟ ਲਿਆ। ਮਾਤਾ ਨੇ ਮਨੀ ਨੂੰ ਮੇਰੇ ਨਾਲੋਂ ਲਾਹ ਕੇ

ਆਪਣੇ ਨਾਲ ਘੁੱਟ ਲਿਆ। ਇੱਕ ਹਿਰਦੇ-ਵੇਧਕ ਵੈਣ ਹਾਲ 'ਚ ਗੂੰਜਿਆ, "ਕੀਹਦੇ ਆਸਰੇ ਦਿਨ ਕੱਟਾਂਗੇ ਵੇ ਮੇਰੇ ਪੁੱਤ ਦਿਆ ਪੁੱਤਾ----" ਮਾਤਾ ਮਨੀ ਨੂੰ ਆਪਣੇ ਨਾਲ ਘੁੱਟੀ ਵੈਣ ਪਾਉਣ ਲੱਗੀ। ਮਨੀ ਉੱਚੀ-ਉੱਚੀ ਰੋਣ ਲੱਗਾ। ਮੇਰਾ ਜੀਅ ਕੀਤਾ ਕਿ ਮਾਤਾ ਦੇ ਗਲ ਲੱਗ ਕੇ ਉੱਚੀ-ਉੱਚੀ ਰੋਵਾਂ ਪਰ ਆਪਣੇ-ਆਪ 'ਤੇ ਮਸਾਂ ਕਾਬੂ ਪਾਇਆ। ਦੋ-ਤਿੰਨ ਔਰਤਾਂ ਮਾਤਾ ਨੂੰ ਫੜ ਕੇ ਉਸ ਦੀ ਸੀਟ ਉੱਪਰ ਲਿਜਾਣ ਲੱਗੀਆਂ। ਮਾਤਾ ਮਨੀ ਨੂੰ ਆਪਣੇ ਨਾਲ ਲਿਜਾਣਾ ਚਾਹੁੰਦੀ ਸੀ ਪਰ ਮਨੀ ਮੇਰੇ ਵੱਲ ਬਾਂਹ ਉਲਾਰਦਾ ਹੋਰ ਉੱਚੀ ਰੋਣ ਲੱਗਾ। ਇੱਕ ਔਰਤ ਨੇ ਮਨੀ ਦੀ ਬਾਂਹ ਮਾਤਾ ਕੋਲੋਂ ਛੁਡਵਾ ਦਿੱਤੀ ਅਤੇ ਉਹ ਮੇਰੇ ਨਾਲ ਚੰਬੜ ਗਿਆ। ਮੈਂ ਆਪਣੀਆਂ ਬਾਹਾਂ 'ਚ ਭਰ, ਉਸ ਨੂੰ ਚੁੱਪ ਕਰਾਉਣ ਲੱਗੀ। ਮਾਤਾ ਦੇ ਵੈਣ ਨੀਵੇਂ ਹੋ ਗਏ ਸਨ ਅਤੇ ਮਨੀ ਹਟਕੋਰੇ ਲੈ ਰਿਹਾ ਸੀ। ਭਾਈ ਜੀ ਮਾਈਕ ਅੱਗੇ ਆ ਖੜ੍ਹੇ। ਉਹ ਭਾਣਾ ਮੰਨਣ ਦਾ ਉਪਦੇਸ਼ ਦੇਣ ਲੱਗੇ। ਹਾਲ 'ਚ ਹੌਲੀ-ਹੌਲੀ ਚੁੱਪ-ਚਾਂ ਹੋ ਗਈ ਪਰ ਕਦੇ-ਕਦੇ ਕੋਈ ਹਟਕੋਰਾ, ਲੰਬਾ ਸਾਹ ਜਾਂ 'ਹੇ ਵਾਹਿਗੁਰੂ' ਦੀ ਆਵਾਜ਼ ਸੁਣਦੀ। ਮੇਰਾ ਧਿਆਨ ਉਸ ਕੁੜੀ ਦੀ ਪਿੱਠ ਉੱਪਰ ਟਿਕਿਆ ਹੋਇਆ ਸੀ ਜਿਹੜੀ ਮਾਤਾ ਦੇ ਨਾਲ ਹਾਲ 'ਚ ਦਾਖਿਲ ਹੋਈ ਸੀ। 'ਤਾਂ ਇਹ ਹੈ' ਮੈਂ ਸੋਚਿਆ।

ਤਲਾਕ ਤੋਂ ਮਹੀਨੇ ਬਾਅਦ ਹੀ 'ਨਿੰਦਰ ਇੰਡੀਆ ਚਲਾ ਗਿਆ,' ਮੈਂ ਸੁਣਿਆ ਸੀ। ਮੈਂ ਬਿਲਕੁਲ ਹੀ ਟੁੱਟ ਗਈ। ਜ਼ਿੰਦਗੀ ਜਿਉਣ ਦੀ ਖਾਹਿਸ਼ ਮੁੱਕ ਗਈ। ਡਿਪਰੈਸ਼ਨ 'ਚ ਮੈਨੂੰ ਆਪਣੀ ਕੋਈ ਸੁੱਧ-ਬੁੱਧ ਨਹੀਂ ਸੀ। ਮਨੀ ਦਾ ਵੀ ਖਿਆਲ ਨਹੀਂ ਸੀ ਰਹਿੰਦਾ। ਪਰ ਭਰਾ ਰਾਜ ਤੇ ਭਰਜਾਈ ਨੇ ਮਨੀ ਦਾ ਪੂਰਾ ਖਿਆਲ ਰੱਖਿਆ। ਆਪਣੀਆਂ ਨੌਕਰੀਆਂ ਛੱਡੀਆਂ ਤੇ ਮੈਨੂੰ ਲੈ ਕੇ ਟਰਾਂਟੋ ਤੋਂ ਵੈਨਕੂਵਰ ਮੂਵ ਕਰ ਗਏ। ਇਨ੍ਹਾਂ ਮਾਸੀ ਹੋਰਾਂ ਕੋਈ ਹੀਲ-ਹੁੱਜਤ ਨਹੀਂ ਕੀਤੀ। ਸਗੋਂ ਕਹਿੰਦੇ, "ਜਿੱਥੇ ਤੁਹਾਨੂੰ ਠੀਕ ਲੱਗਦੈ ਰਹੋ। ਆਪਣੇ ਫਰਜ਼ ਨਿਭਾਓ ਤੇ ਖੁਸ਼ ਰਹੋ।" ਮਾਸੀ ਦੀ ਧੀ ਜਾਣੀ ਰਾਜ ਦੀ ਘਰਵਾਲੀ ਨੇ ਵੀ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਮੈਂ ਅੱਠ ਮਹੀਨੇ ਕੇਅਰ ਏਡ ਦਾ ਕੋਰਸ ਕਰਦੀ ਰਹੀ ਸੀ, ਵਿੱਚੋਂ ਮੰਮੀ-ਡੈਡੀ ਵੀ ਆ ਜਾਂਦੇ ਸਨ। ਰਾਜ ਦੇ ਵਿਆਹ ਤੋਂ ਬਾਅਦ ਉਹ ਇੰਡੀਆ ਚਲੇ ਗਏ ਸਨ। ਅਸਲ 'ਚ ਰਾਜ ਦਾ ਵਿਆਹ ਉਨ੍ਹਾਂ ਕੀਤਾ ਹੀ ਇਸ ਲਾਲਚ ਵਿੱਚ ਸੀ ਕਿ ਆਪਣੀ ਜ਼ਿੰਮੇਵਾਰੀ ਨਿਬੇੜ ਕੇ ਉਹ ਇੰਡੀਆ ਚਲੇ ਜਾਣਗੇ । ਇੱਥੇ ਉਨ੍ਹਾਂ ਦਾ ਫੈਕਟਰੀਆਂ 'ਚ ਕੰਮ ਕਰਨ ਨੂੰ ਦਿਲ ਨਹੀਂ ਸੀ ਕਰਦਾ। ਇੰਡੀਆ ਐਗਰੀਕਲਚਰ ਇੰਸਪੈਕਟਰ ਦੀ ਵਧੀਆ ਨੌਕਰੀ ਸੀ। ਕਹਿੰਦੇ, "ਜਿੰਨਾਂ ਚਿਰ ਰੀਟਾਇਰ ਨਹੀਂ ਹੁੰਦੇ, ਉੱਨੀ ਦੇਰ ਕੁਝ ਸਮਾਂ ਇੰਡੀਆ ਰਹਿ ਪਿਆ ਕਰਨਗੇ ਕੁਝ ਇੱਧਰ।" ਇੰਡੀਆ ਤੋਂ ਆ ਕੇ ਮਸਾਂ ਹੀ ਦੋ ਮਹੀਨੇ ਮੇਰੇ ਕੋਲ ਰਹੇ ਸੀ। ਕਹਿੰਦੇ, "ਅਸੀਂ ਵੱਖ ਰਹਾਂਗੇ।" ਕੀ ਪਤਾ ਚਿੱਤ 'ਚ ਕੀ ਸੀ ਉਦੋਂ। ਨਿੰਦਰ ਨੇ ਕਿਹਾ ਵੀ ਕਿ ਰਾਜ ਨੂੰ ਪੜ੍ਹਾ ਲਓ, ਨਾਲ ਰਹੋ ਪਰ ਉਹ ਨਹੀਂ ਮੰਨੇ। ਵੱਖ ਬੇਸਮੈਂਟ 'ਚ ਰਹਿਣ ਲੱਗੇ। ਰਾਜ ਕੰਮ 'ਤੇ ਲੱਗ ਗਿਆ ਉੱਥੇ ਹੀ ਉਸ ਦਾ ਪਿਆਰ ਇੱਕ ਕੁੜੀ ਨਾਲ ਹੋ ਗਿਆ। ਗੱਲ ਵਿਆਹ ਤੱਕ ਅੱਪੜ ਗਈ।

ਹਾਲ ਵਿੱਚ ਜਪੁਜੀ ਸਾਹਿਬ ਦੇ ਪਾਠ ਤੋਂ ਬਾਅਦ ਸਾਰੇ ਅਰਦਾਸ ਲਈ ਉੱਠ ਖਲੋਤੇ। ਮੈਂ ਅੱਖਾਂ ਮੀਚ ਹੱਥ ਜੋੜ ਲਏ। ਨਿੰਦਰ ਮੇਰੇ ਸਾਹਮਣੇ ਸੀ। ਮੈਂ ਕਿਓਂ ਨਹੀਂ ਉਸ ਨਾਲ ਗੱਲ ਕੀਤੀ ਓਦਣ। ਕੀ ਪਤਾ ਕੁਝ ਕਹਿਣਾ ਚਾਹੁੰਦਾ ਹੋਵੇ, ਮੈਨੂੰ ਲੱਗਿਆ ਵੀ ਸੀ ਕਿ ਉਸ ਦੀ ਆਵਾਜ਼ 'ਚ ਤਰਲੇ ਵਰਗਾ ਕੁਝ ਸੀ ਜਦ ਉਸ ਕਿਹਾ ਸੀ 'ਹੋਰ ਫਿਰ?' ਮੇਰੇ ਅੰਦਰ ਕੁਝ ਹੋਇਆ ਵੀ ਪਰ ਮੈਂ 'ਹੁਣ 'ਹੋਰ ਫਿਰ' ਵਾਲਾ ਕੀ ਰਹਿ ਗਿਆ ਸੀ' ਸੋਚ ਝੱਟ ਮਨੀ ਨੂੰ ਫੋਨ ਫੜਾ ਦਿੱਤਾ। ਮੇਰੀਆਂ ਅੱਖਾਂ ਨਮ ਹੋਣ ਲੱਗੀਆਂ। ਅਰਦਾਸ ਤੋਂ ਬਾਅਦ ਭਾਈ ਜੀ ਦੱਸ ਰਹੇ ਸੀ ਕਿ ਅੰਤਿਮ ਦਰਸ਼ਨਾਂ ਤੋਂ ਬਾਅਦ ਭੱਠੀ ਵਾਲੇ ਕਮਰੇ ਵਿੱਚ ਦਸ ਕੁ ਨਜ਼ਦੀਕੀ ਰਿਸ਼ਤੇਦਾਰ ਜਾਣਗੇ, ਜਿੱਥੇ ਦੇਹ ਅਗਨ ਭੇਟ ਕੀਤੀ ਜਾਵੇਗੀ ਅਤੇ ਕੀਰਤਨ ਸੋਹਿਲਾ ਜੀ ਦੇ ਪਾਠ ਕੀਤੇ ਜਾਣਗੇ। ਉਸ ਤੋਂ ਬਾਅਦ ਗੁਰਦੁਆਰਾ ਸਾਹਿਬ ਵਿਖੇ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ। ਪਿੱਛਲੇ ਪਾਸਿਓਂ ਆ ਕੇ ਮੇਰੇ ਸਿਰ 'ਤੇ ਪੋਲਾ ਜਿਹਾ ਹੱਥ ਫੇਰਦੇ ਚਾਚਾ ਜੀ ਨੇ ਪੁੱਛਿਆ, "ਤਕੜੇ ਐਂ ਭਾਈ?"

"ਹਾਂ ਚਾਚਾ ਜੀ।"

"ਹੁਣ ਨਿੰਦਰ ਦੇ ਅੰਤਿਮ ਦਰਸ਼ਨ ਹੋਣੇ ਹਨ। ਉਸ ਦੇ ਨਜ਼ਦੀਕੀ ਬਕਸੇ ਦੇ ਨਾਲ ਖੜ੍ਹਨਗੇ। ਆਪਾਂ ਮਨੀ ਨੂੰ ਉੱਥੇ ਖੜ੍ਹਾ ਕਰ ਦੇਈਏ?" ਚਾਚਾ ਜੀ ਨੇ ਪੁੱਛਿਆ।

"ਹਾਂ-ਹਾਂ ਲੈ ਜਾਓ," ਉਨ੍ਹਾਂ ਨੂੰ ਆਖ ਮੈਂ ਮਨੀ ਨੂੰ ਕਿਹਾ, "ਬੇਟਾ ਜਾਓ ਇਨ੍ਹਾਂ ਨਾਲ। ਉੱਥੇ ਡੈਡੀ ਦੀ ਬੌਡੀ ਦੇ ਕੋਲ ਖੜ੍ਹਨਾ ਹੈ।"

"ਤੁਸੀਂ ਵੀ ਨਾਲ ਆਓ ਮੰਮਾ," ਮਨੀ ਨੇ ਕਿਹਾ।

" ਨਹੀਂ-ਨਹੀਂ ਬੇਟਾ ਤੁਸੀਂ ਜਾਓ ਮੰਮਾ ਇੱਥੇ ਹੀ ਹੈ।"

ਪਰ ਮਨੀ ਵੀਹਰ ਗਿਆ। "ਚਲੋ ਭਾਈ ਤੁਸੀਂ ਵੀ ਨਾਲ ਆ ਜਾਓ," ਚਾਚਾ ਜੀ ਨੇ ਕਿਹਾ।

"ਲੈ ਇਹਦਾ ਉੱਥੇ ਕੀ ਕੰਮ। ਇਹ ਕੀ ਲੱਗਦੀ ਐ ਹੁਣ?" ਪਿਛਲੇ ਬੈਂਚ ਵਾਲੀ ਔਰਤ ਚਾਚਾ ਜੀ ਨੂੰ ਝਈ ਲੈ ਕੇ ਪਈ। ਚਾਚਾ ਜੀ ਚੁੱਪ ਕਰਕੇ ਚਲੇ ਗਏ। ਮੈਂ ਮਨੀ ਨੂੰ ਫਿਰ ਕਿਹਾ ਪਰ ਉਹ ਨਾ ਮੰਨਿਆ। ਮੈਨੂੰ ਆਪਣੇ-ਆਪ 'ਤੇ ਹੈਰਾਨੀ ਜਿਹੀ ਹੋਈ ਕਿ ਮੇਰੇ ਮੂੰਹੋਂ 'ਚਾਚਾ ਜੀ' ਸੰਬੋਧਨ ਕਿਵੇਂ ਨਿਕਲ ਗਿਆ। ਇਹ ਤਾਂ ਨਿੰਦਰ ਦਾ ਚਾਚਾ ਹੈ, ਭਾਵੇਂ ਕਿਸੇ ਦੂਰ ਦੇ

ਰਿਸ਼ਤੇ 'ਚੋਂ ਹੀ ਸਹੀ ਪਰ ਹੈ ਤਾਂ ਉਸੇ ਦਾ ਚਾਚਾ। ਜਦ ਨਿੰਦਰ ਨਾਲ ਹੀ ਕੋਈ ਰਿਸ਼ਤਾ ਨਹੀਂ ਰਿਹਾ ਫਿਰ ਉਸ ਦੇ ਰਿਸ਼ਤੇਦਾਰਾਂ ਨਾਲ ਕੀ ਰਿਸ਼ਤਾ? ਪਰ ਉਨ੍ਹਾਂ ਨੇ ਵੀ ਤਾਂ ਪਹਿਲਾਂ ਵਾਂਗ ਹੀ ਸਿਰ ਤੇ ਪਿਆਰ ਦੇ ਕੇ 'ਭਾਈ' ਕਿਹਾ ਸੀ।

ਦਰਅਸਲ ਇਨ੍ਹਾਂ ਦਾ ਮੇਰੇ ਅੰਦਰ ਬਹੁਤ ਸਤਿਕਾਰ ਹੈ। ਇਸੇ ਸਤਿਕਾਰ ਹਿੱਤ ਹੀ ਜਦ ਸੁਲਾਹ-ਸਫਾਈ ਕਰਾਉਣ ਲਈ ਇੱਕਠ ਹੋਣਾ ਸੀ, ਮੈਂ ਡੈਡੀ ਨੂੰ ਆਖਿਆ ਸੀ ਕਿ ਚਾਚਾ ਜੀ ਨੂੰ ਵੀ ਬੁਲਾ ਲਓ। ਪਰ ਡੈਡੀ ਕਹਿੰਦੇ, "ਓਹਨਾਂ ਦੇ ਰਿਸ਼ਤੇਦਾਰ ਹਨ, ਓਹੀ ਬਲਾਉਣਗੇ।"

"ਉਨ੍ਹਾਂ ਨੂੰ ਪਤਾ ਹੈ ਕਿ ਚਾਚਾ ਜੀ ਨੇ ਨਿਰਪੱਖ ਗੱਲ ਕਰਨੀ ਹੈ, ਇਸ ਕਰਕੇ ਉਨ੍ਹਾਂ ਨਹੀਂ ਬਲਾਉਣਾ, ਆਪਾਂ ਬੁਲਾਈਏ," ਮੈਂ ਜ਼ੋਰ ਦਿੱਤਾ ਤਾਂ ਡੈਡੀ ਨੇ ਫੋਨ ਕਰ ਦਿੱਤਾ ਪਰ ਚਾਚਾ ਜੀ ਅੱਗੋਂ ਕਹਿੰਦੇ ਕਿ ਇਸ ਤਰ੍ਹਾਂ ਇੱਕਠ ਕਰਨ ਦੇ ਉਹਾਂ ਕਦੇ ਵੀ ਹੱਕ 'ਚ ਨਹੀਂ। ਇਸ ਤਰ੍ਹਾਂ ਗੱਲ ਕਦੇ ਵੀ ਸਿਰੇ ਨਹੀਂ ਲੱਗਦੀ ਹੁੰਦੀ। ਦੋਹੇਂ ਧਿਰਾਂ ਆਪਣੇ-ਆਪ ਨੂੰ ਡੀਫੈਂਡ ਕਰਨਗੀਆਂ। ਵਧੀਆ ਗੱਲ ਇਹ ਹੋਵੇਗੀ ਕਿ ਮੁੰਡੇ-ਕੁੜੀ ਸ਼ਾਂਤੀ ਨਾਲ ਸੋਚਣ ਤੇ ਕਿਸੇ ਚੰਗੇ ਕੌਂਸਲਰ ਦੀ ਸਲਾਹ ਲੈਣ।" ਜਦ ਡੈਡੀ ਨੇ ਮੈਨੂੰ ਦੱਸਿਆ ਮੇਰਾ ਸਾਰਾ ਸਤਿਕਾਰ ਉੱਡ-ਪੁੱਡ ਗਿਆ। ਮੈਨੂੰ ਲੱਗਾ ਕਿ ਨਾਲ ਨਾ ਜਾਣ ਦਾ ਬਹਾਨਾ ਹੀ ਇਨ੍ਹਾਂ ਲਾਇਆ ਹੈ। ਉਦੋਂ ਮੈਨੂੰ ਸਾਰੇ ਦੋ ਹੀ ਧਿਰਾਂ ਜਾਪਦੇ ਸਨ, ਓਧਰਲੇ ਜਾਂ ਇੱਧਰਲੇ। ਮੈਨੂੰ ਲੱਗਿਆ ਸੀ ਜਿਵੇਂ ਚਾਚਾ ਵੀ ਉਨ੍ਹਾਂ ਨਾਲ ਖੜ੍ਹਾ ਹੈ ਜਿਹੜਾ ਰਿਸ਼ਤੇਦਾਰੀ 'ਚ ਵਿਗਾੜ ਪੈਣੋਂ ਡਰਦਾ ਸੱਚੀ ਗੱਲ ਕਰਨੋਂ ਟਲ ਗਿਆ ਸੀ। ਬਹੁਤ ਪਿੱਛੋਂ ਮੈਨੂੰ ਲੱਗਿਆ ਵੀ ਕਿ ਜੇ ਚਾਚਾ ਜੀ ਦਾ ਕਿਹਾ ਮੰਨਿਆ ਹੁੰਦਾ ਤਾਂ ਗੱਲ ਸੰਭਲ ਸਕਦੀ ਸੀ।

ਪਿਛਲੀਆਂ ਕਤਾਰਾਂ 'ਚੋਂ ਉੱਠ ਆਦਮੀ ਵਾਰੀ-ਵਾਰੀ ਨਿੰਦਰ ਦੀ ਦੇਹ ਦੇ ਅੰਤਿਮ ਦਰਸ਼ਨ ਕਰ ਰਹੇ ਸਨ। ਤਾਬੂਤ ਦੇ ਨਾਲ ਬਾਅ ਜੀ, ਨਿੰਦਰ ਦਾ ਤਾਇਆ, ਫੁੱਫੜ, ਸੁਰਜੀਤ, ਚਾਚਾ ਜੀ ਤੇ ਇੱਕ-ਦੋ ਜਣੇ ਹੋਰ ਖੜ੍ਹੇ ਸਨ। ਮੇਰੀ ਨਿਗ੍ਹਾ ਮੂਹਰਲੀ ਕਤਾਰ 'ਚ ਬੈਠੀਆਂ, ਉਸ ਕੁੜੀ, ਮਨੀ ਦੀ ਭੂਆ ਅਤੇ ਮਾਤਾ ਤੋਂ ਹੁੰਦੀ ਹੋਈ ਮਨੀ ਦੀ ਤਾਈ ਛਿੰਦਰ 'ਤੇ ਪਹੁੰਚ ਗਈ। ਉਹ ਮਾਤਾ ਦੇ ਨਾਲ ਜੁੜੀ ਬੈਠੀ ਹੋਈ ਸੀ। ਪਲ ਦੀ ਪਲ ਮੇਰੇ ਅੰਦਰ ਇੱਕ ਖਿਝ ਜਿਹੀ ਉੱਠੀ ਪਰ 'ਹੁਣ ਮੇਰਾ ਕੀ ਵਾਸਤਾ ਹੈ' ਇਹ ਸੋਚ ਮੈਂ ਆਪਣੀ ਨਿਗ੍ਹਾ ਉਨ੍ਹਾਂ ਤੋਂ ਹਟਾ ਲਈ।

ਇਹ ਛਿੰਦਰ ਮਾਤਾ ਅਤੇ ਬਾਅ ਜੀ ਦੇ ਮਗਰ ਜੀ-ਜੀ ਕਰਦੀ ਫਿਰਦੀ ਹੁੰਦੀ ਸੀ। ਮੈਥੋਂ ਜ਼ਿਆਦਾ ਲੇਲੇ-ਪੇਪੇ ਜਿਹੇ ਹੁੰਦੇ ਨਹੀਂ ਸੀ। ਪਰ ਮੈਂ ਉਨ੍ਹਾਂ ਨੂੰ ਇੱਜ਼ਤ ਨਾਲ ਬਲਾਉਂਦੀ। ਰਾਜ ਦੇ ਵਿਆਹ ਤੋਂ ਬਾਅਦ ਮਾਤਾ ਅਤੇ ਬਾਅ ਜੀ ਮੇਰੇ ਨਾਲ ਘੁੱਟੇ-ਵੱਟੇ ਜਿਹੇ ਰਹਿੰਦੇ। ਮੇਰੇ ਨਾਲ ਗੱਲ ਹੀ ਨਾ ਕਰਦੇ ।ਘਰ 'ਚੋਂ ਇੱਕ ਤਰ੍ਹਾਂ ਮੈਨੂੰ ਮਨਫੀ ਕਰ ਦਿੱਤਾ। ਪਹਿਲਾਂ ਜਦ ਮੈਂ ਬਾਅ ਜੀ ਹੋਰਾਂ ਨੂੰ ਪੇਅ ਚੈੱਕ ਲਿਆ ਕੇ ਫੜਾਉਂਦੀ , ਉਹ ਸਿਰ 'ਤੇ ਪਿਆਰ ਦਿੰਦੇ। ਬੈਂਕ 'ਚੋਂ ਪੈਸੇ ਲਿਆ ਕੇ ਮੈਨੂੰ ਤੇ ਛਿੰਦਰ ਨੂੰ ਫੜਾਉਂਦੇ । ਪਿੱਛੋਂ ਉਹੀ ਮੈਂ ਤੇ ਉਹੀ ਚੈੱਕ, ਚੁੱਪ ਕਰਕੇ ਜੇਬ 'ਚ ਪਾ ਲੈਂਦੇ ਤੇ ਪੈਸੇ ਨਿੰਦਰ ਤੇ ਛਿੰਦੋ ਨੂੰ ਫੜਾਉਂਦੇ। ਮੈਨੂੰ ਅੱਗ ਲੱਗ ਜਾਣੀ। ਮੇਰੇ ਅੰਦਰ ਵੀ ਪਹਿਲਾਂ ਵਾਲਾ ਸਤਿਕਾਰ ਨਹੀਂ ਸੀ ਰਿਹਾ। ਪਰ ਮੈਂ ਆਪਣਾ ਫਰਜ਼ ਨਿਭਾਅ ਰਹੀ ਸੀ। ਨਿੰਦਰ ਨੇ ਪਹਿਲੇ ਦਿਨ ਹੀ ਆਖ ਦਿੱਤਾ ਸੀ, "ਮੈਨੂੰ ਜਿਵੇਂ ਮਰਜ਼ੀ ਬੁਲਾਈਂ ਪਰ ਮਾਤਾ ਤੇ ਬਾਅ ਜੀ ਮੂਹਰੇ ਬੋਲਿਆ ਮੈਥੋਂ ਬਰਦਾਸ਼ਤ ਨਹੀਂ ਹੋਣਾ।" ਵੈਸੇ ਵੀ ਮੇਰਾ ਖਿਆਲ ਸੀ ਕਿ ਹੋਰ ਸਾਲ-ਛੇ ਮਹੀਨੇ ਤੱਕ ਬਾਅ ਜੀ ਹੋਰਾਂ ਦਾ ਗੁੱਸਾ ਠੰਡਾ ਪੈ ਜਾਵੇਗਾ। ਮੰਮੀ-ਡੈਡੀ ਵੱਲ ਨਹੀਂ ਜਾਣ ਦਿੰਦੇ, ਨਾ ਸਹੀ ਜਦੋਂ ਉਹ ਇੰਡੀਆ ਹੁੰਦੇ ਐ, ਉਦੋਂ ਕਿਹੜਾ ਮੈਂ ਰੋਜ਼ ਉਨ੍ਹਾਂ ਕੋਲ ਬੈਠੀ ਰਹਿੰਦੀ ਹਾਂ। ਕੰਮ 'ਤੇ ਗਈ ਮੈਂ ਉੱਥੋਂ ਫੋਨ ਕਰਕੇ ਹਾਲ-ਚਾਲ ਪੁੱਛ ਲੈਂਦੀ। ਪਰ ਇਸ ਮਹਾਂਰਾਣੀ ਦੀ ਚੌਧਰ ਮੈਥੋਂ ਬਰਦਾਸ਼ਤ ਨਾ ਹੁੰਦੀ। ਜਿਵੇਂ ਇਹ ਘਰ ਦੀ ਮਾਲਕਣ ਹੋਵੇ ਤੇ ਮੈਂ ਐਵੇਂ ਕੁਝ ਵਾਧੂ ਜਿਹੀ। ਨਿੰਦਰ ਵੀ ਕੁਝ ਘੁੱਟਿਆ-ਵੱਟਿਆ ਜਿਹਾ ਰਹਿੰਦਾ। ਉਸ ਨੂੰ ਇਤਰਾਜ਼ ਸੀ ਕਿ ਮੈਂ ਉਸ ਦੀ ਭਾਬੀ ਵਾਂਗ ਮਾਤਾ ਤੇ ਬਾਅ ਜੀ ਦੀ ਇੱਜ਼ਤ ਨਹੀਂ ਸੀ ਕਰਦੀ । ਮੈਂ ਆਖਦੀ ਕਿ ਉਹ ਮੇਰੀ ਕਿਸੇ ਗੱਲ ਦਾ ਤਾਂ ਸਵਾਰ ਕੇ ਜਵਾਬ ਨਹੀਂ ਦਿੰਦੇ। ਮੈਥੋਂ ਨੀ ਐਵੇਂ ਕਿਸੇ ਉੱਪਰ ਚੜ੍ਹਿਆ ਜਾਂਦਾ। ਸਾਡੀ ਇਸੇ ਗੱਲ 'ਤੇ ਰੋਜ਼ ਲੜਾਈ ਹੁੰਦੀ।

ਮੇਰਾ ਧਿਆਨ ਬਾਅ ਜੀ ਵੱਲ ਚਲਾ ਗਿਆ। ਉਸ ਬਾਅ ਜੀ ਤੇ ਇਸ ਬਾਅ ਜੀ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਸੀ। ।

ਕਿੱਥੇ ਉਹ ਬਾਅ ਜੀ, ਮੁੱਛਾਂ ਦੇ ਕੁੰਢਲ ਅੱਖਾਂ ਤੱਕ ਚੜ੍ਹਾਏ ਹੁੰਦੇ। ਘਰ 'ਚ ਵੀ ਫੌਜ ਵਾਲਾ ਡਿਸਿਪਲਨ। ਸਾਰੇ ਜੀਅ ਇਨ੍ਹਾਂ ਦੀ ਹਾਜ਼ਰੀ 'ਚ ਕੁਸਕਦੇ ਤੱਕ ਨਾ। ਨਿੰਦਰ ਇਨ੍ਹਾਂ ਨੂੰ ਪਿੱਠ ਪਿੱਛੇ ਹਿਟਲਰ ਸਾਹਬ ਆਖਦਾ। ਕਦੇ ਬਾਹਰ-ਅੰਦਰ ਗਿਆਂ ਦੇਰ ਹੋ ਜਾਣੀ ਤਾਂ ਨਿੰਦਰ ਨੇ ਡਰ ਜ਼ਾਹਿਰ ਕਰਦਿਆਂ ਕਹਿਣਾ, " ਹਿਟਲਰ ਸਾਹਬ ਨੇ ਆਪਣਾ ਕੋਰਟਮਾਰਸ਼ਲ ਕਰ ਦੇਣੈ।" ਇੱਕ ਵਾਰ ਮੈਂ ਆਖ ਦਿੱਤਾ, "ਚੱਲ ਚੰਗੈ ਆਪਣੀ ਮਰਜ਼ੀ ਨਾਲ ਜੀਵਾਂਗੇ।"

"ਨਹੀਂ, ਮਾਤਾ ਨਾਲੋਂ ਵੱਖ ਨਹੀਂ ਰਹਿਣਾ ਆਪਾਂ। ਵਿਚਾਰੀ ਨੇ ਸਾਰੀ ਉਮਰ ਹਿਟਲਰ ਸਾਹਬ ਦੀ ਤਾਨਾਸ਼ਾਹੀ ਸਹੀ ਹੈ। ਉਸ ਨੂੰ ਔਲਾਦ ਦਾ ਸੁੱਖ ਜ਼ਰੂਰ ਦੇਣੈ," ਨਿੰਦਰ ਗੰਭੀਰ ਹੋ ਗਿਆ ਸੀ।

ਹੱਥ ਜੋੜੀ ਖੜ੍ਹੇ ਬਾਅ ਜੀ ਦਾ ਇਹ ਵਿਚਾਰਾ ਜਿਹਾ ਰੂਪ ਮੈਂ ਕਦੇ ਸੁਪਨੇ 'ਚ ਵੀ ਨਹੀਂ ਸੀ ਚਿਤਵਿਆ।

ਆਦਮੀ ਹੱਥ ਜੋੜ ਕੇ ਤਾਬੂਤ ਕੋਲ ਰੁਕਦੇ, ਪਹਿਲਾਂ ਨਿੰਦਰ ਦੀ ਦੇਹ ਵੱਲ ਨਿਗ੍ਹਾ ਮਾਰਦੇ, ਫਿਰ ਬਾਅ ਜੀ ਵੱਲ ਵੇਖਦੇ ਅਤੇ ਅਗਾਂਹ ਲੰਘ ਜਾਂਦੇ। ਨਿੰਦਰ ਦੇ ਜੀਜੇ ਨੇ ਬਾਅ ਜੀ ਨੂੰ ਸਹਾਰਾ ਦਿੱਤਾ ਹੋਇਆ ਸੀ। ਮੈਨੂੰ ਕੋਈ ਹੈਰਾਨੀ ਨਾ ਹੋਈ। ਬਾਅ ਜੀ ਪਰਿਵਾਰ ਵਿੱਚੋਂ ਸਭ ਤੋਂ ਜ਼ਿਆਦਾ ਇਸੇ ਦੇ ਨੇੜੇ ਸਨ। ਇਹ ਹਮੇਸ਼ਾ ਬਾਅ ਜੀ ਹੋਰਾਂ ਦੇ ਨਾਲ ਖੜ੍ਹਿਆ ਸੀ।

ਉਦੋਂ ਵੀ ਇਸੇ ਨੇ ਸਹਾਰਾ ਦਿੱਤਾ ਸੀ। ਇਸ ਨੇ ਚਲਾਕੀ ਨਾਲ ਬਚਾ ਲਿਆ ਸੀ ਸਾਰੇ ਪਰਿਵਾਰ ਨੂੰ, ਨਹੀਂ ਤਾਂ ਉਸ ਰਾਤ ਚਾਰਜ ਲੱਗ ਜਾਣਾ ਸੀ। ਨਿੰਦਰ ਦਾ ਥੱਪੜ ਵੱਜਣ ਸਾਰ ''ਥੋੜੇ ਜ਼ੁਲਮ ਦਾ ਤਾਂ ਹੁਣ ਪੁਲੀਸ ਹੀ ਇਲਾਜ ਕਰੂ,'' ਆਖਦੀ ਮੈਂ ਫੋਨ ਵੱਲ ਵਧੀ ਸੀ। ਬਾਅ ਜੀ ਨੇ ਭੱਜ ਕੇ ਮੈਥੋਂ ਪਹਿਲਾਂ ਫੋਨ ਚੁੱਕ ਲਿਆ ਅਤੇ ਨਿੰਦਰ ਦੇ ਜੀਜੇ ਨੂੰ ਫੋਨ ਕਰ ਦਿੱਤਾ। ਨਿੰਦਰ ਨੇ ਮੇਰੇ ਹੋਰ ਧੱਫਾ ਜੜ ਦਿੱਤਾ, ''ਕਰ ਫੋਨ, ਤੈਨੂੰ ਪਹਿਲਾਂ ਮੈਂ ਕਰਦੈਂ ਸਿੱਧੀ ਜਦੋਂ ਪੁਲਸ ਆਊ ਵੇਖੀ ਜਾਊ।''

''ਫੜ ਕੇ ਕਾਬੂ ਕਰੋ ਏਹਨੂੰ ਹੋਰ ਕੋਈ ਸਿਆਪਾ ਖੜ੍ਹਾ ਕਰੂ,'' ਬਾਅ ਜੀ ਨੇ ਕਿਹਾ ਅਤੇ ਇਨ੍ਹਾਂ ਸਾਰਿਆਂ ਮੈਨੂੰ ਕਾਬੂ ਕਰ ਲਿਆ। ਮੈਂ ਹੱਥ-ਪੈਰ ਮਾਰਦੀ ਰਹੀ। ਚੀਕਾਂ ਮਾਰ-ਮਾਰ ਮੈਂ ਆਪਣੇ ਅੰਦਰਲਾ ਗੁਬਾਰ ਕੱਢਣ ਲੱਗੀ। ਇਹ ਗੁਬਾਰ ਮੇਰੇ ਅੰਦਰ ਦਿਨੋ-ਦਿਨ ਵਧ ਰਿਹਾ ਸੀ। ਖਾਸ ਕਰ ਜਦ ਨਿੰਦਰ ਨੂੰ ਘਰ ਦੇ ਬਾਕੀ ਜੀਆਂ ਨਾਲ ਘੁਲਿਆ-ਮਿਲਿਆ ਵੇਖਦੀ ਤਾਂ ਮੈਨੂੰ ਲੱਗਦਾ ਜਿਵੇਂ ਮੈਂ ਉਸ ਘਰ 'ਚ ਇੱਕਲੀ ਇੱਕ ਪਾਸੇ ਹੋਵਾਂ ਤੇ ਬਾਕੀ ਸਾਰਾ ਪਰਿਵਾਰ ਦੂਜੇ ਪਾਸੇ। ਨਿੰਦਰ ਆਖਦਾ ਕਿ ਮੇਰਾ ਵਹਿਮ ਸੀ। ਪਰ ਦੋ ਦਿਨ ਪਹਿਲਾਂ ਵਾਪਰੀ ਘਟਨਾ ਕਾਰਣ ਮੈਂ ਅਲੱਗ-ਥਲੱਗ ਮਹਿਸੂਸ ਕਰ ਰਹੀ ਸੀ। ਮੈਂ ਘਰ ਆਏ ਪ੍ਰਾਹੁਣਿਆਂ ਲਈ ਸਟੋਵ ਕੋਲ ਖੜ੍ਹੀ ਚਾਹ ਬਣਾ ਰਹੀ ਸੀ ਕਿ ਬਾਅ ਜੀ ਦੀ ਆਵਾਜ਼ ਮੇਰੇ ਕੰਨੀ ਪਈ। ਉਹ ਆਖ ਰਹੇ ਸਨ, ''ਜੇ ਮਾੜੇ ਰਿਸ਼ਤੇਦਾਰ ਮਿਲ ਜਾਣ ਤਾਂ ਵਸਦੇ-ਰਸਦੇ ਘਰ ਖਰਾਬ ਹੋ ਜਾਂਦੇ ਆ। ਪਹਿਲਾਂ ਕੁੜੀ ਦਾ ਕੀਤਾ ਤਾਂ ਵਧੀਆ ਬੰਦੇ ਮਿਲੇ, ਫੇਰ ਵੱਡੇ ਵਾਰੀ ਵੀ ਚੰਗੇ ਰਿਸ਼ਤੇਦਾਰ ਮਿਲ ਗਏ। ਆਹ ਤੀਜੀ ਵਾਰ ਮਾਰ ਖਾ ਗਏ। ਐਸੇ ਮਾੜੇ ਬੰਦੇ ਟੱਕਰੇ ਆ ਕਿ ਕੀ ਕਹਿਣ ਦੀ ਗੱਲ----'' ਮੈਨੂੰ ਚੇਤੇ ਸੀ ਕਿ ਜਦ ਇਹੀ ਪ੍ਰਾਹੁਣੇ ਮੇਰੇ ਕਨੇਡਾ ਆਈ ਤੋਂ ਮਿਲਣ ਆਏ ਸਨ ਤੇ ਬਾਅ ਜੀ ਡੈਡੀ ਹੋਰਾਂ ਦੀਆਂ ਸਿਫ਼ਤਾਂ ਕਰਦੇ ਨਹੀਂ ਸੀ ਥੱਕਦੇ। ਤੇ ਹੁਣ ਨਿੰਦਣਾਂ ਸ਼ੁਰੂ ਹੋ ਗਏ ਸਨ ਤਾਂ ਗਾਲਾਂ 'ਤੇ ਉੱਤਰ ਆਏ ਸੀ। ਮੈਂ ਉਨ੍ਹਾਂ ਦੀ ਆਵਾਜ਼ ਤੋਂ ਬਚਣ ਲਈ ਰਸੋਈ 'ਚੋਂ ਆਸੇ-ਪਾਸੇ ਹੋਣ ਬਾਰੇ ਸੋਚਿਆ ਪਰ ਚਾਹ ਉੱਬਲਣੀ ਸ਼ੁਰੂ ਹੋ ਗਈ ਸੀ। ਮੈਂ ਚਾਹ ਦੇ ਨਾਲ-ਨਾਲ ਉੱਬਲਣ ਲੱਗੀ। ਚਾਹ ਵਿੱਚ ਦੁੱਧ ਪਾਉਣ ਨਾਲ ਚਾਹ ਦਾ ਉਬਾਲਾ ਭੱਜ ਗਿਆ ਸੀ। ਸ਼ਾਂਤ ਹੋਈ ਚਾਹ ਵੱਲ ਵੇਖ ਮੈਨੂੰ ਲੱਗਾ ਜਿਵੇਂ ਨਿੰਦਰ ਰਸੋਈ ਵੱਲ ਆ ਰਿਹਾ ਹੋਵੇ, ਮੈਂ ਪਿੱਛੇ ਮੁੜ ਕੇ ਵੇਖਿਆ। ਮੇਰਾ ਭੁਲੇਖਾ ਹੀ ਸੀ ਉਹ ਬੈਠਾ ਬਾਅ ਜੀ ਦੀਆਂ ਗੱਲਾਂ ਸੁਣ ਰਿਹਾ ਸੀ। ਬਾਅ ਜੀ ਦੇ ਬੋਲ ਮੇਰੇ ਕੰਨੀ ਪਏ। ਉਹ ਆਖ ਰਹੇ ਸਨ, '' ਬੇੜਾ ਗਰਕ ਹੋਇਆ ਪਿਆ ਹੈ ਦੁਨੀਆਂ ਦਾ। ਕੁੜੀਆਂ ਦੇ ਸੌਦੇ ਕਰਕੇ ਕਨੇਡਾ ਪਹੁੰਚੀ ਜਾਂਦੇ ਆ। ਮੈਂ ਕਹਿਨੈ ਲੋਕੀਂ ਦੱਲਿਆਂ ਤੋਂ ਵੀ ਗਏ ਗੁਜ਼ਰੇ ਆ। ਦੱਲੇ ਜ਼ੁਬਾਨ ਤੋਂ ਤਾਂ ਨਹੀਂ ਭੱਜਦੇ-----। ਮੇਰੇ ਅੰਦਰਲਾ ਉਬਾਲ ਕਿਨਾਰਿਆਂ ਤੱਕ ਆ ਗਿਆ। ਜੀਅ ਕੀਤਾ ਕਿ ਉੱਠ ਕੇ ਬਾਅ ਜੀ ਦੀ ਜ਼ੁਬਾਨ ਫੜ ਲਵਾਂ। ਇਸ ਤਰ੍ਹਾਂ ਤਾਂ ਨਾ ਕਰ ਸਕੀ ਪਰ ਆਪਣੀ ਭੁੱਬ 'ਤੇ ਵੀ ਕੰਟਰੋਲ ਨਾ ਹੋਇਆ ਤੇ ਬੈੱਡਰੂਮ 'ਚ ਜਾ ਕੇ ਰੋਣ ਲੱਗੀ। ਸਾਰਾ ਪ੍ਰੀਵਾਰ ਹੀ ਮੇਰੇ 'ਤੇ ਔਖਾ ਸੀ ਕਿ ਮੈਂ ਪ੍ਰਾਹੁਣਿਆਂ ਦਾ ਵੀ ਖਿਆਲ ਨਹੀਂ ਕੀਤਾ ਅਤੇ ਕਲੇਸ਼ ਪਾ ਲਿਆ। ਮੈਨੂੰ ਹੋਰ ਕਿਸੇ ਦੀ ਐਨੀ ਪਰਵਾਹ ਨਹੀਂ ਸੀ ਪਰ ਨਿੰਦਰ ਵੀ ਕਹਿੰਦਾ, ''ਕਲੇਸ਼ ਪਾਉਣ ਦਾ ਬਹਾਨਾ ਹੀ ਭਾਲਦੀ ਐਂ।''

''ਮੇਰੇ ਪਿਓ ਨੂੰ ਮੇਰੀ ਹਾਜ਼ਰੀ 'ਚ ਲੋਕਾਂ ਕੋਲ ਗਾਲ੍ਹਾਂ ਕੱਢਣ ਤੇ ਮੈਨੂੰ ਗੁੱਸਾ ਨਾ ਆਵੇ?''

''ਜੇ ਗੁੱਸਾ ਆ ਵੀ ਗਿਆ ਸੀ ਤਾਂ ਜ਼ਬਤ ਰੱਖਦੀ। ਲੋਕਾਂ ਨੂੰ ਤਾਂ ਤਮਾਸ਼ਾ ਨਾ ਵਿਖਾਉਂਦੀ।''

''ਤਮਾਸ਼ਾ ਮੈਂ ਵਿਖਾਇਐ? ਮੇਰਾ ਤਾਂ ਤਮਾਸ਼ਾ ਬਣਾ ਰੱਖਿਐ।''

''ਚੁੱਪ ਕਰ ਰਹਿੰਦੀ। ਪਿੱਛੋਂ ਗੱਲ ਕਰ ਲੈਂਦੇ ਆਪਾਂ।''

''ਜੇ ਤੂੰ ਗੱਲ ਕਰਨ ਜੋਗਾ ਹੁੰਦਾ ਤਾਂ ਘਾਟਾ ਹੀ ਕਿਹੜੀ ਗੱਲ ਦਾ ਸੀ। ਤੇਰੇ ਸਾਹਮਣੇ ਨਿੱਤ ਗਾਲ੍ਹਾਂ ਕੱਢਦੈ, ਕਦੇ ਰੋਕਿਐ ਓਹਨੂੰ।''

''ਭਾਬੀ ਦੇ ਮਾਪਿਆ ਨੂੰ ਨੀ ਗਾਲ੍ਹਾਂ ਕੱਢਦੇ। ਤੂੰ ਈ ਨੀ ਅਡਜਸਟ ਕਰਨਾ ਸਿੱਖਦੀ।''

''ਜਦੋਂ ਸਾਰਾ ਦਿਨ ਕੁੱਤੇ-ਖਾਣੀ ਹੁੰਦੀ ਹੋਵੇ ਉੱਥੇ ਅਗਲਾ ਕੀ ਅਡਜਸਟ ਕਰੇ?''

''ਕੁਛ ਵੀ ਐ, ਜਿਹੜਾ ਕੁਝ ਤੂੰ ਭਾਲਦੀ ਐਂ, ਓਹ ਨਹੀਂ ਹੋਣਾ। ਮੈਂ ਮਾਤਾ ਤੋਂ ਵੱਖ ਨਹੀਂ ਰਹਿ ਸਕਦਾ। ਤੂੰ ਹੀ ਬਦਲ ਆਪਣੇ-ਆਪ ਨੂੰ,'' ਆਖ ਨਿੰਦਰ ਕਮਰੇ 'ਚੋਂ ਬਾਹਰ ਨਿਕਲ ਗਿਆ ਅਤੇ ਮੈਂ ਸਿਸਕਦੀ ਰਹੀ। ਮੇਰੀਆਂ ਇਹ ਸਿਸਕੀਆਂ ਦੋ ਦਿਨਾਂ ਤੋਂ ਮੇਰੇ ਨਾਲ ਸਨ। ਹਰ ਘੜੀ ਮੈਂ ਉਸ ਘਟਨਾ ਬਾਰੇ ਹੀ ਸੋਚਦੀ ਰਹਿੰਦੀ ਅਤੇ ਆਪਣੇ-ਆਪ 'ਚ ਕ੍ਰਿਝਦੀ ਰਹਿੰਦੀ। ਉਸ ਦਿਨ ਕੰਮ ਤੋਂ ਵਾਪਿਸ ਆਈ ਤਾਂ ਦਿਓਰ-ਭਰਜਾਈ ਕਿਚਨ 'ਚ ਖੜ੍ਹੇ ਉੱਚੀ-ਉੱਚੀ ਹੱਸ ਰਹੇ ਸਨ। ਪਹਿਲਾਂ ਮੈਂ ਇਨ੍ਹਾਂ ਦੇ ਮਾਖੌਲਾਂ ਵਿੱਚ ਸ਼ਾਮਿਲ ਹੋ ਜਾਂਦੀ ਸਾਂ ਪਰ ਜਦ ਦੀ ਸਾਰੇ ਘਰ 'ਚ 'ਛਿੰਦੋ-ਛਿੰਦੋ' ਹੋਣ ਲੱਗੀ ਸੀ, ਮੈਥੋਂ ਇਨ੍ਹਾਂ ਦਾ ਹੱਸਣਾ ਸਹਾਰਿਆ ਨਾ ਜਾਂਦਾ। ਮੇਰੇ ਅੰਦਰ ਭਾਂਬੜ ਮੱਚਣ ਲੱਗੇ। ਆਪਣੇ-ਆਪ ਨੂੰ ਕਾਬੂ ਕਰਕੇ ਕਿਵੇਂ ਨਾ ਕਿਵੇਂ ਮੈਂ ਵਾਸ਼ਰੂਮ ਤੱਕ ਲੈ ਗਈ। ਕਾਫੀ ਦੇਰ ਸ਼ਾਵਰ ਥੱਲੇ ਖੜੀ ਰਹੀ। ਨਾਰਮਲ ਦਿਸਣ ਦੀ ਕੋਸ਼ਿਸ਼ ਕਰਦੀ ਮੈਂ ਕਿਚਨ 'ਚ ਜਾ ਕੇ ਰੋਟੀਆਂ ਦਾ ਆਹਰ ਕਰਨ ਲੱਗੀ। ਸੋਚਿਆ ਜੇ ਰੋਟੀਆਂ ਇਹ ਰਕਾਨ ਪਕਾਉਣ ਲੱਗ ਗਈ ਤਾਂ ਮੈਨੂੰ ਸਾਰਿਆਂ ਨੂੰ

ਵਰਤਾਉਣੀਆਂ ਪੈਣਗੀਆਂ। ਰੋਟੀ ਮੈਂ ਵਰਤਾ ਰਹੀ ਹੋਵਾਂਗੀ ਤੇ ਆਵਾਜ਼ਾਂ ਸਾਰੇ ਇਸ ਰਕਾਨ ਨੂੰ ਮਾਰਨਗੇ।'ਛਿੰਦੋ ਪਾਣੀ ਦੇਈਂ, ਛਿੰਦੋ ਆਚਾਰ ਫੜਾਈਂ, ਛਿੰਦੋ---' । ਰੋਟੀ ਪਕਾਉਂਦਿਆਂ ਜਦ 'ਛਿੰਦੋ, ਛਿੰਦੋ ਦੀਆਂ ਆਵਾਜ਼ਾਂ ਆਉਣ ਲੱਗੀਆਂ, ਮੈਂ ਸਟੋਵ ਵਾਲਾ ਪੱਖਾ ਤੇਜ਼ ਕਰ ਦਿੱਤਾ । ਪਰ ਪੱਖੇ ਦੀ ਆਵਾਜ਼ ਨਿੰਦਰ ਅਤੇ ਉਸਦੇ ਭਰਾ-ਭਰਜਾਈ ਦੇ ਹੱਸਣ ਦੀ ਆਵਾਜ਼ ਮੇਰੇ ਤੱਕ ਆਉਣੋ ਨਾ ਰੋਕ ਸਕੀ। ਮੇਰੇ ਪੈਰਾਂ ਥੱਲੇ ਅੱਗ ਮੱਚਣ ਲੱਗੀ।"ਲੈ ਤੂੰ ਵੀ ਖਾ ਲੈ ਹੁਣ, ਮੈਂ ਪਕਾ ਦਿੰਨੀ ਆਂ" ਜਦ ਇਸ ਆਖਿਆ, ਮੇਰਾ ਕੜ ਪਾਟ ਗਿਆ, "ਤੂੰ ਇਹ ਮੋਮੋਠਗਣੀਆਂ ਜਿਹੀਆਂ ਦੂਜਿਆਂ ਨਾਲ ਹੀ ਮਾਰ, ਮੇਰੇ ਤੋਂ ਦੂਰ ਹੀ ਰਹਿ।"

"ਤੂੰ ਕੁੜੇ ਬਖਸ਼ਦੀ ਹੀ ਨਹੀਂ ਕਿਸੇ ਨੂੰ, ਤਾਂਹਾਂ ਹੀ ਚੜ੍ਹਦੀ ਜਾਨੀ ਐਂ। ਏਹਨੇ ਭਲਾ ਤੈਨੂੰ ਕੀ ਕਹਿਤਾ, ਰੋਟੀ ਖਾਣ ਨੂੰ ਹੀ ਕਿਹੈ," ਮਾਤਾ ਬੋਲੀ। ਫਿਰ ਪਤਾ ਨਹੀਂ ਮੈਨੂੰ ਕੀ ਹੋਇਆ, ਮੈਂ ਆਪਣੇ ਵਾਲਾਂ ਨੂੰ ਪੁੱਟਦੀ ਮਾਤਾ ਵੱਲ ਵਧੀ, "ਮੈਂ ਹੀ ਮਾੜੀ ਆਂ। ਲੈ ਤੇਰੀ ਕਸਰ ਰਹਿ ਗਈ ਸੀ, ਤੂੰ ਵੀ ਆਜਾ। ਲਓ ਮਾਰਦੋ ਮੈਨੂੰ। ਲਓ ਜੁੰਡਿਆਂ ਤੋਂ ਧੂਹ ਕੇ ਸਿੱਟੋ ਬਾਹਰ--

ਇਸ ਤੋਂ ਪਹਿਲਾਂ ਕਿ ਕੋਈ ਹੋਰ ਕੁਝ ਬੋਲਦਾ, ਨਿੰਦਰ ਨੇ ਉੱਠ ਕੇ ਮੇਰੇ ਥੱਪੜ ਜੜ ਦਿੱਤਾ। ਮਨੀ ਉੱਚੀ-ਉੱਚੀ ਰੋਣ ਲੱਗਾ। ਦਸਾਂ ਮਿੰਟਾਂ 'ਚ ਨਿੰਦਰ ਦੀ ਭੈਣ ਤੇ ਜੀਜਾ ਪਹੁੰਚ ਗਏ। ਮਨੀ ਦਾ ਵਾਸਤਾ ਦੇ, ਉਨ੍ਹਾਂ ਮੈਨੂੰ ਚੁੱਪ ਕਰਾ ਲਿਆ ਅਤੇ ਆਪਣੇ ਨਾਲ ਹੀ ਲੈ ਗਏ। ਦੂਜੇ ਦਿਨ ਮੈਨੂੰ ਮੰਮੀ-ਡੈਡੀ ਦੇ ਘਰ ਛੱਡ ਗਏ। ਕਹਿੰਦੇ, " ਥੋੜ੍ਹੇ ਜਿਹੇ ਦਿਨ ਤੁਸੀਂ ਆਰਾਮ ਕਰੋ। ਮਾਹੌਲ ਬਦਲ ਜਾਵੇਗਾ, ਫੇਰ ਕੁਝ ਸੋਚਾਂਗੇ।" ਸੋਚਣਾ ਫਿਰ ਕੀ ਸੀ, ਪਹਿਲਾਂ ਹੀ ਬਾਅ ਜੀ ਹੋਰਾਂ ਨੇ ਸੋਚ ਲਿਆ ਸੀ, ਰਾਜ ਦੇ ਮੰਗਣੇ ਵੇਲੇ ਹੀ। ਡੈਡੀ ਹੋਰਾਂ ਰਿਸ਼ਤੇਦਾਰੀਆਂ ਦਾ ਇਕੱਠ ਕਰਕੇ ਕੋਸ਼ਿਸ਼ ਕਰ ਲਈ ਪਰ ਕੀ ਬਣਨਾ ਸੀ। ਮਨੀ ਇਨ੍ਹਾਂ ਬਗੈਰ ਕਿਸੇ ਹੀਲ-ਹੁੱਜਤ ਦੇ ਮੈਨੂੰ ਦੇ ਦਿੱਤਾ। ਮੈਂ ਹੈਰਾਨ ਸੀ ਕਿ ਨਿੰਦਰ ਕਿਵੇਂ ਮਨੀ ਬਗੈਰ ਰਹਿ ਪੈਂਦਾ ਸੀ। ਉਹ ਤਾਂ ਮਨੀ ਦਾ ਬਿੰਦ ਵਸਾਹ ਨਹੀਂ ਸੀ ਖਾਂਦਾ। ਮੇਰਾ ਕਿਹੜਾ ਘੱਟ ਕਰਦਾ ਸੀ ਪਰ ਕਿਸਮਤ ਮਾੜੀ, ਹਾਲਾਤ ਹੀ ਸਾਵੇਂ ਨਹੀਂ ਰਹੇ ਸਨ।

ਮੈਨੂੰ ਨਾਲ ਬੈਠੇ ਮਨੀ ਦਾ ਖਿਆਲ ਆਇਆ। ਉਹ ਤਾਬੂਤ ਕੋਲੋਂ ਲੰਘਦੇ ਲੋਕਾਂ ਵੱਲ ਅੱਖਾਂ ਟੱਡੀ ਵੇਖ ਰਿਹਾ ਸੀ। ਆਦਮੀਆਂ ਤੋਂ ਬਾਅਦ ਹੁਣ ਪਿਛਲੇ ਬੈਂਚਾਂ ਵੱਲੋਂ ਔਰਤਾਂ ਵੇਖਣ ਜਾਣ ਲੱਗ ਪਈਆਂ ਸਨ।

ਨਿੰਦਰ ਮਨੀ ਨਾਲ ਬਹੁਤ ਦੇਰ ਤੱਕ ਫੋਨ ਰਾਹੀਂ ਗੱਲਾਂ ਕਰਦਾ ਰਹਿੰਦਾ ਹੁੰਦਾ ਸੀ। ਥੋੜ੍ਹੇ ਜਿਹੇ ਦਿਨ ਪਹਿਲਾਂ ਜਦ ਉਸ ਨੇ ਮੈਨੂੰ 'ਹੋਰ ਫਿਰ?' ਕਿਹਾ ਸੀ, ਮਨੀ ਨੇ ਦੱਸਿਆ ਸੀ ਕਿ ਡੈਡੀ ਰੋਂਦੇ ਸੀ। ਮੈਨੂੰ ਉਸ ਦਿਨ ਬਹੁਤ ਗੁੱਸਾ ਆਇਆ ਸੀ ਸੋਚਿਆ ਜਦ ਅਗਾਂਹ ਨੂੰ ਫੋਨ ਆਇਆ ਤਾਂ ਝਾੜ ਪਾਊਂ ਕਿ ਬੱਚੇ ਮੂਹਰੇ ਰੋਣ ਦਾ ਕੀ ਅਰਥ? ਸੁਣਿਆ ਸੀ ਕਿ ਉਹ ਬਹੁਤ ਸ਼ਰਾਬ ਪੀਣ ਲੱਗ ਪਿਆ ਸੀ ਅਤੇ ਇਹ ਸ਼ਰਾਬ ਹੀ ਉਸ ਨੂੰ ਲੈ ਬੈਠੀ। ਸ਼ਰਾਬੀ ਹੋਇਆ ਕਾਰ ਚਲਾ ਰਿਹਾ ਸੀ ਕਿ ਐਕਸੀਡੈਂਟ 'ਚ ਪੂਰਾ ਹੋ ਗਿਆ।

ਮਾਸੀ ਨੇ ਮੋਢਾ ਫੜ ਮੈਨੂੰ ਉੱਠਣ ਲਈ ਕਿਹਾ। ਸਾਡੀ ਵਾਰੀ ਆ ਗਈ ਸੀ। ਮੈਂ ਮਨੀ ਨੂੰ ਫੜ ਲਾਈਨ ਵਿੱਚ ਲੱਗ ਗਈ। ਮਾਸੀ ਨੇ ਮੈਨੂੰ ਸਹਾਰਾ ਦਿੱਤਾ ਹੋਇਆ ਸੀ ਤੇ ਮੈਂ ਮਨੀ ਨੂੰ । ਤਾਬੂਤ 'ਚ ਪਿਆ ਨਿੰਦਰ ਮੈਨੂੰ ਲੱਗਾ ਜਿਵੇਂ ਜਾਣ ਕੇ ਅੱਖਾਂ ਮੀਚੀ ਪਿਆ ਹੋਵੇ।

ਉਹ ਇਸੇ ਤਰ੍ਹਾਂ ਹੀ ਕਰਦਾ ਹੁੰਦਾ ਤੇ ਕਹਿੰਦਾ, "ਮੈਨੂੰ ਸੁੱਤੇ ਨੂੰ ਚੁੰਮ ਕੇ ਜਗਾਇਆ ਕਰ।" ਜਦ ਉਸ ਨੂੰ ਪਹਿਲਾਂ ਜਾਗ ਆ ਜਾਂਦੀ, ਲੱਤਾਂ 'ਚ ਲੱਤਾਂ ਫਸਾ ਉਹ ਮੈਨੂੰ ਜਗਾ ਦਿੰਦਾ ਅਤੇ ਆਪ ਸੁੱਤੇ ਹੋਣ ਦਾ ਨਾਟਕ ਕਰਦਾ। ਜਦ ਮੈਂ ਉਸਨੂੰ ਚੁੰਮਦੀ ਉਹ ਝੱਟ ਅੱਖਾਂ ਖੋਹਲ ਦਿੰਦਾ।

ਮੈਨੂੰ ਲੱਗਾ ਜਿਵੇਂ ਉਹ ਪਿਆ ਪਿਆ ਨਾਟਕ ਕਰ ਰਿਹਾ ਹੋਵੇ। ਮਨੀ ਇੱਕ ਟੱਕ ਉਸ ਵੱਲ ਵੇਖ ਰਿਹਾ ਸੀ। ਮਾਸੀ ਨੇ ਫੁੱਲਾਂ ਦੀਆਂ ਪੱਤੀਆਂ ਮਨੀ ਨੂੰ ਫੜਾ ਨਿੰਦਰ ਉੱਪਰ ਪਾਉਣ ਲਈ ਕਿਹਾ। ਮਨੀ ਨੇ ਪੋਲੇ ਜਿਹੇ ਫੁੱਲਾਂ ਦੀਆਂ ਪੱਤੀਆਂ ਨਿੰਦਰ ਦੇ ਬੁੱਲ੍ਹਾਂ ਉੱਪਰ ਰੱਖ ਦਿੱਤੀਆਂ। ਮੇਰੀ ਭੁੱਬ ਨਿਕਲਣ ਲੱਗੀ। ਪਰ ਮੈਂ ਮੰਮੀ ਦੀ ਦਿੱਤੀ ਮੱਤ ਦਾ ਪੱਲਾ ਘੁੱਟ ਕੇ ਫੜ ਲਿਆ। ਮਾਸੀ ਨੇ ਮਨੀ ਨੂੰ ਬਾਂਹ ਫੜ ਕੇ ਤੋਰ ਲਿਆ। "ਮੰਮ, ਡੈਅਡੀ" ਮਨੀ ਨੇ ਪਿਛਾਂਹ ਵੱਲ ਬਾਂਹ ਉਲਾਰ ਕੇ ਲੇਰ ਮਾਰੀ। ਮੈਂ ਮਨੀ ਨੂੰ ਬਾਹਾਂ 'ਚ ਘੁੱਟ ਲਿਆ। ਮਾਸੀ ਨੇ ਮੇਰਾ ਮੋਢਾ ਥਾਪੜਿਆ। ਡਿੱਕ-ਡੋਲੇ ਖਾਂਦੇ ਅਸੀਂ ਮਾਂ-ਪੁੱਤ ਮਾਸੀ ਦੇ ਨਾਲ-ਨਾਲ ਮੁੜ ਬੈਂਚਾਂ 'ਤੇ ਜਾ ਬੈਠੇ। ਮੈਂ ਮਨੀ ਦੀ ਪਿੱਠ ਥਾਪੜ ਰਹੀ ਸੀ ਤੇ ਮਾਸੀ ਮੇਰੀ। ਮੰਮੀ ਦੀ ਗੈਰਹਾਜ਼ਰੀ 'ਚ ਮਾਸੀ ਮੈਨੂੰ ਮਾਂ ਵਰਗੀ ਲੱਗੀ। ਮੈਂ ਸੋਚਿਆ ਕਿ 'ਕਿੰਨੇ ਚੰਗੇ ਹਨ ਮਾਸੀ ਹੋਰੀਂ ਵੀ, ਮੰਮੀ-ਡੈਡੀ ਦੀ ਹਰ ਮੁਸ਼ਕਲ ਵੇਲੇ ਨਾਲ ਖੜ੍ਹਦੇ ਹਨ'।

ਉਸ ਦਿਨ ਵੀ ਜਦ ਰਾਜ ਹੋਰਾਂ ਦੇ ਮੰਗਣੇ ਦੀ ਗੱਲ ਕੀਤੀ ਸੀ, ਡੈਡੀ ਨੇ ਰਾਤ ਨੂੰ ਦਸ ਵਜੇ ਫੋਨ ਕੀਤਾ ਸੀ ਤੇ ਅਗਲੀ ਸਵੇਰ ਇਹ ਦਸ ਵਜੇ ਸ਼ਗਨ ਲਾਉਣ ਲਈ ਹਾਜ਼ਰ ਸੀ। ਲਗਦਾ ਹੈ ਕਿ ਉਦੋਂ ਡੈਡੀ ਚਲਾਕੀ ਵਰਤ ਗਏ ਸੀ। ਮੈਨੂੰ

ਤੇ ਨਿੰਦਰ ਨੂੰ ਸ਼ਾਮ ਵੇਲੇ ਆਪਣੇ ਵੱਲ ਸੱਦ ਲਿਆ। ਰਾਤ ਨੂੰ ਪੀਂਦਿਆਂ ਡੈਡੀ ਸਾਨੂੰ ਕਹਿਣ ਲੱਗੇ, "ਬੇਟੇ ਆਪਣੇ ਰਾਜ ਨੂੰ ਰਿਸ਼ਤਾ ਹੁੰਦੈ । ਦੋਹੇਂ ਕੁੜੀ-ਮੁੰਡਾ ਵੀ ਇੱਕ-ਦੂਜੇ ਨੂੰ ਚਾਹੁੰਦੇ ਆ। ਜੇ ਤੁਸੀਂ ਕਹੋਂ ਤਾਂ ਆਪਾਂ ਗੱਲ ਪੱਕੀ ਕਰ ਦੇਈਏ? ਫੇਰ ਅਸੀਂ ਸੁਰਖਰੂ ਹੋ ਕੇ ਇੰਡੀਆਂ ਜਾਈਏ।"

"ਇਹ ਤਾਂ ਵਧੀਆ ਗੱਲ ਐ," ਨਿੰਦਰ ਨੇ ਕਿਹਾ।

" ਕਰਦੀਏ ਫੋਨ ਫਿਰ ਕਿ ਕੱਲ੍ਹ ਨੂੰ ਹੀ ਪਾ ਜੋ ਸ਼ਗਨ?" ਡੈਡੀ ਨੇ ਪੁੱਛਿਆ ।

ਨਿੰਦਰ ਦੀ "ਹੋਰ" ਸੁਣ ਉਨ੍ਹਾਂ ਅਗਲੇ ਦਿਨ ਦੀ ਗੱਲ ਪੱਕੀ ਕਰ ਲਈ ਅਤੇ ਸਾਨੂੰ ਗੱਲਾਂ-ਬਾਤਾਂ 'ਚ ਉੱਥੇ ਹੀ ਰਾਤ ਰੱਖ ਲਿਆ।

ਦੂਸਰੀ ਸਵੇਰ ਮੈਨੂੰ ਨਿੰਦਰ ਚੁੱਪ-ਚੁੱਪ ਲੱਗਾ। ਪਰ ਮੈਂ ਸ਼ਗਨ ਦੀ ਖੁਸ਼ੀ 'ਚ ਬਹੁਤਾ ਗੌਲਿਆ ਹੀ ਨਾ। ਪਰ ਜਦ ਅਸੀਂ ਘਰ ਪਹੁੰਚੇ ਬਾਅ ਜੀ ਹੋਰੀਂ ਲਾਲ-ਪੀਲੇ ਹੋ ਗਏ, "ਬੜਾ ਚੁਸਤ ਨਿਕਲਿਆ ਕੰਜਰ।" ਡੈਡੀ ਨੂੰ 'ਕੰਜਰ' ਕਿਹਾ ਸੁਣ ਮੈਨੂੰ ਕਰੰਟ ਜਿਹਾ ਲੱਗਾ।

" ਜਿਹੜਾ ਆਪਣੇ ਨਾਲ ਵਾਅਦਾ ਕੀਤਾ ਹੋਇਆ ਸੀ ਓਹ? ਤੇਰੀ ਭੂਆ ਦੀ ਕੁੜੀ ਨਾਲ ਕਾਗਜ਼ ਭਰਨੇ ਸੀ ਰਾਜ ਦੇ। ਤੈਨੂੰ ਚੇਤੇ ਨਹੀਂ ਸੀ ਕੰਜਰਾ ਤੂੰ ਵੀ ਹਾਂ 'ਚ ਹਾਂ ਮਿਲਾ ਆਇਐਂ?" ਬਾਅ ਜੀ ਨਿੰਦਰ ਦੁਆਲੇ ਹੋ ਗਏ।

"ਮੈਨੂੰ ਖਿਆਲ ਹੀ ਨਹੀਂ ਰਿਹਾ," ਨਿੰਦਰ ਨੇ ਖਸਿਆਣੀ ਜਿਹੀ ਆਵਾਜ਼ 'ਚ ਕਿਹਾ।

"ਤੈਨੂੰ ਕਾਹਨੂੰ ਖਿਆਲ ਰਹਿਣਾ ਸੀ। ਤੈਨੂੰ ਜੇ ਇਹਦੇ ਤੋਂ ਵੇਹਲ ਮਿਲੇ ਫੇਰ ਈ ਐ," ਬਾਅ ਜੀ ਨੇ ਮੇਰੇ ਵੱਲ ਹੱਥ ਕਰਕੇ ਕਿਹਾ।

ਫੇਰ ਬਾਅ ਜੀ ਫੋਨ ਚੁੱਕ ਕੇ ਡੈਡੀ ਹੋਰਾਂ ਨੂੰ ਬੁਰਾ-ਭਲਾ ਕਹਿਣ ਲੱਗੇ। ਕਹਿੰਦੇ ਇਹ ਵਿਆਹ ਨਾ ਹੋਵੇ, ਪਰ ਡੈਡੀ ਕਹਿੰਦੇ ਕਿ ਹੁਣ ਗੱਲ ਪੱਕੀ ਹੋ ਗਈ ਸੀ।

ਬਾਅ ਜੀ ਅੱਗ-ਭਬੂਕਾ ਹੋ ਕੇ ਬੋਲੇ, "ਜੇ ਗੱਲ ਪੱਕੀ ਹੋ ਗਈ ਐ, ਫੇਰ ਸਾਡੇ ਨਾਲ ਥੋਡਾ ਕੋਈ ਸਬੰਧ ਨਹੀਂ।"

ਵਿਆਹ ਵੇਲੇ ਡੈਡੀ ਹੋਰੀਂ ਰਿਸ਼ਤੇਦਾਰਾਂ ਨੂੰ ਨਾਲ ਲੈ ਕੇ ਆ ਗਏ। ਕਹਿੰਦੇ, "ਮੈਂ ਪੈਰੀਂ ਪੱਗ ਧਰਦੈਂ, ਧੀ-ਜਵਾਈ ਨੂੰ ਵਿਆਹ 'ਚ ਜ਼ਰੂਰ ਭੇਜੋ।"

ਬਾਅ ਜੀ ਕਹਿੰਦੇ, "ਕੁੜੀ ਨੂੰ ਲੈ ਜਾਓ, ਪਰ ਮੁੜਕੇ ਇਸ ਘਰ ਨਹੀਂ ਆ ਸਕਦੀ।"

ਡੈਡੀ ਹੋਰੀਂ ਵਾਪਸ ਚਲੇ ਗਏ।

ਨਿੰਦਰ ਨੂੰ ਇਤਰਾਜ਼ ਸੀ ਕਿ ਡੈਡੀ ਹੋਰਾਂ ਨੇ ਚਲਾਕੀ ਵਰਤੀ ਸੀ। ਮੈਂ ਘਰ ਦੀ ਸ਼ਾਂਤੀ ਖਾਤਿਰ ਡੈਡੀ ਹੋਰਾਂ ਵੱਲ ਆਉਣ-ਜਾਣ ਛੱਡ ਦਿੱਤਾ। ਜਿਸ ਦਿਨ ਮੇਰੇ ਇੱਕਲੌਤੇ ਭਰਾ ਦਾ ਵਿਆਹ ਸੀ, ਮੈਂ ਘਰ ਬੈਠੀ ਕਲਪਦੀ ਰਹੀ।

"ਭਾਈ ਹੁਣ ਨਿੰਦਰ ਦੀ ਬਾਡੀ ਨੂੰ ਦਾਗ ਦੇਣ ਵੇਲੇ ਮਨੀ ਨੂੰ ਉੱਥੇ ਲੈ ਕੇ ਜਾਣੈ, ਇਹ ਦਾਗ ਦੇਊ," ਚਾਚਾ ਜੀ ਨੇ ਆ ਕੇ ਕਿਹਾ।

"ਨਹੀਂ ਚਾਚਾ ਜੀ ਇਹ ਤਾਂ ਬਹੁਤ ਛੋਟਾ ਹੈ, ਬੁਰਾ ਅਸਰ ਪਵੇਗਾ," ਮੈਂ ਜਵਾਬ ਦਿੱਤਾ। ਚਾਚਾ ਜੀ ਚੁੱਪ ਕਰਕੇ ਬਾਅ ਜੀ ਹੋਰਾਂ ਕੋਲ ਚਲੇ ਗਏ।

ਇਨ੍ਹਾਂ ਨੇ ਹੀ ਨਿੰਦਰ ਦੀ ਮੌਤ ਬਾਰੇ ਫੋਨ ਕਰਕੇ ਮੈਨੂੰ ਦੱਸਿਆ ਸੀ। ਕਹਿੰਦੇ, "ਜੇ ਤੁਸੀਂ ਨਹੀਂ ਆ ਸਕਦੇ ਤਾਂ ਅਸੀਂ ਮਨੀ ਨੂੰ ਲੈਣ ਲਈ ਕਿਸੇ ਨੂੰ ਭੇਜ ਦਿੰਦੇ ਹਾਂ।"

ਮੈਂ ਉਦੋਂ ਹੀ ਮੰਮੀ ਹੋਰਾਂ ਨੂੰ ਇੰਡੀਆ ਫੋਨ ਕੀਤਾ। ਰਾਜ ਤੇ ਭਰਜਾਈ ਵੀ ਇੰਡੀਆ ਗਏ ਹੋਏ ਸਨ। ਮੰਮੀ ਕਹਿੰਦੇ, "ਨਹੀਂ, ਤੂੰ ਆਪ ਲੈ ਕੇ ਜਾ, ਉੱਥੇ ਰਾਜ ਦੀ ਸੱਸ ਤੇਰੇ ਨਾਲ ਚਲੀ ਜਾਵੇਗੀ। ਪਰ ਆਪਣੇ 'ਤੇ ਕਾਬੂ ਰੱਖੀਂ, ਰੋਈਂ ਨਾ, ਨਹੀਂ ਤਾਂ ਲੋਕਾਂ ਨੇ ਕਹਿਣੈ, ਖੇਖਣ ਕਰਦੀ ਐ।"

"ਲੈ ਮੈਂ ਕਿਓਂ ਰੋਊਂ, ਮੇਰਾ ਓਹਦੇ ਨਾਲ ਹੁਣ ਕੀ ਰਿਸ਼ਤੈ।" ਆਖਣ ਨੂੰ ਤਾਂ ਮੈਂ ਆਖ ਗਈ ਪਰ ਮੇਰੇ ਅੰਦਰੋਂ ਕੁਝ ਭੁਰ ਜਿਹਾ ਗਿਆ। ਜਹਾਜ਼ 'ਚ ਵੀ ਰਾਤ ਮੁੜ-ਮੁੜ ਨਿੰਦਰ ਅੱਖਾਂ ਮੂਹਰੇ ਆਈ ਜਾਵੇ, ਅੱਖਾਂ ਨਮ ਹੀ ਰਹੀਆਂ ਸਾਰੇ ਰਾਹ।

ਹਾਲ ਵਿੱਚ ਫਿਰ ਚੀਕ-ਚਿਹਾੜਾ ਪੈ ਗਿਆ ਸੀ। ਮਾਤਾ ਔਰਤਾਂ ਤੋਂ ਛੁੱਟ-ਛੁੱਟ ਜਾਵੇ। ਉਹੀ ਕੁੜੀ ਮਾਤਾ ਨੂੰ ਚੁੱਪ ਕਰਾ ਰਹੀ ਸੀ। ਮੈਂ ਸੋਚਿਆ, 'ਉਹੀ ਹੋਵੇਗੀ, ਜਿਹਨੂੰ ਰਾਜ ਰਾਹੀਂ ਮੰਗਵਾਉਣ ਨੂੰ ਕਹਿੰਦੇ ਸੀ। ਮਾਸੀ ਨੇ ਸ਼ਮਸ਼ਾਨ-ਘਰ ਆਉਂਦਿਆਂ ਦੱਸਿਆ ਤਾਂ ਸੀ ਕਿ ਹੁਣ ਨਿੰਦਰ ਰਾਹੀਂ ਮੰਗਵਾਈ ਸੀ, ਮਹੀਨਾ ਕੁ ਪਹਿਲਾਂ ਹੀ ਪਹੁੰਚੀ ਸੀ'।

ਤਾਬੂਤ ਨੂੰ ਰੋਹੜ ਕੇ ਅੰਦਰ ਵੱਲ ਲਿਜਾ ਰਹੇ ਸਨ। ਮਨੀ ਨੇ ਮੇਰਾ ਧਿਆਨ ਉੱਧਰ ਕਰਵਾਇਆ। "ਹੁਣ ਮੰਮ?" ਮਨੀ ਨੇ ਸਵਾਲੀਆ ਨਜ਼ਰਾਂ ਨਾਲ ਮੇਰੇ ਵੱਲ ਵੇਖਿਆ।

"ਹੁਣ, ਹੁਣ ਬੱਸ ਅੰਦਰ ਲੈ ਜਾ ਕੇ---" ਮੇਰਾ ਗੱਚ ਭਰ ਆਇਆ। ਹਾਲ ਵਿਚਲਾ ਚੀਕ ਚਿਹਾੜਾ ਉੱਚੀ ਹੋ ਗਿਆ ਸੀ। "ਡੈਅਡੀ" ਮਨੀ ਨੇ ਉੱਚੀ ਸਾਰੀ ਲੇਰ ਮਾਰੀ। ਮੇਰੀ ਭੁੱਬ ਬੇਕਾਬੂ ਹੋਣ ਲੱਗੀ ਪਰ ਮੈਂ ਝੱਟ ਮਨੀ ਨੂੰ ਬਾਹਾਂ 'ਚ

ਭਰ ਆਪਣਾ ਚੇਹਰਾ ਛੁਪਾ ਲਿਆ। ਮਾਸੀ ਨੇ ਮੇਰਾ ਮੋਢਾ ਝੰਜੋੜਿਆ। ਮੈਨੂੰ ਲੱਗਾ ਜਿਵੇਂ ਮਾਸੀ ਮੈਨੂੰ ਦਿਲ ਕਰੜਾ ਰੱਖਣ ਬਾਰੇ ਯਾਦ ਕਰਾ ਰਹੀ ਸੀ ਪਰ ਜਦ ਮੈਂ ਨਿਗ੍ਹਾ ਉੱਪਰ ਚੁੱਕੀ, ਚਾਚਾ ਜੀ ਤੇ ਬਾਅ ਜੀ ਮੇਰੇ ਮੂਹਰੇ ਖੜ੍ਹੇ ਸਨ।

ਚਾਚਾ ਜੀ ਬੋਲੇ, "ਸਾਡੀ ਇੱਛਾ ਹੈ ਕਿ ਨਿੰਦਰ ਦੀ ਦੇਹ ਨੂੰ ਉਸ ਦਾ ਪੁੱਤ ਹੀ ਦਾਗ ਦੇਵੇ। ਇਹੀ ਰੀਤ ਹੈ। ਨਾਲੇ ਘਬਰਾਉਣ ਵਾਲੀ ਕੋਈ ਗੱਲ ਨਹੀਂ। ਇਸ ਨੇ ਸਿਰਫ ਇੱਕ ਬਟਨ ਹੀ ਨੱਪਣਾ ਹੈ। ਜਿਸ ਨਾਲ ਫਰਨੈਂਸ ਨੇ ਚੱਲ ਪੈਣਾ ਹੈ।"

ਮੈਂ ਬਾਅ ਜੀ ਵੱਲ ਵੇਖਿਆ। ਉਨ੍ਹਾਂ ਦੀਆਂ ਅੱਖਾਂ 'ਚ ਤਰਲੇ ਜਿਹਾ ਕੁਝ ਸੀ ਜਾਂ ਲੁਕਵੀਂ ਜਿਹੀ ਧਮਕੀ, ਮੈਨੂੰ ਕੁਝ ਸਮਝ ਨਹੀਂ ਸੀ ਆ ਰਹੀ। ਡੌਰ-ਭੌਰ ਜਿਹੀ ਹਾਲਤ ਵਿਚ ਹੀ ਮੈਂ ਮਨੀ ਨੂੰ ਉਨ੍ਹਾਂ ਦੇ ਨਾਲ ਤੋਰ ਦਿੱਤਾ। (ਕਲਾ ਸਿਰਜਕ ਜੁਲਾਈ-ਦਸੰਬਰ 2005) ●●

# ਪੰਜ ਡਾਲਰ ਦਾ ਨੋਟ

ਲਿਵਿੰਗ-ਰੂਮ ਵਿੱਚ ਪਏ ਸੋਫ਼ੇ ਦੀ ਇੱਕ ਨੁੱਕਰੇ ਜੈਮਲ ਸਿਓਂ ਪਾਲੇ-ਮਾਰੀ ਕੁਕੜੀ ਵਾਂਗ ਸੁੰਗੜਿਆ ਜਿਹਾ ਬੈਠਾ ਸੀ। ਸਵੇਰ ਦਾ ਹੀ ਉਹ ਹਾਰੇ ਹੋਏ ਜਵਾਰੀਏ ਵਾਂਗ ਸਿਰ ਸੁੱਟੀ ਫਿਰਦਾ ਸੀ। ਵਾਰ-ਵਾਰ ਉਸ ਦੇ ਮਨ ਵਿੱਚ ਖਿਆਲ ਆਉਂਦਾ ਕਿ ਉਹ ਅੱਜ ਮਿਲ ਕੇ ਵਾਪਸ ਜਾਣ ਲੱਗੀ ਆਪਣੀ ਧੀ ਨੂੰ ਕੀ ਦੇਵੇਗਾ। ਸਵੇਰੇ ਚਾਹ ਪੀ ਕੇ ਉਹ ਫਿਰ ਬਿਸਤਰੇ ਵਿੱਚ ਵੜ ਗਿਆ ਅਤੇ ਰਾਤ ਆਏ ਸੁਪਨੇ ਬਾਰੇ ਸੋਚਣ ਲੱਗਾ। ਉਸ ਨੂੰ ਇਹ ਵੀ ਪੱਕਾ ਯਕੀਨ ਨਹੀਂ ਸੀ ਕਿ ਉਹ ਸੁਪਨਾ ਹੀ ਸੀ ਜਾਂ ਉਸ ਦੇ ਜਾਗਦੇ ਪਏ ਦੇ ਹੀ ਚਿੱਤ 'ਚ ਖਿਆਲ ਆਇਆ ਸੀ। ਅੱਧੀ ਰਾਤ ਤੋਂ ਬਆਦ ਉਸ ਨੂੰ ਸਵਾਰ ਕੇ ਨੀਂਦ ਵੀ ਨਹੀਂ ਸੀ ਆਈ, ਜਦ ਉਸ ਨੂੰ ਆਪਣੀ ਗੁਜ਼ਰ ਚੁੱਕੀ ਘਰਵਾਲੀ ਬੰਤੀ ਦਾ ਖਿਆਲ ਜਾਂ ਸ਼ਾਇਦ ਸੁਪਨਾ ਆਇਆ ਸੀ। ਉਸ ਜਿਵੇਂ ਕਿਹਾ ਹੋਵੇ, " ਐਵੇਂ ਨਾ ਮੁੱਠ ਘੁੱਟ ਲਈਂ ਕੁੜੀ ਨੂੰ ਤੋਰਨ ਮੌਕੇ।" 'ਮੁੱਠ ਘੁੱਟਣ ਨੂੰ ਜਿਵੇਂ ਮੈਂ ਖਜ਼ਾਨੇ 'ਤੇ ਬੈਠਾ ਹੋਵਾਂ,' ਜੈਮਲ ਸਿਓਂ ਨੇ ਹਾਉਕਾ ਲੈਣ ਵਾਂਗ ਸਾਹ ਲਿਆ।

"ਗੁਰਮੇਲ ਦੇ ਬਾਪੂ, ਤੂੰ ਐਵੇਂ ਚਿੱਤ ਛੋਟਾ ਕਰ ਲੈਨੈਂ," ਜੈਮਲ ਸਿਓਂ ਨੂੰ ਬੰਤੀ ਦਾ ਕਿਹਾ ਫਿਰ ਸੁਣਿਆ। ਉਹ ਇਸੇ ਤਰ੍ਹਾਂ ਹੀ ਆਖਦੀ ਹੁੰਦੀ ਸੀ।

ਉਸ ਦਿਨ ਵੀ ਬੰਤੀ ਨੇ ਇਵੇਂ ਹੀ ਕਿਹਾ ਸੀ, ਜਿਸ ਦਿਨ ਜੈਮਲ ਸਿਓਂ ਦੀ ਛੋਟੀ ਭੈਣ ਨੇ ਦਿਨ ਛਿਪੇ ਜਿਹੇ ਆਣ ਸਿਰ ਕੱਢਿਆ ਸੀ। ਸਾਹੋ-ਸਾਹ ਹੋਈ ਨੇ ਉਸ ਕਿਹਾ ਸੀ, " ਬਾਈ, ਹੁਣ ਤਾਂ ਤੇਰੇ ਰੱਖੀਦੇ ਆਂ। ਬੰਕ ਵਾਲੇ ਕੱਲ੍ਹ ਤੱਕ ਦੀ ਮੋਹਲ੍ਤ ਦੇ ਕੇ ਗਏ ਆ ਜੇ ਟਰੈਟ ਦੀ ਕਿਸ਼ਤ ਨਾ ਭਰੀ ਤਾਂ ਅਗਲਿਆਂ ਲੈ ਜਾਣੈ।"

"ਕੋਈ ਨਾ ਕਰਦੇ ਆਂ ਭੰਨ-ਘੜ ਕੋਈ। ਤੂੰ ਫ਼ਿਕਰ ਨਾ ਕਰ," ਜੈਮਲ ਸਿਓਂ ਨੇ ਉਸ ਦਾ ਸਿਰ ਪਲੋਸਦੇ ਨੇ ਆਖ ਤਾਂ ਦਿੱਤਾ ਸੀ ਪਰ ਉਸ ਨੂੰ ਅਚਵੀ ਜਿਹੀ ਲੱਗ ਗਈ ਸੀ। 'ਭੰਨ-ਘੜ' ਬਾਰੇ ਸੋਚਦਾ ਉਹ ਮੰਜੇ 'ਤੇ ਪਿਆ ਉੱਸਲਵੱਟੇ ਜਿਹੇ ਲੈ ਰਿਹਾ ਸੀ, ਜਦ ਬੰਤੀ ਬੋਲੀ ਸੀ, "ਸੌਂ ਜਾ 'ਰਾਮ ਨਾਲ। ਜਦੋਂ ਸਵੇਰ ਆਊ, ਦੇਖੀ ਜਾਊ।"

"ਸਵੇਰੇ 'ਸਮਾਨੋਂ ਡਿੱਗ ਪੈਣਗੇ, ਹਾੜ੍ਹੀ ਤਾਂ ਸਾਰੀ ਖਾਈ ਬੈਠੇ ਆਂ," ਜੈਮਲ ਸਿਓਂ ਨੇ ਫ਼ਿਕਰਮੰਦ ਆਵਾਜ਼ 'ਚ ਕਿਹਾ।

" ਮੇਰੇ ਕੋਲ ਰੱਖੇ ਵੇ ਆ, ਸੋਚਦੀ ਸੀ ਬਈ ਪਿੰਦਰ ਦੀ ਕੋਈ ਚੀਜ਼ ਬਣਾ ਕੇ ਰੱਖ ਲਾਂ, ਕੁੜੀ 'ਤੇ ਨਿੱਤ ਨਵਾਂ ਵਾਰ ਆਉਂਦੈ, ਡੇਕ ਵਾਂਗ ਵਧਦੀ ਜਾਂਦੀ ਐ।"

"ਕੁੜੀ ਹਾਲੇ ਦਸਾਂ ਵਰ੍ਹਿਆਂ ਦੀ ਹੋਈ ਐ, ਤੈਨੂੰ ਹੁਣੇ ਈ ਤਿਓਰ ਜੋੜਨ ਦਾ ਫਿਕਰ ਲੱਗ ਗਿਐ।"

"ਜੇ ਹੁਣੇ ਤੋਂ ਜੋੜਨ ਲੱਗਾਂਗੇ ਫੇਰ ਈ ਉਦੋਂ ਤੱਕ ਪੂਰੀਆਂ ਪੈਣਗੀਆਂ, ਚੱਲ ਫੇਰ ਜੁੜ ਜਾਣਗੇ ਆਪਾਂ ਬੀਬੀ ਦਾ ਬੁੱਤਾ ਸਾਰੀਏ।"

'ਕੱਢ ਕਿਤੇ ਬੰਤੀਏ ਅੱਜ ਵੀ ਸੰਦੂਕ 'ਚੋਂ' ਇਹ ਸੋਚਦੇ ਜੈਮਲ ਸਿਓਂ ਦੀਆਂ ਅੱਖਾਂ ਦੇ ਕੋਇਆਂ 'ਚੋਂ ਪਾਣੀ ਸਿੰਮ ਆਇਆ। ਹਾਉਕਾ ਲੈਂਦਿਆਂ ਉਸ ਚਿੱਤ 'ਚ ਹੀ ਕਿਹਾ, 'ਮਾਰ ਕੇ ਸੁੱਟਗੀ ਬੰਤੀਏ।'

"ਬੇਬੇ ਤਾਂ ਮਾਰ ਕੇ ਸੁੱਟਗੀ। ਕਈ ਸਾਲ ਪਿੱਛੇ ਜਾ ਪਏ," ਇਵੇਂ ਹੀ ਇੱਕ ਦਿਨ ਗੁਰਮੇਲ ਨੇ ਵੀ ਕਿਹਾ ਸੀ।

"ਉਹ ਕਿਵੇਂ?" ਕੋਲ ਬੈਠੇ ਜੈਮਲ ਸਿਓਂ ਨੇ ਪੁੱਛਿਆ।

"ਕਿਵੇਂ ਕੀ, ਸੋਚਦੇ ਸੀ ਜਦੋਂ ਬੇਬੇ-ਬਾਪੂ ਆ ਗਏ ਇੱਥੇ, ਫੇਰ ਜਵਾਕ ਦੀ ਸਕੀਮ ਕਰਾਂਗੇ। ਬੇਬੇ ਜਵਾਕ ਸੰਭਾਲਦੀ, ਤੈਨੂੰ ਫਾਰਮਾਂ 'ਚ ਭੇਜਦੇ, ਅਸੀਂ ਦੋਹੇਂ ਜੀਅ ਡਟ ਕੇ ਕੰਮ ਕਰਦੇ। ਘਰ ਦੀ ਮੌਰਗੇਜ ਬੜ੍ਹਕਾਅ ਕੇ ਮਾਰਦੇ। ਪਰ ਗੇੜ ਈ ਪੁੱਠਾ ਪੈ ਗਿਆ। ਜਦੋਂ ਥੋੜੀ ਡਾਕਟਰੀ ਹੋ ਗਈ ਅਸੀਂ ਸੋਚਿਆ ਹੁਣ ਛੇ ਮਹੀਨਿਆਂ 'ਚ ਪਹੁੰਚੇ ਲੈ। ਅਸੀਂ ਜਵਾਕ ਦੀ ਸਕੀਮ ਕਰ ਲਈ। ਘਰ ਲੈ ਲਿਆ ਤੇ ਓਧਰ ਬੇਬੇ ਤੁਰ ਗਈ।'ਡੀਕਦੇ ਥੋਨੂੰ ਐਥੇ ਸੀ ਤੇ ਜਾਣਾਂ ਮੈਨੂੰ ਓਥੇ ਪੈ ਗਿਆ।"

"ਵੱਸ ਐ ਕੋਈ," ਆਖ ਕੇ ਜੈਮਲ ਸਿਓਂ ਨੇ ਗੁਰਮੇਲ ਦੇ ਮੋਢੇ 'ਤੇ ਹੱਥ ਰੱਖਿਆ।

ਉਸ ਰਾਤ ਬਿਸਤਰੇ 'ਚ ਉੱਸਲਵੱਟੇ ਲੈਂਦੇ ਜੈਮਲ ਸਿਓਂ ਨੂੰ ਲੱਗਿਆ ਸੀ ਜਿਵੇਂ ਬੰਤੀ ਨੇ ਕਿਹਾ ਹੋਵੇ, 'ਜਵਾਂ ਤੇਰੇ 'ਤੇ ਗਿਐ, ਐਵੇਂ ਚਿੱਤ ਛੱਡ ਜਾਂਦੈ, ਜੇ ਦੋ-ਚਾਰ ਸਾਲ ਪਿੱਛੋਂ ਕਰਜ਼ਾ ਲਹਿ ਜਾਊ ਤਾਂ ਕੀ 'ਸਮਾਨ ਉੱਤੋਂ ਡਿੱਗ ਪਊ। ਸਮਝਾ ਓਹਨੂੰ।'

'ਮੈਂ ਕੀ ਸਮਝਾਵਾਂ, ਮੇਰੀ ਕਿਹੜਾ ਸੁਣਦੈ। ਕਦੇ ਹਾਲ-ਚਾਲ ਨੀ ਪੁੱਛਿਆ, ਮੈਂ ਤਾਂ ਜਿਵੇਂ ਵਾਧੂ ਜਾ ਜੀਅ ਆਂ। ਭੋਰਾ ਜੀਅ ਨੀ ਲੱਗਦਾ, ਸੱਦ ਲਾ ਆਵਦੇ ਕੋਲ ਹੁਣ ਤਾਂ,' ਜੈਮਲ ਸਿਓਂ ਨੇ ਆਪਣੇ ਚਿੱਤ 'ਚ ਹੀ ਕਿਹਾ।

'ਮੇਰੇ ਪੋਤੇ ਨੂੰ ਕੌਣ ਸਾਂਭੂ ਫਿਰ? ਨੂੰਹ-ਪੁੱਤ ਤਾਂ ਕੰਮ 'ਤੇ ਚਲੇ ਜਾਂਦੇ ਆ। ਕਿੱਥੇ ਛੱਡਦੇ ਫਿਰਨਗੇ ਮੇਰੇ ਭੋਰਾ-ਭਰ ਲਵੀ ਨੂੰ? ਆਪਣੇ ਸਿਰ ਤਾਂ ਉਨ੍ਹਾਂ ਜਵਾਕ ਜੰਮਿਐ। ਜੇ ਮੇਰੇ ਮਰੀ ਤੋਂ ਉਹ ਪਿੱਛੇ ਜਾ ਪਏ ਆ, ਤਾਂ ਤੇਰੇ ਗਏ ਤੋਂ ਤਾਂ ਹੋਰ ਵੀ ਔਖੇ ਹੋ ਜਾਣਗੇ," ਜਿਵੇਂ ਬੰਤੀ ਨੇ ਕਿਹਾ ਹੋਵੇ।

'ਸਾਂਭੀ ਤਾਂ ਜਾਨੈ, ਆਵਦੇ ਜਵਾਕਾਂ ਦੇ ਤਾਂ ਪੋਤੜਿਆਂ ਨੂੰ ਕਦੇ ਹੱਥ ਨਹੀਂ ਸੀ ਲਾਇਆ, ਹੁਣ ਪੋਤੇ ਦਾ ਸਾਰਾ ਗੂੰਹ-ਮੂਤ ਕਰਦੈਂ'।

'ਮੇਹਣੈ ਕੋਈ ?ਆਵਦਾ ਖੂਨ ਐ'।

ਯਾਦ ਕਰਕੇ ਜੈਮਲ ਸਿਓਂ ਨੇ ਲੰਮਾ ਸਾਹ ਛੱਡਦਿਆਂ ਪਾਸਾ ਲਿਆ, 'ਪਰ ਸਮਝਣ ਵੀ, ਕੋਈ ਕਦਰ ਵੀ ਜਾਣੇ? ਕੋਈ ਲਿਆਕਤ ਹੁੰਦੀਂ ਤਾਂ ਆ ਕੇ ਪੁੱਛਦਾ ਬਈ ਬਾਪੂ ਪਿੰਦਰ ਨੂੰ ਕੀ ਦੇਈਏ, ਬੰਦੇ ਦਾ ਮਾਣ ਹੋ ਜਾਂਦੈ'। ਕਮਰੇ ਅੰਦਰ ਆਈ ਰੁਪਿੰਦਰ ਨੇ ਜੈਮਲ ਸਿਓਂ ਨੂੰ ਸੋਚਾਂ 'ਚੋਂ ਕੱਢਿਆ। ਉਸ ਕਿਹਾ,"ਬਾਪੂ ਜੀ ਤੁਸੀਂ ਠੀਕ ਐਂ?ਉੱਠਣਾ ਨਹੀਂ ਹਾਲੇ?"
" ਨਹੀਂ-ਨਹੀਂ ਠੀਕ ਆਂ, ਉਈਂ ਜਾਣੀ ਜੀਅ ਜਾ ਨੀ ਕੀਤਾ ਉੱਠਣ ਨੂੰ," ਬਿਸਤਰੇ 'ਚ ਬੈਠਦਾ ਜੈਮਲ ਸਿਓਂ ਬੋਲਿਆ। ਫਿਰ ਉਸ ਬੈੱਡ ਦੇ ਇੱਕ ਸਿਰੇ ਤੋਂ ਰਜ਼ਾਈ ਪਾਸੇ ਹਟਾਉਂਦੇ ਹੋਏ ਕਿਹਾ, "ਆ ਜਾ ਬਹਿਜਾ, ਛੇ-ਸੱਤ ਦਿਨ ਤਾਂ ਵੇਂਹਦੇ ਹੀ ਨਿਕਲ ਗਏ, ਜਾਣੀ ਪਤਾ ਹੀ ਨੀ ਲੱਗਿਆ ਕਦੋਂ ਆਈ ਤੇ ਕਦੋਂ ਮੁੜ ਚੱਲੀ ਐਂ। ਊਂ ਤਾਂ ਵਾਹਵਾ ਰੌਣਕ ਲੱਗੀ ਵੀ ਸੀ, ਨਹੀਂ ਤਾਂ ਸਾਰਾ ਦਿਨ ਲਵੀ ਕੋਲ ਇੱਕਲਾ ਬੈਠਾ ਰਹਿਨੈ। ਤੂੰ ਐਥੇ ਐਂ ਤਾਂ ਪਤਾ ਹੀ ਨੀ ਲੱਗਦਾ ਗੱਲਾਂ ਕਰਦਿਆਂ ਕਿਵੇਂ ਦਿਹਾੜੀ ਨਿਕਲ ਜਾਂਦੀ ਐ," ਜੈਮਲ ਸਿਓਂ ਦੀ ਆਵਾਜ਼ 'ਚ ਉਦਾਸੀ ਸੀ।
"ਚਲੋ ਮੇਰੇ ਨਾਲ ਹੀ ਚੱਲੋ, ਨਾਲ ਹੀ ਲਵੀ ਨੂੰ ਲੈ ਚੱਲਦੇ ਆਂ"।
"ਕੁੜੀਆਂ ਦੇ ਘਰੇ ਕਿਤੇ ਸੋਹਣੇ ਲੱਗਦੇ ਆਂ," ਜੈਮਲ ਸਿਓਂ ਨੇ ਆਖ ਤਾਂ ਦਿੱਤਾ ਪਰ ਉਸ ਨੂੰ ਲੱਗਾ ਜਿਵੇਂ ਉਸ ਤੋਂ ਕੁਝ ਗਲਤ ਆਖਿਆ ਗਿਆ ਹੋਵੇ।
"ਕੁੜੀਆਂ ਤੇ ਮੁੰਡਿਆਂ 'ਚ ਕੀ ਫਰਕ ਐ? ਚਲੋ ਜੇ ਥੋੜਾ ਇਹੀ ਵਿਚਾਰ ਐ ਤਾਂ ਮੈਂ ਛੇਤੀ ਗੇੜਾ ਮਾਰ ਜਾਊਂ, ਆਹ ਤਾਂ ਕੈਲਗਰੀ ਖੜ੍ਹੀ ਐ, ਘੰਟੇ 'ਚ ਪਹੁੰਚ ਜਾਈਦੈ ਜਹਾਜ਼ 'ਤੇ।"
"ਹਾਂ ਕੋਈ ਫ਼ਰਕ ਨੀਂ ਮੁੰਡਿਆਂ-ਕੁੜੀਆਂ 'ਚ। ਸਗੋਂ ਕੁੜੀਆਂ ਤਾਂ--- ਆਖ ਜੈਮਲ ਸਿਓਂ ਚੁੱਪ ਕਰ ਗਿਆ। ਉਸ ਦੇ ਦਿਮਾਗ ਵਿੱਚ ਉਸ ਦੀ ਵੱਡੀ ਭੈਣ ਆ ਗਈ। ਉਹ ਸੋਚਣ ਲੱਗਾ ਕਿ ਉਹ ਵੀ ਤਾਂ ਕੁੜੀ ਹੀ ਸੀ, ਜਿਸ ਨੇ ਸਾਰਾ ਟੱਬਰ ਕਨੇਡਾ ਮੰਗਵਾ ਦਿੱਤਾ ਸੀ। ਨਹੀਂ ਕੌਣ ਐਨਾ ਕਰਦੈ। ਪਹਿਲਾਂ ਉਸ ਪਿੰਦਰ ਨੂੰ ਮਤਬੰਨਾ ਬਣਾ ਕੇ ਸੱਦਿਆ। ਫੇਰ ਗੁਰਮੇਲ ਦਾ ਐਧਰ ਕੁੜੀ ਲੱਭ ਕੇ ਵਿਆਹ ਕੀਤਾ। ਮੇਰੀ ਸਾਰੀ ਕਬੀਲਦਾਰੀ ਕਿਓਂਟ ਦਿੱਤੀ। ਮੈਥੋਂ ਤਾਂ ਘਰਦੀ ਰੋਟੀ ਮਸਾਂ ਤੁਰਦੀ ਸੀ ਪਰ ਹੁਣ ਕਿਹੜਾ ਮੈਂ ਸ਼ਾਹ ਹੋ ਗਿਐਂ। ਕੁੜੀ ਦੇ ਹੱਥ 'ਤੇ ਧਰਨ ਲਈ ਤਾਂ ਚਾਰ ਛਿੱਲੜ ਜੇਬ 'ਚ ਨੀਂ ਤੇ ਓਥੇ ---' ਜੈਮਲ ਸਿਓਂ ਦੀਆਂ ਸੋਚਾਂ ਨੇ ਪਲਟਾ ਖਾਧਾ ਅਤੇ ਉਸ ਦੀਆਂ ਯਾਦਾਂ 'ਚ ਦੋ ਸਾਲ ਪਹਿਲਾਂ ਦਾ ਸਮਾਂ ਹਾਵੀ ਹੋ ਗਿਆ ਜਦ ਉਹ ਹਾਲੇ ਇੰਡੀਆ ਵਿੱਚ ਹੀ ਸੀ। ਰੁਪਿੰਦਰ ਦੀ ਚਿੱਠੀ ਗਈ ਸੀ ਕਿ ਉਹ ਮੋਨਿਕਾ ਦੇ ਨਾਲ ਇੰਡੀਆ ਆ ਰਹੀ ਹੈ। ਉਦੋਂ ਨਰਮੇ ਦੀ ਹਾਲੇ ਪਹਿਲੀ ਚੋਣੀ ਹੀ ਚੁਗੀ ਸੀ। ਜੈਮਲ ਸਿਓਂ ਸਾਰਾ ਨਰਮਾ ਮੰਡੀ ਵੇਚ ਆਇਆ ਸੀ। ਫਿਰ ਜਿੰਨਾਂ ਚਿਰ ਰੁਪਿੰਦਰ ਪਿੰਡ ਰਹੀ ਸੀ, ਟੈਕਸੀ ਵਾਲੇ ਊਧਮ ਨੂੰ ਉੱਨਾਂ ਚਿਰ ਗੇੜੇ ਦੀ ਭਾਲ ਲਈ ਟੈਕਸੀ ਸ਼ਹਿਰ ਦੇ ਸਟੈਂਡ 'ਤੇ ਨਹੀਂ ਸੀ ਲਾਉਣੀ ਪਈ। ਜੈਮਲ ਸਿਓਂ ਰੁਪਿੰਦਰ ਨੂੰ ਰਿਸ਼ਤੇਦਾਰੀਆਂ 'ਚ ਮਿਲਾਉਣ ਲਈ ਤੁਰਿਆ ਰਹਿੰਦਾ। ਦੋ ਸਾਲਾਂ ਦੀ ਮੋਨਿਕਾ ਨੂੰ ਉਹ ਆਪਣੇ ਮੋਢਿਆਂ 'ਤੇ ਚੁੱਕੀ ਫਿਰਦਾ। ਰੁਪਿੰਦਰ ਨੇ ਜਦ ਵਾਪਸ ਮੁੜਨਾ ਸੀ, ਉਸ ਤੋਂ ਪੰਜ-ਛੇ ਦਿਨ ਪਹਿਲਾਂ ਬੰਤੀ ਸੰਦੂਕ 'ਚੋਂ ਚਾਦਰਾਂ ਅਤੇ ਦਰੀਆਂ ਕੱਢਦੀ ਬੋਲੀ ਸੀ, "ਪਿੰਦਰੇ ਆਹ ਸਾਰੀਆਂ ਤੇਰੇ ਵਾਸਤੇ ਬਣਾਈਆਂ ਸੀ, ਪਰ ਤੇਰਾ ਕਾਰਜ ਤਾਂ ਜਿਉਣ ਜੋਗੀ ਤੇਰੀ ਭੂਆ ਨੇ ਓਧਰ ਈ ਕਰਤਾ। ਏਹ ਲੈ ਜੀਂ ਭਾਈ ਉੱਥੇ, ਤੇਰੀਆਂ ਐਂ ਸਾਰੀਆਂ"।
"ਬੇਬੇ ਜੀ ਮੇਰੇ ਨੀ ਕੰਮ ਆਉਣੀਆਂ ਓਧਰ, ਦਰੀਆਂ ਦੀ ਨੀ ਲੋੜ ਪੈਂਦੀ ਓਥੇ। ਜੇ ਥੋੜਾ ਬਹੁਤਾ ਈ ਜੀਅ ਕਰਦੈ ਤਾਂ ਕੋਈ ਸੂਟ-ਸਾੜ੍ਹੀ ਲੈ ਦਿਓ," ਪਿੰਦਰ ਨੇ ਕਿਹਾ।
"ਸੂਟ ਵੀ ਲੈ ਦੂੰ ਪਰ ਇੱਕ ਤਾਂ ਲੈ ਜਾ ਨਸ਼ਾਨੀ ਵਜੋਂ, ਬਹੁਤਾ ਨੀ ਥਾਂ ਘੇਰਦੀ ਤੇਰਾ," ਆਖਦੀ ਬੰਤੀ ਨੇ ਮੱਲੋ-ਮੱਲੀ ਇੱਕ ਚਾਦਰ ਰੁਪਿੰਦਰ ਦੇ ਅਟੈਚੀ ਵਿੱਚ ਪਾ ਦਿੱਤੀ। ਫਿਰ ਸ਼ਹਿਰੋਂ ਰੁਪਿੰਦਰ ਦੀ ਪਸੰਦ ਦੇ ਸੱਤ ਸੂਟ ਵੀ ਲਿਆ ਕੇ ਦਿੱਤੇ।

ਜੈਮਲ ਸਿਓਂ ਦੀਆਂ ਸੋਚਾਂ ਦੀ ਸੂਈ ਫਿਰ 'ਜਾਣ ਲੱਗੀ ਰੁਪਿੰਦਰ ਨੂੰ ਕੀ ਦੇਵਾਂਗਾ' ਉੱਪਰ ਆ ਟਿਕੀ, 'ਬੰਤੀ ਹੁੰਦੀ ਤਾਂ ਕੋਈ ਸੂਟ-ਸਾਟ ਈ ਕੱਢ ਲੈਂਦੀ ਕਿਤੋਂ, ਵਹੁਟੀ ਵੀ ਦੇਊਗੀ ਈ ਕੋਈ, ਮੈਂ ਐਵੇਂ ਸੰਸਾ ਕਰੀ ਜਾਨੈ। ਪਰ ਸਹੁਰੀਂ ਮੁੜਦੀ ਕੁੜੀ ਨੂੰ ਪਿਆਰ ਦਿੰਦਾ ਖਾਲੀ ਹੱਥ ਵੀ ਚੰਗਾ ਨੀ ਲੱਗਦਾ। ਚੱਲ ਪੰਜਾਂ ਦਾ ਨੋਟ ਜਿਹੜਾ ਪਿਐ ਓਹ ਦੇ ਦੇਊਂ।----ਫੇਰ ਮੇਰੇ ਕੋਲ ਨੀ ਕੁਛ ਬਚਣਾ। ਪੰਜਾਹ ਸੀ ਜਦੋਂ ਦੇਸੋਂ ਆਇਆ ਸੀ। ਛੇਆਂ-ਸੱਤਾਂ ਮਹੀਨਿਆਂ 'ਚ ਸਾਰੇ ਖੁਰਗੇ, ਇਹੀ ਇੱਕ ਬਚਿਐ। ਕਦੇ ਲੋੜ ਪੈ ਜਾਂਦੀ ਐ। ਜੇਬ 'ਚ ਪਾਂਜਾ-ਸਾਤਾ ਚੰਗਾ ਰਹਿੰਦੈ। ਗੁਰਮੇਲ ਤਾਂ ਪੰਜੀ ਨੀਂ ਦਿੰਦਾ। ਓਦਣ ਮੰਗੇ ਈ ਸੀ ਦਸ-ਵੀਹ ਡਾਲਰ। ਅੱਗੋਂ ਪੁੱਠਾ ਹੀ ਬੋਲਿਆ ਅਖੇ, "ਤੈਂ ਕਿਹੜਾ ਬਲਦ ਲੈਣ ਜਾਣੈ। ਘਰ ਬੈਠੇ ਨੂੰ ਰੋਟੀ ਟੁੱਕ ਮਿਲ ਜਾਂਦੈ"। ਪੁੱਛਣ ਵਾਲਾ ਹੋਵੇ ਰੋਟੀ-ਟੁੱਕ ਤੋਂ ਬਿਨਾਂ ਵੀ ਤਾਂ ਬੰਦੇ ਨੂੰ ਲੋੜ ਹੁੰਦੀ ਐ। ਜਵਾਂ ਪੈਸੇ ਦਾ ਪੁੱਤ ਬਣ ਗਿਆ ਗੁਰਮੇਲ ਤਾਂ। ਓਦਣ ਕਿੰਨਾਂ ਔਖਾ-ਭਾਰਾ ਹੋਇਆ ਸੀ ਜਿੱਦਣ ਖੇਮ ਸਿਓਂ ਕੇ ਘਰੇ ਪਾਠ ਵਾਲੇ ਦਿਨ ਦੂਜਿਆਂ ਦੀ ਦੇਖਾ-ਦੇਖੀ ਰਾਗੀ ਨੂੰ ਦੋ ਛਿੱਲੜ ਦੇ ਬੈਠਾ ਸੀ। ਅਖੇ, "ਬਾਪੂ ਇਹ ਦਰੱਖਤਾਂ ਤੋਂ ਨੀ ਝੜਦੇ ਤੇ ਤੂੰ ਰਾਗੀਆਂ ਨੂੰ ਲੁਟਾਈ ਜਾਨੈ। ਮੈਂ ਵੀ ਬੈਠਾ ਈ ਸੀ, ਮੈਂ ਨੀ ਦਿੱਤਾ ਕੁਛ, ਮੈਂ ਤਾਂ ਮੱਥਾ ਵੀ ਚੁਆਨੀ ਤੋਂ ਵੱਧ ਨੀ ਟੇਕਿਆ ਕਦੇ' ਹੱਦ ਈ ਹੋਗੀ ਏਹਦੇ ਵਾਲੀ।

''ਆ ਜੋ ਬਾਪੂ ਜੀ ਰੋਟੀ ਬਣਗੀ, ਖਾ ਲੋ ਉੱਠ ਕੇ'' ਨੂੰਹ ਦੀ ਆਵਾਜ਼ ਸੁਣ ਉਹ ਉੱਠਿਆ। ਬਿਸਤਰੇ ਉੱਪਰ ਰਜ਼ਾਈ ਵਿਛਾ ਕੇ ਖਾਣੇ ਵਾਲੇ ਮੇਜ਼ ਦੁਆਲੇ ਬੈਠ ਗਿਆ। ਉਸ ਆਸੇ-ਪਾਸੇ ਵੇਖਿਆ ਫਿਰ ਰੋਟੀਆਂ ਪਕਾ ਰਹੀ ਆਪਣੀ ਨੂੰਹ ਨੂੰ ਪੁੱਛਣ ਲੱਗਾ, ''ਗੁਰਮੇਲ ਕੰਮ 'ਤੇ ਗਿਐ ਅੱਜ ਵੀ?''

''ਹਾਂ, ਬਾਪੂ ਜੀ''।

''ਮੁੜ ਆਊ ਜਦੋਂ ਤੱਕ ਪਿੰਦਰ ਨੇ ਜਾਣੈ?''

''ਕਹਿੰਦੇ ਸੀ ਤਿਆਰ ਰਿਹੋ, ਜਦੋਂ ਨੂੰ ਏਅਰਪੋਰਟ 'ਤੇ ਜਾਣ ਦਾ ਟੈਮ ਹੋਇਆ ਪਹੁੰਚ ਜਾਊ''।

''ਅੱਛਾ!'' ਆਖ ਜੈਮਲ ਸਿਓਂ ਰੋਟੀ ਖਾਣ ਲੱਗ ਪਿਆ। ਰੋਟੀ ਖਾ ਕੇ ਉਸ ਦੇ ਚਿੱਤ 'ਚ ਆਈ ਕਿ ਨੂੰਹ ਘਰ ਹੈ, ਪਾਰਕ ਤੱਕ ਗੇੜਾ ਲਾ ਆਵੇ ਪਰ ਉਸ ਦਾ ਮਨ ਨਾ ਮੰਨਿਆ ਅਤੇ ਉਹ ਲਿਵਿੰਗ-ਰੂਮ ਵਿੱਚ ਪਏ ਸੋਫੇ ਦੀ ਇੱਕ ਨੁੱਕਰੇ ਬੈਠ ਸੋਚਾਂ ਵਿੱਚ ਡੁੱਬ ਗਿਆ,'ਅੱਜ ਵੀ ਸਹੁਰਾ ਕੰਮ 'ਤੇ ਚਲਾ ਗਿਆ। ਘੜੀ ਬਹਿ ਜਾਂਦਾ ਭੈਣ ਕੋਲ। ਕੁੜੀ ਵੀ ਕੀ ਸੋਚਦੀ ਹੋਊ ਬਈ ਭਰਾ ਨੂੰ ਮਿਲਣ ਆਈ ਆਂ ਤੇ ਭਰਾ ਕੰਮਾਂ 'ਚ ਰੁੱਝਿਆ ਫਿਰਦੈ। ਪਿੰਦਰ ਕਹਿੰਦੀ ਵੀ ਸੀ 'ਬਈ ਮੈਂ ਤਾਂ ਸੋਚਦੀ ਸੀ ਗੁਰਮੇਲ ਕਿਤੇ ਤੋਰ-ਫੇਰ ਕੇ ਲਿਆਊਗਾ ਪਰ ਏਹਨੂੰ ਤਾਂ ਵੇਹਲ ਈ ਨੀ ਮਿਲਦੀ।' ਕੀ ਹੁੰਦਾ ਜਾਂਦੈ ਏਹਨੂੰ? ਏਹੋ-ਜਿਹਾ ਤਾਂ ਹੈ ਨੀ ਸੀ ਗੁਰਮੇਲ। ਇਹ ਤਾਂ ਮੋਹ ਈ ਬਥੇਰਾ ਕਰਦਾ ਸੀ ਸਭ ਦਾ। ਆਵਦੀ ਭੂਆ ਜਾਂ ਮਾਮਿਆਂ ਦੇ ਆਇਆਂ ਤੋਂ ਤਾਂ ਉਨ੍ਹਾ ਦੇ ਨਾਲ ਲੱਗ-ਲੱਗ ਬਹਿੰਦਾ ਹੁੰਦਾ ਸੀ। ਐਥੇ ਆ ਕੇ ਤਾਂ ਜਵਾਂ ਈ ਬਦਲ ਗਿਐ। ਕੈਸਾ ਪਾਣੀ ਐ ਏਸ ਮੁਲਖ ਦਾ? ਬੰਦੇ ਨੂੰ ਜਵਾਂ ਈ ਬਦਲ ਧਰਦੈ। ਪੈਸੇ ਦਾ ਐਨਾ ਪਿਆਰ ਵੀ ਕੀ ਆਖ? ਓਦਣ ਆਖ ਦਿੱਤਾ ਬਈ ਟੁੱਟ-ਟੁੱਟ ਨਾ ਮਰਿਆ ਕਰ, ਤਾਂ ਕਹਿੰਦਾ ਅਖੇ 'ਆਪਣੇ ਸਾਰੇ ਰਿਸ਼ਤੇਦਾਰਾਂ 'ਚੋਂ ਸਾਰਿਆਂ ਨਾਲੋਂ ਪੁਰਾਣਾ ਘਰ ਐ ਆਪਣੈ, ਇਓਂ ਕੰਮ ਕਰਕੇ ਈ ਓਨ੍ਹਾਂ ਵਰਗਾ ਬਣੂਗਾ'। ਪੁੱਛਣ ਵਾਲਾ ਹੋਵੇ ਬਈ ਸਾਡੀ ਕਿਸੇ ਨਾਲ ਜਦਾਈ ਐ। ਜਦੋਂ ਓਨ੍ਹਾਂ ਜਿੰਨਾ ਟੈਮ ਹੋ ਗਿਆ ਐਥੇ ਆਇਆਂ ਨੂੰ, ਆਪਣਾ ਵੀ ਓਨ੍ਹਾਂ ਵਰਗਾ ਬਣਜੂ'

ਦੋਹਤਰੀ ਮੋਨਿਕਾ ਨੇ ਬਾਂਹ ਤੋਂ ਖਿੱਚ ਕੇ ਉਸ ਨੂੰ ਸੋਚਾਂ ਵਿੱਚੋਂ ਕੱਢਿਆ। ਸੋਫੇ 'ਤੇ ਨਾਲ ਬੈਠੀ ਮੋਨਿਕਾ ਵੱਲ ਉਸ ਦਾ ਧਿਆਨ ਹੀ ਨਹੀਂ ਸੀ ਗਿਆ। ਮੋਨਿਕਾ ਹੌਲੀ-ਹੌਲੀ ਸਿਰਕਦੀ ਉਸ ਦੇ ਨਾਲ ਆ ਲੱਗੀ ਸੀ ਪਰ ਫੇਰ ਵੀ ਜੈਮਲ ਸਿਓਂ ਨੇ ਆਪਣੇ ਸੱਜੇ ਹੱਥ ਦੀ ਟੁੰਡੀ ਉਂਗਲ ਨਾਲ ਉਸ ਨੂੰ ਨਾ ਡਰਾਇਆ, ਤਾਂ ਮੋਨਿਕਾ ਨੇ ਉਸ ਨੂੰ ਬਾਂਹ ਤੋਂ ਫੜਕੇ ਉਠਾਉਣ ਦੀ ਕੋਸ਼ਿਸ਼ ਕਰਦੀ ਨੇ ਕਿਹਾ, ''ਆਓ ਬਾਪੂ ਜੀ ਖੇਡੀਏ।''

''ਜਾ ਪੁੱਤ ਲਵੀ ਨਾਲ ਖੇਡ ਲਾ, ਮੇਰਾ ਚਿੱਤ ਨੀ ਠੀਕ,'' ਆਖ ਕੇ ਜੈਮਲ ਸਿਓਂ ਨੇ ਮੋਨਿਕਾ ਨੂੰ ਟਰਕਾਉਣ ਦੀ ਕੋਸ਼ਿਸ਼ ਕੀਤੀ ਪਰ ਮੋਨਿਕਾ ਉੱਥੇ ਹੀ ਬੈਠੀ ਰਹੀ। ਜੈਮਲ ਸਿਓਂ ਨੂੰ ਉਸ ਵੱਲ ਵੇਖ ਆਪਣੇ ਅੰਦਰੋਂ ਕੁਝ ਖੁਸਦਾ ਜਿਹਾ ਮਹਿਸੂਸ ਹੋਇਆ। ਉਸ ਨੇ ਮੋਨਿਕਾ ਦੇ ਸਿਰ ਤੇ ਹੱਥ ਫੇਰਦੇ ਨੇ ਕਿਹਾ, ''ਅੱਜ ਮੇਰੇ ਪੁੱਤ ਨੇ ਚਲੇ ਜਾਣੈ?'' ਫੇਰ ਉਸ ਦਾ ਹੱਥ ਆਪਣੀ ਜੇਬ 'ਤੇ ਚਲਾ ਗਿਆ। ਪੰਜਾਂ ਦੇ ਨੋਟ ਨੂੰ ਟੋਂਹਦਿਆਂ ਉਸ ਸੋਚਿਆ ਕਿ ਇਹ ਨੋਟ ਉਹ ਪਿੰਦਰ ਨੂੰ ਦੇ ਦੇਵੇਗਾ। ਪਰ ਅਗਲੇ ਹੀ ਪਲ ਉਸ ਨੂੰ ਲੱਗਾ ਜਿਵੇਂ ਬੰਤੀ ਆਖ ਰਹੀ ਹੋਵੇ, 'ਏਸ ਪੰਜਾਂ ਦੇ ਨੋਟ ਨਾਲ ਕੀ ਗੰਜੀ ਨਹਾਊ ਤੇ ਕੀ ਨਚੋੜੂ? ਕੀ ਦੱਸੂ ਕੁੜੀ ਸਹੁਰੀਂ ਜਾ ਕੇ ਬਈ ਪਿਓ ਮੇਰੇ ਤੋਂ ਆਹ ਪੰਜਾਂ ਦਾ ਨੋਟ ਸਰਿਐ?'

'ਹੋਰ ਮੈਂ ਕਿੱਥੋਂ ਲਿਆਵਾਂ? ਆਹ ਦੇ ਕੇ ਮੇਰੀ ਜੇਬ ਖਾਲੀ ਹੋ ਜਾਣੀ ਐ।------ਖਾਲੀ ਜੇਬ ਨੀ ਚੰਗੀ ਹੁੰਦੀ। ਵੇਲੇ-ਕੁਵੇਲੇ ਕਦੇ ਬੱਸ-ਬੁੱਸ ਈ ਫੜਨੀ ਪੈ ਜਾਂਦੀ ਐ। ਬੱਸ ਦਾ ਖਿਆਲ ਆਉਂਦੇ ਹੀ ਉਸ ਦੇ ਚੇਤਿਆਂ 'ਚ ਪੰਦਰਾਂ ਦਿਨ ਪਹਿਲਾਂ ਵਾਲਾ ਐਤਵਾਰ ਘੁੰਮ ਗਿਆ, ਜਦ ਬਿੱਕਰ ਸਿਓਂ ਨੇ ਕਿਹਾ ਸੀ, ''ਆ ਜੈਮਲ ਸਿਆਂ ਕੌਡੀ ਵੇਖ ਕੇ ਆਈਏ, ਗੁਰਦੁਆਰੇ ਆਲਿਆਂ ਨੇ ਟੂਰਨਾਮੈਂਟ ਰੱਖਿਐ।''

''ਨਾ ਬਈ ਭਰਾਵਾ ਕੌਡੀ ਬੜੀ ਮੈਂਹਗੀ ਪੈਂਦੀ ਐ। ਸਵਾ ਡਾਲਾ ਬੱਸ 'ਤੇ ਜਾਣ ਦਾ ਲੱਗ ਜਾਣੈ ਤੇ ਸਵਾ ਡਾਲਾ ਆਉਣ ਦਾ। ਤੇਰਾ ਸੂਤ ਐ ਕਾਟ ਬਣਿਐ ਤੇਰਾ। ਟੁੱਕ ਜਾ ਦਿਖਾ ਕੇ ਜਿਹੜੀ ਮਰਜੀ ਬੱਸੇ ਚੜ੍ਹ ਜਾਨੈ,'' ਜੈਮਲ ਸਿਓਂ ਨੇ ਇਨਕਾਰ ਕਰਦਿਆਂ ਕਿਹਾ।

''ਕੋਈ ਨੀ ਤੇਰਾ ਵੀ ਬਣਜੂ ਦਸ ਸਾਲ ਡੀਕਣਾ ਪੈਂਦੈ, ਨਾਲੇ ਪੈਹਟਾਂ ਸਾਲਾਂ ਦਾ ਹੋ ਜਾ।''

''ਓਦੋਂ ਚੱਲਿਆ ਕਰਾਂਗੇ ਫੇਰ।''

''ਓ ਆਜਾ, ਐ ਈਂ ਚੜ੍ਹਜੀਂ ਮੇਰੇ ਮਗਰ ਕੋਈ ਨੀ ਪੁੱਛਦਾ। ਮੈਂ ਹੁਣ ਤਾਈਂ ਐਂ ਈ ਦਬੜੂ-ਘੁਸੜੂ ਸਾਰਿਐ,'' ਆਖ ਬਿੱਕਰ ਸਿਓਂ ਨੇ ਉਸ ਨੂੰ ਬਾਂਹ ਤੋਂ ਫੜ ਆਪਣੇ ਨਾਲ ਤੋਰ ਲਿਆ। ਬਿੱਕਰ ਸਿਓਂ ਦੇ ਮਗਰ ਬੱਸ 'ਚ ਚੜ੍ਹਦੇ ਨੂੰ ਜਦ ਬੱਸ ਡਰਾਈਵਰ ਨੇ ਸਿਨੀਅਰ ਸਿਟੀਜ਼ਨ ਕਾਰਡ ਦਿਖਾਉਣ ਲਈ ਕਿਹਾ ਤਾਂ ਉਹ ਸਮਝ ਕੇ ਵੀ ਨਾ-ਸਮਝ ਹੋਣ ਦਾ ਨਾਟਕ ਕਰਦਾ ਪਾਣੀ-ਪਾਣੀ ਹੋ ਗਿਆ ਸੀ।

'ਕੀ ਰਹਿੰਦੈ ਬੰਦੇ ਦਾ? ਅਗਾਂਹ ਨੂੰ ਨੀ ਚੜ੍ਹਦੇ ਬਿਨਾਂ ਟਿਕਟੋਂ,' ਸੋਚ ਕੇ ਉਸ ਨੇ ਫਿਰ ਆਪਣੀ ਜੇਬ ਨੂੰ ਟੋਹਿਆ।

''ਬਾਪੂ ਜੀ ਜੈਕਟ ਪਾ ਕੇ ਵੇਖੀ ਸੀ? ਮੇਚ ਐ?'' ਰੁਪਿੰਦਰ ਨੇ ਉਸ ਕੋਲ ਆ ਕੇ ਪੁੱਛਿਆ।

''ਤੂੰ ਕਾਹਨੂੰ ਲਿਆਉਣੀ ਸੀ? ਕੁੜੀਆਂ ਨੀ ਲਿਆਉਂਦੀਆਂ ਹੁੰਦੀਆਂ,'' ਆਖ ਜੈਮਲ ਸਿਓਂ ਸੋਚਣ ਲੱਗਾ, 'ਕਮਲੀ ਐ ਕੁੜੀ, ਸਾਰੇ ਟੱਬਰ ਵਾਸਤੇ ਕੁਛ ਨਾ ਕੁਛ ਚੁੱਕ ਲਿਆਈ ਐ। ਗੁਰਮੇਲ ਹੋਰੀਂ ਪਤਾ ਨੀ ਕੀ ਦੇਣਗੇ ਜਾਣ ਲੱਗੀ ਨੂੰ? ਪੁੱਛਾਂ ਨਾ

ਵਹੁਟੀ ਤੋਂ?' ਉਹ ਸੋਫੇ ਤੋਂ ਉੱਠਿਆ ਹੀ ਸੀ ਕਿ ਉਸ ਦੇ ਚੇਤੇ 'ਚ ਉਹ ਦਿਨ ਆ ਗਿਆ, ਜਿਸ ਦਿਨ ਉਸ ਦੇ ਚਾਚੇ ਦੀ ਧੀ ਉਸ ਨੂੰ ਮਿਲਣ ਆਈ ਸੀ ਅਤੇ ਜੈਮਲ ਸਿਓਂ ਮੁੜ ਸੋਫੇ 'ਤੇ ਬੈਠ ਗਿਆ।

ਉਸ ਦਿਨ ਵਾਪਿਸ ਮੁੜਦੀ ਆਪਣੀ ਚਚੇਰੀ ਭੈਣ ਦਾ ਸਿਰ ਪਲੋਸਦੇ ਹੋਏ ਉਸ ਦੋ ਡਾਲਰ ਦਿੰਦਿਆਂ ਕਿਹਾ ਸੀ, "ਲੈ ਕੁੜੇ, ਜਿਉਂਦੀ ਰਹਿ।"

"ਨਾ ਬਾਈ ਰਹਿਣ ਦੇ ਏਹਨੂੰ ਕੀ ਐ," ਭੈਣ ਨੇ ਦੋ ਡਾਲਰ ਮੋੜਦਿਆਂ ਕਿਹਾ।

"ਮੈਂ ਕੋਈ ਉੱਠ-ਘੋੜਾ ਦਿੰਨੈਂ। ਇਹ ਤਾਂ ਸ਼ਗਨ ਹੁੰਦੈ। ਕੁੜੀਆਂ ਨੂੰ ਘਰੋਂ ਖਾਲੀ ਨੀ ਜਾਣ ਦੇਈਦਾ ਹੁੰਦਾ, ਲੈ ਫੜ," ਆਖਦੇ ਜੈਮਲ ਸਿਓਂ ਨੇ ਦੋ ਡਾਲਰ ਦਾ ਨੋਟ ਉਸ ਦੀ ਮੁੱਠ ਵਿੱਚ ਦੇ ਦਿੱਤਾ ਸੀ। ਮੁੱਠ ਘੁੱਟੀ ਜਿਓਂ ਹੀ ਉਹ ਬਾਹਰ ਨਿਕਲੀ ਗੁਰਮੇਲ ਹਿਰਖ਼ ਕੇ ਬੋਲਿਆ, "ਬਾਪੂ, ਤੂੰ ਲੈਣ-ਦੇਣ ਦਾ ਬਹੁਤਾ ਫਿਕਰ ਨਾ ਕਰਿਆ ਕਰ। ਐਥੋਂ ਦੇ ਜਿਹੜੇ ਹਿਸਾਬ-ਕਿਤਾਬ ਨੇ, ਅਸੀਂ ਉਸੇ ਤਰ੍ਹਾਂ ਮਿਲ ਵਰਤ ਲੈਨੇ ਆਂ।"

ਸੋਫੇ 'ਤੇ ਬੈਠਾ ਜੈਮਲ ਸਿਓਂ ਸੋਚਣ ਲੱਗਾ, 'ਕੁੜੀਆਂ ਨਾਲ ਕਾਹਦੇ ਹਿਸਾਬ-ਕਿਤਾਬ। ਜੇ ਹੋਰ ਮੁਲਖ ਆ ਗੇ ਤਾਂ ਰਹੁ-ਰੀਤਾਂ ਤਾਂ ਨੀ ਬਦਲ ਜਾਂਦੀਆਂ।'

ਮੋਨਿਕਾ ਦਾ ਰੌਲਾ ਸੁਣ ਕੇ ਉਹ ਸੋਚਾਂ 'ਚੋਂ ਨਿਕਲਿਆ। ਮੋਨਿਕਾ ਬਾਹਰ ਖੜ੍ਹੇ ਆਈਸਕਰੀਮ ਟਰੱਕ ਵਾਲੇ ਤੋਂ ਕੁਲਫੀ ਲੈਣ ਦੀ ਜ਼ਿੱਦ ਕਰ ਰਹੀ ਸੀ। ਪਰ ਰੁਪਿੰਦਰ ਉਸ ਨੂੰ ਝਿੜਕ ਕੇ ਚੁੱਪ ਕਰਾ ਰਹੀ ਸੀ। ਫੇਰ ਮੋਨਿਕਾ ਜੈਮਲ ਸਿਓਂ ਕੋਲ ਆ ਕੇ ਕਹਿਣ ਲੱਗੀ, "ਬਾਪੂ ਜੀ, ਮਨੀ ਦਿਓ ਕੁਲਫੀ ਲੈਣੀ ਆ।" ਪਰ ਜੈਮਲ ਸਿਓਂ ਨੇ ਕੋਈ ਜਵਾਬ ਨਾ ਦਿੱਤਾ ਅਤੇ ਉਸ ਨੇ ਆਪਣਾ ਹੱਥ ਜੇਬ ਉੱਪਰ ਰੱਖ ਲਿਆ। ਮੋਨਿਕਾ ਨੇ ਉਸ ਨੂੰ ਬਾਂਹ ਤੋਂ ਖਿੱਚ ਫਿਰ ਆਖਿਆ, "ਬਾਪੂ ਜੀ ਓਹ ਜਾਂਦੈ, ਮਨੀ ਦਿਓ ਮਨੀ।"

"ਮਨੀ ਦਿਓ ਮਨੀ, ਬਾਪੂ ਨੂੰ ਪਿਲਸਨ ਲੱਗੀ ਐ?" ਜੈਮਲ ਸਿਓਂ ਦਾ ਖਰ੍ਹਵਾ ਬੋਲ ਸੁਣ ਕੇ ਮੋਨਿਕਾ ਠਠੰਬਰ ਜਿਹਾ ਗਈ, ਜਿਵੇਂ ਉਸ ਨੇ ਬਾਪੂ ਦੇ ਭੁਲੇਖੇ ਕਿਸੇ ਹੋਰ ਦੀ ਬਾਂਹ ਖਿੱਚੀ ਹੋਵੇ। ਜੈਮਲ ਸਿਓਂ ਨੂੰ ਆਪਣੇ ਰੁੱਖੇ ਬੋਲ 'ਤੇ ਹੈਰਾਨੀ ਜਿਹੀ ਹੋਈ। ਉਸ ਨੂੰ ਲੱਗਾ ਜਿਵੇਂ ਬੰਤੀ ਆਖ ਰਹੀ ਹੋਵੇ, 'ਗੁਰਮੇਲ ਦੇ ਬਾਪੂ ਤੈਨੂੰ ਵੀ ਕਨੇਡੇ ਦਾ ਪਾਣੀ ਲੱਗ ਗਿਆ ਲੱਗਦੈ।' ਜੈਮਲ ਸਿਓਂ ਤੋਂ ਬੰਤੀ ਦਾ ਇਸ ਤਰ੍ਹਾਂ ਕਹਿਣਾ ਸਹਾਰਿਆ ਨਾ ਗਿਆ। ਇਸ ਤੋਂ ਪਹਿਲਾਂ ਕਿ ਮੋਨਿਕਾ ਦੇ ਟੇਰੇ ਬੁੱਲ੍ਹ ਰੋਣ 'ਚ ਬਦਲਦੇ, ਜੈਮਲ ਸਿਓਂ ਨੇ ਆਪਣਾ ਇੱਕਲੌਤਾ ਪੰਜ ਡਾਲਰ ਦਾ ਨੋਟ ਮੋਨਿਕਾ ਨੂੰ ਦੇ ਦਿੱਤਾ। (ਵਤਨ ਅਪ੍ਰੈਲ-ਜੂਨ 1992)●●

# ਗੁਆਂਢ-ਮੱਥਾ

ਪ੍ਰਾਹੁਣਿਆਂ ਨੂੰ ਘਰੋਂ ਤੋਰ ਸਿੰਮੀ ਨੇ ਰਾਜਵੀਰ ਨੂੰ ਚੁੰਮ ਲਿਆ। ਰਾਜਵੀਰ ਹੈਰਾਨ ਜਿਹਾ ਹੋਇਆ। ਫਿਰ ਕੁਝ ਸਮਝਦੇ ਹੋਏ ਉਸ ਕਿਹਾ, " ਤੂੰ ਚਾਹੁੰਦੀ ਹੋਵੇਂਗੀ ਕਿ ਬਰਤਨ ਸਾਫ਼ ਕਰਵਾਉਣ ਲਈ ਤੇਰੀ ਮੱਦਦ ਕਰਾਂ? ਚਲੋ-ਚਲੋ ਮਹਾਰਾਜ ਕਰਵਾ ਦਿੰਨੈ।"

"ਬਰਤਨਾਂ ਦੀ ਕੋਈ ਗੱਲ ਨਹੀਂ, ਮੈਂ ਆਪੇ ਸਾਫ਼ ਕਰ ਲੈਣੇ ਆ। ਸੱਚੀਂ-ਮੁੱਚੀਂ ਪਾਰੀ ਆਈ ਸੀ," ਸਿੰਮੀ ਨੇ ਅੱਖਾਂ 'ਚ ਅੱਖਾਂ ਪਾ ਕੇ ਕਿਹਾ।

ਰਾਜਵੀਰ ਮੁਸਕ੍ਰਾਇਆ ਅਤੇ ਸੋਫ਼ੇ 'ਤੇ ਬੈਠ ਗਿਆ।

"ਤੇਰੇ ਇਸ ਖੋਪੜ 'ਚ ਦਿਮਾਗ ਬਹੁਤ ਵੱਡਾ ਐ," ਸਿੰਮੀ ਨੇ ਰਾਜਵੀਰ ਦੇ ਕੇਸਾਂ 'ਚ ਉਂਗਲਾਂ ਫੇਰਦੇ ਕਿਹਾ।

"ਮੇਰਾ ਦਿਮਾਗ ਇੱਥੇ ਥੋੜ੍ਹੈ, ਉਹ ਤਾਂ ਗਿੱਟਿਆਂ 'ਚ ਐ," ਰਾਜਵੀਰ ਨੇ ਟਾਂਚ ਲਾਈ।

ਸਿੰਮੀ ਇਸੇ ਤਰ੍ਹਾਂ ਆਖਦੀ, ਜਦ ਉਸ ਨੂੰ ਰਾਜਵੀਰ ਦੀ ਕੋਈ ਗੱਲ ਪਸੰਦ ਨਾ ਆਉਂਦੀ।

"ਸੱਚ ਰਾਜ, ਵਾਗੀਸ਼ ਨੂੰ ਛੱਡਣ ਆਇਆ ਕੀਥ ਬੋਲਿਆ ਨੀ ਕੁਝ?" ਸਿੰਮੀ ਨੇ ਪੁੱਛਿਆ।

"ਕਹਿੰਦਾ ਜੂਲੀਅਨ ਤੇ ਵਾਗੀਸ਼ ਨੇ ਬਹੁਤ ਫੰਨ ਕੀਤਾ, ਪਹਿਲਾਂ ਖੇਡਦੇ ਰਹੇ ਫਿਰ ਟੀ.ਵੀ. ਵੇਖਦਾ-ਵੇਖਦਾ ਸੌਂ ਗਿਆ। ਜਾਣ ਲੱਗਾ ਕੀਥ ਹੱਸ ਕੇ ਕਹਿੰਦਾ ਹੁਣ ਮੈਂ ਆਰਾਮ ਨਾਲ ਸੌਂਵਾਂਗਾ।"

"ਰਾਜਾ ਦਾ ਗ੍ਰੇਟ," ਆਖ ਸਿੰਮੀ ਨੇ ਰਾਜਵੀਰ ਦੇ ਗਲ ਬਾਹਾਂ ਪਾ ਲਈਆਂ।

"ਤੂੰ ਐਵੇਂ ਘਬਰਾ ਜਾਨੀ ਐਂ, ਤੈਨੂੰ ਕਿਹਾ ਤਾਂ ਸੀ ਕਿ ਸਭ ਠੀਕ ਹੋ ਜਾਊ।"

"ਰਾਜੇ ਮੈਨੂੰ ਤਾਂ ਯਕੀਨ ਜਿਹਾ ਨਾ ਆਇਆ ਜਦ ਬੈਟੀ ਕਹਿੰਦੀ ਕਿ ਤੁਹਾਡੇ ਗੈਸਟ ਆਉਣੇ ਆ ਮੈਂ ਵਾਗੀਸ਼ ਨੂੰ ਆਪਣੇ ਕੋਲ ਲੈ ਜਾਨੀ ਆਂ, ਤੈਨੂੰ ਗੈਸਟ ਅਟੈਂਡ ਕਰਨ 'ਚ ਸੌਖ ਰਹੂ।"

"ਯਕੀਨ ਕਾਹਦਾ ਹੋਣਾ ਸੀ, ਤੂੰ ਤਾਂ ਸਾਗ ਧਰਨ 'ਤੇ ਤੁਲੀ ਹੋਈ ਸੀ," ਆਖ ਕੇ ਰਾਜਵੀਰ ਹੱਸਿਆ।

"ਚੱਲ-ਚੱਲ," ਆਖ ਸਿੰਮੀ ਨੇ ਰਾਜਵੀਰ ਦੇ ਗਲ ਦੁਆਲਿਓਂ ਬਾਹਾਂ ਹਟਾਈਆਂ ਅਤੇ ਉਸ ਦੇ ਸਿਰ ਨੂੰ ਪੋਲਾ ਜਿਹਾ ਹਲੂਣ ਕੇ ਰਸੋਈ ਵੱਲ ਚਲੀ ਗਈ। ਪੰਦਰਾਂ ਦਿਨ ਪਹਿਲਾਂ ਪ੍ਰਾਹੁਣਿਆਂ ਨੂੰ ਘਰੋਂ ਵਿਦਾ ਕਰ ਉਹ ਇਸੇ ਬੈਟੀ ਅਤੇ ਕੀਥ ਕਾਰਣ ਭੁੱਬੀਂ ਰੋਈ ਸੀ ਪਰ ਅੱਜ ਪ੍ਰਾਹੁਣਿਆ ਨੂੰ ਤੋਰ ਜਿਵੇਂ ਉਹ ਉੱਡ ਰਹੀ ਹੋਵੇ।

ਇਸੇ ਤਰ੍ਹਾਂ ਹੀ ਉਹ ਉਸ ਦਿਨ ਉੱਡੀ ਫਿਰਦੀ ਸੀ ਜਿਸ ਦਿਨ ਉਨ੍ਹਾਂ ਏਸ ਸੱਤ ਸੌ ਵਰਗ ਫੁੱਟ ਦੀ ਦੋ ਬੈੱਡਰੂਮ, ਡੇਢ ਵਾਸ਼ਰੂਮ, ਲਿਵਿੰਗ-ਰੂਮ, ਰਸੋਈ ਅਤੇ ਨਾਲ ਲੱਗਵੀਂ ਲਾਂਡਰੀ ਵਾਲੀ ਅਪਾਰਟਮੈਂਟ 'ਚ ਗ੍ਰਹਿ-ਪ੍ਰਵੇਸ਼ ਕੀਤਾ ਸੀ। ਸਮਾਨ ਟਿਕਾ ਕੇ ਰੱਖਣ ਤੋਂ ਬਾਅਦ ਕੱਪੜੇ ਧੋਣ ਵਾਲੀ ਮਸ਼ੀਨ 'ਚ ਕੱਪੜੇ ਪਾਉਂਦਿਆਂ ਉਹ ਬੋਲੀ ਸੀ, "ਹੁਣ ਬੁੱਢੀ ਕੱਪੜੇ ਧੋਂਦੀਂ ਦੇ ਸਿਰਾਹਣੇ ਆ ਕੇ ਨੀ ਖੜ੍ਹਿਆ ਕਰੂ।"

ਰਾਜਵੀਰ ਹੱਸ ਕੇ ਬੋਲਿਆ, "ਉਹ ਮਾਲਕਣ ਸੀ, ਆਪਣੇ ਸਾਬਣ ਅਤੇ ਮਸ਼ੀਨ ਦੀ ਰਾਖੀ ਲਈ ਉਹ ਆਉਂਦੀ ਸੀ, ਤਾਂ ਤੈਨੂੰ ਕੀ ਤਕਲੀਫ ਹੁੰਦੀ ਸੀ।"

"ਤੁਰੀ ਫਿਰੇ, ਹੁਣ ਮੈਂ ਆਪ ਮਾਲਕਣ ਆਂ। ਕੋਈ ਬੌਦਰੇਸ਼ਨ ਨੀਂ ਹੋਣੀ ਹੁਣ। ਜਿਵੇਂ ਚਾਹਾਂਗੇ ਬੱਤੀਆਂ ਜਗਾਵਾਂਗੇ, ਮਰਜ਼ੀ ਨਾਲ ਹੀਟ ਚਲਾਵਾਂਗੇ, ਜਿੰਨਾਂ ਚਿਰ ਜੀਅ ਕਰੂ ਸ਼ਾਵਰ ਥੱਲੇ ਖੜ੍ਹਾਂਗੇ," ਸਿੰਮੀ ਦੀ ਆਵਾਜ਼ 'ਚ ਇੱਕ ਅਨੋਖਾ ਚਾਅ ਸੀ।

ਚਾਅ-ਚਾਅ 'ਚ ਹੀ ਉਸ ਰੋਟੀ ਤੋਂ ਬਾਅਦ ਵਾਗੀਸ਼ ਨੂੰ ਬਿਸਤਰੇ 'ਚ ਪਾ ਫਾਇਰ-ਪਲੇਸ ਚਲਾ ਲਈ। ਬੱਤੀਆਂ ਬੰਦ ਕੀਤੀਆਂ ਅਤੇ ਫਾਇਰ-ਪਲੇਸ ਦੇ ਸਾਹਮਣੇ ਰਾਜਵੀਰ ਦੀ ਗੋਦੀ 'ਚ ਸਿਰ ਰੱਖ ਕੇ ਲੇਟ ਗਈ। ਰਾਜਵੀਰ ਉਸ ਦੇ ਕੇਸਾਂ 'ਚ ਹੱਥ ਫੇਰਨ ਲੱਗਾ।

"ਰਾਜ ਆਪਾਂ ਤਾਂ ਭੱਜਣ-ਭੱਜਣ ਕਰਦੇ ਸੀ। ਕਦੇ ਸੋਚਿਆ ਸੀ ਕਿ ਆਪਣਾ-ਆਵਦਾ ਘਰ ਹੋਵੇਗਾ ਕਨੇਡਾ 'ਚ," ਸਿੰਮੀ ਦੀ ਵਿਸਮਾਦੀ ਆਵਾਜ਼ ਰਾਜਵੀਰ ਦੇ ਕੰਨੀਂ ਪਈ।

"ਇਹ ਤੇਰੀ ਦ੍ਰਿੜ੍ਹਤਾ ਸੀ ਸਿੰਮ ਕਿ ਵਾਪਿਸ ਨਹੀਂ ਮੁੜਨਾ। ਮੇਰਾ ਤਾਂ ਬਿਲਕੁਲ ਜੀਅ ਨਹੀਂ ਸੀ ਲੱਗਦਾ। ਖਾਸ ਕਰ ਜਦ ਕੋਈ ਵੀ ਸਰਕਾਰੀ ਜਾਂ ਗੈਰ-ਸਰਕਾਰੀ ਫਰਮ ਨੌਕਰੀ ਨਹੀਂ ਸੀ ਦਿੰਦੀ।"

"ਤੇ ਜਨਾਬ ਲੇਬਰ ਕਰਨ ਲਈ ਤਿਆਰ ਨਹੀਂ ਸੀ, ਅਖੇ ਹਮ ਤੋ ਇੰਡੀਆ ਮੇਂ ਪ੍ਰੋਫੈਸਰ ਥੇ," ਸਿੰਮੀ ਨੇ ਰਾਜਵੀਰ ਦੀ ਨੱਕ ਨੂੰ ਛੇੜਦਿਆਂ ਕਿਹਾ।

"ਪ੍ਰੋਫੈਸਰ ਸੀ ਏਸ ਕਰਕੇ ਤਾਂ ਵੀਜ਼ਾ ਮਿਲਿਐ। ਦੇਸ਼ 'ਚ ਦਾਖਿਲ ਹੋਣ ਲਈ ਤਾਂ ਪੜ੍ਹਾਈ ਨੂੰ ਮਾਨਤਾ ਦਿੰਦੇ ਆ, ਕੰਮ ਲੱਭਣ ਲਈ ਅਖੇ ਇੱਥੋਂ ਦੀ ਪੜ੍ਹਾਈ ਜ਼ਰੂਰੀ ਐ। ਇਹ ਕੀ ਗੱਲ ਹੋਈ? ਜਾਂ ਤਾਂ ਉੱਥੋਂ ਦੀ ਪੜ੍ਹਾਈ ਨੂੰ ਮਾਨਤਾ ਦੇ ਕੇ ਵੀਜ਼ਾ ਹੀ ਨਾ ਦਿਓ ਜਾਂ ਫਿਰ ਨੌਕਰੀ ਲਈ ਵੀ ਮਾਨਤਾ ਦਿਓ," ਰਾਜਵੀਰ ਦੀ ਆਵਾਜ਼ ਥੋੜ੍ਹੀ ਉੱਚੀ ਹੋ ਗਈ ਸੀ। ਸਿੰਮੀ ਨੇ ਉਸ ਦੇ ਬੁੱਲ੍ਹਾਂ ਉੱਪਰ ਆਪਣੀ ਉਂਗਲ ਰੱਖ ਦਿੱਤੀ ਅਤੇ ਬੋਲੀ, "ਹੁਣ ਨਹੀਂ ਸ਼ੁਰੂ ਹੋਣਾ, ਆਪਾਂ ਲੇਬਰ ਕਰਨੀ ਸਿੱਖ ਲਈ ਹੈ ਅਤੇ ਕਨੇਡਾ

'ਚ ਵਿਚਰਨ ਦਾ ਢੰਗ ਵੀ ਸਿੱਖ ਰਹੇ ਹਾਂ। ਅੱਜ ਦੀ ਸ਼ਾਮ ਸਾਡੇ ਆਪਣੇ ਘਰ 'ਚ ਜਸ਼ਨ ਦੀ ਸ਼ਾਮ ਹੈ, ਇਸ ਘਰ 'ਚ ਜਿੱਥੇ ਅਸੀਂ ਆਪਣੇ ਦੋਸਤਾਂ ਨੂੰ ਬੁਲਾਵਾਂਗੇ। ਉੱਥੇ ਬੇਸਮੈਂਟ 'ਚ ਤਾਂ ਕਿਸੇ ਨੂੰ ਘਰ ਬੁਲਾਉਂਦਿਆਂ ਵੀ ਸ਼ਰਮ ਮਹਿਸੂਸ ਹੁੰਦੀ ਸੀ,'' ਆਖ ਕੇ ਸਿੰਮੀ ਨੇ ਅੱਖਾਂ ਮੀਚ ਲਈਆਂ ਜਿਵੇਂ ਕੋਈ ਸੁਪਨਾ ਵੇਖ ਰਹੀ ਹੋਵੇ। ਫਿਰ ਬੋਲੀ, ''ਹੈਂ ਰਾਜ, ਆਪਾਂ ਦੋ-ਦੋ ਪ੍ਰੀਵਾਰਾਂ ਨੂੰ ਵਾਰੀ-ਵਾਰੀ ਡਿਨਰ ਵਾਸਤੇ ਬੁਲਾਵਾਂਗੇ। ਇਨ੍ਹਾਂ ਸਾਢੇ ਤਿੰਨ-ਚਾਰ ਸਾਲਾਂ 'ਚ ਆਪਾਂ ਕਿੰਨੇ ਵਾਰ ਲੋਕਾਂ ਦੇ ਘਰ ਜਾ ਆਏ ਹਾਂ ਪਰ ਆਪਾਂ ਅਣਸਰਦੇ ਨੂੰ ਹੀ ਕਿਸੇ ਨੂੰ ਬੁਲਾਇਆ ਹੋਊ----''ਰਾਜਵੀਰ ਨੇ ਸਿੰਮੀ ਦੇ ਬੁੱਲ੍ਹਾਂ ਉੱਪਰ ਉਂਗਲ ਰੱਖ ਦਿੱਤੀ ਅਤੇ ਬੋਲਿਆ, ''ਜਸ਼ਨ ਦੀ ਸ਼ਾਮ ਹੈ, ਸਲਾਹਾਂ ਫੇਰ ਕਰਾਂਗੇ।'' ਅੱਧੀ ਰਾਤੋਂ ਪਏ ਉਹ ਸਵੇਰੇ ਉੱਠ ਘਰ ਨੂੰ ਸ਼ਿੰਗਾਰਨ 'ਚ ਰੁੱਝ ਗਏ।

ਇੱਕ ਏਕੜ 'ਚ ਫੈਲੀ ਤਿੰਨ ਮੰਜ਼ਿਲੀ ਇਮਾਰਤ ਦੀ ਇਸ ਯੂਨਿਟ ਨੂੰ ਖ੍ਰੀਦ ਕੇ ਉਨ੍ਹਾਂ ਨੂੰ ਬਹੁਤ ਚਾਅ ਚੜ੍ਹਿਆ ਸੀ। ਇਸ ਇਮਾਰਤ ਨੂੰ ਬਹਾਰੋਂ ਵੇਖ ਰਾਜਵੀਰ ਬੋਲਿਆ ਸੀ, ''ਸਿੰਮੀ ਤੂੰ ਇਸ ਥਾਂ ਤੋਂ ਪੈਦਲ ਪੰਜ ਮਿੰਟ ਤੁਰ ਕੇ ਕੰਮ ਲਈ ਬੱਸ ਫੜ ਸਕਦੀ ਹੈਂ। ਔਹ ਵੇਖ ਸਕੂਲ ਐ, ਵਾਗੀਸ਼ ਨੇ ਅਗਲੇ ਸਾਲ ਸਕੂਲ ਸ਼ੁਰੂ ਕਰਨੈ।'' ਜਦ ਉਨ੍ਹਾਂ ਇਸ ਯੂਨਿਟ ਨੂੰ ਅੰਦਰ ਵੜ ਕੇ ਵੇਖਿਆ, ਸਿੰਮੀ ਝੱਟ ਬੋਲੀ, '' ਕਿੱਥੇ ਆਪਣੀ ਭੋਰੇ ਵਰਗੀ ਬੇਸਮੈਂਟ, ਕਿੱਥੇ ਆਹ ਰੋਸ਼ਨੀਦਾਰ ਅਪਾਰਟਮੈਂਟ।''

ਰਾਜਵੀਰ ਬੋਲਿਆ, '' ਐਨੀ ਐਕਸਾਈਟਡ ਨਾ ਹੋ, ਚੀਜ਼ ਖ੍ਰੀਦਣ ਵੇਲੇ ਚੀਜ਼ 'ਚ ਨੁਕਸ ਲੱਭੀਦਾ ਹੁੰਦੈ।''

ਸੌਦਾ ਕਰਕੇ ਉਹ ਜਿੰਨੀ ਦੇਰ ਇਸ ਯੂਨਿਟ 'ਚ ਆ ਨਹੀਂ ਸੀ ਗਏ, ਸਿੰਮੀ ਘਰ ਨੂੰ ਸਜਾਉਣ ਦੀਆਂ ਵਿਉਂਤਾਂ ਬਣਾਉਂਦੀ ਰਹਿੰਦੀ। ਇਸ ਘਰ ਵਿੱਚ ਆ ਕੇ ਜਦ ਉਨ੍ਹਾਂ ਇਸ ਨੂੰ ਪੂਰੀ ਤਰ੍ਹਾਂ ਸਜਾ ਲਿਆ, ਉਨ੍ਹਾਂ ਪ੍ਰਾਹੁਣਿਆਂ ਨੂੰ ਸੱਦ ਲਿਆ।

ਉਸ ਦਿਨ ਤਿੰਨ ਜੋੜਿਆਂ ਨੂੰ ਬੁਲਾਇਆ ਹੋਇਆ ਸੀ। ਇੱਕ ਜੋੜੇ ਨਾਲ ਛੋਟਾ ਬੱਚਾ ਵੀ ਸੀ ਜਿਹੜਾ ਉਨ੍ਹਾਂ ਦੇ ਚਾਰ ਸਾਲਾ ਬੇਟੇ ਵਗੀਸ਼ ਨਾਲ ਬੈੱਡਰੂਮ 'ਚ ਖੇਡ ਰਿਹਾ ਸੀ। ਔਰਤਾਂ ਖਾਣੇ ਵਾਲੇ ਮੇਜ਼ ਦੁਆਲੇ ਬੈਠੀਆਂ ਗੱਲੀਂ ਲੱਗੀਆਂ ਹੋਈਆਂ ਸਨ ਤੇ ਆਦਮੀ ਲਿਵਿੰਗ ਰੂਮ 'ਚ ਬੈਠੇ ਗੱਪਾਂ ਮਾਰ ਰਹੇ ਸਨ ਕਿ ਦਰਵਾਜ਼ੇ 'ਤੇ ਦਸਤਕ ਹੋਈ ।

''ਰਾਜ ਵੇਖੀਂ ਬਾਹਰ ਕੌਣ ਐ?'' ਸਿੰਮੀ ਨੇ ਆਵਾਜ਼ ਦਿੱਤੀ।

'' ਇੱਕ ਮਿੰਟ,'' ਆਖ ਰਾਜ ਦਰਵਾਜ਼ਾ ਖੋਲ੍ਹਣ ਉੱਠਿਆ।

ਬਾਹਰ ਇਮਾਰਤ ਦਾ ਮੈਨੇਜਰ ਖੜ੍ਹਾ ਸੀ।

''ਤੁਹਾਡੇ 'ਚ ਦਖਲ ਦੇਣ ਲਈ ਖੇਦ ਹੈ। ਪਾਰਟੀ ਚੱਲ ਰਹੀ ਸੀ?'' ਮੈਨੇਜਰ ਨੇ ਪੁੱਛਿਆ।

''ਹਾਂ ਦੋ-ਤਿੰਨ ਦੋਸਤ ਆਏ ਹਨ।''

''ਤੁਹਾਡੇ ਹੇਠਲੀ ਯੂਨਿਟ ਵਾਲਿਆਂ ਨੂੰ ਤੁਹਾਡੀ ਉੱਚੀ ਆਵਾਜ਼ ਤੰਗ ਕਰ ਰਹੀ ਹੈ, ਤੁਸੀਂ ਥੋੜ੍ਹਾ ਘੱਟ ਰੌਲਾ ਪਾ ਸਕਦੇ ਹੋ?'' ਮੈਨੇਜਰ ਨੇ ਹਲੀਮੀ ਨਾਲ ਕਿਹਾ।

''ਹਾਂ-ਹਾਂ ਪਰ ਅਸੀਂ ਤਾਂ ਕੋਈ ਸੰਗੀਤ ਵਗੈਰਾ ਵੀ ਨਹੀਂ ਲਗਾਇਆ। ਗੱਲਾਂ ਹੀ ਕਰ ਰਹੇ ਹਾਂ।''

''ਕੀ ਗੱਲ ਹੈ ਰਾਜ''? ਸਿੰਮੀ ਵੀ ਬਾਹਰ ਆ ਗਈ।

''ਕੁਝ ਨਹੀਂ, ਇਹ ਭੱਦਰਪੁਰਸ਼ ਆਖ ਰਿਹਾ ਹੈ ਕਿ ਆਪਣੀ ਆਵਾਜ਼ ਹੇਠਲੀ ਯੂਨਿਟ ਵਾਲਿਆਂ ਨੂੰ ਤੰਗ ਕਰ ਰਹੀ ਹੈ।''

''ਮੇਰੇ ਖਿਆਲ 'ਚ ਉਨ੍ਹਾਂ ਨੂੰ ਕੋਈ ਹੋਰ ਗੱਲ ਤੰਗ ਕਰ ਰਹੀ ਹੈ। ਅਸੀਂ ਬਹੁਤ ਹੌਲੀ ਬੋਲ ਰਹੇ ਹਾਂ। ਦੋ ਹਫ਼ਤਿਆਂ 'ਚ ਇਹ ਤੀਸਰੀ ਸ਼ਿਕਾਇਤ ਹੈ,'' ਸਿੰਮੀ ਦੀ ਆਵਾਜ਼ ਤਿੱਖੀ ਹੋ ਗਈ।

''ਸ਼ਾਂਤੀ ਮੈਡਮ, ਆਪਾਂ ਸਾਰਿਆਂ ਨੇ ਰਲ-ਮਿਲ ਕੇ ਰਹਿਣਾ ਹੈ,'' ਮੈਨੇਜਰ ਨੇ ਕਿਹਾ।

''ਅਸੀਂ ਖਿਆਲ ਰੱਖਾਂਗੇ,'' ਆਖ ਕੇ ਰਾਜਵੀਰ ਨੇ ਮੈਨੇਜਰ ਨੂੰ ਤੋਰ ਦਿੱਤਾ।

''ਪਹਿਲਾਂ ਕਹਿੰਦੇ ਇਨ੍ਹਾਂ ਦਾ ਬੱਚਾ ਚੀਕਾਂ ਬਹੁਤ ਮਾਰਦਾ ਹੈ। ਫੇਰ ਕਹਿੰਦੇ ਇਨ੍ਹਾਂ ਦੀ ਕਿਚਨ 'ਚ ਤੁਰਦਿਆਂ ਦੀ ਆਵਾਜ਼ ਆਉਂਦੀ ਹੈ, ਸਲੀਪਰ ਪਾ ਕੇ ਤੁਰਿਆ ਕਰਨ। ਸਾਨੂੰ ਇਹ ਦੱਸਣਗੇ ਕਿ ਕਿਵੇਂ ਰਿਹਾ ਕਰੀਏ?'' ਸਿੰਮੀ ਦੀ ਆਵਾਜ਼ 'ਚ ਕਰੋਧ ਸੀ।

''ਓਹ ਕੋਈ ਨਾ ਭਾਗਵਾਨੇ । ਸਾਰਾ ਕੁਝ ਹੌਲੀ-ਹੌਲੀ ਠੀਕ ਹੋ ਜਾਊ। ਤੂੰ ਵਾਗੀਸ਼ ਨੂੰ ਵੇਖ ਅੰਦਰ, ਓਹ ਨਾ ਕਿਤੇ ਬੈੱਡ ਤੋਂ ਛਾਲਾਂ ਮਾਰਦੇ ਹੋਣ। ਜਦੋਂ ਮੌਕਾ ਮਿਲਦੈ ਛਾਲਾਂ ਮਾਰਨ ਲੱਗ ਜਾਂਦੈ। ਆਪਣਾ ਓਧਰ ਧਿਆਨ ਹੀ ਨਹੀਂ ਰਿਹਾ,'' ਰਾਜਵੀਰ ਨੇ ਮਾਹੌਲ ਨੂੰ ਥੋੜ੍ਹਾ ਹਲਕਾ ਕਰਨ ਲਈ ਮਜ਼ਾਕੀਆ ਲਹਿਜੇ 'ਚ ਕਿਹਾ।

''ਪਰ ਬੰਦੇ ਨੂੰ ਇੰਦਾਂ ਤਾਂ ਦੇਖਣਾ ਚਾਹੀਦੈ ਕਿ ਗੈਸਟ ਆਏ ਹੋਏ ਆ,'' ਸਿੰਮੀ ਨੇ ਢੈਲੀ ਜਿਹੀ ਆਵਾਜ਼ 'ਚ ਕਿਹਾ।

''ਸੌਰੀ ਦੋਸਤੋ ਥੋੜ੍ਹਾ ਹੇਠ ਵਾਲਿਆਂ ਕਰਕੇ ---,'' ਆਖਦਾ ਰਾਜ ਸੋਫੇ 'ਤੇ ਬੈਠ ਗਿਆ।

'' ਉਹ ਨਹੀਂ-ਨਹੀਂ ਸੌਰੀ ਆਲੀ ਕਿਹੜੀ ਗੱਲ ਆ, ਇਹ ਇਨ੍ਹਾਂ ਲੋਕਾਂ ਦੀ ਆਦਤ ਹੀ ਹੁੰਦੀ ਐ ਕਿ ਪਹਿਲਾਂ-ਪਹਿਲਾਂ ਅਗਲੇ ਦੇ ਪੈਰ ਨਾ ਲੱਗਣ ਦਿਓ,'' ਨਿਰਭੈ ਸਿੰਘ ਨੇ ਕਿਹਾ।

ਛੋਟੇ ਆਕਾਰ ਦੀ ਥਾਂ ਹੋਣ ਕਰਕੇ ਬਾਹਰ ਦਰਵਾਜ਼ੇ 'ਤੇ ਹੋ ਰਹੀਆਂ ਗੱਲਾਂ ਉਨ੍ਹਾਂ ਨੂੰ ਸੁਣ ਰਹੀਆਂ ਸਨ।

''ਕਿਓਂ ਰਾਜ ਏਸ ਬਿਲਡਿੰਗ 'ਚ ਹੋਰ ਆਪਣੇ ਲੋਕ ਹੈਗੇ ਆ?'' ਮੰਗਤ ਨੇ ਪੁੱਛਿਆ।

'' ਸਾਡੇ ਖੱਬੇ ਪਾਸੇ ਫੀਜੀਅਨ ਹਿੰਦੂ ਐ ਤੇ ਸੱਜੇ ਪਾਸੇ ਪੰਜਾਬੀ ਪ੍ਰੀਵਾਰ ਐ। ਹੋਰ ਕੋਈ ਕਦੇ ਦੇਖਿਆ ਨਹੀਂ,'' ਰਾਜ ਨੇ ਦੱਸਿਆ।

'' ਫਿਰ ਨਿਰਭੈ ਵਾਲੀ ਗੱਲ ਠੀਕ ਲੱਗਦੀ ਐ। ਇਹ ਸੋਚਦੇ ਹੋਣਗੇ ਕਿ ਹੁਣ ਤਾਂ ਈਸਟ ਇੰਡੀਅਨ ਆਉਣੇ ਸ਼ੁਰੂ ਹੋ ਗਏ, ਪੈਰ ਹੀ ਨਾ ਲੱਗਣ ਦਿਓ, ਨਹੀਂ ਤਾਂ ਸਾਰੀ ਬਿਲਡਿੰਗ ਇਨ੍ਹਾਂ ਮੱਲ ਲੈਣੀ ਆ। ਇਹ ਬਹੁਤ ਜੈਲਸ ਕਰਦੇ ਆ ਆਪਣੇ ਲੋਕਾਂ ਨਾਲ। ਜਦ ਮੈਂ ਨਵਾਂ-ਨਵਾਂ ਘਰ ਲਿਆ, ਆਂਢ-ਗੁਆਂਢ ਆਪਣਾ ਕੋਈ ਹੈ ਨੀ ਸੀ। ਮੈਂ ਬੇਸਮੈਂਟ ਸੂਈਟ ਬਣਾ ਲਈ। ਇਲੀਗਲ ਸੀ, ਗੁਆਂਢੀਆਂ ਨੇ ਸ਼ਿਕਾਇਤ ਕਰ ਦਿੱਤੀ। ਅਸੀਂ ਸੋਚਿਆ ਕਰੀਏ ਬਈ ਕਸੂਤੇ ਫਸ ਗਏ ਘਰ ਵੀ ਵੱਡਾ ਲੈ ਲਿਆ ਤੇ ਬੇਸਮੈਂਟ ਵੀ ਕਿਰਾਏ 'ਤੇ ਨਹੀਂ ਦੇ ਸਕਦੇ। ਮੌਰਗੇਜ ਦੀ ਕਿਸ਼ਤ ਕਿਵੇਂ ਤੁਰੂ? ਕੁਦਰਤੀ ਗੁਆਂਢ 'ਚ ਦੋ ਘਰ ਸੇਲ 'ਤੇ ਲੱਗ ਗਏ ਉਹ ਵੀ ਆਪਣੇ ਭਾਈਆਂ ਨੇ ਲੈ ਲਏ। ਫੇਰ ਨਹੀਂ ਅਸੀਂ ਕੋਈ ਗੋਰਾ ਰਹਿਣ ਦਿੱਤਾ ਉੱਥੇ। ਰੈਅ ਕਰਕੇ ਵਾਰੀ ਸਿਰ ਸਾਗ ਧਰ ਦਿਆ ਕਰਨਾ ਸੰਨ-ਡੈੱਕ 'ਤੇ। ਸਾਗ ਰਿੱਝਦੇ ਦੀ ਸਾਲੀ ਸਮਿੱਲ ਹੀ ਬਹੁਤ ਭੈੜੀ ਆਉਂਦੀ ਹੈ। ਹੁਣ ਆਰਾਮ ਨਾਲ ਰਹਿਨੇ ਆਂ। ਸਾਰੇ ਘਰਾਂ ਦੀਆਂ ਸੁਈਟਾਂ ਕਿਰਾਏ 'ਤੇ ਚਾੜ੍ਹੀਆਂ ਹੋਈਐਂ,'' ਮੰਗਤ ਨੇ ਦੱਸ ਕੇ ਇੱਕੋ ਡੀਕ ਨਾਲ ਗਲਾਸ ਖਾਲੀ ਕੀਤਾ ਅਤੇ ਮੇਜ਼ 'ਤੇ ਰੱਖ ਦਿੱਤਾ।

''ਰਾਜ ਮੈਂ ਵੀ ਸਵੇਰੇ ਸਾਗ ਧਰ ਦੇਣੈ,'' ਚਿਕਨ ਰੱਖਣ ਆਈ ਸਿੰਮੀ ਬੋਲੀ।

''ਤੂੰ ਤਾਂ ਮੇਰਾ ਰਹਿਣਾ ਵੀ ਦੁੱਭਰ ਕਰੇਂਗੀ,'' ਆਖ ਰਾਜ ਹੱਸਿਆ। ਬਾਕੀ ਸਾਰੇ ਵੀ ਹੱਸ ਪਏ।

''ਮੇਰਾ ਵੀ ਇੱਕ ਇਸੇ ਤਰ੍ਹਾਂ ਦਾ ਤਜਰਬਾ ਹੈ,'' ਆਖ ਕੇ ਰਜਵੰਤ ਨੇ ਸਾਰਿਆਂ ਵੱਲ ਵੇਖਿਆ, ਜਿਵੇਂ ਦੱਸਣ ਲਈ ਇਜਾਜ਼ਤ ਲੈਣੀ ਚਾਹੁੰਦਾ ਹੋਵੇ। ਸਾਰਿਆਂ ਦੀ ਨਿਗ੍ਹਾ ਆਪਣੇ ਵੱਲ ਵੇਖ ਉਹ ਦੱਸਣ ਲੱਗਾ, ''ਮੈਂ ਉਦੋਂ ਯੂਨੀਵਰਸਿਟੀ 'ਚ ਪੜ੍ਹਦਾ ਸੀ ਤੇ ਮੇਰੇ ਮਨ 'ਚ ਕੋ-ਆਪਰੇਟਿਵ ਦਾ ਬਹੁਤ ਪ੍ਰਭਾਵ ਸੀ। ਮੇਰਾ ਇੱਕ ਟੀਚਰ ਵੀ ਇਸ ਦਾ ਮੁਦੱਈ ਸੀ, ਉਹ ਮੈਨੂੰ ਇਸ ਦੇ ਫਾਇਦੇ ਦੱਸਦਾ ਰਹਿੰਦਾ ਸੀ। ਵੈਸੇ ਵੀ ਮੇਰੀ ਆਮਦਨ ਬਹੁਤ ਥੋੜ੍ਹੀ ਸੀ । ਕੋ-ਅਪ ਹਾਊਸਿੰਗ 'ਚ ਰਹਿਣ ਨਾਲ ਮੇਰੇ ਕਿਰਾਏ ਦਾ ਕੁਝ ਹਿੱਸਾ ਗੌਰਮਿੰਟ ਨੇ ਦੇ ਦਿਆ ਕਰਨਾ ਸੀ। ਜਦ ਮੈਂ ਕੋ-ਅਪ 'ਚ ਰਹਿਣ ਲਈ ਅਪਲਾਈ ਕੀਤਾ ਤਾਂ ਉਹ ਮੇਰੇ ਪੈਰ ਹੀ ਨਾ ਲੱਗਣ ਦੇਣ, ਅਖੇ 'ਥਾਂ ਹੈ ਨੀ'। ਪਰ ਮੈਨੂੰ ਪਤਾ ਸੀ ਕਿ ਥਾਂ ਹੈਗੀ ਸੀ, ਸੋ ਜਦ ਮੈਂ ਉਨ੍ਹਾਂ ਨੂੰ ਕੋ-ਅਪ ਬਾਰੇ ਆਪਣੇ ਵਿਚਾਰ ਦੱਸੇ ਅਤੇ ਯੂਨੀਵਰਸਿਟੀ 'ਚ ਪੜ੍ਹਦਾ ਹੋਣ ਕਰਕੇ ਆਪਣੇ ਹੱਕਾਂ ਅਤੇ ਕਾਨੂੰਨ ਬਾਰੇ ਜਾਣਕਾਰੀ ਰੱਖਦਾ ਹੋਣ ਦਾ ਪ੍ਰਭਾਵ ਪਾਇਆ ਤਾਂ ਉਨ੍ਹਾਂ ਕੋਲ ਮੈਨੂੰ ਥਾਂ ਦੇਣ ਤੋਂ ਬਿਨਾਂ ਕੋਈ ਰਾਹ ਨਾ ਰਿਹਾ। ਉਸ ਬਿਲਡਿੰਗ ਦੇ ਬੋਰਡ ਦੇ ਸੱਤ ਡਾਇਰੈਕਟਰ ਸਨ ਤੇ ਉਨ੍ਹਾਂ ਚੋਂ ਹੀ ਪ੍ਰੈਜ਼ੀਡੈਂਟ ਚੁਣਿਆਂ ਜਾਂਦਾ ਸੀ। ਪ੍ਰੈਜ਼ੀਡੈਂਟ ਸਾਰਾ ਕਰਤਾ-ਧਰਤਾ ਹੁੰਦਾ ਹੈ ਉਸ ਨੇ ਹੀ ਮੈਨੇਜਰ ਤੇ ਹੋਰ ਮੁਰੰਮਤ ਤੇ ਸਫਾਈ ਵਾਲੇ ਰੱਖਣੇ-ਕੱਢਣੇ ਹੁੰਦੇ ਹਨ। ਕੋ-ਅਪ 'ਚ ਸਾਰੇ ਰਹਿਣ ਵਾਲੇ ਹਿੱਸੇਦਾਰ ਹੁੰਦੇ ਹਨ। ਚੋਣਾਂ ਆ ਗਈਆਂ। ਮੈਂ ਜੀ ਡਾਇਰੈਕਟਰ ਵਾਸਤੇ ਖੜ੍ਹ ਗਿਆ, ਪਰ ਹਾਰ ਗਿਆ। ਫੇਰ ਮੈਂ ਬਹੁਤ ਕੰਮ ਕੀਤਾ । ਰਹਿਣ ਵਾਲਿਆਂ ਦੀ ਮੱਦਦ ਕਰਦਾ, ਸਾਂਝੇ ਕੰਮਾਂ 'ਚ ਵਧ-ਚੜ੍ਹ ਕੇ ਹਿੱਸਾ ਲੈਂਦਾ, ਅਗਲੀਆਂ ਚੋਣਾਂ 'ਚ ਡਾਇਰੈਕਟਰ ਤੇ ਫੇਰ ਪ੍ਰੈਜ਼ੀਡੈਂਟ ਬਣ ਗਿਆ। ਜਿੰਨਾਂ ਚਿਰ ਰਿਹਾ, ਪ੍ਰੈਜ਼ੀਡੈਂਟ ਬਣ ਕੇ ਹੀ ਰਿਹਾ। ਸੋ ਰਾਜਵੀਰ ਸਿੰਘ ਜੀ ਤੁਸੀਂ ਵੀ ਇਸ ਬਿਲਡਿੰਗ ਦੀ ਸਟਰਾਟਾ ਕੌਂਸਲ ਦੀਆਂ ਮੀਟਿੰਗਾਂ 'ਚ ਹਿੱਸਾ ਲਿਆ ਕਰੋ ਤੇ ਕੋਸ਼ਿਸ਼ ਕਰੋ ਕਿ ਡਾਇਰੈਕਟਰ ਵੀ ਬਣੋ।''

''ਇਹ ਸਟਰਾਰਟਾ ਕੌਂਸਲ ਕੀ ਹੁੰਦੀ ਹੈ?'' ਮੰਗਤ ਨੇ ਪੁੱਛਿਆ।

'' ਜਿਵੇਂ ਆਪਣੇ ਇੰਡੀਆ ਪੰਚਾਇਤ ਹੁੰਦੀ ਐ। ਉਸੇ ਤਰ੍ਹਾਂ ਇਹੋ ਜਿਹੀਆਂ ਬਿਲਡਿੰਗਾਂ ਜਿੱਥੇ ਇੱਕ ਬਿਲਡਿੰਗ ਵਿੱਚ ਬਹੁਤ ਸਾਰੇ ਪ੍ਰੀਵਾਰਾਂ ਦੀਆਂ ਆਪਣੀਆਂ-ਆਪਣੀਆਂ ਰਹਿਣ ਲਈ ਯੂਨਿਟਾਂ ਹੁੰਦੀਐਂ, ਉੱਥੇ ਸਟਰਾਟਾ ਕੌਂਸਲ ਬਣੀ ਹੁੰਦੀ ਹੈ, ਜਿਸ ਦੇ ਕੁਝ ਡਾਇਰੈਕਟਰ ਹੁੰਦੇ ਆ, ਜਿਨ੍ਹਾਂ ਨੂੰ ਰਹਿਣ ਵਾਲੇ ਵੋਟਾਂ ਨਾਲ ਚੁਣਦੇ ਆ----

''ਛੱਡ ਯਾਰ ਐਵੇਂ ਪੰਗਿਆਂ 'ਚ ਪਏਂਗਾ ਹੋਰ ਥੋੜ੍ਹਾ ਜਾ ਦੇਖੋ ਜੇ ਨਾ ਹਟੇ ਸ਼ਿਕਇਤਾਂ ਜੀਆਂ ਕਰਨੋਂ ਤਾਂ ਹਨੇਰੇ-ਸਵੇਰੇ ਐਸੇ ਸਿੱਧੇ ਕਰੂੰ ਕਿ ਅੱਖ 'ਚ ਪਾਏ ਨੀ ਰੜਕਣੇ। ਫਿਕਰ ਨਾ ਕਰ ਤੂੰ ਸਿੰਮੀ,'' ਨਿਰਭੈ ਨੇ ਰਸੋਈ ਵੱਲ ਮੂੰਹ ਕਰਕੇ 'ਸਿੱਧੇ ਕਰੂੰ' 'ਤੇ ਜ਼ੋਰ ਦੇ ਕੇ ਉੱਚੀ ਆਵਾਜ਼ 'ਚ ਕਿਹਾ।

'' ਚਲੋ ਛੱਡੋ ਕੋਈ ਹੋਰ ਗੱਲ ਛੇੜੋ,'' ਰਾਜਵੀਰ ਨੇ ਕਿਹਾ ਅਤੇ ਰਸੋਈ 'ਚ ਚਲਾ ਗਿਆ। ''ਛੇਤੀ-ਛੇਤੀ ਮੁਕਾਓ ਪੀਣ ਦਾ ਕੰਮ ਫੇਰ ਰੋਟੀ ਪਾਈਏ,'' ਸਿੰਮੀ ਬੋਲੀ।

ਪ੍ਰਾਹੁਣਿਆਂ ਦੇ ਜਾਂਦਿਆਂ ਹੀ ਸਿੰਮੀ ਸੋਫੇ 'ਤੇ ਚੌਫਾਲ ਜਾ ਡਿੱਗੀ।

''ਰਾਜ ਮੈਂ ਨਹੀਂ ਰਹਿਣਾ ਇਸ ਬਿਲਡਿੰਗ 'ਚ,'' ਆਖ ਉਸ ਦੀ ਭੁੱਬ ਨਿਕਲ ਗਈ। ਉਸ ਨੂੰ ਭਰੀ-ਪੀਤੀ ਫਿਰਦੀ ਨੂੰ ਰਾਜਵੀਰ ਨੇ ਮਹਿਸੂਸ ਕਰ ਲਿਆ ਸੀ ਪਰ ਉਹ ਇੱਥੋਂ ਤੱਕ ਅੱਪਸੈੱਟ ਸੀ, ਇਸ ਦਾ ਅੰਦਾਜ਼ਾ ਰਾਜਵੀਰ ਨੂੰ ਨਹੀਂ ਸੀ ਹੋਇਆ। ਗੁੱਸਾ ਤਾਂ ਉਸ ਨੂੰ ਵੀ ਆਇਆ ਸੀ ਪਰ ਉਹ ਪ੍ਰਾਹੁਣਿਆਂ ਦੀ ਦੇਖ-ਭਾਲ 'ਚ ਰੁੱਝਿਆ ਉਸ ਗੱਲ ਨੂੰ ਭੁੱਲ ਗਿਆ ਸੀ।

''ਐਡੀ ਵੀ ਕੀ ਗੱਲ ਹੋ ਗਈ ਸਿੰਮ ਤੂੰ ਜਲਦੀ ਘਬਰਾ ਜਾਨੀ ਐਂ,'' ਆਖਦਾ ਰਾਜਵੀਰ ਉਸ ਦੇ ਸਿਰ 'ਤੇ ਹੱਥ ਫੇਰਨ ਲੱਗਾ।

'' ਘਬਰਾਵਾਂ ਨਾ ਤਾਂ ਹੋਰ ਕੀ ਕਰਾਂ! ਤੁਸੀਂ ਆਪਣੇ ਹੀ ਘਰ 'ਚ ਆਪਣੀ ਮਰਜ਼ੀ ਨਾਲ ਨਹੀਂ ਰਹਿ ਸਕਦੇ। ਇਹਦੇ ਨਾਲੋਂ ਤਾਂ ਉਹ ਬੇਸਮੈਂਟ ਵਾਲੀ ਬੁੱਢੀ ਹੀ ਚੰਗੀ ਸੀ, ਕਦੇ ਕਿਸੇ ਦੇ ਆਏ ਗਏ ਤੋਂ ਤਾਂ ਨਹੀਂ ਸੀ ਟੋਕਿਆ ਕਰਦੀ। ਹੋਰ ਮੈਂ ਸਭ ਬਰਦਾਸ਼ਤ ਕਰ ਸਕਦੀ ਹਾਂ ਪਰ ਆ ਰੇਸਿਸਟ ਨਹੀਂ ਮੈਥੋਂ ਬਰਦਾਸ਼ਤ ਹੁੰਦੇ।''

''ਆਪਾਂ ਨੂੰ ਕੀ ਪਤੈ ਕਿ ਉਹ ਰੇਸ਼ਿਸਟ ਐ? ਐਵੇਂ ਨਹੀਂ ਮਗਰ ਪੈ ਜਾਈਦਾ ਬਿਨ੍ਹਾਂ ਜਾਣੇ-ਬੁੱਝੇ।''

''ਮੈਨੂੰ ਕਹਿਨੈਂ, ਉਸ ਦਿਨ ਤੂੰ ਨਹੀਂ ਸੀ ਪਿਆ ਮਗਰ ਦੁਕਾਨ ਵਾਲੇ ਦੇ, ਤੂੰ ਤਾਂ ਗਾਲ੍ਹਾਂ 'ਤੇ ਉਤਰ ਆਇਆ ਸੀ।''

'' ਹਾਂ, ਮਗਰ ਪਿਆ ਸੀ ਕਿਓਂ ਕਿ ਓਹਨੇ ਸਿੱਧਾ ਰੇਸ਼ਿਸਟ ਹੋਣ ਦਾ ਸਬੂਤ ਦਿੱਤਾ ਸੀ। ਮੈਂ ਤਾਂ ਸਿਰਫ਼ ਭੁਲੇਖਾ ਲੱਗਣ ਕਰਕੇ ਇੰਨਾ ਹੀ ਕਿਹਾ ਸੀ ਕਿ ਕੀਮਤ ਤਾਂ ਪੰਜ ਡਾਲਰ ਲਿਖੀ ਐ ਪਰ ਬਿੱਲ ਜ਼ਿਆਦੇ ਦਾ ਕਿਵੇਂ ਬਣ ਗਿਆ। ਓਹ ਮੂਹਰੋਂ ਕਹਿੰਦਾ ਜੇ ਇਸ ਕੰਟਰੀ 'ਚ ਰਹਿਣੈ ਤਾਂ ਟੈਕਸ ਤਾਂ ਦੇਣੇ ਹੀ ਪੈਣਗੇ। ਜਿਵੇਂ ਓਹਦੇ ਪਿਓ ਦਾ ਕੰਟਰੀ ਹੋਵੇ। ਫਿਰ ਤੱਤੀਆਂ-ਤੱਤੀਆਂ ਸੁਣ ਕੇ ਠਰ ਵੀ ਗਿਆ ਛੇਤੀ।''

''ਇਹ ਵੀ ਇਨ੍ਹਾਂ ਦੇ ਪਿਓ ਦੀ ਬਿਲਡਿੰਗ ਨਹੀਂ ਕਿ ਅਗਲੇ ਦਾ ਜਿਉਣਾ ਦੁੱਭਰ ਕਰ ਦੇਣ।''

''ਠੀਕ ਐ ਸਿੰਮੀ ਹੁਣ ਸੌਂ ਜਾ ਤੂੰ, ਸਵੇਰੇ ਸੋਚਾਂਗੇ,'' ਆਖ ਰਾਜਵੀਰ ਸਿੰਮੀ ਨੂੰ ਚੁੱਪ ਕਰਾਉਣ ਲੱਗਾ। ਸਿੰਮੀ ਦੇ ਸੌਂ ਜਾਣ ਬਾਅਦ ਰਾਜਵੀਰ ਸੋਚਦਾ-ਸੋਚਦਾ ਆਪ ਵੀ ਸੌਂ ਗਿਆ।

ਸਵੇਰੇ ਉੱਠ ਰਾਜਵੀਰ ਭਾਂਡੇ ਸਾਫ਼ ਕਰਦਾ ਬੋਲਿਆ, ''ਸਿੰਮੀ ਆਪਾਂ ਆਪਣੇ ਖੱਬੇ-ਸੱਜੇ ਵਾਲੇ ਗੁਆਂਢੀਆਂ ਨੂੰ ਤਾਂ ਘਰ ਬੁਲਾ ਕੇ ਚਾਹ ਪਿਆ ਦਿੱਤੀ ਐ ਪਰ ਹੇਠ ਵਾਲਿਆਂ ਨੂੰ ਰਸਮੀ ਹਾਏ-ਸ਼ਾਏ ਵੀ ਨਹੀਂ ਕੀਤੀ।''

''ਅਜੇਹੇ ਲੋਕਾਂ ਨੂੰ ਹਾਏ-ਸ਼ਾਏ ਕਰਨ ਦੀ ਲੋੜ ਵੀ ਕੀ ਐ?'' ਸਿੰਮੀ ਦਾ ਚੇਹਰਾ ਬੀਤੀ ਰਾਤ ਦੇ ਅਸਰ ਹੇਠ ਸਖ਼ਤ ਸੀ।

''ਮੇਰੇ ਕੋਲ ਇੱਕ ਆਈਡਿਆ ਹੈ। ਉਹ ਵਰਤ ਕੇ ਵੇਖੀਏ,'' ਰਾਜਵੀਰ ਨੇ ਕਿਹਾ ਅਤੇ ਆਪਣੀ ਸਕੀਮ ਦੱਸਣ ਲੱਗਾ।

ਸੁਣ ਕੇ ਸਿੰਮੀ ਬੋਲੀ, ''ਇਹ ਸੋਚ ਤੇਰੇ ਗਿੱਟਿਆਂ ਵਾਲੇ ਦਿਮਾਗ ਦੀ ਉਪਜ ਹੈ।''

''ਤੂੰ ਮੇਰੇ ਨਾਟਕ ਦੀ ਇੱਕ ਪਾਤਰ ਹੈਂ, ਜਿਵੇਂ ਤੈਨੂੰ ਕਿਹੈ, ਉਵੇਂ ਕਰ। ਜੇ ਨਾ ਸਫ਼ਲ ਹੋਏ ਤਾਂ ਜਿਵੇਂ ਤੇਰੇ ਖ਼ੂਬਸੂਰਤ ਚਿਹਰੇ ਉੱਪਰ ਟਿਕੇ ਖ਼ੂਬਸੂਰਤ ਦਿਮਾਗ ਨੇ ਕਿਹਾ, ਉਵੇਂ ਕਰਾਂਗੇ। ਠੀਕ ਐ?'' ਆਖ ਰਾਜਵੀਰ ਜਾਣ ਲਈ ਤਿਆਰ ਹੋਣ ਲੱਗਾ।

ਅਣਮੰਨੇ ਜਿਹੇ ਮਨ ਨਾਲ ਸਿੰਮੀ ਰਾਜਵੀਰ ਦੇ ਨਾਲ ਹੇਠਲੀ ਯੂਨਿਟ ਵੱਲ ਤੁਰ ਪਈ। ਰਾਜਵੀਰ ਨੇ ਦਰਵਾਜ਼ੇ ਉੱਪਰ ਪੋਲੀ ਜਿਹੀ ਦਸਤਕ ਕੀਤੀ।

''ਯੈੱਸ?'' ਔਰਤ ਨੇ ਥੋੜ੍ਹਾ ਜਿਹਾ ਦਰਵਾਜ਼ਾ ਖੋਲ੍ਹ ਵਿਰਲ ਰਾਹੀਂ ਪੁੱਛਿਆ।

'' ਅਸੀਂ ਤੁਹਾਡੇ ਉਪਰਲੀ ਯੂਨਿਟ 'ਚ ਰਹਿੰਦੇ ਹਾਂ,'' ਰਾਜਵੀਰ ਨੇ ਕਿਹਾ।

''ਮੈਨੂੰ ਪਤੈ,'' ਔਰਤ ਬੋਲੀ।

''ਮੈਂ ਰਾਜ,'' ਰਾਜਵੀਰ ਨੇ ਹੱਥ ਵਧਾ ਕੇ ਕਿਹਾ।

ਔਰਤ ਨੇ ਹੱਥ ਬਾਹਰ ਕੱਢਿਆ, ''ਮੈਂ ਬੈਟੀ।''

''ਮੈਂ ਸਿੰਮੀ, ਹਾਏ,'' ਸਿੰਮੀ ਨੇ ਵੀ ਹੱਥ ਵਧਾਇਆ।

'' ਅਸੀਂ ਵਾਰੀ-ਵਾਰੀ ਆਪਣੇ ਦੋਸਤਾਂ ਨੂੰ ਖਾਣੇ ਵਾਸਤੇ ਬੁਲਾ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਅੱਜ ਸ਼ਾਮ ਤੁਸੀਂ ਸਾਡੇ ਨਾਲ ਖਾਣਾ ਖਾਓ,'' ਰਾਜਵੀਰ ਨੇ ਕਿਹਾ।

''ਮੈਨੂੰ ਕੋਈ ਕਨੇਡੀਅਨ ਪਕਵਾਨ ਨਹੀਂ ਸੀ ਬਣਾਉਣਾ ਆਉਂਦਾ ਇਸ ਕਰਕੇ ਤੁਹਾਨੂੰ ਬੁਲਾਉਣ ਵਿੱਚ ਦੇਰੀ ਹੋ ਗਈ। ਪਰ ਹੁਣ ਮੈਂ ਦੋ-ਤਿੰਨ ਪਕਵਾਨ ਸਿੱਖ ਲਏ ਹਨ,'' ਸਿੰਮੀ ਨੇ ਕਿਹਾ।

''ਅਸੀਂ ਆਪਣੇ ਮਹਿਮਾਨਾਂ ਨੂੰ ਆਪ ਪਕਾ ਕੇ ਖਵਾਉਣਾ ਚਾਹੁੰਦੇ ਹਾਂ,'' ਰਾਜਵੀਰ ਬੋਲਿਆ।

''ਓਹ! ਅੱਛਾ, ਇਹ ਤੁਹਾਡੀ ਦਰਿਆ ਦਿਲੀ ਹੈ। ਆਓ ਮੇਰੇ ਪੁੱਤਰ ਜੂਲੀਅਨ ਨੂੰ ਮਿਲੋ, ਮੇਰਾ ਘਰਵਾਲਾ ਕੀਥ ਘਰ ਨਹੀਂ ਹੈ। ਉਹ ਤਾਂ ਸਵੇਰੇ ਚਾਰ ਵਜੇ ਉੱਠਦਾ ਹੈ। ਉਸ ਨੇ ਅਖਬਾਰ ਸੁੱਟਣ ਜਾਣਾ ਹੁੰਦਾ ਹੈ,'' ਆਖ ਬੈਟੀ ਨੇ ਦਰਵਾਜ਼ਾ ਪੂਰਾ ਖੋਹਲ ਦਿੱਤਾ।●●

# ਗਿਫ਼ਟ

ਸ਼ਾਨ ਮੱਥਾ ਟੇਕ ਕੇ ਗੁਰਦੁਆਰੇ ਦੇ ਦਰਬਾਰ ਹਾਲ ਵਿੱਚ ਵਿਛੇ ਗੂੜ੍ਹੇ ਨੀਲੇ ਰੰਗ ਦੇ ਕਾਰਪਿੱਟ 'ਤੇ ਬੈਠ ਗਿਆ। ਉਸ ਸਾਹਮਣੇ ਵੇਖਿਆ, ਸੁਨਹਿਰੀ ਰੰਗ ਦੀ ਪਾਲਕੀ ਦੇ ਪਿੱਛੇ ਬੈਠਾ ਭਾਈ ਜੀ ਗੁਰਬਾਣੀ ਦਾ ਪਾਠ ਕਰ ਰਿਹਾ ਸੀ। ਪਾਲਕੀ ਤੋਂ ਖੱਬੇ ਹੱਥ ਛੇ ਕੁ ਫੁੱਟ ਦੀ ਵਿੱਥ 'ਤੇ ਕੋਈ ਅੱਠ ਫੁੱਟ ਲੰਬੀ, ਚਾਰ ਫੁੱਟ ਚੌੜੀ ਅਤੇ ਡੇਢ ਫੁੱਟ ਉੱਚੀ ਸਟੇਜ ਬਣੀ ਹੋਈ ਸੀ, ਜਿਸ ਉੱਪਰ ਸਫ਼ੈਦ ਕੱਪੜਾ ਵਿਛਿਆ ਹੋਇਆ ਸੀ। ਸਟੇਜ ਉੱਪਰ ਬੰਦ ਹਰਮੋਨੀਅਮ ਅਤੇ ਤਬਲਾ ਪਏ ਸਨ। ਸਟੇਜ ਦੇ ਪਿੱਛੇ ਪੋਡੀਅਮ ਸੀ, ਜਿਸ ਉੱਪਰ ਅੰਗਰੇਜ਼ੀ ਵਿੱਚ 'ਰਾਜ ਕਰੇਗਾ ਖਾਲਸਾ' ਲਿਖਿਆ ਹੋਇਆ ਸੀ। ਪਾਲਕੀ ਦੇ ਸਾਹਮਣੇ ਗੋਲਕ ਸੀ, ਜਿਸ ਦੇ ਸੱਜੇ ਪਾਸੇ ਚਿੱਟੀ ਦਾਹੜੀ ਵਾਲਾ ਬਜ਼ੁਰਗ ਬੈਠਾ ਸੀ। ਹਾਲ ਅੰਦਰ ਆਉਣ ਵਾਲੇ ਗੋਲਕ ਵਿੱਚ ਪੈਸੇ ਪਾ ਮੱਥਾ ਟੇਕ ਕੇ  ਚਿੱਟੀ ਦਾਹੜੀ ਵਾਲੇ ਬਜ਼ੁਰਗ ਤੋਂ ਦੇਗ ਲੈ ਕੇ ਇੱਕ ਪਾਸੇ ਔਰਤਾਂ ਅਤੇ ਦੂਸਰੇ ਪਾਸੇ ਆਦਮੀ ਬੈਠ ਜਾਂਦੇ। ਸ਼ਾਨ ਨੇ ਸੱਜੇ ਅਤੇ ਖੱਬੇ ਪਾਸੇ ਵਾਲੀਆਂ ਕੰਧਾਂ 'ਤੇ ਨਿਗ੍ਹਾ ਮਾਰੀ। ਵੀਹ ਫੁੱਟ ਉਚੀਆਂ ਹਲਕੇ ਸੁਨਹਿਰੀ ਰੰਗ ਦੀਆਂ ਕੰਧਾਂ ਦੇ ਉੱਪਰਲੇ ਸਿਰੇ ਤੋਂ ਚਾਰ ਕੁ ਫੁੱਟ 'ਤੇ ਛੇ ਕੁ ਇੰਚ ਚੌੜੇ ਬਾਰਡਰ ਵਿੱਚ ਗੂੜੇ ਨੀਲੇ ਰੰਗ ਨਾਲ ਗੁਰਮੁਖੀ ਅੱਖਰਾਂ 'ਚ ਗੁਰਬਾਣੀ ਦੀਆਂ ਤੁਕਾਂ ਲਿਖੀਆਂ ਹੋਈਆਂ ਸਨ, ਜਿਨ੍ਹਾਂ ਨੂੰ ਪੜ੍ਹਨ ਤੋਂ ਸ਼ਾਨ ਅਸਮਰੱਥ ਸੀ। ਉਹ ਅੱਖਰਾਂ ਵੱਲ ਹੀ ਵੇਖ ਰਿਹਾ ਸੀ ਕਿ ਇੱਕ ਦੋ-ਢਾਈ ਸਾਲ ਦਾ ਗੋਭਲਾ ਜਿਹਾ ਬੱਚਾ ਉੱਥੋਂ ਲੰਘਦਾ-ਲੰਘਦਾ ਉਸਦੇ ਸਾਹਮਣੇ ਆ ਖੜ੍ਹੋਤਾ। ਸ਼ਾਨ ਦਾ ਜੀਅ ਕੀਤਾ ਕਿ ਬੱਚੇ ਨੂੰ ਫੜ ਕੇ ਆਪਣੇ ਕੋਲ ਬਿਠਾ ਲਵੇ। ਬੱਚਾ ਉਸ ਵੱਲ ਵੇਖਦਾ ਰਿਹਾ ਪਰ ਸ਼ਾਨ ਦਾ ਹੌਸਲਾ ਨਾ ਪਿਆ। ਬੱਚਾ ਔਰਤਾਂ ਵਾਲੇ ਪਾਸੇ ਚਲਾ ਗਿਆ। ਸ਼ਾਨ ਦੀ ਨਿਗ੍ਹਾ ਉਸਦੇ ਪਿੱਛੇ ਹੋ ਗਈ। ਬੱਚਾ ਵਾਪਿਸ ਇੱਕ ਆਦਮੀ ਕੋਲ ਆ ਗਿਆ, "ਟਿਕਦਾ ਨੀ ਓਏ" ਸ਼ਾਨ ਦੇ ਕੰਨੀਂ ਉਸ ਆਦਮੀ ਦੀ ਘੁਰਕੀ ਪਈ। ਬੱਚਾ ਔਰਤਾਂ ਵੱਲ ਭੱਜ ਗਿਆ ਅਤੇ ਫਿਰ ਉੱਥੋਂ ਗੋਲਕ ਵਲ ਜਾ ਕੇ ਉਸ ਵਿੱਚ ਹੱਥ ਮਾਰਨ ਲੱਗਾ, ਇੱਕ ਔਰਤ ਜਿਹੜੀ ਸ਼ਾਇਦ ਬੱਚੇ ਦੀ ਮਾਂ ਹੋਵੇਗੀ, ਉਸਨੂੰ ਦੋਨਾਂ ਮੋਢਿਆਂ ਤੋਂ ਪਕੜ ਉਸ ਆਦਮੀ ਵੱਲ ਘਿਰਣਾਂ ਭਰੀਆਂ  ਨਜ਼ਰਾਂ ਨਾਲ ਵੇਖਦੀ ਬਾਹਰ ਵੱਲ ਚਲੀ ਗਈ।  ਸ਼ਾਨ ਨੀਵੀਂ ਪਾ ਕੇ ਬੈਠ ਗਿਆ, ਉਸ ਦੀ ਨਿਗ੍ਹਾ ਆਪਣੀ ਉਸ ਉਂਗਲ 'ਤੇ ਅਟਕ ਗਈ, ਜਿਸਦਾ ਨਹੁੰ ਦੋ ਲੋਹੇ ਦੇ ਟੁਕੜਿਆਂ ਵਿੱਚ ਆ ਕੇ ਕਾਲਾ ਹੋ ਗਿਆ ਸੀ। ਸ਼ਾਨ ਨੇ ਆਪਣੇ ਮੋਢਿਆਂ 'ਚ ਖਿੱਚ ਜਿਹੀ ਮਹਿਸੂਸ ਕੀਤੀ।

ਇਹ ਖਿੱਚ ਉਹ ਉਦੋਂ ਮਹਿਸੂਸ ਕਰਦਾ, ਜਦ ਉਸਨੂੰ ਉਹ ਸੁਪਨਾ ਆਉਂਦਾ, ਜਿਸ ਵਿੱਚ ਉਹ ਪਾਣੀ ਦੇ ਇੱਕ ਵੱਡ-ਆਕਾਰੀ ਪੂਲ ਵਿੱਚ ਡੁੱਬ ਰਿਹਾ ਹੁੰਦਾ। ਬਚਾਅ ਲਈ ਉਹ ਹੱਥ-ਪੈਰ ਚਲਾਉਣ ਦੀ ਕੋਸ਼ਿਸ਼ ਕਰਦਾ ਪਰ ਉਸ ਦੀਆਂ ਬਾਹਾਂ ਉਸ ਦਾ ਸਾਥ ਨਾ ਦਿੰਦੀਆਂ। ਬਾਹਾਂ ਨੂੰ ਦੋਹਾਂ ਪਾਸਿਆਂ ਤੋਂ ਕੋਈ ਖਿੱਚ ਰਿਹਾ ਹੁੰਦਾ, ਉਹ ਬਾਹਾਂ ਛਡਾਉਣ ਲਈ ਖਿੱਚੋਤਾਣ ਕਰਦਾ ਡੁੱਬਦੇ-ਡੁੱਬਦੇ ਡਰ ਕੇ ਜਾਗ ਪੈਂਦਾ। ਇਹ ਸੁਪਨਾ ਉਸ ਨੂੰ ਬਹੁਤ ਸਾਲ ਪਹਿਲਾਂ ਆਉਣਾ ਸ਼ੁਰੂ ਹੋਇਆ ਸੀ, ਜਦ ਉਹ ਵੀਕ ਐਂਡ ਡੈਡੀ ਦੇ ਘਰ ਬਿਤਾ ਕੇ ਆਉਂਦਾ ਸੀ। ਪਰ ਜਦੋਂ ਉਸ ਦਾ ਡੈਡੀ ਗੁਰਵੀਰ ਕੈਲਗਰੀ ਮੂਵ ਹੋ ਗਿਆ ਸੀ, ਇਹ ਸੁਪਨਾ ਫੇਰ ਵੀ ਆਉਂਦਾ ਰਿਹਾ ਸੀ। ਹੁਣ ਤਾਂ ਗੁਰਵੀਰ ਨੂੰ ਮਿਲੇ ਵੀ ਤਿੰਨ ਸਾਲ ਦੇ ਕਰੀਬ ਹੋ ਗਏ ਹੋਣਗੇ। ਪਿਛਲੀ ਵਾਰ ਜਦ ਗੁਰਵੀਰ ਵੈਨਕੂਵਰ ਆਇਆ ਸੀ, ਸ਼ਾਨ ਬਾਹਰਵੀਂ ਜਮਾਤ ਪਾਸ ਕਰ ਚੁੱਕਾ ਸੀ। ਸ਼ਾਨ ਨੂੰ ਉਸ ਨੇ ਡਿਨਰ ਵਾਸਤੇ ਰੈਸਟੋਰੈਂਟ ਲੈ ਜਾਣ ਲਈ ਫੋਨ ਰਾਹੀਂ ਪੱਕਾ ਕਰ ਲਿਆ। ਉਸ ਨੂੰ ਲੈਣ ਆਏ ਗੁਰਵੀਰ ਨੇ ਘਰ ਦੇ ਸਾਹਮਣੇ ਕਾਰ ਰੋਕ ਹਾਰਨ ਵਜਾਇਆ। ਜਦ ਦਰਾਵਾਜ਼ਾ ਖੋਹਲ ਸ਼ਾਨ ਬਾਹਰ ਨਿਕਲਿਆ, ਗੁਰਵੀਰ ਕਾਰ ਵਿੱਚੋਂ ਬਾਹਰ ਨਿਕਲ ਉਸ ਦੀ ਉਡੀਕ ਕਰ ਰਿਹਾ ਸੀ। ਕਾਰ ਦਾ ਇੰਜਣ ਚੱਲ ਰਿਹਾ ਸੀ। ਨੇੜੇ ਪਹੁੰਚ ਸ਼ਾਨ ਨੇ ਕਿਹਾ, "ਹਾਏ ਡੈਡ।" ਸ਼ਾਨ ਨੇ 'ਹਾਏ' ਸ਼ਬਦ ਉੱਚੀ ਅਤੇ 'ਡੈਡ' ਸ਼ਬਦ ਨੀਵੀਂ ਸੁਰ 'ਚ ਉਚਾਰਿਆ।

ਗੁਰਵੀਰ ਨੇ ਉਸ ਨੂੰ ਜੱਫ਼ੀ 'ਚ ਲੈ ਲਿਆ। ਫਿਰ ਉਸ ਨੂੰ ਮੋਢਿਆਂ ਤੋਂ ਫੜ ਪੈਰਾਂ ਤੋਂ ਸਿਰ ਤੱਕ  ਨਜ਼ਰ ਮਾਰੀ। "ਮੇਰੇ ਪੁੱਤ ਦੇ ਤਾਂ ਦਾਹੜੀ ਆ ਗਈ," ਆਖ ਉਸ ਪੋਲਾ ਜਿਹਾ ਸ਼ਾਨ ਦੀ ਗੱਲ੍ਹ ਉੱਪਰ ਮਾਰਿਆ।

ਕਾਰ 'ਚ ਬੈਠ ਗੁਰਵੀਰ ਨੇ ਪੁੱਛਿਆ, "ਕਿਹੜੇ ਰੈਸਟੋਰੈਂਟ ਚੱਲੇਂਗਾ, ਦੇਸੀ ਕਿ---?"

"ਅੱਪ ਟੂ ਯੂ।"

"ਨਹੀਂ ਤੇਰਾ ਦਿਨ ਆ ਤੇਰੀ ਮਰਜੀ ਏ।"

"ਆਈ ਡੌਂਟ ਕੇਅਰ," ਆਖ ਸ਼ਾਨ ਨੇ ਮੋਢੇ ਚੜ੍ਹਾਏ।

ਪੰਜਾਬੀ ਰੈਸਟੋਰੈਂਟ 'ਚ ਪਹੁੰਚ ਗੁਰਵੀਰ ਨੇ ਪੁੱਛਿਆ, "ਹੁਣ ਫਿਰ ਕੀ ਕਰਨ ਦਾ ਇਰਾਦਾ ਹੈ?"

"ਬੀ.ਸੀ.ਆਈ.ਟੀ. ਤੋਂ ਮਸ਼ੀਨਿਸਟ ਦਾ ਕੋਰਸ ਕਰਨੈ।"

"ਤੂੰ ਹੋਰ ਪੜ੍ਹਦਾ, ਯੂਨੀਵਰਸਿਟੀ ਜਾਂਦਾ।"

ਸ਼ਾਨ ਨੇ ਅੱਖਾਂ ਗੁਰਵੀਰ ਦੇ ਚੇਹਰੇ 'ਤੇ ਗੱਡ ਦਿੱਤੀਆਂ। ਗੁਰਵੀਰ ਤੋਂ ਜਿਵੇਂ ਉਸ ਦੀ ਤੱਕਣੀ ਦੀ ਤਾਬ ਨਾ ਝੱਲੀ ਗਈ ਹੋਵੇ, ਕਹਿੰਦਾ, "ਤੂੰ ਡਰਿੰਕ ਲੈ ਲੈਨਾਂ?"

"ਮਸ਼ੀਨਿਸਟ ਮੈਨੂੰ ਠੀਕ ਲੱਗਦੈ ਲੋਕਾਂ ਨਾਲ ਵਾਹ ਨਹੀਂ ਪੈਂਦਾ।"

"ਮੈਂ ਡਰਿੰਕ ਬਾਰੇ ਪੁੱਛਿਆ ਸੀ?"

"ਨਹੀਂ, ਮੈਂ ਨਹੀਂ ਪੀਂਦਾ।"

"ਬੀਅਰ ਵੀ ਨਹੀਂ? ਮੇਰੇ ਸਾਥ ਲਈ?"

"ਨਹੀਂ।"

"ਚੱਲ ਚੰਗੈ, ਪਰ ਮੈਂ ਤਾਂ ਲਵਾਂਗਾ।"

ਤੇ ਫੇਰ ਸ਼ਾਨ ਉੱਸਲ ਵੱਟੇ ਜਿਹੇ ਲੈਣ ਲੱਗਾ। ਗੁਰਵੀਰ ਨੇ ਦੋ ਕੁ ਵਾਰ ਮਹਿਸੂਸ ਕੀਤਾ ਜਿਵੇਂ ਸ਼ਾਨ ਕੁਝ ਕਹਿਣਾ ਚਾਹੁੰਦਾ ਹੋਵੇ ਪਰ ਉਸ ਕੁਝ ਕਹਿਣ ਲਈ ਸ਼ਾਨ ਨੂੰ ਉਕਸਾਇਆ ਨਾ। ਅਖੀਰ ਸ਼ਾਨ ਨੇ ਹੌਸਲਾ ਜਿਹਾ ਕਰਕੇ ਪੁੱਛ ਹੀ ਲਿਆ, "ਡੈਡ ਤੁਸੀਂ ਮੰਮ ਨੂੰ ਡਾਈਵੋਰਸ ਕਿਓਂ ਦਿੱਤਾ"?

"ਹੂੰ---- ਕਿਹੋ-ਜਿਹਾ ਸਵਾਲ ਕਰ ਦਿੱਤਾ? ਆਪਾਂ ਤਾਂ ਅੱਜ ਤੇਰੀ ਗ੍ਰੈਜੂਏਸ਼ਨ ਸੈਲੀਬੀਰੇਟ ਕਰਦੇ ਆਂ।"

"ਪਲੀਜ਼ ਡੈਡ।"

"ਸਾਡੀ ਨਹੀਂ ਬਣੀ, ਇਹਦੇ ਨਾਲੋਂ ਚੰਗਾ ਸੀ ਵੱਖ-ਵੱਖ ਰਹਿੰਦੇ। ਹੁਣ ਠੀਕ ਨਹੀਂ? ਉਹ ਆਪਣੀ ਮਰਜ਼ੀ ਨਾਲ ਜਿਉਂਦੀ ਐ, ਮੈਂ ਆਪਣੀ ਜਿੰਦਗੀ ਮਾਣ ਰਿਹੈਂ।"

"ਤੇ ਤੇ ਮੈਂ ? ਆਈ ਮੀਨ ਇੱਕਠੇ ਰਹਿਣ ਦੇ ਚਾਨਸ ਨਹੀਂ ਸੀ?"

"ਨਹੀਂ, ਮੈਂ ਬਹੁਤ ਟੌਲਰੇਟ ਕਰਦਾ ਰਿਹਾ, ਤੇਰੀ ਨਾਨੀ ਗੱਲ-ਗੱਲ ਨਾਲ ਕਨੇਡਾ ਮੰਗਵਾਉਣ ਦਾ ਤਾਅਨਾ ਮਾਰਦੀ ਸੀ। ਤੈਨੂੰ ਪਤੈ ਇੱਥੇ ਆਪਣੇ ਲੋਕ ਇੱਕ ਦੂਜੇ ਨੂੰ ਸਪੌਂਸਰ ਕਰ ਕੇ ਹੀ ਆਏ ਆ, ਉਹ ਦੋ ਸਾਲ ਪਹਿਲਾਂ ਆ ਗਏ। ਜੇ ਉਨ੍ਹਾਂ ਮੈਨੂੰ ਸਪੌਂਸਰ ਕੀਤਾ ਸੀ, ਇਹਦਾ ਮਤਲਬ ਇਹ ਤਾਂ ਨਹੀਂ ਕਿ ਮੈਂ ਆਪਣੀ ਜਿੰਦਗੀ ਉਨ੍ਹਾਂ ਅਨੁਸਾਰ ਜੀਂਦਾ। ਘਰ 'ਚ ਉਹਦੀ ਲੋੜ ਤੋਂ ਜਿਆਦਾ ਦਖਲ ਅੰਦਾਜ਼ੀ ਸੀ, ਤੇਰੀ ਮਾਂ ਉਸਨੂੰ ਪੁੱਛੇ ਬਿਨਾਂ ਕੁਝ ਕਰਦੀ ਨਹੀਂ ਸੀ, ਤੇਰੇ ਦਾਦੇ-ਦਾਦੀ ਦੀ ਬਿਲਕੁੱਲ ਹੀ ਪਰਵਾਹ ਨਹੀਂ ਸੀ ਕਰਦੀ।"

"ਪਰ ਮੰਮ ਕਹਿੰਦੀ ਆ ਕਿ ਤੁਸੀਂ ਉਸ ਨੂੰ ਆਪਣੇ ਸਟੈਂਡਰਡ ਦੀ ਨਹੀਂ ਸੀ ਸਮਝਦੇ, ਇਸ ਕਰਕੇ ਡਾਈਵੋਰਸ ਹੋਇਐ।"

"ਤੂੰ ਹੀ ਦੱਸ ਸ਼ਕਲ-ਸੂਰਤ ਜਾਂ ਪੜ੍ਹਾਈ-ਲਿਖਾਈ 'ਚ ਉਹ ਮੇਰੇ ਬਰਾਬਰ ਦੀ ਹੈ?"

"ਫਿਰ ਤੁਸੀਂ ਵਿਆਹ ਕਿਓਂ ਕੀਤਾ ਉਸ ਨਾਲ?"

"ਇਹ ਮੇਰੇ ਪੇਰੈਂਟਸ ਵੱਲੋਂ ਅਰੇਂਜਡ ਸੀ।"

"ਤੁਸੀਂ ਇੱਥੇ ਆ ਕੇ ਕਿੰਨਾਂ ਚਿਰ ਉਸ ਨਾਲ ਰਹੇ।"

"ਉਹ ਦਸ-ਗਿਆਰਾਂ ਸਾਲ ਅਸੀਂ ਆਪਸ 'ਚ ਲੜਦੇ ਹੀ ਰਹੇ ਆਂ। ਮੈਂ ਉਸ ਨਾਲ ਨਿਭਾਉਣ ਲਈ ਆਪਣੇ-ਆਪ ਨਾਲ ਲੜਦਾ ਰਿਹੈਂ, ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਮੇਰਾ ਦਿਲ ਉਸ ਨੂੰ ਕਬੂਲ ਲਵੇ।।"

"ਤੁਸੀਂ ਕੋਸ਼ਿਸ਼ ਕਰਦੇ ਸੀ, ਜਦ ਤੁਹਾਨੂੰ ਪੂਰਾ ਯਕੀਨ ਹੀ ਨਹੀਂ ਸੀ, ਫਿਰ ਮੈਨੂੰ ਕਿਓਂ ਪੈਦਾ ਕੀਤਾ?"

"ਇਹ ਸਭ ਅਚਨਚੇਤ ਹੀ ਹੋ ਗਿਆ।"

"ਓ," ਆਖ ਸ਼ਾਨ ਚੁੱਪ ਕਰ ਗਿਆ।

ਗੁਰਦੁਆਰੇ ਬੈਠੇ ਸ਼ਾਨ ਨੇ ਉਸ ਆਦਮੀ ਵੱਲ ਵੇਖਿਆ, ਜਿਸ ਨੇ ਬੱਚੇ ਨੂੰ ਝਿੜਕਿਆ ਸੀ, ਉਸਨੂੰ ਆਦਮੀ 'ਤੇ ਕਚੀਚੀ ਜਿਹੀ ਉੱਠੀ, 'ਵੇਖ ਕਿਵੇਂ ਅੱਖਾਂ ਮੀਟ ਕੇ ਬੈਠਾ ਹੈ,----- ਸ਼ਾਇਦ ਪਾਠ ਸੁਣਦਾ ਹੋਵੇ, ਮੈਂਨੂੰ ਵੀ ਪਾਠ ਸੁਣਨਾ ਚਾਹੀਦਾ ਹੈ, ਵਾਧੂ-ਘਾਟੂ ਸੋਚਣ ਨਾਲੋਂ'।

ਉਸ ਨੇ ਅੱਖਾਂ ਮੀਚ ਕੇ ਗੁਰਬਾਣੀ ਦਾ ਪਾਠ ਸੁਣਨ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਕੋਈ ਸਮਝ ਨਾ ਪਈ। ਮੰਮ 'ਤੇ ਉਸ ਨੂੰ ਖਿਝ ਆਈ, 'ਕਿਹਾ ਸੀ ਤੇਰਾ ਬਰਥਡੇਅ ਹੈ, ਆ ਕਿਤੇ ਵਧੀਆ ਜਿਹੇ ਰੈਸਟੋਰੈਂਟ ਤੋਂ ਲੰਚ ਕਰਵਾ ਲਿਆਵਾਂ ਪਰ ਉਹ ਖਿੱਚ ਕੇ ਐਥੇ ਲੈ ਆਈ। ਕਹਿੰਦੀ 'ਮੇਰਾ ਬਰਥਡੇਅ ਆ ਜਿੱਥੇ ਮੇਰਾ ਦਿਲ ਕਰਦੈ ਉੱਥੇ ਚੱਲ, ਹੁਣ ਮੈਂ ਕੀ ਕਰਾਂ ਐਥੇ? ਉੱਠ ਕੇ ਬਾਹਰ ਚਲਾ ਜਾਵਾਂ? ਬਾਹਰ ਵੀ ਕੀ ਕਰਾਂਗਾ, ਬਾਹਰ ਤਾਂ ਸੱਚ ਬਲਦੇਵ ਅੰਕਲ ਖੜ੍ਹਾ ਸੀ, ਉਸ ਫੇਰ ਲੈਕਚਰ ਦੇਣ ਲੱਗ ਜਾਣਾ ਹੈ। ਇੱਥੇ ਹੀ ਠੀਕ ਹੈ। ਇਹ ਲੋਕ ਵੀ ਗੱਲਾਂ-ਗੱਲਾਂ 'ਚ ਅਗਲੇ ਦੀ ਬੇਇਜ਼ਤੀ ਕਰ ਜਾਂਦੇ ਆ, ਉਸ ਦਿਨ ਕਹਿੰਦਾ, ਤੂੰ ਆਪਣੀ ਮਾਂ ਦੇ ਆਖੇ ਨਹੀਂ ਲੱਗਦਾ, ਵਿਆਹ ਕਿਓਂ ਨੀ ਕਰਾਉਂਦਾ? ਉਹਨੇ ਪਤਾ ਤੇਰੀ ਖਾਤਿਰ ਸਾਰੀ ਉਮਰ ਰੋਲ ਲਈ। ਜੀਅ ਤਾਂ ਕਰਦਾ ਸੀ ਕਿ ਆਖ ਦਿਆਂ 'ਮਾਈਂਡ ਯੋਅਰ ਓਨ' ਪਰ ਕਿਹਾ ਹੀ ਨਹੀਂ ਗਿਆ। ਇਸੇ ਕਰਕੇ ਤਾਂ ਉਸਦਾ ਹੌਸਲਾ ਵਧਿਆ। ਜੇ ਮੰਮ ਦਾ ਕਜ਼ਨ ਹੈ ਤਾਂ ਇਹਦਾ ਮਤਲਬ ਇਹ ਤਾਂ ਨਹੀਂ ਕਿ ਜੋ ਕੁਝ ਮਰਜੀ ਕਹਿ ਲਵੇ। ਕਹਿੰਦਾ 'ਕਿਤੇ ਤੇਰਾ ਗੇਅ-ਗੂ ਆਲਾ ਚੱਕਰ ਤਾਂ ਨਹੀਂ'? ਜੀਅ ਕਰਦਾ ਸੀ ਕਿ ਢਿੱਡ 'ਚ ਮੁੱਕੀ ਮਾਰਾਂ, ਮਾਰਨ ਨੂੰ ਤਾਂ ਉਨ੍ਹਾਂ ਮੁੰਡਿਆਂ ਦੇ ਵੀ ਜੀਅ ਕਰਦਾ ਸੀ---- ਉਸ ਦੀਆਂ ਅੱਖਾਂ ਅੱਗੇ ਸਕੂਲ ਵਾਲਾ ਸੀਨ ਘੁੰਮਣ ਲੱਗਾ।

ਉਸ ਦਿਨ ਉਹ ਪਹਿਲੀ ਵਾਰ ਸੋਲ੍ਹਵੇਂ ਬਰਥਡੇਅ 'ਤੇ ਮਿਲੀ ਜੈਕਟ ਪਾ ਕੇ ਸਕੂਲ ਗਿਆ ਸੀ। ਸਕੂਲ ਦੇ ਗਰਾਊਂਡ 'ਚ ਜਾਂਦਿਆਂ ਉਸ ਦੇ ਕੰਨੀਂ ਆਵਾਜ਼ ਪਈ, 'ਹੇ ਅਲੋਨਰ ਨਾਈਸ ਜੈਕਟ।"

ਸ਼ਾਨ ਦਾ ਜੀਅ ਕੀਤਾ ਕਿ ਦੱਸੇ ਕਿ ਉਸ ਦੇ ਡੈਡ ਨੇ ਭੇਜੀ ਹੈ ਪਰ ਉਹ ਸਕੂਲ ਦੇ ਅਵਾਰਾ ਮੁੰਡੇ ਸਨ। "ਓ ਥੈਂਕਸ" ਆਖ ਸ਼ਾਨ ਤੁਰਨ ਲੱਗਾ ਪਰ ਉਹ ਚਾਰੇ ਮੁੰਡੇ ਉਸ ਦੇ ਦੁਆਲੇ ਆ ਖੜ੍ਹੇ , "ਮੇਰੇ ਮਾਂ-ਪਿਓ ਤਾਂ ਐਨੀ ਮਹਿੰਗੀ ਜੈਕਟ ਮੈਨੂੰ ਨਹੀਂ ਦੇ ਸਕਦੇ," ਇੱਕ ਮੁੰਡੇ ਨੇ ਕਿਹਾ। "ਮੇਰੇ ਵੀ ਨਹੀਂ" ਤਿੰਨਾਂ ਨੇ ਵਾਰੀ-ਵਾਰੀ ਕਿਹਾ। "ਫਿਰ ਇਹ ਮੁੰਡਾ ਐਨੀ ਮਹਿੰਗੀ ਜੈਕਟ ਪਹਿਨੇ ਇਹ ਤਾਂ ਇਨਸਾਫ਼ ਨਹੀਂ," ਆਖ ਇੱਕ ਨੇ ਸ਼ਾਨ ਨੂੰ ਬਾਹਾਂ ਤੋਂ ਫੜ ਲਿਆ। ਦੋ ਘਸੁੰਨ ਵੱਟ ਕੇ ਖੜ੍ਹ ਗਏ। ਇੱਕ ਨੇ ਉਸ ਦੀ ਜੈਕਟ ਦੇ ਪਿੱਛੇ ਕੁਝ ਲਿਖ ਦਿੱਤਾ ਉਹ ਹੱਸਣ ਲੱਗੇ, ਸ਼ਾਨ ਨੇ ਜੈਕਟ ਲਾਹੁਣ ਦੀ ਕੋਸ਼ਿਸ਼ ਕੀਤੀ। "ਜੇ ਤੂੰ ਇਹ ਲਾਹੀ ---- ਇੱਕ ਮੁੰਡੇ ਨੇ ਘਸੁੰਨ ਵਿਖਾਇਆ। ਸ਼ਾਨ ਦੇ ਮਗਰ ਮਗਰ ਉਹ ਤੁਰਨ ਲੱਗੇ। ਹੋਰ ਮੁੰਡੇ -ਕੁੜੀਆਂ ਉਸ ਦੇ ਪਿੱਛੇ ਲਿਖਿਆ ਪੜ੍ਹ ਕੇ ਹੱਸਣ ਲੱਗੇ। "ਤਾਂ ਇਹਨੇ ਆਪਣਾ ਨਾਂ ਅਲੋਨਰ ਤੋਂ ਹੋਮੋ ਰੱਖ ਲਿਐ?" ਇੱਕ ਨੇ ਕਿਹਾ ਅਤੇ ਹਾਸਾ ਉੱਚੀ ਹੋ ਗਿਆ। ਸ਼ਾਨ ਨੇ ਜੈਕਟ ਲਾਹੁਣ ਦੀ ਫਿਰ ਕੋਸ਼ਿਸ਼ ਕੀਤੀ। ਪਰ ਘਸੁੰਨ ਵੇਖ ਉਹ ਡਰ ਗਿਆ ਅਤੇ ਵਾਸ਼ਰੂਮ ਵੱਲ ਭੱਜਿਆ। ਪਿੱਛੋਂ ਬਹੁਤ ਸਾਰੀਆਂ ਹੱਸਣ ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ। ਵਾਸ਼ਰੂਮ 'ਚ ਵੜ ਉਸ ਜੈਕਟ ਲਾਹ ਕੇ ਵੇਖੀ। ਪਿੱਛੇ ਲਿਖਿਆ ਹੋਇਆ ਸੀ 'ਹੋਮੋ'। ਉਸ ਹੈਂਡ ਸੋਪ ਨਾਲ ਧੋਣ ਦੀ ਕੋਸ਼ਿਸ਼ ਕੀਤੀ ਪਰ ਲਿਖਿਆ ਮਿਟ ਨਹੀਂ ਸੀ ਰਿਹਾ। ਉਸ ਸੋਚਿਆ ਜੈਕਟ ਗਾਰਬੇਜ ਕੈਨ 'ਚ ਸੁੱਟ ਦੇਵੇ ਪਰ ਕੁਝ ਸੋਚ ਉਸ ਸੁੱਟੀ ਨਾ ਅਤੇ ਫਿਰ ਮਲ ਮਲ ਕੇ ਮਿਟਾਉਣ ਦੀ ਕੋਸ਼ਿਸ਼ ਕਰਨ ਲੱਗਾ। "ਪ੍ਰਿੰਸੀਪਾਲ ਨੂੰ ਸ਼ਿਕਾਇਤ ਲਾ ਕੇ ਕੁਝ ਨਹੀਂ ਬਣਨਾ। ਉਸ ਵਾਰਨਿੰਗ ਦੇ ਕੇ ਛੱਡ ਦੇਣਾਂ ਹੈ, ਵੱਧ ਤੋਂ ਵੱਧ ਉਨ੍ਹਾਂ ਦੇ ਪੇਰੈਂਟਸ ਨੂੰ ਬੁਲਾ ਕੇ ਦੱਸ ਦੇਵੇਗਾ। ਤੂੰ ਆਪਣੇ ਡੈਡ ਨੂੰ ਦੱਸ ਜਾ ਕੇ," ਉਸ ਦੇ ਮਗਰ ਵਾਸ਼ਰੂਮ 'ਚ ਆਇਆ ਗੁਰਪ੍ਰੀਤ ਹਮਦਰਦੀ ਪ੍ਰਗਟਾਅ ਰਿਹਾ ਸੀ। ਸ਼ਾਨ ਨੇ ਗੁਰਪ੍ਰੀਤ ਵੱਲ ਵੇਖਿਆ ਪਰ ਬੋਲਿਆ ਕੁਝ ਨਾ। ਗੁਰਪ੍ਰੀਤ ਫਿਰ ਕਹਿਣ ਲੱਗਾ, "ਮੈਂ ਜਦੋਂ ਅੱਠਵੀਂ 'ਚ ਪੜ੍ਹਦਾ ਸੀ, ਮੈਨੂੰ ਇੱਕ ਮੁੰਡਾ ਤੰਗ ਕਰਦਾ ਹੁੰਦਾ ਸੀ। ਮੈਂ ਟੀਚਰ, ਪ੍ਰਿੰਸੀਪਾਲ ਸਾਰਿਆਂ ਨੂੰ ਦੱਸਿਆ ਪਰ ਉਹ ਨਾ ਹਟਿਆ। ਫਿਰ ਮੈਂ ਆਵਦੇ ਡੈਡੀ ਨੂੰ ਦੱਸ ਦਿੱਤਾ। ਉਹ ਗੈਂਗਸਟਰ ਵਾਂਗ ਡ੍ਰੈੱਸਅਪ ਹੋ ਕੇ ਸਕੂਲ ਮੂਹਰੇ ਖੜ੍ਹ ਗਿਆ ਜਦ ਮੁੰਡਾ ਬਾਹਰ ਆਇਆ, ਡੈਡੀ ਨੇ ਐਸਾ ਧਮਕਾਇਆ ਕਿ ਉਹ ਮੈਨੂੰ ਤੰਗ ਕਰਨਾ ਤਾਂ ਇੱਕ ਪਾਸੇ, ਮੇਰਾ ਦੋਸਤ ਬਣਨ ਨੂੰ ਫਿਰੇ," ਆਖ ਗੁਰਪ੍ਰੀਤ ਚਲਾ ਗਿਆ ਪਰ ਸ਼ਾਨ ਸੋਚ ਰਿਹਾ ਸੀ ਕਿ ਜੇ ਮੰਮ ਨੇ ਜੈਕਟ ਵੇਖ ਲਈ ਤਾਂ ਕੀ ਸੋਚੇਗੀ?

ਯਾਦ ਕਰਕੇ ਸ਼ਾਨ ਦਾ ਸਾਹ ਤੇਜ਼ ਤੇਜ਼ ਚੱਲਣ ਲੱਗਾ। 'ਹੋਮੋ' 'ਅਲੋਨਰ' ਦੀਆਂ ਰਲਵੀਆਂ-ਮਿਲਵੀਆਂ ਆਵਾਜ਼ਾਂ ਉਸ ਦੇ ਕੰਨਾਂ 'ਚ ਗੂੰਜਣ ਲੱਗੀਆਂ।'ਹਾਂ-ਹਾਂ ਮੈਂ ਅਲੋਨਰ ਹੀ ਸਹੀ, ਕੋਈ ਮੇਰਾ ਦੋਸਤ ਕਿਓਂ ਨਹੀਂ ਬਣਦਾ? ਜੇ ਮੈਨੂੰ ਬਹੁਤੀਆਂ ਗੱਲਾਂ ਨਹੀਂ ਆਉਂਦੀਆਂ, ਤਾਂ ਮੇਰਾ ਕੀ ਕਸੂਰ ਹੈ? ਮੈਂ ਹਾਂ ਹੀ ਇਹੋ-ਜਿਹਾ। ਇੱਥੇ ਭੁਚਾਲ ਕਿਓਂ ਨਹੀਂ ਆ ਜਾਂਦਾ? ਕੋਈ ਬੰਬ ਕਿਓਂ ਨਹੀਂ ਡਿੱਗ ਪੈਂਦਾ?'

ਅਰਦਾਸ ਕਰਨ ਉੱਠੇ ਭਾਈ ਜੀ ਦੇ ਹੱਥੋਂ ਮਾਈਕ ਡਿੱਗਣ ਕਰਕੇ ਇੱਕ ਜ਼ੋਰਦਾਰ ਖੜਕਾ ਹੋਇਆ। ਸ਼ਾਨ ਨੂੰ ਲੱਗਾ ਜਿਵੇਂ ਕੋਈ ਬੰਬ ਡਿੱਗਿਆ ਹੋਵੇ ਅਤੇ ਉਸ ਦੇ ਜਮਾਤੀਆਂ ਤੇ ਬਲਦੇਵ ਅੰਕਲ ਸਣੇ ਬਹੁਤ ਸਾਰੀਆਂ ਲਾਸ਼ਾਂ ਪਈਆਂ ਹੋਣ। ਅਰਦਾਸ ਲਈ ਖੜੋਤੇ ਉਸਨੇ ਆਪਣੀ ਲੱਤ ਠੁੱਡ ਮਾਰਨ ਵਾਂਗ ਚਲਾਈ, ਜਿਵੇਂ ਬਲਦੇਵ ਅੰਕਲ ਦੀ ਲਾਸ਼ ਦੇ ਮਾਰੀ ਹੋਵੇ। ਝਟਕਾ ਜਿਹਾ ਵੱਜਣ ਕਰਕੇ ਉਹ ਆਪਣੇ ਆਪ 'ਚ ਆਇਆ। 'ਇਹ ਮੈਂ ਕੀ ਵਾਧੂ-ਘਾਟੂ ਸੋਚੀ ਜਾਂਦਾਂ ਹਾਂ! ਧਿਆਨ ਹੋਰ ਪਾਸੇ ਲਾਉਣਾ ਚਾਹੀਦਾ ਹੈ।' ਅਤੇ ਉਹ ਆਪਣਾ ਧਿਆਨ ਨੱਕ 'ਚੋਂ ਆਉਂਦੇ-ਜਾਂਦੇ ਸਾਹ ਵੱਲ ਕੇਂਦਰਿਤ ਕਰਨ ਦੀ ਕੋਸ਼ਿਸ਼ ਕਰਨ ਲੱਗਾ।

ਹਾਲ ਦੇ ਦੂਸਰੇ ਪਾਸੇ ਔਰਤਾਂ 'ਚ ਬੈਠੀ ਸ਼ਾਨ ਦੀ ਮਾਂ ਰਾਜਿੰਦਰ ਸੋਚ ਰਹੀ ਸੀ, 'ਵੇਖ ਕਿਵੇਂ ਨੀਵੀਂ ਪਾਈ ਬੈਠਾ ਹੈ! ਇਓਂ ਨੀ ਬਈ ਬਾਹਰ ਜਾ ਕੇ ਖੜ੍ਹੇ, ਕਿਸੇ ਨਾਲ ਗੱਲਬਾਤ ਕਰੇ। ਅੰਦਰ ਵੜ ਕੇ ਬੈਠਾ ਰਹਿੰਦੈ, ਬਥੇਰਾ ਕਹਿੰਦੀ ਹਾਂ ਕਿ ਲੋਕਾਂ ਨੂੰ ਮਿਲਿਆ-ਗਿਲਿਆ ਕਰ। ਅੱਜ ਕਿਹੜਾ ਆਉਂਦਾ ਸੀ, ਬਰਥਡੇਅ ਦਾ ਵਾਸਤਾ ਦੇ ਕੇ ਲਿਆਈ ਹਾਂ। ਸੋਚਿਆ ਸੀ ਧੱਕੇ ਨਾਲ ਗੁਰਦੁਆਰੇ ਲੈ ਜਾਨੀ ਆਂ। ਹੋ ਸਕਦੈ ਕਿਸੇ ਕੁੜੀ-ਕੱਤਰੀ 'ਤੇ ਈ ਨਿਗ੍ਹਾ ਅਟਕ ਜਾਵੇ ਪਰ ਇਹ ਤਾਂ ਨੀਵੀਂ ਨੀ ਚੁੱਕਦਾ। ਕਿਓਂ ਭੱਜਦੈ ਵਿਆਹ ਦੇ ਨਾਂ ਤੋਂ, ਕਿਤੇ ਕੋਈ ਨੁਕਸ ਈ ਨਾ ਹੋਵੇ। ਨਹੀਂ ਨੁਕਸ ਹੁੰਦਾ ਤਾਂ ਓਦਣ ਉਸ ਕੁੜੀ ਨਾਲ---

ਉਸ ਦਿਨ ਗੱਲ ਇਸ ਤਰ੍ਹਾਂ ਹੋਈ ਕਿ ਰਾਜਿੰਦਰ ਤਬੀਅਤ ਠੀਕ ਨਾ ਹੋਣ ਕਰ ਕੇ ਕੰਮ ਤੋਂ ਪਹਿਲਾਂ ਮੁੜ ਆਈ ਸੀ। ਉਸ ਨੂੰ ਸ਼ਾਨ ਦੇ ਬੈੱਡਰੂਮ 'ਚੋਂ ਕਿਸੇ ਕੁੜੀ ਦੇ ਬੋਲਣ ਦੀ ਆਵਾਜ਼ ਸੁਣ ਕੇ ਹੈਰਾਨੀ ਜਿਹੀ ਹੋਈ। ਉਸ ਦਰਵਾਜ਼ੇ ਦੇ ਨਾਲ ਕੰਨ ਲਾ ਕੇ ਸੁਣਨ ਦੀ ਕੋਸ਼ਿਸ਼ ਕੀਤੀ। ਕਮਰੇ ਵਿੱਚੋਂ ਆਉਂਦੀ ਆਵਾਜ਼ ਸੁਣ ਉਸ ਨੂੰ ਸ਼ਰਮ ਦੇ ਨਾਲ ਖੁਸ਼ੀ ਜਿਹੀ ਵੀ ਮਹਿਸੂਸ ਹੋਈ। ਉਹ ਪੋਲੇ ਪੈਰੀਂ ਆਪਣੇ ਕਮਰੇ 'ਚ ਚਲੀ ਗਈ ਉਸਦਾ ਨੱਚਣ ਲਈ ਦਿਲ ਕੀਤਾ। ਇੱਕ ਖਿਆਲ ਆਇਆ ਕਿ ਬਾਹਰ ਚਲੀ ਜਾਵੇ। ਕਿਤੇ ਉਸਦੀ ਆਮਦ ਦਾ ਸ਼ਾਨ ਨੂੰ ਪਤਾ ਨਾ ਲੱਗ ਜਾਵੇ, ਰੰਗ 'ਚ ਭੰਗ ਨਾ ਪਵੇ। ਪਰ ਫਿਰ ਉਸ ਇਹ ਖਿਆਲ ਛੱਡ ਦਿੱਤਾ ਅਤੇ ਅਛੋਪਲੇ ਜਿਹੇ ਲੇਟ ਗਈ। ਬਾਹਰ ਵਾਲੇ ਦਰਵਾਜ਼ੇ ਦੀ ਉਸ ਬਿੜਕ ਰੱਖੀ। ਦਰਵਾਜ਼ਾ ਖੁੱਲ੍ਹਣ ਦੀ ਆਵਾਜ਼ ਸੁਣ ਉਸਨੇ ਘੜੀ ਵੱਲ ਵੇਖਿਆ, ਗਿਆਰਾਂ ਵੱਜ ਰਹੇ ਸਨ। ਉਹ ਮੁਸਕਰਾ ਪਈ। 'ਬੜਾ ਸਿਆਣਾ ਮੇਰਾ ਪੁੱਤ, ਪਤਾ ਆ ਬਈ ਮਾਂ ਨੇ ਪੌਣੇ ਬਾਰਾਂ ਵਜੇ ਮੁੜਨੈ ਪਹਿਲਾਂ ਪਹਿਲਾਂ ਤੋਰ ਦਿਆਂ'। ਫਿਰ ਉਸ ਥੋੜ੍ਹਾ ਜਿਹਾ ਪਰਦਾ ਸਰਕਾ

ਕੇ ਬਾਹਰ ਵੇਖਿਆ, ਸ਼ਾਨ ਦੇ ਨਾਲ 'ਦੇਸੀ ਕੁੜੀ' ਵੇਖ ਉਸਦੇ ਹੱਥ ਧੰਨਵਾਦ ਦੀ ਮੁਦਰਾ 'ਚ ਉੱਪਰ ਵੱਲ ਉੱਠ ਗਏ। ਜਦ ਸ਼ਾਨ ਕੁੜੀ ਨੂੰ ਛੱਡ ਕੇ ਵਾਪਿਸ ਆਇਆ, ਗੈਰਾਜ 'ਚ ਰਾਜਿੰਦਰ ਦੀ ਕਾਰ ਵੇਖ ਉਹ ਸਮਝ ਗਿਆ ਕਿ ਮਾਂ ਨੂੰ ਪਤਾ ਲੱਗ ਗਿਆ ਸੀ। ਦੂਸਰੀ ਸਵੇਰ ਉਹ ਮਾਂ ਨਾਲ ਅੱਖ ਮਿਲਾਉਣੋਂ ਕਤਰਾ ਰਿਹਾ ਸੀ ਪਰ ਰਾਜਿੰਦਰ ਕਿਸੇ ਹੋਰ ਹੀ ਦੁਨੀਆ 'ਚ ਸੀ। ਨਾਸ਼ਤਾ ਤਿਆਰ ਕਰਦੀ ਉਹ ਗੁਣ ਗਣਾ ਰਹੀ ਸੀ। ਉਸ ਦਿਨ ਤਾਂ ਰਾਜਿੰਦਰ ਨੇ ਕੁਝ ਨਾ ਪੁੱਛਿਆ-ਦੱਸਿਆ ਪਰ ਦੋ ਕੁ ਦਿਨਾਂ ਬਾਅਦ ਕਹਿੰਦੀ, ''ਸ਼ਾਨ ਹੁਣ ਤਾਂ ਵਿਆਹ ਵਾਸਤੇ ਹਾਂ ਕਰਦੇ।''

''ਮੰਮ ਤੈਨੂੰ ਕਿੰਨੀ ਵਾਰ ਕਿਹਾ ਹੈ ਵਿਆਹ ਦੀ ਗੱਲ ਨਾ ਕਰਿਆ ਕਰ।''

''ਤੇਰੀ ਗਰਲ ਫਰੈਂਡ ਨਾਲ ਕਰਵਾ ਦੇਊਂ।''

''ਮੇਰੀ ਕੋਈ ਗਰਲ ਫਰੈਂਡ ਨਹੀਂ।''

''ਤੇ ਓਦਣ ਵਾਲੀ ਕੁੜੀ ਕੌਣ ਸੀ ਫਿਰ?''

''ਓਹ ਰਾਧਿਕਾ, ਵੂਈ ਆਰ ਜਸਟ ਫਰਿੰਡਸ।''

'ਕਿਤੇ ਜਸਟ ਫਰੈਂਡਾਂ ਨਾਲ ਇਸ ਤਰ੍ਹਾਂ--- ਉਹ ਆਖਣਾ ਚਾਹੁੰਦੀ ਸੀ, ਪਰ ਚੁੱਪ ਕਰ ਗਈ।

'ਕਿਤੇ ਉਸ ਰਾਤ ਮੈਨੂੰ ਭੁਲੇਖਾ ਤਾਂ ਨਹੀਂ ਸੀ ਲੱਗਾ। ਨਹੀਂ ਨਹੀਂ ਮੈਂ ਆਪ ਕੰਨੀਂ ਸੁਣਿਐ ,ਡਰਾਈਵਵੇਅ 'ਚ ਖੜ੍ਹੇ ਵੀ ਜੱਫੀ ਪਾਈ ਇੱਕ-ਦੂਜੇ ਨੂੰ ਚੁੰਮਦੇ ਸੀ---- ਹਾਏ ਹਾਏ ਮਾਹਰਾਜ ਦੀ ਹਜ਼ੂਰੀ 'ਚ ਇਹ ਮੈਂ ਕੀ ਪੁੱਠਾ-ਸਿੱਧਾ ਸੋਚੀ ਜਾਨੀ ਆਂ! ਸੱਚੇ ਪਾਤਸ਼ਾਹ ਭੁੱਲਾਂ ਬਖ਼ਸ਼ਿਓ, ਸੁਮੱਤ ਬਖ਼ਸ਼ੋ ਮੇਰੇ ਪੁੱਤ ਨੂੰ ਵੀ। ਉਹਦੇ ਮਨ ਮੇਹਰ ਪਾਓ, ਵਿਆਹ ਲਈ ਰਾਜ਼ੀ ਹੋ ਜਾਵੇ। ਇਹਦਾ ਘਰ ਵਸ ਜਾਵੇ। ਮੇਰੀ ਜਿੰਮੇਵਾਰੀ ਪੂਰੀ ਹੋ ਜਾਊ'। ਉਸਦੇ ਅੱਗਿਓਂ ਇੱਕ ਬੱਚਾ ਦੌੜ ਕੇ ਲੰਘਿਆ, 'ਲੋਕ ਮਾਹਰਾਜ ਦੀ ਹਜ਼ੂਰੀ 'ਚ ਵੀ ਸਾਂਭ ਕੇ ਨਹੀਂ ਬਿਠਾਉਂਦੇ। ਮੇਰੇ ਸ਼ਾਨ ਨੇ ਕਦੇ ਕੋਈ ਇੱਲਤ ਨਹੀਂ ਸੀ ਕੀਤੀ। ਲੋਕਾਂ ਆਖਣਾ ਕਿੰਨਾਂ ਸਿਆਣਾ ਹੈ। ਭੋਰਾ ਇੱਲਤ ਨੀ ਕਰਦਾ। ਸਾਡੇ ਤਾਂ ਜਵਾਂ ਨੀ ਟਿਕਦੇ'। ਉਸ ਸ਼ਾਨ ਵੱਲ ਵੇਖਿਆ, ਉਹ ਨੀਵੀਂ ਪਾਈ ਬੈਠਾ ਸੀ। 'ਵੇਖ ਕਿਵੇਂ ਮਗਨ ਹੋਇਆ ਬੈਠਾ ਹੈ। ਇਹ ਪਹਿਲੇ ਦਿਨੋਂ ਹੀ ਇਹੋ-ਜਿਹਾ ਹੈ। ਕਦੇ ਕੋਈ ਉਲਾਂਭਾ ਨਹੀਂ ਲਿਆਂਦਾ, ਸਾਹ 'ਚ ਸਾਹ ਲੈਂਦਾ'। ਅਤੇ ਉਸਦੀਆਂ ਅੱਖਾਂ ਅੱਗੋਂ ਸੱਤ -ਅੱਠ ਸਾਲ ਦਾ ਸ਼ਾਨ ਲੰਘ ਗਿਆ, ਜਿਹੜਾ ਘਰ ਦੇ ਦਰਵਾਜੇ ਤੋਂ ਵੀਕਐਂਡ ਵਾਸਤੇ ਲੈਣ ਆਏ ਕਾਰ 'ਚ ਬੈਠੇ ਡੈਡੀ ਵੱਲ ਭੱਜਿਆ ਸੀ । ਉਦੋਂ ਰਾਜਿੰਦਰ ਦੇ ਅੰਦਰੋਂ ਜਿਵੇਂ ਕੁਝ ਭੁਰ ਗਿਆ ਹੋਵੇ। ਉਸ ਤੋਂ ਰਿਹਾ ਨਾ ਗਿਆ, ਵਾਪਸ ਆਏ ਸ਼ਾਨ ਨੂੰ ਕਹਿੰਦੀ, ''ਤੂੰ ਡੈਡੀ ਨੂੰ ਜਿਆਦਾ ਲਾਈਕ ਕਰਦੈਂ, ਕਿਵੇਂ ਭੱਜਿਆ ਸੀ ਉਸ ਵੱਲ।'' ਉਸ ਤੋਂ ਬਾਅਦ ਉਸਨੇ ਸ਼ਾਨ ਨੂੰ ਲੈਣ ਆਏ ਡੈਡੀ ਵੱਲ ਭੱਜਦੇ ਕਦੇ ਨਹੀਂ ਸੀ ਵੇਖਿਆ।'ਕਿੰਨਾਂ ਸਿਆਣਾ ਪੁੱਤ ਦਿੱਤੈ ਮੈਨੂੰ। ਪਰਮਾਤਮਾ ਲੱਖ-ਲੱਖ ਸ਼ੁਕਰ ਐ ਤੇਰਾ, ਕੁਝ ਨੀ ਲੁਕੋਇਆ। ਨਾ ਅਕਲ ਨਾ ਸ਼ਕਲ। ਕਿੰਨਾ ਸੋਹਣਾ ਹੈ ਮੇਰਾ ਸ਼ਾਨ। ਜਵਾਂ ਆਵਦੇ ਪਿਓ 'ਤੇ ਗਿਆ। ਉਹੋ-ਜਿਹਾ ਚੌੜਾ ਮੱਥਾ, ਮੋਟੀਆਂ ਅੱਖਾਂ ਲੰਮਾ-ਲੰਝਾਂ। ਪਿਓ ਇਹਦੇ ਨੂੰ ਤਾਂ ਗਰੂਰ ਈ ਬਹੁਤ ਸੀ ਆਵਦੀ ਸ਼ਕਲ 'ਤੇ , ਆਖਦਾ ਹੁੰਦਾ, ''ਕੁੜੀਆਂ ਵਾਲੇ ਮੇਰੇ ਮਗਰ ਮਗਰ ਫਿਰਦੇ ਸੀ ਪਰ ਨਰੜ ਤਾਂ ਤੇਰੇ ਨਾਲ ਹੋਣਾ ਸੀ।''

''ਨਾ ਕਰਾਉਂਦੇ ਨਰੜ, ਕੁਛ ਲੁਕੋਇਆ ਤਾਂ ਨਹੀ ਸੀ। ਜਿਹੋ ਜਿਹੀ ਹੁਣ ਆਂ ਉਹੋ-ਜਿਹੀ ਉਦੋਂ ਸੀ। ਕਨੇਡਾ ਆਉਣਾ ਸੀ, ਉਸ ਵੇਲੇ ਡਾਅਇਲਾਗ ਮਾਰਦੇ ਸੀ ਅਖੇ ਅਕਲ ਹੋਣੀ ਚਾਹੀਦੀ ਆ, ਸ਼ਕਲ 'ਚ ਕੀ ਪਿਐ।''

''ਪਰ ਤੇਰੇ ਕੋਲ ਤਾਂ ਅਕਲ ਵੀ ਹੈਨੀ।''

''ਤੂੰ ਕਨੇਡਾ ਪਹੁੰਚ ਗਿਐਂ, ਮਾਂ-ਪਿਓ ਆ ਗਏ, ਹੁਣ ਅਕਲ ਪਰਖਣ ਲੱਗ ਪਿਐਂ।''

''ਅਕਲ ਦਾ ਤਾਂ ਹੁਣ ਈ ਪਤਾ ਲੱਗਿਐ, 'ਕੱਲਾ ਮੈਂ ਕੱਟੀ ਜਾਂਦਾ ਸੀ, ਮੇਰੇ ਮਾਂ ਪਿਓ ਦੀ ਤੂੰ ਨੀ ਇੱਜ਼ਤ ਕਰਦੀ ਮੈਨੂੰ 'ਤੂੰ' ਤੋਂ ਬਿਨਾਂ ਨੀ ਬੋਲਦੀ।''

''ਆਪ ਈ ਇਓਂ ਬੋਲਣ ਲਾਇਆ। ਤੂੰ ਕਿੰਨਾਂ ਕੁ ਮੇਰੀ ਮਾਂ ਦੀ ਇੱਜ਼ਤ ਕਰਦੈਂ, 'ਗੰਦੀ' ਤੋਂ ਬਿਨ੍ਹਾਂ ਗੱਲ ਨੀ ਕਰਦਾ।''

''ਗੰਦੀ ਨੂੰ ਗੰਦੀ ਆਖੂੰ, ਜਦ ਉਹ ਮੇਰੇ ਘਰ 'ਚ ਆ ਕੇ ਦਖਲ ਦਿੰਦੀ ਐ।''

''ਤੇਰੇ ਮਾਂ-ਪਿਓ ਨੀ ਦਖਲ ਦਿੰਦੇ? ਜੇ ਉਹ ਆ ਜਾਂਦੀ ਐ ਤਾਂ ਦਖਲ ਬਣ ਜਾਂਦੈ। ਜੇ ਮੈਂ ਤੇਰੀ ਮਾਂ ਨੂੰ ਗੰਦੀ ਆਖਾਂ ਫੇਰ?''

''ਵੇਖ ਲਾ ਆਖ ਕੇ।''

ਰਾਜਿੰਦਰ ਦੀਆਂ ਸੋਚਾਂ ਦੀ ਲੜੀ ਜੁੜਦੀ ਗਈ । ਇੱਕ ਹੋਰ ਵੇਲਾ ਉਸ ਨੂੰ ਚੇਤੇ ਆਇਆ।

ਉਸ ਦਿਨ ਜਦ ਉਹ ਕੰਮ ਤੋਂ ਵਾਪਿਸ ਆਈ, ਸ਼ਾਨ ਭੱਜ ਕੇ ਉਸ ਵੱਲ ਆਇਆ। ''ਪੁੱਤ ਮੰਮ ਦੇ ਕੱਪੜੇ ਗੰਦੇ ਆ, ਨਹਾ ਕੇ ਚੁੱਕਦੀ ਆਂ।'' ਆਖ ਉਸ ਸ਼ਾਨ ਦਾ ਮੂੰਹ ਚੁੰਮਿਆਂ ਅਤੇ ਨਹਾਉਣ ਲਈ ਵਾਸ਼ਰੂਮ 'ਚ ਵੜ ਗਈ। ਵਾਸ਼ਰੂਮ ਦੇ ਫਰਸ਼ 'ਤੇ ਥਾਂ-ਥਾਂ ਪਾਣੀ ਦੇ ਛਿੱਟੇ ਪਏ ਹੋਏ ਸਨ। 'ਕਿੰਨੇ ਵਾਰ ਕਿਹੈ ਬਈ ਟੱਬ 'ਚੋਂ ਤੌਲੀਏ ਨਾਲ ਪੂੰਝ ਕੇ ਬਾਹਰ ਨਿਕਲੀਦੈ ਪਰ ਕਿੱਥੇ ਅਸਰ ਹੁੰਦੈ, ਜਿਵੇਂ ਕੋਈ ਪਸ਼ੂ ਨਹਾ ਕੇ ਹਟਿਆ ਹੋਵੇ'। ਬੁੜ-ਬੁੜ ਕਰਦੀ ਉਹ ਟਾਇਲਟ ਸੀਟ 'ਤੇ ਬੈਠ ਗਈ। ਉਹ ਉਸ ਨੂੰ ਗਿੱਲੀ ਮਹਿਸੂਸ ਹੋਈ। 'ਪਿਸ਼ਾਬ ਕਰਨ ਲੱਗਿਆਂ ਸੀਟ ਉੱਪਰ ਚੁੱਕਣ ਨੂੰ ਵੀ ਭਾਰ ਲੱਗਦੈ। ਪਤਾ

ਨੀ ਕਦੋਂ ਸਮਝਣਗੇ, ਤਿੰਨ ਮਹੀਨੇ ਹੋ ਗਏ ਆਇਆਂ ਨੂੰ। ਇੱਥੇ ਵੀ ਇੰਡੀਆ ਹੀ ਸਮਝਦੇ ਆ'। ਆਪਣੇ ਸਹੁਰੇ 'ਤੇ ਕਚੀਚੀਆਂ ਲੈਂਦੀ ਜਦ ਉਹ ਨਹਾ ਕੇ ਸ਼ਾਨ ਨੂੰ ਚੁੱਕਣ ਲੱਗੀ ਤਾਂ ਉਸ ਦੀ ਸੱਸ ਨੇ ਸ਼ਾਨ ਵੱਲ ਹੱਥ ਕਰ ਕੇ ਕਿਹਾ, "ਮੈਨੂੰ ਤਾਂ ਭਾਈ ਇਹਨੇ ਕੁਝ ਨੀ ਕਰਨ ਦਿੱਤੈ, ਦਾਲ-ਸਬਜ਼ੀ ਹਾਲੇ ਬਣਾਉਣ ਵਾਲੀ ਆ।" ਭਰੀ-ਪੀਤੀ ਉਹ ਦਾਲ-ਸਬਜ਼ੀ ਦਾ ਆਹਰ ਕਰਨ ਕਿਚਨ 'ਚ ਚਲੀ ਗਈ । ਸ਼ਾਨ ਉਸ ਦੇ ਮਗਰ ਮਗਰ ਫਿਰਨ ਲੱਗਾ "ਪਰੇ ਹਟ ਵੇ ਕੰਮ ਕਰ ਮਰ ਲੈਣ ਦਿਆ ਕਰੋ ਕਦੇ," ਉਸ ਕਿਹਾ ਪਰ ਸ਼ਾਨ ਉਸ ਦੇ ਕੰਮ ਕਰਦੀ ਦੀਆਂ ਲੱਤਾਂ ਵਿੱਚ ਵੱਜਦਾ ਰਿਹਾ। "ਪਹਿਲਾਂ ਬਾਹਰੋਂ ਸਿਆਪਾ ਕਰਕੇ ਆਓ, ਫੇਰ ਘਰੇ ਆ ਕੇ ਕਰੋ," ਆਖ ਉਸ ਸ਼ਾਨ ਦੇ ਦੋ ਜੜ ਦਿੱਤੀਆਂ। ਚੀਕਾਂ ਮਾਰਦਾ ਸ਼ਾਨ ਦਾਦੀ ਵੱਲ ਭੱਜਿਆ।"ਆਵਦੇ ਵਿੱਤ ਅਨੁਸਾਰ ਸਾਰੇ ਹੀ ਕਰਦੇ ਆ," ਆਖ ਦਾਦੀ ਨੇ ਸ਼ਾਨ ਨੂੰ ਚੁੱਕ ਲਿਆ ਅਤੇ ਰਾਜਿੰਦਰ ਬੈਡਰੂਮ ਦਾ ਦਰਵਾਜ਼ਾ ਬੰਦ ਕਰਕੇ ਰੋਣ ਲੱਗੀ।

'ਵਿੱਤ ਅਨੁਸਾਰ ਕਰਦੀ ਸੀ ਵੱਡੀ, ਫੋਨ ਵੱਲੋਂ ਤਾਂ ਉਹਨੂੰ ਵੇਹਲ ਨਹੀਂ ਸੀ ਮਿਲਦੀ। ਕਦੇ ਕਿਸੇ ਨੂੰ ਕਰ ਲਿਆ ਕਦੇ ਕਿਸੇ ਨੂੰ। ਬੀਬੀ ਨੇ ਕਿੰਨੀ ਵਾਰੀ ਗੱਲੀਂ ਬਾਤੀਂ ਸੁਣਾਇਆ ਸੀ ਕਿ ਉਹ ਨੂੰਹ ਦੇ ਕੰਮ ਤੋਂ ਮੁੜਨ ਤੋਂ ਪਹਿਲਾਂ-ਪਹਿਲਾਂ ਸਾਰਾ ਕੰਮ ਨਿਬੇੜ ਦਿੰਦੀ ਆ। ਪਰ ਕਿੱਥੇ? ਬੀਬੀ ਸਗੋਂ ਵਾਧੂ ਦੀ ਮਾੜੀ ਬਣ ਗਈ— ਅਤੇ ਰਾਜਿੰਦਰ ਦੀਆਂ ਸੋਚਾਂ 'ਚ ਇੱਕ ਹੋਰ ਰੀਲ ਚੱਲਣ ਲੱਗੀ।

ਗੁਰਵੀਰ ਆਪਣੇ ਛੋਟੇ ਭਰਾ, ਜਿਹੜਾ ਉਸ ਦੇ ਮਾਂ-ਬਾਪ ਨਾਲ ਹੀ ਕਨੇਡਾ ਆਇਆ ਸੀ, ਦੀ ਘਰਵਾਲੀ ਦੇ ਕਨੇਡਾ ਪਹੁੰਚਣ ਤੋਂ ਚਾਰ ਕੁ ਦਿਨ ਬਾਅਦ ਸ਼ਰਾਬ ਨਾਲ ਰੱਜਿਆ ਘਰ ਮੁੜਿਆ। ਉਹ ਚਾਰ ਕੁ ਦਿਨਾਂ ਦਾ ਚੁੱਪ-ਚੁੱਪ ਸੀ ।ਸੋਫੇ 'ਤੇ ਲਿਟਿਆ ਉਹ ਉੱਚੀ-ਉੱਚੀ ਬੋਲ ਰਿਹਾ ਸੀ , "ਛੋਟਾ ਲੈ ਗਿਆ ਓਹ ਸਾਰਾ ਕੁਝ, ਸੁਹਣੀ-ਸੁਨੱਖੀ, ਪੜ੍ਹੀ ਲਿਖੀ ਘਰ ਵਾਲੀ। ਮਾਂ-ਪਿਓ ਤਾਂ ਓਹਦੇ ਨਾਲ ਰਹਿੰਦੇ ਆ। ਉਹ ਮੇਰੀ ਘਰਵਾਲੀ ਦੀ ਸੇਵਾ ਤੋਂ ਖੁਸ਼ ਹੋਗੇ ਕਹਿੰਦੇ ਅਸੀਂ ਹੋਰ ਸੇਵਾ ਨੀ ਕਰਾ ਸਕਦੇ ਓਏ ਰੱਬਾ ਤੇਰੀ ਓਏ ਮੈਂ—"ਵੇਖ ਕਿਵੇਂ ਭਕਾਈ ਮਾਰਨ ਲੱਗਿਐ।" ਬੀਬੀ ਜਦੋਂ ਬਾਹਰ ਨਿਕਲੀ ਉਹ ਬੋਲਿਆ, "ਓਹ ਬੀਬੀ ਹੋਰੀਂ ਆਏ ਵੇ ਆ?"

"ਆਵਦੇ ਆਪ ਨੂੰ ਬਹੁਤਾ ਪੜ੍ਹਿਆ-ਲਿਖਿਆ ਸਮਝਦੈਂ, ਕਿੱਧਰ ਗਈ ਤੇਰੀ ਐਮ.ਏ. ਕੀਤੀ, ਮੇਰੀ ਦੀਆਂ ਦਸ ਹੀ ਪੜ੍ਹੀਆਂ ਸਹੀ, ਪਰ ਉਹ ਤੇਰੇ ਵਾਂਗ ਨੀ ਬੋਲਦੀ। ਨਾਲੇ ਹੁਣ ਥੋਨੂੰ ਇਹ ਕਸੋਹਣੀ ਲੱਗਣ ਲੱਗ ਪਈ। ਇਸੇ ਕਸੋਹਣੀ ਕਰਕੇ ਹੀ ਇੱਥੇ ਆਏ ਆਂ, ਜਿਹੜਾ ਓਹ ਛੋਟਾ ਹੂਰਾਂ-ਪਰੀ ਲਿਆਇਆ, ਉਹ ਵੀ ਸਾਡੀ ਇਸ ਕਸੋਹਣੀ ਨੇ ਐਥੇ ਮੰਗਵਾਇਐ। ਜੇ ਇੰਡੀਆ ਹੁੰਦਾ, ਹੋ ਜਾਂਦਾ ਐਹੋ ਜਾ ਰਿਸ਼ਤਾ? ਉਦੋਂ ਕਹਿੰਦੇ ਸੀ ਸਾਨੂੰ ਫਰਸ਼ਾਂ ਤੋਂ ਚੁੱਕ ਕੇ ਅਰਸ਼ਾਂ 'ਤੇ ਪੁਚਾਤਾ। ਹੁਣ ਅਕਲਾਂ-ਸ਼ਕਲਾਂ ਪਰਖਦੇ ਆ ----- ਬੀਬੀ ਬੋਲਦੀ ਰਹੀ ਗੁਰਵੀਰ ਸੁਣਦਾ ਰਿਹਾ। ਜਦ ਉਹ ਚਲੀ ਗਈ ਬੋਲਿਆ, "ਏਹ ਗੰਦੀ ਤੀਵੀਂ ਮੁੜ ਕੇ ਸਾਡੇ ਘਰ ਨਾ ਆਵੇ, ਨਾ ਤੂੰ ਉੱਥੇ ਜਾਵੇਂ, ਇਹੀ ਸਿਖਾਉਂਦੀ ਐ ਤੈਨੂੰ ਪੁੱਠੀਆਂ-ਸਿੱਧੀਆਂ।"

"ਤੂੰ ਲਾ ਲੀਂ ਆਵਦਾ ਜ਼ੋਰ, ਮੈਂ ਤਾਂ ਜਾਊਂਗੀ ਤੇ ਨਾ ਉਹ ਆਉਣੋ ਹਟਣਗੇ।"

"ਨਹੀਂ ਹਟਣਾਂ ਤਾਂ ਉੱਥੇ ਹੀ ਜਾ ਫਿਰ।"

"ਮੈਂ ਕਿਓਂ ਜਾਵਾਂ, ਤੂੰ ਜਾ ਜਿੱਥੇ ਦਫ਼ਾ ਹੋਣੈਂ।"

"ਸਾਲੀ ਬੋਲਦੀ ਵੇਖ ਕਿਵੇਂ ਆ---

ਇੱਕ ਜ਼ੋਰਦਾਰ ਖੜਕੇ ਨਾਲ ਉਹ ਸੋਚਾਂ 'ਚੋ ਨਿਕਲੀ। ਉਸਨੂੰ ਆਪਣੀ ਗੱਲ੍ਹ 'ਚੋਂ ਸੇਕ ਨਿਕਲਦਾ ਮਹਿਸੂਸ ਹੋਇਆ ਲੱਗਾ, ਜਿਵੇਂ ਜ਼ੋਰਦਾਰ ਥੱਪੜ ਵੱਜਿਆ ਹੋਵੇ। ਪਰ ਇਹ ਖੜਕਾ ਭਾਈ ਜੀ ਦੇ ਹੱਥੋਂ ਮਾਈਕ ਡਿੱਗਣ ਕਰਕੇ ਹੋਇਆ ਸੀ। ਅਰਦਾਸ ਲਈ ਖੜੋਤਿਆਂ ਉਹ ਆਪਣੇ ਮੂੰਹ 'ਚ ਅਰਦਾਸ ਕਰਨ ਲੱਗੀ, 'ਹੇ ਸੱਚੇ ਪਿਤਾ, ਜਿਵੇਂ ਮੈਨੂੰ ਉਹ ਅੱਧ ਵਿਚਕਾਰ ਛੱਡ ਕੇ ਗਿਐ, ਉਹਨੂੰ ਕਿਤੇ ਢੋਈ ਨਾ ਮਿਲੇ--- ਇਹ ਮੈਂ ਕੀ ਕਹੀ ਜਾਨੀ ਆਂ ਸੁਮੱਤ ਬਖ਼ਸ਼ੋ ਸੱਚੇ ਪਾਤਸ਼ਾਹ ਮੇਰੇ ਪੁੱਤ ਨੂੰ ਵਿਆਹ ਲਈ ਹਾਂ ਕਰ ਦੇਵੇ, ਘਰ ਵਸ ਜਾਵੇ, ਮੈਂ ਇਹਦੇ ਤੇ ਇਹਦੀ ਘਰਵਾਲੀ 'ਚ ਕਦੇ ਦਖਲ ਨੀਂ ਦਿੰਦੀ, ਜਿਵੇਂ ਮੇਰੀ ਸੱਸ ਟੋਕਾ-ਟੋਕੀ ਕਰਦੀ ਸੀ। ਮੈਂ ਜਵਾਂ ਨੀ ਕਰਦੀ। ਇਹ ਬੱਸ ਮੌਜਾਂ ਮਾਨਣ ਹੇ ਵਾਹਿਗੁਰੂ---ਉਹ ਵਾਰ ਵਾਰ ਇਹ ਅਰਦਾਸ ਦੁਹਰਾਉਣ ਲੱਗੀ। ਅਰਦਾਸ ਤੋਂ ਬਾਅਦ ਜਦ ਸਾਰੇ ਬੈਠਣ ਲੱਗੇ। ਉਸ ਨੂੰ ਲੱਗਾ ਜਿਵੇਂ ਭਾਈ ਜੀ ਨੇ ਅਰਦਾਸ ਪੂਰੀ ਨਾ ਕੀਤੀ ਹੋਵੇ। ਉਹ ਬੈਠੀ-ਬੈਠੀ ਉਹੀ ਅਰਦਾਸ ਉਦੋਂ ਤੱਕ ਦੁਹਰਾਉਂਦੀਂ ਰਹੀ, ਜਦ ਤੱਕ ਕਵੀਸ਼ਰਾਂ ਦੀ ਆਵਾਜ਼ ਉਸ ਦੇ ਕੰਨਾਂ ਨਾਲ ਨਾ ਟਕਰਾਈ। ਕਵੀਸ਼ਰ ਬੋਲ ਰਹੇ ਸਨ, 'ਸਤਿਗੁਰ ਦੀ ਪਰਵਾਰ 'ਤੇ ਮੇਹਰ ਹੋਈ ਐ, ਪੁੱਤਰ ਦੀ ਦਾਤ ਬਖ਼ਸ਼ਿਸ਼ ਹੋਈ ਐ, ਜੱਗ 'ਚ ਸੀਰ ਪਿਆ, ਪੁੱਤਰ ਪ੍ਰੀਵਾਰ ਦਾ ਨਾਂ ਅੱਗੇ ਤੋਰਦੇ ਆ, ਸਾਧ ਸੰਗਤ ਜੀ ਆਊਤ ਗਿਆਂ ਦੀਆਂ ਤਾਂ ਰੂਹਾਂ ਈ ਭਟਕਦੀਆਂ ਰਹਿੰਦੀਐਂ ---- ਉਸਦੇ ਦੀਮਾਗ 'ਚ ਘੁੱਕਰ ਬਾਬਾ ਆ ਗਿਆ, ਜਿਹੜਾ ਛੜਾ ਮਰਿਆ ਸੀ। ਦਿਨ ਤਿਉਹਾਰ ਨੂੰ ਦਾਦੀ ਆਖਦੀ ਹੁੰਦੀ ਕਿ ਪਹਿਲਾਂ ਘੁੱਕਰ ਦੀ ਮਟੀ 'ਤੇ ਉਹਦੇ ਨਮਿੱਤ ਰੋਟੀ ਦੇ ਕੇ ਆਓ ਭਾਈ ਔਤ ਗਿਆਂ ਦੀਆਂ ਰੂਹਾਂ ਨੂੰ ਖੁਸ਼ ਰੱਖਣਾ ਚਾਹੀਦਾ ।--- ਕਿਤੇ ਮੇਰਾ ਸ਼ਾਨ ਵੀ --- ਇਹ ਕਿਵੇਂ ਛੜਾ ਰਹੂ? ਮੈਂ ਵੀ ਬੱਸ--, ਹਾਲੇ ਬਾਈ ਸਾਲਾਂ ਦਾ ਹੋਇਐ। ਪਰ ਕੀ ਪਤਾ ਜੇ ਨਾ ਮੰਨਿਆ?----ਹੇ ਪਰਮਾਤਮਾ—' ਉਸ ਦੀਆਂ ਅੱਖਾਂ 'ਚੋਂ ਪਰਲ ਪਰਲ ਹੰਝੂ ਕਿਰਨ ਲੱਗੇ।

ਅਰਦਾਸ ਤੋਂ ਬਾਅਦ ਬੈਠਿਆਂ ਸ਼ਾਨ ਦੀ ਨਿਗ੍ਹਾ ਫਿਰ ਉਸ ਬੱਚੇ 'ਤੇ ਪਈ, ਉਹ ਘੁਰਕੀ ਦੇਣ ਵਾਲੇ ਆਦਮੀ ਨੂੰ ਬਾਂਹ ਤੋਂ ਫੜਕੇ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਦ ਉਹ ਆਦਮੀ ਨਾ ਉੱਠਿਆ, ਤਾਂ ਉਹ ਜਾ ਕੇ ਇੱਕ ਵੱਡ-ਉਮਰੀ ਔਰਤ ਦੀ ਬੁੱਕਲ 'ਚ ਜਾ ਬੈਠਾ। ਔਰਤ ਨੇ ਉਸ ਨੂੰ ਹਿੱਕ ਨਾਲ ਘੁੱਟ ਲਿਆ ਅਤੇ ਫਿਰ ਝਟਕੇ ਨਾਲ ਗੋਦੀ 'ਚੋਂ ਉਤਾਰ ਦਿੱਤਾ। ਸ਼ਾਨ ਦੇ ਦਿਮਾਗ 'ਚ ਨਾਨੀ ਘੁੰਮ ਗਈ। ਉਹ ਵੀ ਇਸੇ ਤਰ੍ਹਾਂ ਨਾਲ ਘੁੱਟਦੀ ਹੁੰਦੀ ਸੀ , ''ਕੀਹਦਾ ਪੁੱਤ ਐਂ?''

''ਨਾਨੀ ਦਾ'' ਸੁਣ ਉਹ ਹੋਰ ਜ਼ੋਰ ਨਾਲ ਹਿੱਕ ਨਾਲ ਲਾ ਲੈਂਦੀ। ਫੇਰ ਪੁੱਛਦੀ, ''ਦਾਦੀ ਕੀ ਬੋਲਦੀ ਸੀ?''

''ਕੁਛ ਨੀ''

''ਡੈਡੀ ਕੀ ਕਹਿੰਦਾ ਸੀ?''

''ਕੁਛ ਨੀ।''

''ਦਾਦੀ ਨੇ ਕੀ ਖਵਾਇਆ ਸੀ?''

''ਕੁਛ ਨੀ,'' ਤੇ ਨਾਨੀ ਬੁੱਕਲ 'ਚੋਂ ਬਾਹਰ ਧੱਕ ਦਿੰਦੀ।

ਦਾਦੀ ਦਾ ਖਿਆਲ ਆਉਂਦੇ ਹੀ ਉਸ ਦੀਆਂ ਮੁੱਠੀਆਂ ਮਿੱਚ ਗਈਆਂ। ਉਹ ਮਾਂ ਤੇ ਨਾਨੀ ਬਾਰੇ ਆਖਦੀ, ''ਐਹੋ ਜਿਹੀਆਂ ਕੰਜਰੀਆਂ ਨਾਲ ਵਾਹ ਪਿਐ, ਮੇਰੇ ਭੋਰਾ ਭਰ ਪੁੱਤ ਨੂੰ ਦੋ ਘਰਾਂ 'ਚ ਜਿਉਣਾ ਪੈਂਦਾ। ਪੁੱਤ ਤੂੰ ਸਾਡੇ ਕੋਲ ਕਿਓਂ ਨਹੀਂ ਰਹਿਣ ਲੱਗ ਜਾਂਦਾ?'' ਸ਼ਾਨ ਨੇ ਮੋਢਿਆਂ 'ਚ ਖਿੱਚ ਜਿਹੀ ਫਿਰ ਮਹਿਸੂਸ ਕੀਤੀ ।'ਦੋਹੇਂ ਪਾਸੇ ਇੱਕ-ਦੂਜੇ ਨੂੰ ਆਪਣਾ ਦੁਸ਼ਮਣ ਕਿਓਂ ਸਮਝਣ ਲੱਗ ਗਏ। ਜੇ ਇਕੱਠੇ ਨਹੀਂ ਸੀ ਰਹਿ ਸਕਦੇ ਤਾਂ ਰੇਅ ਵਾਂਗ ਕਿਉਂ ਨਹੀਂ ਸੀ ਰਹਿ ਸਕਦੇ। ਰੇਅ ਦੱਸਦਾ ਸੀ ਕਿ ਉਹ ਹਾਲੇ ਵੀ ਆਪਣੀ ਪਹਿਲੀ ਪਤਨੀ ਦਾ ਦੋਸਤ ਹੈ'।

''ਪੁੱਤਰ ਪ੍ਰੀਵਾਰ ਦਾ ਨਾਂ ਅੱਗੇ ਤੋਰਦੇ ਆ ---- ਕਵੀਸ਼ਰ ਦੀ ਆਵਾਜ਼ ਉਸ ਦੇ ਕੰਨਾਂ ਨਾਲ ਟਕਰਾਈ 'ਲੋਕ ਸਿਰਫ਼ ਪ੍ਰੀਵਾਰ ਦਾ ਨਾਂ ਅੱਗੇ ਤੋਰਨ ਖਾਤਿਰ ਬੱਚੇ ਕਿਵੇਂ ਪੈਦਾ ਕਰ ਲੈਂਦੇ ਹਨ, ਜਦ ਕਿ ਬੱਚੇ ਸੰਭਾਲਣ ਦਾ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ। ਪਰ ਮਾਂ ਮੈਨੂੰ ਵਿਆਹ ਲਈ ਕਿਉਂ ਤੰਗ ਕਰਦੀ ਹੈ? ਇਹਨੇ ਡੈਡੀ ਦਾ ਨਾਂ ਅੱਗੇ ਤੋਰ ਕੇ ਕੀ ਲੈਣਾ ਹੈ? ਇਹ ਤਾਂ ਡੈਡੀ ਨੂੰ ਨਫ਼ਰਤ ਕਰਦੀ ਹੈ।' ਉਸ ਔਰਤਾਂ ਵਾਲੇ ਪਾਸੇ ਵੇਖਿਆ। ਉਸ ਨੂੰ ਲੱਗਾ ਜਿਵੇਂ ਮਾਂ ਅੱਖਾਂ ਸਾਫ਼ ਕਰ ਰਹੀ ਹੋਵੇ।'ਇਹ ਮੰਮ ਨੂੰ ਕੀ ਹੋ ਗਿਆ? ਇਹ ਕਿਓਂ ਰੋਂਦੀ ਹੈ?' ਇਹੀ ਸੋਚਦਾ ਉਹ ਲੰਗਰ ਹਾਲ ਵਿੱਚ ਚਲਾ ਗਿਆ ਅਤੇ ਉਥੋਂ ਆਪਣੀ ਸਿਲਵਰ ਰੰਗ ਦੀ ਦੋ ਦਰਵਾਜ਼ਿਆਂ ਵਾਲੀ ਹੌਂਡਾ ਸਿਵਿਕ ਕਾਰ ਵਿੱਚ ਜਾ ਬੈਠਾ। ਕਾਰ ਸਟਾਰਟ ਕਰ ਉਸ ਹੀਟ ਚਲਾ ਦਿੱਤੀ। ਭਰੀ-ਪੀਤੀ ਜਿਹੀ ਰਾਜਿੰਦਰ ਮੂਹਰਲੀ ਸੀਟ 'ਤੇ ਆਣ ਬੈਠੀ। ਸ਼ਾਨ ਨੇ ਕਾਰ ਤੋਰ ਲਈ ਪਰ ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਮਾਂ ਤੋਂ ਕਿਵੇਂ ਪੁੱਛੇ? ਉਸ ਨੂੰ ਡਰ ਸੀ ਕਿ ਪੁੱਛਣ ਤੇ ਮਾਂ ਕਿਤੇ ਜ਼ੋਰ ਨਾਲ ਰੋਣ ਹੀ ਨਾ ਲੱਗ ਜਾਵੇ। ਇਸੇ ਜੱਕਾਂ-ਤੱਕਾਂ 'ਚ ਉਸ ਦੀ ਨਿਗ੍ਹਾ ਅੱਗੇ ਜਾ ਰਹੀ ਕਾਰ ਦੇ ਬੰਪਰ ਸਟਿੱਕਰ 'ਤੇ ਪਈ ਜਿਸ ਉੱਪਰ ਲਿਖਿਆ ਸੀ, The more people I meet, the more I like my dog ਉਸ ਸੋਚਿਆ ਸ਼ਾਇਦ ਇਹ ਪੜ੍ਹ ਕੇ ਮਾਂ ਦਾ ਮੂਡ ਠੀਕ ਹੋ ਜਾਵੇ। ਉਹ ਜਦ ਵੀ ਦੋਹੇਂ ਕਾਰ 'ਚ ਜਾਂਦੇ ਹਮੇਸ਼ਾ ਅਜੇਹੇ ਬੰਪਰ ਸਟਿੱਕਰਾਂ ਵੱਲ ਇੱਕ-ਦੂਜੇ ਦਾ ਧਿਆਨ ਦਿਵਾਉਂਦੇ।

''ਔਹ ਵੇਖ ਮਾਂ ਬੰਪਰ ਸਟਿੱਕਰ,'' ਸ਼ਾਨ ਨੇ ਮੂਹਰਲੀ ਕਾਰ ਵੱਲ ਇਸ਼ਾਰਾ ਕਰਕੇ ਕਿਹਾ।

''ਕਿੰਨਾਂ ਸੋਹਣਾਂ ਬੇਬੀ ਆ,'' ਰਾਜਿੰਦਰ ਦੀਆਂ ਭਰੀਆਂ ਅੱਖਾਂ ਛਲਕ ਪਈਆਂ।

''ਬੇਬੀ ਕਦੋਂ ਆ ਮੰਮ ਉਹ ਤਾਂ ਹੈਪੀ ਫੇਸ ਆ ਪਰ ਮੈਂ ਤਾਂ ਦੂਸਰੇ ਸਿਰੇ ਤੇ ਲੱਗੇ ਸਟਿੱਕਰ ਦੀ ਗੱਲ ਕਰਦੈਂ।''

ਰਾਜਿੰਦਰ ਨੇ ਕੋਈ ਹੁੰਗਾਰਾ ਨਾ ਭਰਿਆ, ਉਸ ਦੀ ਸਿਸਕੀ ਨਿਕਲ ਗਈ।

''ਕੀ ਹੋਇਆ ਮੰਮ---ਮੰਮ ਦੱਸ ਕਾਹਤੋਂ ਰੋਨੀ ਐਂ?''ਸ਼ਾਨ ਨੇ ਤਰਲੇ ਨਾਲ ਪੁੱਛਿਆ।

''ਤੈਨੂੰ ਜਿਵੇਂ ਪਤਾ ਹੀ ਨਾ ਹੋਵੇ।''

''ਪਲੀਜ਼ ਮੰਮ,'' ਸ਼ਾਨ ਨੇ ਲੇਲ੍ਹੜੀ ਜਿਹੀ ਕੱਢੀ।

ਰਾਜਿੰਦਰ ਨੇ ਅੱਖਾਂ ਪੂੰਝ ਲਈਆਂ ਪਰ ਬੋਲੀ ਕੁਝ ਨਾ। ਥੋੜ੍ਹਾ ਚਿਰ ਮਾਂ ਦੇ ਜਵਾਬ ਦੀ ਉਡੀਕ ਕਰਕੇ ਉਸ ਫਿਰ ਪੁੱਛਿਆ, ''ਦੱਸ ਮਾਂ ਤੂੰ ਕਿਓਂ ਰੋਨੀ ਆਂ?''

''ਤੂੰ ਵਿਆਹ ਕਿਓਂ ਨੀ ਕਰਵਾਉਂਦਾ?'' ਰਾਜਿੰਦਰ ਨੇ ਉਲਟਾ ਸਵਾਲ ਕੀਤਾ।

''ਮੰਮ ਫਿਰ ਉਹੀ ਗੱਲ। ਤੂੰ ਵੀ ਤਾਂ ਵਿਆਹ ਕਰਵਾਇਆ ਈ ਸੀ, ਤੈਨੂੰ ਕੀ ਮਿਲਿਆ?''

''ਮੇਰੀ ਕਿਸਮਤ ਸੀ ਪਰ ਤੇਰੇ ਡੈਡ ਨੂੰ ਤਾਂ ਸਾਰਾ ਕੁਝ ਮਿਲ ਗਿਆ, ਤੂੰ ਵੀ ਮੁੰਡਾ ਹੈਂ, ਮੈਂ ਤਾਂ ਜਨਾਨੀ ਆਂ ਮੇਰੀ ਗੱਲ ਹੋਰ ਸੀ।''

''ਡੈਡੀ ਦੀ ਗੱਲ ਨਾ ਕਰ, ਤੇ ਤੂੰ ਕਿਓਂ ਨੀ ਹੋਰ ਵਿਆਹ ਕਰਵਾਇਆ?''

''ਮੈਂ ਵਿਆਹ ਕਰਾ ਲੈਂਦੀ ਤਾਂ ਤੇਰੀ ਕੌਣ ਸੰਭਾਲ ਕਰਦਾ? ਬਿਗਾਨੇ ਕਦੇ ਪਿਓ ਬਣੇ ਆ? ਇਓਂ ਨਾ ਕਰ ਤੂੰ ਵਿਆਹ ਕਰਾ ਲੈ, ਮੈਂ ਤੇਰੇ ਬੱਚੇ ਖਿਡਾਇਆ ਕਰੂੰ, ਘਰ 'ਚ ਰੌਣਕ ਹੋਊ। ਤੂੰ ਤਾਂ ਕੰਮਪਿਊਟਰ ਮੂਹਰੇ ਬੈਠਾ ਰਹਿੰਨੈ। ਮੈਂ ਕੰਧਾਂ ਨਾਲ ਗੱਲਾਂ ਕਰਿਆ ਕਰਾਂ? ਹਾਲੇ ਤਾਂ ਕੰਮ 'ਤੇ ਦਿਹਾੜੀ ਨਿਕਲ ਜਾਂਦੀ ਐ, ਜਦੋਂ ਬੁੜ੍ਹੀ ਹੋ ਗਈ ਫੇਰ?''

''ਫਿਕਰ ਨਾ ਕਰ ਮੰਮ, ਮੈਂ ਤੇਰੀ ਪੂਰੀ ਲੁੱਕ-ਆਫ਼ਟਰ ਕਰਿਆ ਕਰੂੰ।''

''ਮੇਰੀ ਤੂੰ ਸਵਾਹ ਲੁੱਕ-ਆਫਟਰ ਕਰੇਂਗਾ, ਇੱਕ ਗੱਲ ਤਾਂ ਪੂਰੀ ਨੀ ਕਰਦਾ।''

“ਮਾਂ ਤੂੰ ਸਮਝਦੀ ਕਿਓਂ ਨਹੀਂ ਕਿ ਵਿਆਹ ਜ਼ਰੂਰੀ ਨਹੀਂ ਹੁੰਦਾ। ਮੇਰੇ ਅੰਦਰ ਕਿਸੇ ਨਾਲ ਪਿਆਰ ਨਹੀਂ ਪੈਦਾ ਹੁੰਦਾ।”
“ਜੇ ਪਿਆਰ ਨਹੀਂ ਪੈਦਾ ਹੁੰਦਾ ਤਾਂ ਉਹ ਰਾਧਿਕਾ ਜਿਹੀ ਕੌਣ ਐ?”
“ਸ਼ੀ ਇਜ਼ ਜਸਟ ਫਰੈਂਡ ਮੰਮ।”
“ਜਸਟ ਫਰਿੰਡਾਂ ਨਾਲ ਇਓਂ ----।
“ਉਹ ਹੋਰ ਗੱਲ ਆ, ਵਿਆਹ ਵਾਸਤੇ ਕੁਮਿੱਟਮੈਂਟ, ਟ੍ਰੱਸਟ, ਪਿਆਰ ਤੇ ਹੋਰ ਬਹੁਤ ਕੁਝ ਜਰੂਰੀ ਹੁੰਦਾ ਹੈ। ਸਿਰਫ਼ ਬੱਚੇ ਪੈਦਾ ਕਰਨ ਖਾਤਿਰ ਵਿਆਹ ਮੈਂ ਨਹੀਂ ਕਰਾਉਣਾ।”
“ਤੂੰ ਵਿਆਹ ਕਰਾ ਲੈ, ਇਹ ਸਾਰਾ ਕੁਝ ਪਰਮਾਤਮਾ ਨੇ ਆਪੇ ਕਰ ਦੇਣੈਂ।”

“ ਜੇ ਅੱਖਾਂ ਮੀਚ ਕੇ ਬਿਨ੍ਹਾਂ ਕਿਸੇ ਪਿਆਰ ਦੇ ਮੈਂ ਵਿਆਹ ਕਰਾ ਲਵਾਂ, ਫਿਰ ਮੇਰੇ ਵਰਗੇ ਬੱਚੇ ਪੈਦਾ ਹੋਣਗੇ ਜਿਨਾਂ ਦੀ ਜ਼ਿੰਦਗੀ ਡੱਲ ਹੋਵੇਗੀ,” ਆਖ ਸ਼ਾਨ ਚੁੱਪ ਕਰ ਗਿਆ। ਮਾਂ ਦਾ ਹਟਕੋਰਾ ਸੁਣ ਉਸ ਨੇ ਮਾਂ ਦਾ ਧਿਆਨ ਹੋਰ ਪਾਸੇ ਕਰਨ ਲਈ ਰੇਡੀਓ ਚਲਾ ਦਿੱਤਾ, ‘ਕੋਈ ਲੌਟਾ ਦੇ ਮੇਰੇ ਬੀਤੇ ਹੂਏ ਦਿਨ--- ਹਿੰਦੀ ਗੀਤ ਵੱਜ ਰਿਹਾ ਸੀ।

‘ਸਮਬੌਡੀ ਰੀਟਰਨ ਮਾਈ ਓਲਡ ਗੁੱਡ ਡੇਜ਼, ਸਪੈਸ਼ਲੀ ਚਾਈਲਡਹੁੱਡ। ਸਾਰੇ ਆਪਣੇ ਚਾਈਲਡਹੁੱਡ ਦੇ ਦਿਨ ਵਾਪਿਸ ਮੰਗਦੇ ਹੁੰਦੇ ਆ, ਇਹ ਸਭ ਨੂੰ ਪਿਆਰੇ ਹੁੰਦੇ ਆ----- ਰੇਡੀਓ ਡੀ.ਜੇ. ਬੋਲ ਰਿਹਾ ਸੀ।
“ਕਰੈਪ,” ਆਖ ਸ਼ਾਨ ਨੇ ਰੇਡੀਓ ਬੰਦ ਕਰ ਦਿੱਤਾ। ਅਤੇ ਇੱਕ ਹਾਉਕਾ ਲਿਆ ਜਿਹੜਾ ਰਾਜਿੰਦਰ ਦੇ ਧੁਰ ਅੰਦਰ ਤੱਕ ਉੱਤਰ ਗਿਆ।‘ਹਾਏ ਹਾਏ ਮੈਂ ਮਰਜਾਂ ਐਡਾ ਹਾਉਕਾ’ ਰਾਜਿੰਦਰ ਨੇ ਆਪਣੀਆਂ ਅੱਖਾਂ ਪੂੰਝ ਸੁੱਟੀਆਂ।‘ਕੀ ਕਰਾਂ ਮੈਂ ਇਹਦੇ ਹਾਉਕਿਆਂ ਦਾ, ਜੰਮਦੇ ਨੂੰ ਹੀ ਮਿਲ ਗਏ ਹਾਉਕੇ’। ਉਸਦੇ ਦਿਮਾਗ ’ਚ ਛੋਟਾ ਜਿਹਾ ਸ਼ਾਨ ਆਇਆ ਜਿਹੜਾ ਗੁਰਵੀਰ ’ਤੇ ਉਸ ਨੂੰ ਬਹਿਸਦੇ ਸੁਣ ਰੋਣ ਲੱਗਾ ਸੀ ਅਤੇ ਗੁਰਵੀਰ ਨੇ ਉਸਦੇ ਥੱਪੜ ਜੜ ਦਿੱਤਾ ਸੀ। ਸ਼ਾਨ ਦੀਆਂ ਚੀਕਾਂ, ਫਿਰ ਹਾਉਕੇ ਲੈਂਦੇ ਸ਼ਾਨ ਨੂੰ ਵੇਖ ਉਸ ਦਾ ਅੰਦਰ ਵਲੂੰਧਰਿਆ ਗਿਆ ਸੀ।

ਫਿਰ ਉਸ ਨੂੰ ਬੈੱਡਰੂਮ ਵਿੱਚ ਕੰਨਾਂ ਉੱਪਰ ਹੱਥ ਧਰੀ ਸਹਿਮਿਆ ਬੈਠਾ ਸ਼ਾਨ ਚੇਤੇ ਆਇਆ। ਫਿਰ ਉਸ ਦੇ ਚੇਤੇ ਵਿੱਚ ਡਰਿਆ ਹੋਇਆ ਸ਼ਾਨ ਆਇਆ, ਜਿਹੜਾ ਬਾਹਰ ਲੰਘਦੀ ਪੁਲੀਸ ਦੀ ਕਾਰ ਵੇਖ ਉਸ ਨਾਲ ਆ ਕੇ ਚੁੰਬੜ ਗਿਆ ਸੀ। ਉਸ ਤੋਂ ਇੱਕ ਰਾਤ ਪਹਿਲਾਂ ਪੁਲੀਸ ਗੁਰਵੀਰ ਨੂੰ ਰਾਜਿੰਦਰ ਉੱਪਰ ਹੱਥ ਚੁੱਕਣ ਕਰਕੇ ਲੈ ਗਈ ਸੀ। ਅਤੇ ਉਸ ਤੋਂ ਬਾਅਦ ਜਦ ਵੀ ਉਹ ਲੜਦੇ, ਸ਼ਾਨ ਹਾਉਕੇ ਭਰਦਾ। ਜਦ ਉਸਦੀ ਨਿਗ੍ਹਾ ਹਾਉਕੋ-ਹਾਉਕੀ ਹੋਏ ਸ਼ਾਨ ’ਤੇ ਪੈਂਦੀ, ਉਹ ਉਸਨੂੰ ਆਪਣੇ ਨਾਲ ਘੁੱਟ ਲੈਂਦੀ। ਸ਼ਾਨ ਹਾਉਕੇ ਲੈਂਦਾ ਥੱਕ ਕੇ ਸੌਂ ਜਾਂਦਾ ਅਤੇ ਨਿਢਾਲ ਜਿਹੀ ਹੋ ਉਹ ਆਪ ਹਾਉਕੇ ਭਰਨ ਲੱਗਦੀ।

ਕਾਰ ਲਾਲ ਬੱਤੀ ਹੋਣ ਕਾਰਣ ਰੁਕੀ ਹੋਈ ਸੀ, ਅਚੇਤ ਹੀ ਰਾਜਿੰਦਰ ਦਾ ਹੱਥ ਗੇਅਰ ਲੀਵਰ ਉੱਪਰ ਟਿਕੇ ਸ਼ਾਨ ਦੇ ਹੱਥ ਉੱਪਰ ਟਿਕ ਗਿਆ ਅਤੇ ਉਸਦੇ ਅੰਦਰੋਂ ਇੱਕ ਹਾਉਕਾ ਨਿਕਲਿਆ।
ਮਾਂ ਦੇ ਹੱਥ ਦੀ ਛੋਹ ਸ਼ਾਨ ਨੂੰ ਨਿੱਘੀ ਲੱਗੀ, ‘ਮਾਂ ਵੀ ਕਿੰਨਾਂ ਖਿਆਲ ਰੱਖਦੀ ਆ ਮੇਰਾ, ਪਰ ਇਹ ਵਿਆਹ ਵਾਲੀ ਜ਼ਿਦ ਗਲਤ ਹੈ। ਮਾਂ ਦੀ ਇਸ ਇੱਛਾ ਦਾ ਕੀ ਬਦਲਾਅ ਲੱਭਾਂ?’ ਪਿਛਲੀ ਕਾਰ ਦਾ ਹਾਰਨ ਸੁਣ ਉਸ ਕਾਰ ਤੋਰ ਲਈ। ਬੱਤੀ ਹਰੀ ਹੋ ਗਈ ਸੀ ਪਰ ਉਹ ਸੋਚਾਂ ’ਚ ਡੁਬਿੱਆ ਹੋਇਆ ਸੀ। ਉਸ ਨੂੰ ਫਿਰ ਉਹੀ ਬੰਪਰ ਸਟਿੱਕਰ ਨਜ਼ਰੀਂ ਪਿਆ, ‘ਇਹ ਬੰਦਾ ਰੌਡ ਵਰਗਾ ਹੋਵੇਗਾ’। ਉਸ ਨੇ ਸੋਚਿਆ ਅਤੇ ਉਸ ਦੇ ਦਿਮਾਗ ਵਿੱਚ ਕੰਮ ਦੇ ਲੰਚ-ਰੂਮ ’ਚ ਬੈਠਿਆਂ ਦੀ ਗੱਲਬਾਤ ਚੇਤੇ ਆ ਗਈ।
ਉਸ ਦਿਨ ਆਈਵਨ ਨੇ ਰੌਡ ਤੋਂ ਪੁੱਛਿਆ ਸੀ, “ਰੌਡ ਤੂੰ ਕਦ ਸੈਟਲ ਹੋਣਾ ਹੈ?”
“ ਸੈਟਲ ਤੋਂ ਕੀ ਮਤਲਬ?” ਰੌਡ ਨੇ ਹੈਰਾਨੀ ਨਾਲ ਪੁੱਛਿਆ।
“ਤੂੰ ਇੱਕ ਤੋਂ ਦੋ ਕਦੋਂ ਹੋਣਾ ਹੈ?”
“ਅਸੀਂ ਦੋ ਹਾਂ, ਮੈਂ ਤੇ ਮੇਰਾ ਕੁੱਤਾ?”
ਆਈਵਨ ਜ਼ੋਰ ਨਾਲ ਹੱਸਿਆ ਫਿਰ ਬੋਲਿਆ, “ਕੁੱਤਾ ਤਾਂ ਠੀਕ ਹੈ ਪਰ ਕੁੱਤਾ ਤੇਰਾ ਬੱਚਾ ਜਾਂ ਘਰਵਾਲੀ ਤਾਂ ਨਹੀਂ ਬਣ ਸਕਦਾ?”
“ ਕੀ ਘਰਵਾਲੀ ਤੇ ਬੱਚੇ ਜ਼ਰੂਰੀ ਹੁੰਦੇ ਹਨ? ਤੁਹਾਨੂੰ ਕੋਈ ਪਿਆਰ ਕਰਨ ਵਾਲਾ ਚਾਹੀਦਾ ਹੈ, ਉਹ ਮੇਰੇ ਕੋਲ ਹੈ।”
“ਤੂੰ ਮੂਰਖ ਹੈਂ। ਤੈਨੂੰ ਨੀ ਪਤਾ ਜ਼ਿੰਦਗੀ ਦੇ ਅਰਥ,” ਆਈਵਨ ਨੇ ਬਜ਼ੁਰਗੀ ਵਿਖਾਈ।
“ਮੈਂ ਕਹਿੰਨੈ ਤੁਸੀਂ ਮੂਰਖ ਹੋ। ਪਹਿਲਾਂ ਵਿਆਹ ਕਰਾਓ, ਬੱਚੇ ਪੈਦਾ ਕਰੋ, ਉਨ੍ਹਾਂ ਨੂੰ ਪੜਾਓ-ਲਿਖਾਓ, ਜਦ ਉਹ ਵੱਡੇ ਹੋ ਜਾਂਦੇ ਹਨ, ਫਿਰ ਡਰ ਰਹਿੰਦਾ ਹੈ ਕਿਤੇ ਗਲਤ ਸੰਗਤ ’ਚ ਨਾ ਰਲ-ਜਾਣ। ਅਖੀਰ ਉਨ੍ਹਾਂ ਤੁਹਾਨੂੰ ਸਿਆਣਨਾ ਨਹੀਂ ਤੇ ਕੁੱਤਾ ਤੁਹਾਨੂੰ ਹਮੇਸ਼ਾ ਪਿਆਰ ਕਰੇਗਾ। ਨਾ ਕੋਈ ਫਿਕਰ ਨਾ ਫਾਕਾ,” ਰੌਡ ਨੇ ਦਲੀਲ ਦਿੱਤੀ।
“ਇਹ ਤਾਂ ਖੁਦਗਰਜ਼ੀ ਦੀ ਨਿਸ਼ਾਨੀ ਹੈ। ਜਾਨਵਰ ਬੱਚਿਆਂ ਦੀ ਥਾਂ ਨਹੀਂ ਲੈ ਸਕਦੇ,” ਆਈਵਨ ਨੇ ਕਿਹਾ।
“ਪਰ ਤੁਹਾਡੀ ਇਕੱਲਤਾ ਨੂੰ ਤਾਂ ਪੂਰ ਸਕਦੇ ਹਨ,” ਰੇਅ ਬੋਲਿਆ ਜਿਹੜਾ ਉਨ੍ਹਾਂ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਿਹਾ ਸੀ।

''ਸੋਚ! ਖੁਦਗਰਜ਼ ਬੰਦਾ ਕਿਵੇਂ ਵਧੀਆ ਮਾਪਾ ਹੋ ਸਕਦੈ?'' ਰੌਡ ਨੇ ਕਿਹਾ।
''ਤੁਸੀਂ ਨੀ ਸਮਝੋਗੇ,'' ਆਖ ਕੇ ਆਈਵਨ ਕੰਮ ਕਰਨ ਜਾ ਲੱਗਾ।
'ਇਹ ਆਈਵਨ ਵੀ ਆਪਣੀ ਬਜ਼ੁਰਗੀ ਘੋਟਣੋਂ ਬਾਜ਼ ਨਹੀਂ ਆਉਂਦਾ। ਜਵਾਂ ਮਾਂ ਵਾਂਗ ਗੱਲਾਂ ਕਰਦਾ ਹੈ। ਉਸ ਦਿਨ ਕਹਿੰਦਾ ''ਸ਼ਾਨ ਤੂੰ ਬਾਹਰ-ਅੰਦਰ ਕਿਤੇ ਜਾਂਦਾ ਨਹੀਂ, ਕਿਵੇਂ ਬਿਤਾਉਦਾਂ ਹੈਂ ਵਿਹਲਾ ਸਮਾਂ?''
''ਬਹੁਤਾ ਸਮਾਂ ਇੰਟਰਨੈੱਟ 'ਤੇ ਬਿਤਾਉਦਾਂ ਹਾਂ।''
''ਪਰ ਇਹ ਤਾਂ ਕਰੀਏਟਿਵ ਕੰਮ ਨਹੀਂ। ਕਰੀਏਟਿਵ ਕੰਮ ਕਰਨ ਨਾਲ ਬੰਦੇ ਦੀ ਜ਼ਿੰਦਗੀ 'ਚ ਰਸ ਭਰਦਾ ਹੈ। ਤੂੰ ਕਿਤੇ ਵਲੰਟੀਅਰ ਕੰਮ ਕਰਿਆ ਕਰ, ਬਹੁਤ ਸਵਾਦ ਆਉਂਦਾ ਹੈ, ਕਿਸੇ ਦਾ ਕੰਮ ਕਰਕੇ।'' 'ਪਰ ਕੀ ਕਰਾਂ ਜੀਅ ਨਹੀਂ ਕਰਦਾ, ਨਾ ਹੀ ਕਿਸੇ ਨੂੰ ਮਿਲਣ-ਗਿਲਣ ਨੂੰ ਜੀਅ ਕਰਦਾ ਹੈ। ਅੱਜ ਮੰਮ ਧੱਕੇ ਨਾਲ ਲੈ ਆਈ ਗੁਰਦੁਆਰੇ। ਕੀ ਹੋਇਆ? ਵਾਧੂ ਦਿਮਾਗ 'ਚ ਪੁਰਾਣੀਆਂ ਗੱਲਾਂ ਯਾਦ ਆਈਆਂ। ਅੰਦਰ ਬੈਠਾ ਰਿਹਾ ਜੇ ਬਾਹਰ ਲੰਗਰ 'ਚ ਖੜ੍ਹ ਜਾਂਦਾ, ਵਾਧੂ ਬਲਦੇਵ ਅੰਕਲ ਵਰਗੇ ਦੀਆਂ ਗੱਲਾਂ ਸੁਨਣੀਆਂ ਪੈਣੀਆਂ ਸਨ। ਇਹ ਮਾਂ ਵੀ----। ਇਹ ਮਰ ਕਿਓਂ ਨੀ ਜਾਂਦੀ,ਫੇਰ ਕੋਈ ਤੰਗ ਕਰਨ ਵਾਲਾ ਨੀ ਰਹਿਣਾ, ਉਸਦਾ ਪੈਰ ਬਰੇਕ 'ਤੇ ਟਿਕ ਗਿਆ।'ਕਿੱਡਾ ਖੁਦਗਰਜ਼ ਹਾਂ ਮੈਂ ਐਹੋ-ਜਿਹੀਆਂ ਸੋਚਾਂ---
ਅਚਾਨਕ ਵੱਜੀ ਬਰੇਕ ਕਾਰਣ ਰਾਜਿੰਦਰ ਨੂੰ ਝਟਕਾ ਜਿਹਾ ਵੱਜਾ। ਉਸ ਸ਼ਾਨ ਵੱਲ ਵੇਖਿਆ ਸ਼ਾਨ ਦੀਆਂ ਸੁੰਨੀਆਂ-ਸੁੰਨੀਆਂ ਅੱਖਾਂ ਤੋਂ ਉਸ ਨੂੰ ਡਰ ਲੱਗਾ।
ਡਾਈਵੋਰਸ ਦੇ ਮੁਕੱਦਮੇ ਸਮੇਂ ਮੇਰੀਆਂ ਅੱਖਾਂ 'ਚ ਵੀ ਅਜੇਹੀ ਹੀ ਸੁੰਨ ਸੀ। ਖੁਦਕਸ਼ੀ ਕਰਨ ਦੇ ਵਿਚਾਰ ਮੁੜ-ਮੁੜ ਆਉਂਦੇ ਸਨ। ਪਰ ਸ਼ਾਨ ਦੇ ਖਿਆਲ ਨੇ ਜਿਉਣ ਲਈ ਮਜਬੂਰ ਕਰ ਦਿੱਤਾ ਸੀ ਤੇ ਇਸ ਦੀ ਜ਼ਿੰਮੇਵਾਰੀ ਨੇ ਅੱਖਾਂ 'ਚ ਜ਼ਿੰਦਗੀ ਭਰ ਦਿੱਤੀ ਸੀ। ਸ਼ਾਨ ਨੂੰ ਵੀ ਜ਼ਿੰਮੇਵਾਰੀ ਦੀ ਜਰੂਰਤ ਹੈ। ਐਵੇਂ ਵਹਿਮ ਕਰਦੈ। ਸਾਰਾ ਕੁਝ ਆਪੇ ਹੋ ਜਾਂਦਾ ਹੁੰਦੈ। ਵਿਆਹ ਤੋਂ ਬਾਅਦ ਤਾਂ ਬੰਦਾ ਉਡਿਆ ਫਿਰਦੈ। ਮੇਰਾ ਕਿਹੜਾ ਧਰਤੀ 'ਤੇ ਪੈਰ ਲੱਗਦਾ ਹੁੰਦਾ ਸੀ। ਦਿਨ ਰਾਤ ਕੰਮ ਕਰਦੀ ਹੰਭਦੀ ਨਹੀਂ ਸੀ ਹੁੰਦੀ। ਕਿੰਨਾ ਚੰਗਾ-ਚੰਗਾ ਲੱਗਦਾ ਸੀ ਸਾਰਾ ਕੁਝ। ਇੱਕ ਵਾਰ ਇਹਦਾ ਵੀ ਵਿਆਹ ਹੋ ਜਾਵੇ, ਉਡਿਆ ਫਿਰੂ। ਥੋੜ੍ਹਾ ਜਿਹਾ ਦਬਾਅ ਪਾਵਾਂ ਆਪੇ ਮੰਨ ਜਾਵੇਗਾ।
''ਸ਼ਾਨ ਜੇ ਤੇਰੀ ਨਿਗ੍ਹਾ 'ਚ ਕੋਈ ਕੁੜੀ ਹੈ ਤਾਂ ਉਹ ਦੱਸ ਦੇ। ਨਹੀਂ ਮੈਂ ਆਪਣੀ ਮਰਜ਼ੀ ਨਾਲ ਤੇਰਾ ਵਿਆਹ ਕਰ ਦੇਣੈ,'' ਰਾਜਿੰਦਰ ਨੇ ਸਖ਼ਤ ਆਵਾਜ਼ 'ਚ ਕਿਹਾ।
''ਮਾਂਅਅਅ!'' ਸ਼ਾਨ ਨੇ ਤਰਲਾ ਜਿਹਾ ਲਿਆ।
''ਮੈਂ ਨੀ ਜਾਣਦੀ ਕੁਛ, ਮੇਰਾ ਆਖਰੀ ਫੈਸਲਾ। ਹੋਰ ਨੀ ਮੈਂ ਰਹਿ ਸਕਦੀ ਇੱਕਲੀ।''
'ਮਾਂ ਸਮਝਦੀ ਕਿਓਂ ਨਹੀਂ, ਕੀ ਕਰਾਂ --- ਘਰ ਦੇ ਡਰਾਈਵਵੇਅ 'ਚ ਕਾਰ ਲਾਉਂਦਿਆਂ ਤੱਕ ਉਸਦਾ ਦਿਮਾਗ ਸੁੰਨ ਹੋ ਗਿਆ।
ਆਪਣੇ ਬੈੱਡਰੂਮ ਦਾ ਦਰਵਾਜ਼ਾ ਬੰਦ ਕਰਕੇ ਉਹ ਲੇਟ ਗਿਆ। ਮਾਂ ਤੇ ਆਈਵਨ ਉਸਦੇ ਦੀਮਾਗ 'ਚ ਚੱਕਰ ਲਾਉਣ ਲੱਗੇ ।ਮਾਂ ਦਾ ਚੇਹਰਾ ਆਈਵਨ 'ਚ ਰਲ ਗੱਡ ਹੋਣ ਲੱਗਾ। ਮਾਂ ਵਾਸਤੇ ਸੱਚ ਬਰਥਡੇ ਗਿਫ਼ਟ ਵੀ ਲੈ ਕੇ ਆਉਣਾ ਹੈ। ਕੀ ਲਿਆਵਾਂ? ਉਹ ਸੋਚਣ ਲੱਗਾ, ਰੌਡ ਫਿਰ ਰੇਅ ਉਸਦੇ ਸਾਹਮਣੇ ਆਣ ਖਲੋਤੇ। ਉਹ ਸੋਚਦਾ ਰਿਹਾ, ਫਿਰ ਉਸ ਦੇ ਬੁੱਲ੍ਹਾਂ 'ਤੇ ਮੁਸਕਾਣ ਆ ਗਈ। ਉਸ ਨੇ ਉੱਠ ਕੇ ਕੰਮਪਿਊਟਰ ਚਲਾ ਲਿਆ। ਇੰਟਰਨੈੱਟ ਚੱਲਣ ਨਾਲ ਉਸਦਾ ਮੈਸੰਜਰ ਚਾਲੂ ਹੋ ਗਿਆ।
'ਏ ਸੈਕਸੀ ਕੀ ਹੋ ਰਿਹਾ ਹੈ?' ਉਸਦੀ ਨੈੱਟ ਸਹੇਲੀ ਨੇ ਸੁਨੇਹਾ ਭੇਜਿਆ।
'ਕੁਝ ਖਾਸ ਨਹੀਂ' ਉਸ ਚੱਲਵਾਂ ਜਿਹਾ ਲਿਖ ਦਿੱਤਾ।
'ਕਦ ਮਿਲੇਂਗਾ?'ਦੂਜੇ ਪਾਸਿਓਂ ਫਿਰ ਸੁਨੇਹਾ ਆਇਆ।
ਉਸ ਸੋਚਿਆ, 'ਇਹ ਵੀ ਰਾਧਿਕਾ ਵਾਂਗ ਮਿਲਣ ਲਈ ਕਿੰਨੀ ਉਤਾਵਲੀ ਹੈ, ਜਦ ਮਿਲੇ ਫਿਰ ਇਸ ਵੀ ਰਾਧਿਕਾ ਵਾਂਗ ਆਖ ਦੇਣਾ ਹੈ ਕਿ ਨੈੱਟ ਤੇ ਤਾਂ ਐਨੇ ਵਧੀਆ ਸੁਪਨੇ ਘੜਦਾ ਹੁੰਨੈ ਤੇ ਉਂਝ ਕਿੰਨਾਂ ਬੋਰ ਹਾਂ'। ਫਿਰ ਉਸ ਲਿਖ ਭੇਜਿਆ, 'ਮੈਂ ਨੈੱਟ ਫਰੈਂਡ ਰਹਿਣਾ ਹੀ ਪਸੰਦ ਕਰੂੰਗਾ'।
'ਤਾਂ ਆਹ ਫਿਰ ਸਾਈਬਰ ਸੈਕਸ ਕਰੀਏ'। ਦੂਜੇ ਪਾਸਿਓਂ ਫਿਰ ਸੁਨੇਹਾ ਆਇਆ।
'ਸੌਰੀ ਮੈਂ ਬਿਜ਼ੀ ਆਂ'। ਲਿਖ ਉਸ ਮੈਸੰਜਰ ਬੰਦ ਕਰ ਦਿੱਤਾ ਅਤੇ ਸਰਚ ਕਰਨ ਲੱਗਾ। ਫਿਰ ਉਹ ਉੱਠਿਆ ਅਤੇ 'ਹੁਣੇ ਆਇਆ ਮੰਮ' ਆਖ ਘਰੋਂ ਬਾਹਰ ਹੋ ਗਿਆ। ਜਦ ਉਹ ਵਾਪਿਸ ਆਇਆ ਉਸ ਕੋਲ ਨਿੱਕਾ ਜਿਹਾ ਕਤੂਰਾ ਸੀ। ਉਸ ਰਾਜਿੰਦਰ ਨੂੰ ਫੜਾਉਂਦਿਆਂ ਕਿਹਾ, ''ਆ ਲੈ ਮੰਮ, ਤੇਰਾ ਬਰਥਡੇਅ ਗਿਫ਼ਟ। ਉਮੀਦ ਹੈ ਤੇਰੀ ਇਕੱਲ ਦੂਰ ਕਰਨ ਲਈ ਤੇਰਾ ਸਾਥ ਦੇਵੇਗਾ।''
''ਹੁਣ ਕੁੱਤੇ-ਬਿਲਿੱਆਂ ਨਾਲ ਖੇਡਿਆ ਕਰਾਂਗੀ ਮੈਂ? ਇਹ ਕਸਰ ਰਹਿ ਗਈ ਸੀ? ਸ਼ਾਬਾਸ਼ੇ ਤੇਰੇ,''ਆਖ ਰਾਜਿੰਦਰ ਰੋਣ ਲੱਗੀ। ਕਤੂਰਾ ਉਸਦੇ ਪੈਰਾਂ 'ਚ ਪਿਆ ਪੈਰ ਸੁੰਘ ਰਿਹਾ ਸੀ । (ਸਿਰਜਣਾ-2005) ●●

# ਦੋਰੰਗੀ

ਉਹ ਆਪਣੀ ਜਨਮ-ਭੂਮੀ ਦੀਆਂ ਖਬਰਾਂ ਨਾਲ ਭਰਪੂਰ ਸਥਾਨਕ ਮਾਤ-ਭਾਸ਼ੀ ਅਖ਼ਬਾਰ ਪੜ੍ਹਨ ਬੈਠ ਗਿਆ।

ਅਖ਼ਬਾਰ ਦੇ ਪਹਿਲੇ ਸਫ਼ੇ ਉੱਪਰ ਦੋ ਮੁੱਖ-ਮੰਤਰੀਆਂ ਦੀ ਇੱਕ ਮੰਚ 'ਤੇ ਇਕੱਠੇ ਬੈਠਿਆਂ ਦੀ ਤਸਵੀਰ ਸੀ। ਇੱਕ ਮੁੱਖ-ਮੰਤਰੀ ਉਸਦੀ ਜਨਮ-ਭੂਮੀ ਵਾਲੇ ਸੂਬੇ ਦਾ ਅਤੇ ਦੂਜਾ ਉਸ ਸੂਬੇ ਦਾ ਜਿਸ ਥਾਂ ਉਹ ਹੁਣ ਰਹਿ ਰਿਹਾ ਸੀ। ਦੋਹਾਂ ਮੁੱਖ-ਮੰਤਰੀਆਂ ਦੀ ਮਾਤ-ਭਾਸ਼ਾ ਉਸਦੀ ਮਾਤ-ਭਾਸ਼ਾ ਵਾਲੀ 'ਪੰਜਾਬੀ'। ਉਹ ਸੋਫ਼ੇ 'ਤੇ ਢੋਅ ਲਾ ਕੇ ਆਪਣੀਆਂ ਲੱਤਾਂ ਕੌਫ਼ੀ ਟੇਬਲ ਉੱਪਰ ਪਸਾਰਦਾ ਤਸਵੀਰ ਨੂੰ ਨੀਝ ਨਾਲ ਦੇਖਣ ਲੱਗਿਆ। ਇਹ ਤਸਵੀਰ ਪੰਜਾਬ ਦੀ ਰਾਜਧਾਨੀ 'ਚ ਹਾਲ ਹੀ ਵਿੱਚ ਹੋ ਕੇ ਹਟੇ 'ਸੰਸਾਰ ਪੰਜਾਬੀ ਸੰਮੇਲਨ' ਦੀ ਸੀ। ਇਸ ਸੰਮੇਲਨ 'ਚ ਉਨ੍ਹਾਂ ਕੁਝ ਪੰਜਾਬੀਆਂ ਦਾ ਸਨਮਾਨ ਕੀਤਾ ਗਿਆ ਸੀ, ਜਿਨ੍ਹਾਂ ਨੇ ਪੰਜਾਬ ਦਾ ਨਾਮ ਰੋਸ਼ਨ ਕੀਤਾ। ਪੰਜਾਬ ਦਾ ਮੁੱਖ-ਮੰਤਰੀ ਸਨਮਾਨ ਕਰਨ ਵਾਲਿਆਂ ਵਿੱਚ ਅਤੇ ਉਸਦੀ ਰਿਹਾਇਸ਼ ਵਾਲੇ ਸੂਬੇ ਦਾ ਮੁੱਖ-ਮੰਤਰੀ ਸਨਮਾਨਿਤ ਹੋਣ ਵਾਲਿਆਂ ਵਿੱਚ। ਤਸਵੀਰ ਦੇ ਨਾਲ ਸਨਮਾਨਿਤ ਮੁੱਖ-ਮੰਤਰੀ ਦੀ ਜ਼ਿੰਦਗੀ ਬਾਰੇ ਸੰਖੇਪ ਜਾਣਕਾਰੀ ਸੀ ।

ਉਸ ਨੇ ਖਬਰ ਪੜ੍ਹ ਕੇ ਮੁੜ ਤਸਵੀਰ ਉੱਪਰ ਨਿਗ੍ਹਾ ਟਿਕਾ ਲਈ, ਤਸਵੀਰ ਉਸਨੂੰ ਡਾਢੀ ਖ਼ੁਸ਼ੀ ਦੇ ਰਹੀ ਸੀ।

ਉਸ ਦੀ ਪਤਨੀ ਹਾਲੇ ਤਿਆਰ ਨਹੀਂ ਸੀ ਹੋਈ, ਉਹ ਵਿਆਹ ਦੀ ਪਾਰਟੀ 'ਤੇ ਜਾਣ ਲਈ ਤਿਆਰ ਹੋ ਚੁੱਕਾ ਸੀ। ਪਤਨੀ ਨੂੰ ਤਿਆਰ ਹੋਣ ਲਈ ਕਾਫ਼ੀ ਵਕਤ ਲਗਦਾ। ਉਹ ਉਡੀਕ ਕਰਦਾ ਖਿਝਦਾ ਨਾ ਸਗੋਂ ਪਤਨੀ ਨੂੰ ਖੁੱਲ੍ਹਾ ਵਕਤ ਦਿੰਦਾ ਤਿਆਰ ਹੋਣ ਲਈ ਤਾਂ ਕਿ ਉਹ ਸਜੀ-ਫਬੀ ਸਭ ਤੋਂ ਅਲੱਗ ਦਿਸੇ। ਆਪ ਉਹ ਕਿਸੇ ਆਹਰ ਲੱਗ ਜਾਂਦਾ ਟੀ.ਵੀ. ਦੇਖਦਾ ਜਾਂ ਅਖ਼ਬਾਰ ਪੜ੍ਹਨ ਬੈਠ ਜਾਂਦਾ।

ਉਸ ਅਖਬਾਰ ਦੇ ਸਫ਼ੇ ਪਲਟਾਏ ਅਤੇ ਉਸ ਸਫ਼ੇ ਉੱਪਰ ਨਿਗ੍ਹਾ ਟਿਕਾ ਲਈ ਜਿੱਥੇ ਉਸਦੇ ਮਨ-ਭਾਉਂਦੇ ਗਲਪਕਾਰ ਅਤੇ ਅਖਬਾਰਾਂ ਵਾਸਤੇ ਰਾਜਸੀ ਲੇਖ ਲਿਖਣ ਵਾਲੇ ਲੇਖਕ ਦਾ ਲੇਖ ਸੀ। ਉਸ ਸਫ਼ੇ ਨੂੰ ਉੱਪਰ ਕਰਕੇ ਅਖਬਾਰ ਦੀ ਵਿਚਕਾਰੋਂ ਤਹਿ ਮਾਰ ਕੇ ਉਹ ਲੇਖ ਪੜ੍ਹਨ ਲੱਗਾ। 'ਪੰਜਾਬੀ ਸਭਿਆਚਾਰ ਦਾ ਤਹਿਸ-ਨਹਿਸ ਕਰ ਰਹੇ ਭਈਏ' ਸਿਰਲੇਖ ਵਾਲੇ ਇਸ ਲੇਖ ਵਿੱਚ ਲੇਖਕ ਨੇ ਚਿੰਤਾ ਪ੍ਰਗਟਾਈ ਸੀ, 'ਦੇਸ ਦੇ ਹੋਰ ਸੂਬਿਆਂ ਵਿੱਚੋਂ ਪੰਜਾਬ 'ਚ ਮਜ਼ਦੂਰੀ ਕਰਨ ਆਉਂਦੇ ਮਜ਼ਦੂਰ ਜਿਨ੍ਹਾਂ ਨੂੰ 'ਭਈਏ' ਕਹਿ ਕੇ ਬੁਲਾਇਆ ਜਾਂਦਾ, ਪੰਜਾਬੀ ਸਭਿਆਚਾਰ ਨੂੰ ਤਹਿਸ-ਨਹਿਸ ਕਰ ਰਹੇ ਹਨ। ਉਨ੍ਹਾਂ ਦੀ ਬੋਲੀ ਅਲੱਗ, ਉਹ ਅਲੱਗ ਫ਼ਿਰਕੇ ਨਾਲ ਸਬੰਧਿਤ। ਪੰਜਾਬੀਆਂ ਨੇ ਬਹੁਤ ਕੁਰਬਾਨੀਆਂ ਕਰਕੇ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਇਆ ਹੈ। ਕੇਂਦਰੀ ਸਰਕਾਰ ਪੰਜਾਬੀ ਨੂੰ ਖਤਮ ਕਰਨ ਦੀ ਚਾਲ ਅਧੀਨ ਭਈਆਂ ਦੀਆਂ ਹੇੜ੍ਹਾਂ ਪੰਜਾਬ ਵੱਲ ਭੇਜ ਰਹੀ ਹੈ ਤਾਂ ਕਿ ਉਹ ਪੰਜਾਬ 'ਚ ਵਸ ਕੇ ਪੰਜਾਬੀ ਉੱਪਰ ਭਾਰੂ ਹੋ ਜਾਣ'। ਲੇਖ ਪੜ੍ਹ ਕੇ ਉਹ ਬੇਚੈਨ ਹੋ ਗਿਆ। ਭਾਵੇਂ ਉਜਲੇ ਭਵਿੱਖ਼ ਖਾਤਰ ਉਹ ਦਸ ਕੁ ਸਾਲ ਪਹਿਲਾਂ ਪੰਜਾਬ ਛੱਡ ਕੇ ਇਸ ਦੇਸ 'ਚ ਆ ਵਸਿਆ ਸੀ ਪਰ ਪੰਜਾਬ ਬਾਰੇ ਖਬਰਾਂ ਜਾਂ ਲੇਖ ਬਹੁਤ ਉਤਸੁਕਤਾ ਨਾਲ ਪੜ੍ਹਦਾ। ਅਖਬਾਰ ਉਸ ਕੌਫ਼ੀ ਟੇਬਲ ਉੱਪਰ ਸੁੱਟ ਦਿੱਤੀ। ਉੱਥੇ ਬੈਠੀ ਸਲਾਈਆਂ ਬੁਣ ਰਹੀ ਉਸਦੀ ਮਾਤਾ ਜਿਵੇਂ ਉਸਦੇ ਅਖਬਾਰ ਰੱਖਣ ਦੀ ਹੀ ਉਡੀਕ ਕਰ ਰਹੀ ਹੋਵੇ।

"ਪੁੱਤ ਕੱਲ੍ਹ ਚਿੱਠੀ ਆਈ ਸੀ ਪਿੰਡੋਂ, ਪੜ੍ਹ ਲਈ ਸੀ?" ਮਾਤਾ ਨੇ ਪੁੱਛਿਆ।

"ਕੀਹਦੀ?" ਉਸ ਮੋੜਵਾਂ ਪ੍ਰਸ਼ਨ ਕੀਤਾ।

"ਆਪਣੇ ਵੇਲਦਾਰਾਂ ਦੀ ਕੀਰਤੀ ਦੀ," ਮਾਂ ਨੇ ਜਵਾਬ ਦਿੱਤਾ।

"ਹੱਛਾ! ਉਹ ਐਡੀ ਵੱਡੀ ਹੋਗੀ ਚਿੱਠੀ ਲਿਖਣ ਜੋਗੀ," ਉਸ ਹੈਰਾਨੀ ਨਾਲ ਪੁੱਛਿਆ।

"ਹੋਰ ਬਲਾਈਂ ਸੋਹਣੀ ਲਿਖੀ ਐ, ਮੋਤੀਆਂ ਵਰਗੇ ਅੱਖਰ।"

"ਹੱਛਾ," ਆਖ ਉਹ ਚੁੱਪ ਕਰ ਗਿਆ। ਉਸਨੂੰ ਯਾਦ ਆਇਆ ਕਿ ਜਦ ਚਾਰ ਕੁ ਸਾਲ ਪਹਿਲਾਂ ਉਹ ਪੰਜਾਬ ਗਿਆ ਸੀ। ਰਿਹਾਇਸ਼ ਉਸ ਸ਼ਹਿਰ 'ਚ ਆਪਣੀ ਭੈਣ ਦੇ ਘਰ ਰੱਖੀ ਸੀ। ਪਿੰਡ ਗੇੜਾ ਮਾਰਨ ਗਿਆ ਜਦ ਆਪਣਾ ਮਕਾਨ ਦੇਖਣ ਗਿਆ ਤਾਂ ਇੱਕ ਛੋਟੀ ਜਿਹੀ ਕੁੜੀ ਨੇ ਉਨ੍ਹਾਂ ਦੇ ਨੇੜੇ ਆ ਕੇ ਚਾਅ ਜਿਹੇ 'ਚ ਕਿਹਾ ਸੀ,

"ਸਾਸਰੀ ਕਾਲ ਬਾਈ ਜੀ।"

"ਸਾਸਰੀ ਕਾਲ, ਜਾਣਦੀ ਐਂ ਮੈਨੂੰ?" ਉਸ ਪੁੱਛਿਆ।

"ਏਸ ਘਰ ਵਾਲੇ ਬਾਈ ਜੀ ਨਾ?" ਕੁੜੀ ਨੇ ਦੱਸਣ ਵਾਂਗ ਪੁੱਛਿਆ।

"ਹਾਂ, ਤੂੰ ਤਾਂ ਬੜੀ ਹੁਸ਼ਿਆਰ ਐਂ, ਕੀ ਨਾਂ ਐ ਤੇਰਾ?"

"ਕੀਰਤੀ।"

"ਹੱਛਾ, ਕੈਮੀ 'ਚ ਪੜ੍ਹਦੀ ਐਂ?" ਉਸ ਪੁੱਛਿਆ।

"ਤੀਜੀ 'ਚ।"

ਕੁੜੀ ਦਾ ਜਵਾਬ ਸੁਣ ਕੇ ਉਹ ਨਾਲ ਗਏ ਆਪਣੇ ਭਾਣਜੇ ਵੱਲ ਦੇਖ ਮੁਸਕਰਾਇਆ।'ਕੈਮੀ 'ਚ ਪੜ੍ਹਦੈਂ" ਜਦ ਉਸ ਨੇ ਆਪਣੇ ਭਾਣਜੇ ਨੂੰ ਪੁੱਛਿਆ ਸੀ ਤਾਂ ਉਹ ਚੁੱਪ ਰਿਹਾ ਸੀ। ਉਸ ਨੂੰ ਜਿਵੇਂ ਸਮਝ ਨਹੀਂ ਸੀ ਲੱਗੀ। ਨੇੜੇ ਬੈਠੀ ਭੈਣ ਨੇ ਕਿਹਾ, "ਇਹ ਇੰਗਲਿਸ਼ ਸਕੂਲ 'ਚ ਪੜ੍ਹਦੈ, ਇਹਨੂੰ ਪੇਂਡੂ ਪੰਜਾਬੀ ਦੀ ਕੀ ਸਮਝ, ਤੂੰ ਚੰਗੀ ਤਰ੍ਹਾਂ ਸਵਾਲ ਪੁੱਛ।"

"ਚੱਲ ਚੰਗੀ ਤਰ੍ਹਾਂ ਪੁੱਛ ਲੈਨਾਂ।" ਭੈਣ ਨੂੰ ਆਖ ਉਹ ਭਾਣਜੇ ਵੱਲ ਮੁੜਿਆ, "ਹਾਂ ਜਨਾਬ, ਆਪ ਕਿਹੜੀ ਕਲਾਸ 'ਚ ਪੜ੍ਹਦੇ ਹੋ?"

"ਸੈਵਨਥ 'ਚ----ਮਾਮਾ ਜੀ ਤੁਸੀਂ ਤਾਂ ਬਿਲਕੁਲ ਹੀ ਪੇਂਡੂ ਐਂ ਮੈ ਸੋਚਦਾ ਸੀ ਕਿ ਤੁਸੀਂ ਬਾਹਰ ਰਹਿਨੇ ਐਂ ਇੰਗਲਿਸ਼ ਬੋਲਦੇ ਹੋਵੋਗੇ," ਭਾਣਜੇ ਨੇ ਕਿਹਾ।

"ਪਿੰਡ 'ਚ ਜੰਮੇ, ਪਿੰਡ 'ਚ ਪੜ੍ਹੇ, ਪਿੰਡ 'ਚ ਜਵਾਨ ਹੋਏ , ਪੇਂਡੂਆਂ ਨੇ ਪੇਂਡੂ ਹੀ ਰਹਿਣੈ ਵੱਡਿਆ ਅੰਗਰੇਜਾ।" 'ਵੱਡਿਆ ਅੰਗਰੇਜਾ' ਉਸ ਘਰੋੜ ਕੇ ਕਿਹਾ ਅਤੇ ਹੱਸ ਪਿਆ, ਭੈਣ ਵੀ ਮੁਸਕਰਾਈ।

ਹੁਣ ਕੀਰਤੀ ਦਾ ਜਵਾਬ ਸੁਣ ਕੇ ਉਸ ਨੇ ਭਾਣਜੇ ਦੇ ਮੋਢੇ ਨੂੰ ਮਾਮੂਲੀ ਜਿਹਾ ਹਲੂਣਿਆ ਜਿਵੇਂ ਆਖ ਰਿਹਾ ਹੋਵੇ 'ਇਹ ਹੈ ਜਵਾਬ'।

"ਕਿਓਂ ਕੁੜੇ ਹੋਰ ਨੀ ਦੀਂਹਦਾ ਘਰ ਕੋਈ?" ਉਸ ਆਸੇ-ਪਾਸੇ ਨਿਗ੍ਹਾ ਘੁਮਾ ਕੇ ਕੀਰਤੀ ਤੋਂ ਪੁੱਛਿਆ।

"ਬੀਬੀ ਨੂੰ ਮੈਂ ਲਿਆਉਨੀ ਐਂ ਸੱਦ ਕੇ, ਲਾਲ ਕੋਠੇ 'ਤੇ ਬੈਠਾ ਪੜ੍ਹੀ ਜਾਂਦੈ," ਆਖ ਕੀਰਤੀ ਘਰੋਂ ਬਾਹਰ ਵੱਲ ਭੱਜੀ, ਉਹ ਤੇ ਭਾਣਜਾ ਕੋਠੇ ਉੱਪਰ ਚੜ੍ਹ ਗਏ, ਭੈਣ ਕਮਰਿਆਂ ਦੇ ਜਿੰਦਰੇ ਖੋਲ੍ਹਣ ਲੱਗੀ, ਜਿੱਥੇ ਉਨ੍ਹਾਂ ਦਾ ਸਮਾਨ ਪਿਆ ਸੀ।

"ਸਾਸਰੀ ਕਾਲ ਬਾਈ ਜੀ," ਲਾਲ ਚੰਦ ਨੇ ਮੰਜੀ ਤੋਂ ਉੱਠ ਕੇ ਉਨ੍ਹਾਂ ਵੱਲ ਆਓਂਦੇ ਨੇ ਚਾਅ ਜਿਹੇ 'ਚ ਕਿਹਾ।

"ਸਾਸਰੀ ਕਾਲ, ਕਿਓਂ ਪੜ੍ਹੀ ਜਾਨੈਂ?" ਉਸ ਰਸਮੀ ਜਿਹਾ ਕਿਹਾ।

"ਕੱਲ੍ਹ ਨੂੰ ਬਾਈ ਜੀ ਪੰਜਾਬੀ ਦਾ ਪਰਚੈ ਲੇਖ ਯਾਦ ਕਰਦਾ ਸੀ 'ਗੁਰੂ ਨਾਨਕ ਦੇਵ ਜੀ' ਦਾ," ਲਾਲ ਚੰਦ ਨੇ ਦੱਸਿਆ।

"ਹੋਇਆ ਯਾਦ ਫਿਰ?" ਉਸ ਪੁੱਛਿਆ।

"ਹੋਇਆ ਈ ਐ ਵਿੱਚੋਂ-ਵਿੱਚੋਂ ਭਾਵੇਂ ਭੁੱਲਦਾ ਹੋਵਾਂ।"

"ਲੈ ਸੁਣਾ ਫਿਰ," ਉਸ ਲਾਲ ਚੰਦ ਤੋਂ ਕਾਪੀ ਲੈਂਦੇ ਨੇ ਕਿਹਾ।

"ਜਾਣਦੋ ਬਾਈ ਜੀ," ਲਾਲ ਚੰਦ ਨੇ ਸ਼ਰਮਾਉਂਦੇ ਜਿਹੇ ਕਿਹਾ।

"ਨਹੀਂ ਨਹੀਂ ਸੁਣਾ ਦੇਖੀਏ ਕਿੰਨ੍ਹਾ ਕੁ ਹੁਸ਼ਿਆਰ ਐਂ?"

ਲਾਲ ਚੰਦ ਸੁਨਾਉਣ ਲੱਗਾ, "ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ-------

"ਤੇ ਦੂਜੇ ਗੁਰੂ ਕਿਹੜੇ ਸਨ?" ਉਸ ਵਿੱਚੋਂ ਹੀ ਟੋਕਿਆ ਅਤੇ ਹੱਸ ਪਿਆ।

ਲਾਲ ਚੰਦ ਨੇ ਹੈਰਾਨੀ ਨਾਲ ਉਸ ਵੱਲ ਦੇਖਿਆ, "ਇਓਂ ਤਾਂ ਬਾਈ ਜੀ ਮੈਂ ਭੁੱਲ ਜੂੰਗਾ—

"ਚੱਲ ਫੇਰ ਸੁਣਾਂਗੇ ਕਦੇ," ਉਸ ਲਾਲ ਚੰਦ ਨੂੰ ਕਾਪੀ ਮੋੜਦੇ ਨੇ ਕਿਹਾ।

"ਮਾਮਾ ਜੀ ਹੱਸੇ ਕਿਓਂ?" ਭਾਣਜੇ ਨੇ ਹੈਰਾਨੀ ਨਾਲ ਪੁੱਛਿਆ।

"ਕੋਈ ਪੁਰਾਣੀ ਗੱਲ ਯਾਦ ਆ ਗਈ ਸੀ," ਉਸ ਦੱਸਿਆ।

"ਕੀ?" ਭਾਣਜੇ ਨੇ ਉਤਸੁਕਤਾ ਨਾਲ ਪੁੱਛਿਆ।

"ਛੱਡ ਐਵੇਂ ਪੁਰਾਣੀ ਗੱਲ ਐ।"

"ਦੱਸੋ ਵੀ ਮਾਮਾ ਜੀ," ਭਾਣਜੇ ਨੇ ਜ਼ਿੱਦ ਕੀਤੀ।

"ਹੱਛਾ, ਅਸੀਂ ਅੱਠਵੀਂ 'ਚ ਪੜ੍ਹਦੇ ਸੀ, ਕਿਓਂ ਲਾਲ ਚੰਦਾ ਤੂੰ ਕੈਮੀ 'ਚ ਪੜ੍ਹਦੈਂ?" ਉਸ ਵਿੱਚੋਂ ਹੀ ਲਾਲ ਚੰਦ ਤੋਂ ਪੁੱਛਿਆ।

"ਅੱਠਵੀਂ 'ਚ," ਲਾਲ ਚੰਦ ਨੇ ਜਵਾਬ ਦਿੱਤਾ।

"ਬੱਸ ਤੇਰੇ ਜਿੱਡੇ ਹੀ ਹੁੰਦੇ ਹੋਵਾਂਗੇ, ਸਾਡੇ ਸਕੂਲ ਨਵਾਂ ਪੰਜਾਬੀ ਮਾਸਟਰ ਆਇਆ। ਪਹਿਲੇ ਦਿਨ ਸਾਡੇ ਨਾਲ ਇੰਟਰੋਡਕਸ਼ਨ ਕਰਨ ਲੱਗਾ। ਸਾਡੇ ਨਾਂ ਪੁੱਛਣ ਲੱਗਾ, ਮਾਪਿਆਂ ਦੇ ਕਿੱਤੇ ਬਾਰੇ ਪੁੱਛਣ ਲੱਗਾ। ਸਾਡੀ ਜਮਾਤ 'ਚ ਪੜ੍ਹਦੇ ਜੀਤੇ ਨੇ ਜਦ ਦੱਸਿਆ ਕਿ ਉਹਦਾ ਪਿਓ ਗੁਰਦੁਆਰੇ 'ਚ ਗਰੰਥੀ ਹੈ ਤਾਂ ਮਾਸਟਰ ਉਹਨੂੰ ਕਹਿੰਦਾ ਕਿ ਦਸਾਂ ਸਿੱਖ ਗੁਰੂਆਂ ਦੇ ਨਾਂ ਦੱਸ, 'ਗੁਰੂ ਨਾਨਕ ਦੇਵ ਜੀ ਪਹਿਲੇ ਗੁਰੂ' ਆਖ ਜੀਤਾ ਚੁੱਪ ਕਰ ਗਿਆ ਜਿਵੇਂ ਕੁਝ ਯਾਦ ਕਰਦਾ ਹੋਵੇ । 'ਤੇ ਦੂਜੇ?' ਜਦ ਮਾਸਟਰ ਨੇ ਪੁੱਛਿਆ ਤਾਂ ਜੀਤਾ ਕਹਿੰਦਾ, ਜੀ ਮਹਾਤਮਾ ਗਾਂਧੀ," ਦੱਸ ਕੇ ਉਹ ਹੱਸਿਆ। ਲਾਲ ਚੰਦ ਵੀ ਹੱਸ ਪਿਆ।

"ਮਹਾਤਮਾ ਗਾਂਧੀ ਵਾਜ਼ ਏ ਫਰੀਡਮ ਫਾਈਟਰ," ਆਖ ਭਾਣਜਾ ਵੀ ਹੱਸਿਆ ਅਤੇ ਉਸਨੇ ਇੱਕ ਰੋੜੀ ਚੁੱਕ ਕੇ ਨਾਲ ਦੇ ਬਨੇਰੇ ਉੱਪਰ ਕਲੋਲ ਕਰ ਰਹੀ ਕਬੂਤਰਾਂ ਦੀ ਜੋੜੀ ਵੱਲ ਸੁੱਟੀ। ਕਬੂਤਰਾਂ ਦੀ ਜੋੜੀ ਉੱਡ ਗਈ ਅਤੇ ਬਨੇਰੇ ਵਾਲੇ ਮਕਾਨ 'ਚੋਂ ਉੱਲੂ ਬੋਲਿਆ। ਉਸਨੇ ਉੱਧਰ ਦੇਖਿਆ। "ਉਹ ਲਾਲ ਚੰਦਾ ਇਹ ਮਲਕੀਤ ਕੇ ਕਿੱਧਰ ਗਏ?"

"ਇਹ ਵੀ ਬਾਈ ਜੀ ਤੁਹਾਡੇ ਵਾਂਗ ਕਿਸੇ ਬਾਹਰਲੇ ਦੇਸ ਚਲੇ ਗਏ," ਲਾਲ ਚੰਦ ਨੇ ਦੱਸਿਆ।

''ਤੇ ਔਹ ਭਰਪੂਰ ਕਾ ਵੀ ਢੱਠਾ ਪਿਐ,'' ਉਸ ਇੱਕ ਹੋਰ ਮਕਾਨ ਵੱਲ ਇਸ਼ਾਰਾ ਕਰਕੇ ਕਿਹਾ।

''ਇਹਨਾਂ ਨੇ ਬਾਈ ਜੀ ਖੇਤ ਹੀ ਰਿਹਾਇਸ਼ ਕਰ ਲਈ ਉੱਥੇ ਵਧੀਆ ਘਰ ਬਣਾ ਲਿਐ,'' ਲਾਲ ਚੰਦ ਨੇ ਦੱਸਿਆ।

''ਕਈ ਘਰ ਢੱਠੇ ਪਏ ਐ ਯਾਰਾ,'' ਉਸ ਕੋਠੇ ਤੋਂ ਚਾਰ-ਚੁਫ਼ੇਰੇ ਪਿੰਡ ਵੱਲ ਦੇਖਦੇ ਚਿੰਤਾਮਈ ਆਵਾਜ਼ 'ਚ ਕਿਹਾ।

''ਹੋਰ ਬਾਈ ਜੀ, ਲੋਕ ਬਾਹਰਲੇ ਦੇਸਾਂ ਨੂੰ ਤੁਰੇ ਜਾਂਦੇ ਐ ਜਾਂ ਸ਼ਹਿਰਾਂ ਵੱਲ ਨੂੰ, ਕਈ ਖੇਤਾਂ 'ਚ ਘਰ ਪਾਈ ਜਾਂਦੇ ਐ,'' ਲਾਲ ਚੰਦ ਨੇ ਦੱਸਿਆ।

''ਏ ਲਾਲ, ਏ ਲਾਲੇ।'' ਹੇਠੋਂ ਲਾਲ ਚੰਦ ਦੀ ਮਾਂ ਦੀ ਆਵਾਜ਼ ਆਈ, ਕੀਰਤੀ ਉਸਨੂੰ ਬੁਲਾ ਕੇ ਲੈ ਆਈ ਸੀ। ਉਹ ਕੋਠੇ ਉੱਪਰੋਂ ਥੱਲੇ ਉੱਤਰ ਆਏ। ਉਸ ਹਾਲੇ ਵੇਲਦਾਰਨੀ ਦਾ ਹਾਲ-ਚਾਲ ਹੀ ਪੁੱਛਿਆ ਸੀ ਕਿ ਭੈਣ ਨੇ ਆਵਾਜ਼ ਮਾਰ ਲਈ, ''ਐਧਰ ਆਈਂ ਵੀਰ।'' ਜਦ ਉਹ ਕਮਰੇ ਅੰਦਰ ਪਹੁੰਚਿਆ ਭੈਣ ਨਵਾਰੀ ਮੰਜੇ ਵੱਲ ਇਸ਼ਾਰਾ ਕਰਕੇ ਕਹਿੰਦੀ, ''ਏਸ ਪਿੱਛੇ ਹੀ ਲੜਦੇ ਹੁੰਦੇ ਸੀ ਨਾ ਨਿੱਕੇ ਹੁੰਦੇ? ਜੇ ਤੁਸੀਂ ਇੱਧਰ ਹੁੰਦੇ, ਤੇਰੇ ਜਵਾਕ ਲੜਦੇ ਏਹਦੇ ਪਿੱਛੇ ਘਰ 'ਚ ਰੌਣਕ ਹੁੰਦੀ, ਹੁਣ ਤਾਂ ਜਾਣੀ ਡਰ ਆਉਂਦੈ।'' ਕਮਰਾ ਠੰਡਾ ਸੀ ਉਸ ਅੰਦਰ ਸੀਤ ਉੱਠੀ ਅਤੇ ਉਹ ਧੁੜਧੁੜੀ ਲੈ ਖਾਲੀ ਕੰਧਾਂ ਵੱਲ ਦੇਖਣ ਲੱਗਾ। ਤਿੰਨਾਂ ਸਮਾਨ ਵਾਲੇ ਕਮਰਿਆਂ ਨੂੰ ਉਸ ਛੇਤੀ-ਛੇਤੀ ਦੇਖਿਆ, ਜਿਵੇਂ ਕਮਰਿਆਂ 'ਚੋਂ ਉਸ ਨੂੰ ਡਰ ਆਉਂਦਾ ਹੋਵੇ। ਜਦ ਉਹ ਵੇਲਦਾਰਾਂ ਦੀ ਰਿਹਾਇਸ਼ ਵਾਲੇ ਕਮਰੇ ਅੰਦਰ ਦਾਖਲ ਹੋਏ ਉਸ ਦੀ ਨਿਗ੍ਹਾ ਅੰਗੀਠੀ ਉੱਪਰ ਰੱਖੀ ਉਨ੍ਹਾਂ ਦੇ ਪ੍ਰੀਵਾਰ ਦੀ ਤਸਵੀਰ 'ਤੇ ਪਈ। ਇਹ ਤਸਵੀਰ ਉਨ੍ਹਾਂ ਦੋ ਕੁ ਸਾਲ ਪਹਿਲਾਂ ਖਿਚਵਾਈ ਸੀ।

''ਇਹ ਫੋਟੋ ਇੱਥੇ ਕਿਵੇਂ ਆਗੀ?'' ਉਸ ਭੈਣ ਤੋਂ ਪੁੱਛਿਆ।

''ਪਿਛਲੀ ਬਾਰ ਜਬ ਬਹਿਨ ਜੀ ਆਏ ਥੇ ਤੋ ਉਨਸੇ ਲੀ ਥੀ,'' ਭੈਣ ਤੋਂ ਪਹਿਲਾਂ ਹੀ ਵੇਲਦਾਰਨੀ ਬੋਲੀ।

''ਮਾਂ ਲੈ ਕੇ ਤਾਂ ਮੇਰੇ ਵਾਸਤੇ ਆਈ ਸੀ, ਪਰ ਇਨ੍ਹਾਂ ਨੇ ਵਿਚਕਾਰੋਂ ਹੀ ਲੈ ਲਈ,'' ਭੈਣ ਨੇ ਕਿਹਾ।

''ਤੁਮਾਰੇ ਗਰ ਮੇਂ ਤੁਮਾਰੀ ਏਕ ਫੋਟੋ ਤੋ ਹੋਨੀ ਚਾਹੀਏ ਨਾ,'' ਵੇਲਦਾਰਨੀ ਨੇ ਕਿਹਾ।

''ਕਿਓਂ ਵੀਰ ਚੇਤੇ ਐ ਇੱਥੇ ਸਤਿਗੁਰਾਂ ਦੀ ਫੋਟੋ ਪਈ ਹੁੰਦੀ ਸੀ ਮਾਂ ਨੇ ਰੋਜ਼ ਧੂਫ ਕਰਨੀ,'' ਭੈਣ ਨੇ ਪੁਰਾਣਾ ਸਮਾਂ ਚੇਤੇ ਕੀਤਾ।

''ਹੁਣ ਵੀ ਮਾਂ ਨੇ ਉਹ ਫੋਟੋ ਆਵਦੀ ਪੂਜਾ-ਪਾਠ ਵਾਲੀ ਅਲਮਾਰੀ 'ਚ ਰੱਖੀ ਹੋਈ ਹੈ,'' ਉਸ ਦੱਸਿਆ।

''ਕਿਓਂ ਬਈ ਕਨੇਡਾ ਵਾਲਿਓ ਕਿੱਧਰ ਲੁਕੇ ਫਿਰਦੇ ਐਂ?'' ਵਿਹੜੇ 'ਚੋਂ ਕਿਸੇ ਦੀ ਆਵਾਜ਼ ਆਈ।

''ਤਾਈ ਬਸੰਤ ਕੌਰ,'' ਆਖ ਕੇ ਉਹ ਵਿਹੜੇ 'ਚ ਆ ਗਿਆ।

''ਸਾਸਰੀ ਕਾਲ ਤਾਈ ਜੀ।''

''ਸਾਸਰੀਕਾਲ ਭਾਈ ਸਾਸਰੀਕਾਲ,'' ਤਾਈ ਨੇ ਉਸ ਨੂੰ ਬੁੱਕਲ 'ਚ ਲੈ ਲਿਆ। ਭੈਣ ਅਤੇ ਭਾਣਜੇ ਨੂੰ ਵੀ ਉਸ ਪਿਆਰ ਦਿੱਤਾ। ਖੈਰ-ਸੁੱਖ ਪੁੱਛ ਤਾਈ ਕਹਿੰਦੀ, ''ਕਿਓਂ ਪੁੱਤ ਪਿੰਡ ਨੀ ਯਾਦ ਆਉਂਦਾ?''

''ਆਪਨੇ ਪੀਂਡ ਕੋ ਕੋਈ ਕੈਸੇ ਬੂਲ ਸਕਤਾ ਹੈ ਬਹਿਨਾਂ,'' ਉਸ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਵੇਲਦਾਰਨੀ ਨੇ ਕਿਹਾ।

''ਤੇ ਹੋਰ ਭੁੱਲੇ ਈ ਐ ਜਦੋਂ ਕਿਸੇ ਹੋਰ ਨੂੰ ਨਹੀਂ ਸੱਦਦੇ ਆਵਦੇ ਕੋਲ,'' ਆਖ ਤਾਈ ਉਸ ਨੂੰ ਚਾਹ ਪਿਆਉਣ ਆਪਣੇ ਘਰ ਵੱਲ ਲੈ ਤੁਰੀ। ਭੈਣ ਨੇ ਹਾਲੇ ਪੇਟੀਆਂ 'ਚੋਂ ਸਮਾਨ ਠੀਕ ਕਰਨਾ ਸੀ, ਉਸ ਆਖ ਦਿੱਤਾ, ''ਤੁਸੀਂ ਚੱਲੋ ਮੈਂ ਆਉਣੀ ਆਂ।'' ਭਾਣਜਾ ਵੀ ਉਸ ਕੋਲ ਹੀ ਰਹਿ ਪਿਆ।

ਤਾਈ ਦੇ ਘਰ ਚਾਹ ਪੀਂਦੇ ਉਹ ਪਿੰਡ ਬਾਰੇ, ਆਪਣੇ ਯਾਰ-ਬੇਲੀਆਂ ਬਾਰੇ ਪੁੱਛਦਾ ਰਿਹਾ। ਉਨ੍ਹਾਂ ਚਾਹ ਪੀ ਲਈ ਸੀ। ਭੈਣ ਹਾਲੇ ਤੱਕ ਨਹੀਂ ਸੀ ਆਈ। ਤਾਈ ਆਪਣੇ ਪੋਤਰੇ ਨੂੰ ਆਵਾਜ਼ ਮਾਰ ਕੇ ਕਹਿੰਦੀ, ''ਜਾ ਵੇ ਆਵਦੀ ਭੂਆ ਨੂੰ ਲਿਆ ਸੱਦ ਕੇ ਵੇਲਦਾਰਾਂ ਆਲੇ ਘਰੋਂ ਆਖੀਂ ਚਾਹ ਤਾਂ ਪਾਣੀ ਬਣੀ ਜਾਂਦੀ ਐ।

'ਵੇਲਦਾਰਾਂ ਆਲੇ ਘਰੋਂ' ਉਸਦੇ ਦਿਮਾਗ 'ਚ ਹਥੌੜੇ ਵਾਂਗ ਵੱਜਿਆ। ਤਾਈ ਆਪਣੇ ਪ੍ਰੀਵਾਰ 'ਚੋਂ ਕਿਸੇ ਨੂੰ ਕਨੇਡਾ ਮੰਗਵਾਉਣ ਦੀਆਂ ਤਾਕੀਦਾਂ ਕਰਦੀ ਰਹੀ। ਉਹ ਹੂੰ-ਹਾਂ ਕਰਦਾ ਰਿਹਾ। ਉਸਦੇ ਦਿਮਾਗ 'ਚ ਤਾਂ 'ਵੇਲਦਾਰਾਂ ਆਲੇ ਘਰੋਂ' ਗੂੰਜ ਰਿਹਾ ਸੀ। ਇੱਕ ਵਾਰ ਤਾਂ ਉਸਦਾ ਜੀਅ ਕੀਤਾ ਕਿ ਹੁਣੇ ਹੀ ਜਾ ਕੇ ਵੇਲਦਾਰਾਂ ਨੂੰ ਘਰੋਂ ਕੱਢ ਦੇਵੇ। ਇਸ ਤਰ੍ਹਾਂ ਤਾਂ ਉਸਨੇ ਨਾ ਕੀਤਾ ਪਰ ਕਨੇਡਾ ਵਾਪਿਸ ਮੁੜਨ ਤੋਂ ਪਹਿਲਾਂ ਮਕਾਨ ਦਾ ਮੁੱਖ-ਦਰਵਾਜ਼ਾ ਸੀਮਿੰਟ ਦਾ ਬਣਵਾ ਕੇ ਉਸ ਉੱਪਰ ਆਪਣਾ ਅਤੇ ਆਪਣੇ ਪਿਤਾ ਦਾ ਨਾਂ ਮੋਟੇ ਅੱਖਰਾਂ 'ਚ ਖੁਦਵਾ ਦਿੱਤਾ।

ਕੌਫ਼ੀ ਟੇਬਲ ਉੱਪਰ ਪਏ ਅਖਬਾਰ ਦੇ ਲੇਖ ' ਪੰਜਾਬੀ ਸਭਿਆਚਾਰ ਦਾ ਤਹਿਸ-ਨਹਿਸ ਕਰ ਰਹੇ ਭਈਏ' ਉੱਪਰ ਉਸਦੀ ਨਿਗਾਹ ਫਿਰ ਅਟਕ ਗਈ ।'ਇਹ ਵੇਲਦਾਰ ਵੀ ਤਾਂ ਭਈਏ ਹੀ ਹਨ' ਉਸਨੂੰ ਖਿਆਲ ਅਇਆ। ਉਸਨੂੰ ਚੇਤਾ ਸੀ ਕਿ ਇਹ ਵੇਲਦਾਰ ਕਣਕ ਦੀ ਵਾਢੀ ਵੇਲੇ ਮਜ਼ਦੂਰੀ ਕਰਨ ਪੰਜਾਬ ਆਇਆ ਸੀ। ਚੰਗਾ ਕਾਮਾ ਹੋਣ ਕਰਕੇ ਖੇਤ ਦੇ ਮਾਲਕ ਨੇ ਉਸਨੂੰ ਪੱਕਾ ਹੀ ਰੱਖ ਲਿਆ। ਮਾਲਕ ਜਿਹੜਾ ਨਹਿਰ ਮਹਿਕਮੇ 'ਚ ਇੰਜੀਨਿਅਰ ਸੀ, ਨੇ ਉਸ ਨੂੰ ਮਹਿਕਮੇ 'ਚ ਵੇਲਦਾਰ ਦੀ ਨੌਕਰੀ ਦਿਵਾ ਦਿੱਤੀ। ਕੰਮ ਉਹ ਇੰਜੀਨਿਅਰ ਦੇ ਖੇਤਾਂ 'ਚ ਕਰਦਾ ਤੇ ਤਨਖਾਹ ਵੇਲਦਾਰ ਵਜੋਂ ਸਰਕਾਰੀ ਖਜ਼ਾਨੇ 'ਚੋਂ

ਲੈਂਦਾ। ਸਰਕਾਰੀ ਨੌਕਰੀ ਮਿਲਣ ਬਾਅਦ ਉਹ ਆਪਣੇ ਪ੍ਰੀਵਾਰ ਨੂੰ ਵੀ ਪੰਜਾਬ ਲੈ ਆਇਆ। ਮੁੰਡੇ ਨੂੰ ਉਨ੍ਹਾਂ ਸਕੂਲ ਲਾ ਦਿੱਤਾ, ਕੁੜੀ ਦੀ ਉਮਰ ਹਾਲੇ ਸਕੂਲ ਜਾਣ ਦੀ ਨਹੀਂ ਸੀ ਹੋਈ ।

"ਕਿਧਰ ਖੁੱਭ ਗਿਆ ਪੁੱਤ?" ਮਾਤਾ ਨੇ ਉਸਨੂੰ ਸੋਚਾਂ 'ਚੋਂ ਕੱਢਿਆ।

"ਕਿਤੇ ਨੀ ਹਾਂ-ਹਾਂ ਕੀ ਲਿਖਦੀ ਐ?" ਉਸ ਹੜ-ਬੜਾ ਕੇ ਪੁੱਛਿਆ।

"ਲਿਖਦੀ ਐ ਬਈ ਘਰ ਦਾ ਕੱਚਾ ਹਿੱਸਾ ਤਾਂ ਉਹ ਲਿੱਪ-ਪੋਚ ਕੇ ਸੰਵਾਰੀ ਰੱਖਦੇ ਐ ਪਰ ਪੱਕੇ ਹਿੱਸੇ ਵੱਲੋਂ ਸੀਮਿੰਟ ਡਿੱਗਕੇ ਮਾੜਾ ਹਾਲ ਹੋਈ ਜਾਂਦੈ। ਘਰ ਨੂੰ ਮੁਰੰਮਤ ਦੀ ਜ਼ਰੂਰਤ ਹੈ," ਮਾਤਾ ਨੇ ਦੱਸਿਆ।

"ਉਠਾਓ ਘਰੋਂ ਉਨ੍ਹਾਂ ਨੂੰ ਮਾਲਕ ਬਣੇ ਬੈਠੇ ਐ, ਸਾਡਾ ਡਿੱਗੇ ਜਾਂ ਕੁਛ ਹੋਵੇ," ਉਹ ਕ੍ਰੋਧ 'ਚ ਬੋਲਿਆ।

ਮਾਤਾ ਨੇ ਹੈਰਾਨੀ ਨਾਲ ਉਸ ਵੱਲ ਦੇਖਿਆ, "ਨਾ ਪੁੱਤ ਆਪਾਂ ਨੂੰ ਫੇਰ ਨੀ ਇਹੋ ਜੇ ਵਧੀਆ ਬੰਦੇ ਮਿਲਣੇ, ਘਰ ਨੂੰ ਵਧੀਆ ਸੰਭਾਲੀ ਬੈਠੇ ਐ, ਲੋਕਾਂ ਦੇ ਖੋਲ਼ੇ ਬਣੇ ਪਏ ਆ। ਗਰੀਬ ਬੰਦੇ ਐ ਖਰਚਾ ਕਰਨ ਜੋਗੇ ਹੈਨੀ ਆਪਾਂ ਤੋਂ ਜਾ ਨਹੀਂ ਹੋਣਾ, ਆਪਾਂ ਖਰਚਾ ਦੇ ਦਿੰਨੇ ਆਂ," ਮਾਤਾ ਨੇ ਸਮਝਾਇਆ।

"ਗੱਲ ਖਰਚੇ ਦੀ ਨਹੀਂ ਮਾਤਾ, ਕਬਜ਼ੇ ਦੀ ਐ। ਘਰ 'ਤੇ ਕਾਬਜ਼ ਹੋਏ ਬੈਠੇ ਆ ਬਈ ਹੁਣ ਕਿਹੜਾ ਉਨ੍ਹਾਂ ਵਾਪਸ ਮੁੜਨੈ।"

"ਤੇਰੀ ਮਰਜੀ ਐ, ਪਰ ਫੇਰ ਨੀ ਥਿਆਉਣੇ ਐਹੋ ਜੇ ਬੰਦੇ," ਆਖ ਮਾਤਾ ਚੁੱਪ ਕਰ ਗਈ।

"ਨਾ ਥਿਆਉਣ," ਆਖ ਉਸ ਗੱਲ ਮੁਕਾ ਦਿੱਤੀ ਅਤੇ ਆਪਣੀ ਪਤਨੀ ਨੂੰ ਉੱਚੀ ਆਵਾਜ਼ 'ਚ ਪੁੱਛਿਆ,

"ਓਹ ਤਿਆਰ ਹੋਈ ਐਂ ਹਾਲੇ ਕਿ ਨਹੀਂ?"

"ਚਲੋ ਜੀ ਚਲੋ ਮੈਂ ਤਿਆਰ ਹਾਂ," ਆਖਦੀ ਪਤਨੀ ਬਾਹਰ ਆ ਗਈ। ਉਸ ਨੂੰ ਚੁੱਪ ਵੇਖ ਪਤਨੀ ਹੈਰਾਨ ਹੋਈ ਕਿ ਉਸਨੇ 'ਅੱਜ ਤਾਂ ਕਹਿਰ ਗੁਜਾਰੇਂਗੀ' ਕਿਓਂ ਨਹੀਂ ਕਿਹਾ। ਪਤਨੀ ਨੂੰ ਸ਼ੱਕ ਹੋਇਆ ਕਿ ਸ਼ਾਇਦ ਉਸਦੇ ਤਿਆਰ ਹੋਣ 'ਚ ਕੋਈ ਕਸਰ ਰਹਿ ਗਈ ਸੀ । "ਕਿਓਂ ਜੀ ਮੇਰਾ ਜੂੜਾ ਠੀਕ ਹੋਇਐ?" ਉਸ ਪੁੱਛਿਆ।

"ਹਾਂ-ਹਾਂ ਠੀਕ ਐ," ਉਹ ਚਲਾਵਾਂ ਜਿਹਾ ਜਵਾਬ ਦੇ ਕੇ ਤੁਰ ਪਿਆ।

ਕਾਰ 'ਚ ਬੈਠਦਿਆਂ ਹੀ ਉਸ ਟੇਪ ਚਾਲੂ ਕਰ ਦਿੱਤੀ। ਪੰਜਾਬੀ ਦੇ ਮਸ਼ਹੂਰ ਗੀਤਕਾਰ ਦੀ ਲਿਖੀ ਜੁਗਨੀ ਕਾਰ 'ਚ ਵੱਜਣ ਲੱਗੀ, 'ਜੁਗਨੀ ਪਹੁੰਚ ਗਈ ਬਿਹਾਰ ਬੰਦਾ ਦਿਸੇ ਨਾ ਮੇਰੇ ਯਾਰ, ਫਿਰਦੇ ਭਈਏ ਮਾਰੋ-ਮਾਰ-------

"ਸਵੇਰੇ ਗੁਰਦੁਆਰੇ ਆਪਣਾ ਕੋਈ ਜਾਣ-ਪਹਿਚਾਣ ਵਾਲਾ ਨਹੀਂ ਦਿਸਿਆ," ਪਤਨੀ ਬੋਲੀ।

"ਹੱਛਾ ਕੌਣ ਐ ਇਹ?" ਉਸ ਨੇ ਟੇਪ ਬੰਦ ਕਰਕੇ ਪੁੱਛਿਆ।

"ਦੁਆਬੀਏ ਐ," ਪਤਨੀ ਨੇ ਦੱਸਿਆ।

"ਉਹ ਤਾਂ ਠੀਕ ਐ ਪਰ ਜਾਤ ਕੀ ਐ?"

"ਪੱਕਾ ਤਾਂ ਪਤਾ ਨਹੀਂ ਪਰ ਆਪਣੇ 'ਚੋਂ ਤਾਂ ਹੈਨੀ"।

"ਫੇਰ ਆਪਣੇ ਜਾਣੂੰ-ਪਛਾਣੂੰਆਂ ਨੇ ਉਥੇ ਵੜੇਵੇਂ ਲੈਣ ਜਾਣਾ ਸੀ, ਇੱਕ ਹੈ ਦੁਆਬੀਏ ਦੂਜੇ ਹੋਰ ਜਾਤ।"

ਪਤਨੀ ਹੱਸੀ, "ਪਰ ਕਈ ਵਾਰੀ ਦੋਸਤ-ਮਿੱਤਰ ਹੀ ਹੁੰਦੇ ਐ। ਮੈਂ ਇਸ ਕਰਕੇ ਕਿਹਾ ਸੀ ਜੇ ਜਾਣ-ਪਹਿਚਾਣ ਵਾਲਾ ਹੋਵੇ ਤਾਂ ਪਾਰਟੀ 'ਚ ਇੱਕਲੇ ਜਿਹੇ ਨਹੀਂ ਬੈਠਣਾ ਪੈਂਦਾ।"

"ਚੱਲ ਆਪਾਂ ਕਿਹੜਾ ਉੱਥੇ ਦਿਹਾੜੀ ਬੈਠਣਾ, ਦੋ-ਤਿੰਨ ਘੰਟੇ ਹੋਣੇ ਆਂ ਤੇਰੇ ਨਾਲ ਕੰਮ ਕਰਨ ਵਾਲੀਆਂ ਹੋਰ ਹੋਣਗੀਆਂ ਹੀ। ਮੇਰੇ ਜਦੋਂ ਦੋ ਡਰਾਮ ਅੰਦਰ ਗਏ ਸਾਰੇ ਜਾਣੂੰ-ਪਛਾਣੂੰ ਹੀ ਬਣ ਜਾਣੇ ਆਂ।"

ਇਹ ਪਾਰਟੀ ਜਿੱਥੇ ਉਹ ਜਾ ਰਹੇ ਸਨ, ਪਤਨੀ ਨਾਲ ਕੰਮ ਕਰਦੀ ਇੱਕ ਔਰਤ ਦੇ ਪੁੱਤਰ ਦੇ ਵਿਆਹ ਦੀ ਸੀ। ਆਨੰਦ ਕਾਰਜ ਦੀ ਰਸਮ ਗੁਰਦੁਆਰੇ ਦਿਨ ਵੇਲੇ ਹੋ ਗਈ ਸੀ ਜਿੱਥੇ ਮਾਤਾ ਅਤੇ ਪਤਨੀ ਜਾ ਆਈਆਂ ਸਨ। ਆਪ ਉਹ ਕੰਮ 'ਤੇ ਗਿਆ ਹੋਣ ਕਾਰਣ ਗੁਰਦੁਆਰੇ ਨਹੀਂ ਸੀ ਜਾ ਸਕਿਆ।

ਪਾਰਟੀ ਹਾਲ 'ਚ ਪਹੁੰਚ ਪਤਨੀ ਆਪਣੇ ਨਾਲ ਕੰਮ ਕਰਦੀ ਇੱਕ ਔਰਤ ਕੋਲ ਜਾ ਬੈਠੀ। ਆਪ ਉਹ ਕਿਸੇ ਜਾਣ-ਪਹਿਚਾਣ ਵਾਲੇ ਨੂੰ ਲੱਭਣ ਲਈ ਇੱਧਰ-ਉੱਧਰ ਦੇਖਣ ਲੱਗਾ। ਹਾਲ ਦੇ ਵਰਾਂਡੇ 'ਚ ਖੜਾ ਉਸਦਾ ਇੱਕ ਪੁਰਾਣਾ ਜਾਣੂੰ ਦਿਸ ਪਿਆ, ਉਹ ਉੱਧਰ ਨੂੰ ਹੋ ਤੁਰਿਆ।

"ਆਓ-ਆਓ ਲੌਂਗ ਟਾਈਮ ਨੋ ਸੀ," ਜਾਣੂੰ ਨੇ ਜੱਫੀ 'ਚ ਲੈਂਦਿਆਂ ਕਿਹਾ,"ਇਨ੍ਹਾਂ ਨੂੰ ਮਿਲ, ਇਹ ਨੇ ਡਾਕਟਰ ਭਗਤ, ਡਾਕਟਰੇਟ ਕੀਤੀ ਹੋਈ ਐ ਇਨ੍ਹਾਂ ਨੇ, ਇੱਥੇ ਯੂਨੀਵਰਸਿਟੀ 'ਚ ਪੰਜਾਬੀ ਪੜ੍ਹਾਉਂਦੇ ਹਨ," ਜਾਣੂੰ ਨੇ ਆਪਣੇ ਕੋਲ ਖੜ੍ਹੇ ਵਿਅਕਤੀ ਨਾਲ ਉਸਦੀ ਜਾਣ-ਪਹਿਚਾਣ ਕਰਵਾਈ।

ਉਸ ਡਾ.ਭਗਤ ਨਾਲ ਘੁੱਟ ਕੇ ਹੱਥ ਮਲਾਇਆ।

"ਬਹੁਤ ਖੁਸ਼ੀ ਹੋਈ ਮਿਲ ਕੇ," ਉਨ੍ਹਾਂ ਰਸਮੀ ਕਿਹਾ।

ਕੰਮ-ਧੰਦੇ ਬਾਰੇ ਪੁੱਛਣ ਬਾਅਦ ਉਸ ਗੱਲ ਤੋਰੀ, "ਹੋਰ ਫਿਰ ਕੀ ਚੱਲ ਰਿਹਾ ਏ?"

''ਚੱਲਣਾ ਕੀ ਐ ਡਾਕਟਰ ਸਾਹਬ ਨਾਲ ਗੱਲਾਂ ਕਰ ਰਹੇ ਸੀ ਕਿ ਪਰਸੋਂ-ਚੌਥੇ ਕੁੱਝ ਮਸ਼ਟੰਡਿਆਂ ਨੇ ਮਸੀਤ ਨੂੰ ਅੱਗ ਲਾ ਦਿੱਤੀ, ਪਹਿਲਾਂ ਗੁਰਦੁਆਰੇ ਸੇਵਾ ਕਰਦੇ ਇੱਕ ਸਿੰਘ ਨੂੰ ਮਾਰ ਦਿੱਤਾ ਸੀ,'' ਜਾਣੂੰ ਨੇ ਦੱਸਿਆ।

''ਕੀ ਬਣੂੰ ਇੱਥੇ ਇਹ ਗੋਰੇ ਨੀ ਟਿਕਣ ਦਿੰਦੇ, ਉੱਥੇ ਭਈਏ ਪੰਜਾਬ 'ਤੇ ਕਬਜ਼ਾ ਕਰੀ ਜਾਂਦੇ ਐ,'' ਉਸ ਚਿੰਤਾ ਪ੍ਰਗਟ ਕੀਤੀ।

''ਇਹੀ ਮੈਂ ਡਾਕਟਰ ਸਾਹਬ ਨੂੰ ਕਹਿੰਦਾ ਹਟਿਐਂ ਪਰ ਇਹ ਕਹਿੰਦੇ ਆ ਕਿ ਇਹ ਐਡੀ ਚਿੰਤਾ ਵਾਲੀ ਗੱਲ ਨਹੀਂ ਜਿਨ੍ਹਾਂ ਨੇ ਗੁਰਦੁਆਰੇ ਦੇ ਸੇਵਾਦਾਰ ਨੂੰ ਮਾਰਿਐ ਉਨ੍ਹਾਂ ਨੂੰ ਸਜ਼ਾਵਾਂ ਹੋਈਐਂ, ਇਹ ਮਸੀਤ ਵਾਲੇ ਵੀ ਫੜੇ ਜਾਣਗੇ,'' ਜਾਣੂੰ ਨੇ ਦੱਸਿਆ।

''ਫੜੇ ਤਾਂ ਜਾਣਗੇ ਹੀ ਪਰ ਜਦੋਂ ਇਹੋ-ਜਿਹਾ ਕੁਝ ਵਾਪਰ ਜਾਂਦੈ ਓਦੋਂ ਬਿਗਾਨਗੀ ਦਾ ਸੱਲ੍ਹ ਰੜਕਣ ਲੱਗ ਪੈਂਦੈ,'' ਉਸ ਕਿਹਾ।

''ਖੈਰ ਮਸਲਾ ਇਹ ਗੁੰਝਲਦਾਰ ਐ, ਪਹਿਲਾਂ ਆਪਾਂ ਡਰਾਮ ਬਣਾ ਲਿਆਈਏ ਫੇਰ ਕਰਾਂਗੇ ਗੱਲਾਂ,'' ਉਸ ਸਲਾਹ ਦਿੱਤੀ। ਡਰਾਮ ਲੈ ਉਹ ਅੰਦਰਲੇ ਕੰਨ-ਪਾੜਵੇਂ ਸੰਗੀਤ ਤੋਂ ਪਰ੍ਹਾਂ ਬਾਹਰ ਆ ਖੜ੍ਹੇ।

''ਹੁਣ ਕਰੋ ਗੱਲ ਡਾਕਟਰ ਸਾਹਬ,'' ਉਸਨੇ ਘੁੱਟ ਭਰ ਕੇ ਕਿਹਾ।

''ਤੁਹਾਡੀ ਗੱਲ 'ਚੋਂ ਬੜੀ ਮਾਯੂਸੀ ਝਲਕਦੀ ਐ, ਜਿਵੇਂ ਤੁਸੀਂ ਕਿਹਾ ਕਿ ਇੱਥੇ ਗੋਰੇ ਨੀਂ ਟਿਕਣ ਦਿੰਦੇ ਉੱਥੇ ਭਈਏ ਕਬਜ਼ਾ ਕਰੀ ਜਾਂਦੇ ਐ ਪੰਜਾਬ 'ਤੇ। ਜਿੱਥੋਂ ਤੱਕ ਗੋਰੇ ਟਿਕਣ ਨਹੀਂ ਦਿੰਦੇ ਦਾ ਸਵਾਲ ਐ, ਮੈਂ ਮੰਨਦਾ ਬਈ ਇੱਥੇ ਇਹੋ ਜਿਹੀਆਂ ਇੱਕੜ-ਦੁੱਕੜ ਘਟਨਾਵਾਂ ਹੁੰਦੀਆਂ ਹੀ ਰਹਿੰਦੀਐਂ, ਜੇ ਸਪੱਸ਼ਟ ਰੂਪ 'ਚ ਨਹੀਂ ਤਾਂ ਲੁਕਵੇਂ ਢੰਗ ਨਾਲ। ਨਸਲ ਪ੍ਰਸਤ ਲੋਕ ਹਰ ਥਾਂ ਹੀ ਹੁੰਦੇ ਐ। ਪਰ ਗੱਲ 'ਸਾਨੂੰ ਟਿਕਣ ਨਹੀਂ ਦਿੰਦੇ' ਜਿੰਨੀ ਵੀ ਗੰਭੀਰ ਨਹੀਂ। ਦੇਖੋ ਨਾ ਸਾਡੇ ਸੂਬੇ ਦਾ ਪ੍ਰੀਮੀਅਰ (ਮੁਖ-ਮੰਤਰੀ )ਸਾਡਾ ਪੰਜਾਬੀ ਬੰਦਾ ਹੈ, ਜਿਹੜਾ ਜੰਮਿਆ ਪੰਜਾਬ 'ਚ, ਜਵਾਨ ਪੰਜਾਬ 'ਚ ਹੋਇਆ ਇੱਥੇ ਆ ਕੇ ਮਿੱਲਾਂ 'ਚ ਕੰਮ ਕੀਤਾ ਤੇ 30-35 ਸਾਲਾਂ 'ਚ ਇਸ ਸੂਬੇ ਦਾ ਪ੍ਰੀਮੀਅਰ ਬਣ ਗਿਆ। ਤੇ ਜਿੱਥੋਂ ਤੱਕ ਭਈਆਂ ਦਾ ਸਵਾਲ ਐ, ਮੇਰਾ ਖਿਆਲ ਨਹੀਂ ਕਿ ਪੰਜਾਬ ਦੇ ਕਿਸੇ ਪਿੰਡ ਦਾ ਸਰਪੰਚ ਵੀ ਭਈਆ ਹੋਵੇ,'' ਡਾ. ਭਗਤ ਨੇ ਕਿਹਾ।

''ਪਰ ਗੱਲ ਇਹ ਐ ਬਈ ਜੇ ਭਈਏ ਇਸੇ ਤਰ੍ਹਾਂ ਪੰਜਾਬ 'ਚ ਆਉਂਦੇ ਰਹੇ ਤਾਂ ਉਹ ਦਿਨ ਵੀ ਦੂਰ ਨਹੀਂ, ਜਦ ਉਹ ਪਿੰਡਾਂ ਦੇ ਸਰਪੰਚ ਤਾਂ ਕੀ ਮੁਖ-ਮੰਤਰੀ ਵੀ ਹੋਣਗੇ,'' ਉਸ ਚਿੰਤਾ ਪ੍ਰਗਟਾਈ।

''ਜੇ ਹੋ ਵੀ ਜਾਣਗੇ ਤਾਂ ਇਹਦੇ 'ਚ ਚਿੰਤਾ ਵਾਲੀ ਗੱਲ ਮੈਨੂੰ ਨਜ਼ਰ ਨਹੀਂ ਆਉਂਦੀ। ਦੇਖੋ ਨਾ ਉਹ ਉਸੇ ਦੇਸ ਦੇ ਵਸਨੀਕ ਨੇ, ਸਿਰਫ਼ ਦੂਜੇ ਸੂਬੇ ਨਾਲ ਸਬੰਧ ਰੱਖਦੇ ਹਨ ਤੇ ਆਪਾਂ ਇੱਥੇ ਦੂਜੇ ਦੇਸਾਂ 'ਚੋਂ ਆ ਕੇ ਵਸੇ ਹਾਂ,'' ਡਾ.ਭਗਤ ਨੇ ਦਲੀਲ ਦਿੱਤੀ।

''ਡਾਕਟਰ ਸਾਹਬ ਚਿੰਤਾ ਵਾਲੀ ਗੱਲ ਤਾਂ ਹੈ। ਜੋ ਪੰਜਾਬੀ ਸੂਬਾ ਪੰਜਾਬੀਆਂ ਨੇ ਐਨੀਆਂ ਕੁਰਬਾਨੀਆਂ ਕਰਕੇ, ਸੰਘਰਸ਼ ਕਰਕੇ ਪੰਜਾਬੀ ਬੋਲੀ ਦੇ ਆਧਾਰ 'ਤੇ ਬਣਾਇਆ ਉਸੇ ਸੂਬੇ 'ਚੋਂ ਹੀ ਪੰਜਾਬੀ ਲੋਕਾਂ ਨੂੰ ਘੱਟ ਗਿਣਤੀ ਵਾਲੇ ਕਰਨ ਲਈ ਕੇਂਦਰ ਸਰਕਾਰ ਭਈਏ ਪੰਜਾਬ ਵੱਲ ਭੇਜ ਰਹੀ ਹੈ,'' ਉਸਨੇ ਦਲੀਲ ਦਿੱਤੀ।

''ਮੁਆਫ਼ ਕਰਨਾ ਮੈਂ ਇੱਕ ਸਵਾਲ ਪੁੱਛਣਾ ਚਾਹੁੰਨੈ?'' ਡਾ.ਭਗਤ ਨੇ ਕਿਹਾ।

''ਪੁੱਛੋ।''

''ਤੁਸੀਂ ਪੰਜਾਬ ਛੱਡ ਕੇ ਇੱਥੇ ਕਿਓਂ ਆਏ?'' ਡਾ.ਭਗਤ ਨੇ ਸ਼ਾਂਤ ਆਵਾਜ਼ 'ਚ ਪੁੱਛਿਆ।

''ਚੰਗੇ ਭਵਿੱਖ ਲਈ,'' ਉਸ ਜੁਆਬ ਦਿੱਤਾ।

''ਜਨਾਬ ਭਈਏ ਵੀ ਤਾਂ ਪੰਜਾਬ ਵੱਲ ਚੰਗੇਰੇ ਭਵਿੱਖ ਖਾਤਿਰ ਹੀ ਜਾ ਰਹੇ ਹਨ,'' ਡਾ.ਭਗਤ ਨੇ ਉਸੇ ਸ਼ਾਂਤਮਈ ਆਵਾਜ਼ 'ਚ ਕਿਹਾ।

''ਚੰਗੇਰੇ ਭਵਿੱਖ ਕਰਕੇ ਨਹੀਂ, ਇਹ ਕੇਂਦਰ ਦੀ ਫ਼ਿਰਕਾਪ੍ਰਸਤ ਸਰਕਾਰ ਦੀ ਸੋਚੀ-ਸਮਝੀ ਚਾਲ ਅਧੀਨ ਜਾ ਰਹੇ ਹਨ। ਮੈਂ ਅੱਜ ਹੀ ਅਖ਼ਬਾਰ ਪੜ੍ਹ ਰਿਹਾ ਸੀ ਓਹਦੇ 'ਚ ਸਰਦਾਰਾ ਸਿੰਘ ਪੰਜਾਬੀ ਹੋਰਾਂ ਦਾ ਅੱਖਾਂ ਖੋਲਣ ਵਾਲਾ ਲੇਖ ਹੈ। ਪੰਜਾਬੀ ਸਾਹਬ ਨੂੰ ਤਾਂ ਤੁਸੀਂ ਮੰਨਦੇ ਹੋ ਨਾ ਕਿ ਪੰਜਾਬੀ ਦੇ ਸਿਰਮੌਰ ਲੇਖਕ ਹਨ?'' ਉਸ ਡਾ.ਭਗਤ ਨੂੰ ਸਵਾਲ ਕੀਤਾ।

''ਹਾਂ ਉਨ੍ਹਾਂ ਦਾ ਨਾਂ ਪੰਜਾਬੀ ਦੇ ਚੋਣਵੇਂ ਨਾਵਲਕਾਰਾਂ 'ਚ ਹੈ,'' ਡਾ.ਭਗਤ ਨੇ ਜਵਾਬ ਦਿੱਤਾ।

''ਤੁਸੀਂ ਸ਼ਾਇਦ ਇਸ ਹਫ਼ਤੇ ਦਾ ਪੰਜਾਬੀ ਅਖ਼ਬਾਰ ਨਾ ਪੜ੍ਹਿਆ ਹੋਵੇ, ਜਿੰਨੀ ਖੁਸ਼ੀ ਮੈਨੂੰ ਪਹਿਲੇ ਸਫ਼ੇ 'ਤੇ ਦੋ ਪੰਜਾਬੀ ਮੁਖ-ਮੰਤਰੀਆਂ ਦੀ ਫੋਟੋ ਦੇਖ ਕੇ ਹੋਈ ਉਹ ਸਾਰੀ ਪੰਜਾਬੀ ਸਾਹਬ ਦਾ ਲੇਖ ਪੜ੍ਹ ਕੇ ਚਿੰਤਾ 'ਚ ਬਦਲ ਗਈ,'' ਉਸ ਦੱਸਿਆ।

''ਸ਼ਾਇਦ ਤੁਸੀਂ ਆਪਣੇ ਪ੍ਰੀਮੀਅਰ ਦੀ ਪੰਜਾਬ ਫੇਰੀ ਦੌਰਾਨ ਪੰਜਾਬ ਦੇ ਮੁੱਖ-ਮੰਤਰੀ ਵੱਲੋਂ ਉਸ ਨੂੰ ਸਨਮਾਨੇ ਜਾਣ ਦੀ ਗੱਲ ਕਰ ਰਹੇ ਹੋ?'' ਡਾ. ਨੇ ਸਪੱਸ਼ਟ ਕਰਨ ਲਈ ਪੁੱਛਿਆ।

''ਹਾਂ-ਹਾਂ ਓਹੀ,'' ਉਸ ਸਪੱਸ਼ਟ ਕੀਤਾ।

''ਦੇਖਿਆ ਇਹੀ ਸਾਡਾ ਡਬਲ ਸਟੈਂਡਰਡ ਹੈ। ਦੇਖੋ ਨਾ ਪੰਜਾਬ ਦਾ ਮੁਖ-ਮੰਤਰੀ ਇੱਕ ਪਾਸੇ ਤਾਂ ਇੱਕ ਪੰਜਾਬੀ, ਜਿਹੜਾ ਬਾਹਰਲੇ ਦੇਸ ਜਾ ਕੇ ਉੱਥੋਂ ਦਾ ਪ੍ਰੀਮੀਅਰ ਬਣ ਗਿਆ, ਉਸਨੂੰ ਸਨਮਾਨ ਦੇ ਰਿਹਾ ਹੈ ਦੂਜੇ ਪਾਸੇ ਆਪਣੇ ਹੀ ਦੇਸ

'ਚ ਦੇਸ ਦੇ ਮਰਹੂਮ ਪ੍ਰਧਾਨ ਮੰਤਰੀ ਦੀ ਪਤਨੀ, ਉਸਦੇ ਬੱਚਿਆਂ ਦੀ ਮਾਂ, 30-35 ਸਾਲ ਤੋਂ ਉਸ ਦੇਸ ਦੀ ਵਸਨੀਕ, ਜਿਹੜੀ ਉੱਥੋਂ ਦੀ ਬੋਲੀ ਬੋਲਦੀ ਹੈ, ਉੱਥੋਂ ਦਾ ਪਹਿਰਾਵਾ ਪਹਿਨਦੀ ਹੈ। ਉਸ ਬਾਰੇ ਉਹ ਆਖ ਰਹੇ ਹਨ ਕਿ ਉਸ ਔਰਤ ਨੂੰ ਵੋਟਾਂ ਪਾਉਣਾਂ ਦੇਸ ਨੂੰ ਵਿਦੇਸ਼ੀਆਂ ਦੇ ਹੱਥ ਸੌਂਪਣਾ ਹੈ," ਡਾ.ਭਗਤ ਨੇ ਕਿਹਾ।

"ਛੱਡੋ ਡਾਕਟਰ ਸਾਹਬ ਇਹ ਪਾਲੀਟਿਕਸ ਹੈ, ਪੁਲੀਟੀਕਲ ਬੰਦੇ ਏਦਾਂ ਕਰਦੇ ਹੀ ਹੁੰਦੇ ਐ," ਜਾਣੂੰ ਨੇ ਹਾਜ਼ਰੀ ਲਵਾਈ।

"ਡਾਕਟਰ ਸਾਹਬ ਤੁਸੀਂ ਪੰਜਾਬੀ ਸਾਹਬ ਹੋਰਾਂ ਦਾ ਲੇਖ ਜ਼ਰੂਰ ਪੜ੍ਹਿਓ," ਉਹ ਡਾ.ਦੀਆਂ ਅੱਖਾਂ ਖੋਲਣਾ ਚਾਹੁੰਦਾ ਸੀ।

"ਲੇਖ ਵੀ ਪੜ੍ਹ ਲਵਾਂਗਾ ਪਰ ਮੈਨੂੰ ਪੰਜਾਬੀ ਸਾਹਬ ਦੇ ਵਿਚਾਰਾਂ ਦਾ ਪਤਾ ਹੈ। ਪਿੱਛੇ ਜਿਹੇ ਜਦ ਉਹ ਕਨੇਡਾ ਆਏ ਸੀ ਇੱਕ ਦੇਸੀ ਟੀ.ਵੀ. ਪ੍ਰੋਗਰਾਮ 'ਚ ਉਨ੍ਹਾਂ ਨੂੰ ਇਸ ਵਿਸ਼ੇ ਉੱਪਰ ਬੋਲਦਿਆਂ ਸੁਣਿਆ ਸੀ। ਪਤਾ ਕੀ ਕਹਿੰਦੇ? ਕਹਿੰਦੇ ਪੰਜਾਬ ਵੱਲ ਭਈਆਂ ਦੀਆਂ ਹੇੜ੍ਹਾਂ ਦੀਆਂ ਹੇੜ੍ਹਾਂ ਆ ਰਹੀਆਂ ਹਨ। ਸੁਣ ਕੇ ਮੈਨੂੰ ਬੜੀ ਬੇਚੈਨੀ ਜਿਹੀ ਮਹਿਸੂਸ ਹੋਈ।"

"ਕਿਓਂ?" ਉਸ ਹੈਰਾਨੀ ਨਾਲ ਟੋਕਿਆ।

"ਦੇਖੋ ਨਾ ਇਹ ਸੱਚ ਹੈ ਕਿ ਅਸੀਂ ਪੰਜਾਬੀ ਭਈਆਂ ਨੂੰ ਬੰਦੇ ਨਹੀਂ ਸਮਝਦੇ ਇੱਥੋਂ ਤੱਕ ਕਿ ਪੰਜਾਬ 'ਚ ਬੱਸਾਂ ਦੇ ਕੰਡਕਟਰ ਵੀ ਆਖ ਦਿੰਦੇ ਆ ਕਿ ਭਈਏ-ਭਈਏ ਬੱਸ ਦੀ ਛੱਤ 'ਤੇ ਚੜ੍ਹ ਜਾਓ, ਪਰ ਇੱਕ ਨਾਮਵਰ ਲੇਖਕ ਇਸ ਤਰ੍ਹਾਂ ਦੀ ਸ਼ਬਦਾਵਲੀ ਵਰਤੇ ਬਹੁਤੀ ਸ਼ੋਭਾ ਨਹੀਂ ਦਿੰਦਾ।"

ਤੁਸੀਂ ਸ਼ਬਦਾਵਲੀ ਨੂੰ ਛੱਡੋ, ਉਨ੍ਹਾਂ ਦੀ ਦਲੀਲ ਦੀ ਗੱਲ ਕਰੋ," ਉਹ ਔਖਾ ਜਿਹਾ ਹੋ ਕੇ ਬੋਲਿਆ। ਸਪਸ਼ਟ ਸੀ ਕਿ ਉਸਨੂੰ ਆਪਣੇ ਮਨ-ਭਾਉਂਦੇ ਲੇਖਕ 'ਤੇ ਕਿੰਤੂ ਕਰਨਾ ਚੰਗਾ ਨਹੀਂ ਸੀ ਲੱਗਾ।

"ਸੱਚ ਪੁੱਛੋ ਤਾਂ ਮੈਨੂੰ ਲੱਗਾ, ਜਿਵੇਂ ਉਹ ਕੋਈ ਨਸਲਪ੍ਰਸਤ ਅੰਗਰੇਜ਼ ਹੋਵੇ ਤੇ ਸਾਡੇ ਪ੍ਰਵਾਸੀਆਂ ਬਾਰੇ ਆਖ ਰਿਹਾ ਹੋਵੇ ਕਿ ਪ੍ਰਵਾਸੀਆਂ ਦੀਆਂ ਹੇੜ੍ਹਾਂ ਦੀਆਂ ਹੇੜ੍ਹਾਂ ਆ ਰਹੀਆਂ ਹਨ," ਭਗਤ ਨੇ ਕਿਹਾ।

"ਮੈਨੂੰ ਲੱਗਦੈ ਪੰਜਾਬ ਨੂੰ ਭਈਆਂ ਨਾਲੋਂ ਤੁਹਾਡੇ ਵਰਗੇ ਸੱਚੇ ਪੰਜਾਬੀਆਂ ਤੋਂ ਵਧੇਰੇ ਖਤਰਾ ਹੈ," 'ਸੱਚੇ ਪੰਜਾਬੀਆਂ' ਨੂੰ ਘਰੋੜ ਕੇ ਬੋਲਦਾ ਸ਼ਰਾਬ ਦੇ ਖਾਲੀ ਹੋਏ ਗਲਾਸ ਨੂੰ ਹੱਥਾਂ 'ਚ ਮਸਲਦਾ ਉਹ ਬਾਰ ਵੱਲ ਤੁਰ ਪਿਆ। (ਸਿਰਜਣਾ ਅਕਤੂਬਰ-ਦਸੰਬਰ 2001) ●●

# ਬੀ ਜੀ ਮੁਸਕਰਾ ਪਏ

ਜੇ ਜਸਵਿੰਦਰ ਦੀ ਗੱਲ ਮੰਨ ਲੈਂਦੀ ਤਾਂ ਅਜੇਹੀ ਦੁਬਿਧਾ 'ਚ ਨਾ ਫਸਦੀ। ਉਦੋਂ ਇਰਾਦਾ ਵੀ ਤਾਂ ਪੱਕਾ ਸੀ। ਪਰ ਮੈਨੂੰ ਪਾਪਾ ਦੀ ਗੱਲ ਠੀਕ ਲੱਗੀ ਸੀ। ਜਸਵਿੰਦਰ ਦਾ ਹਾਲੇ ਹੁਣੇ ਫੋਨ ਆ ਕੇ ਹਟਿਆ ਹੈ। ਨਾ ਸੁੱਖ ਨਾ ਸਾਂਦ। ਸਿੱਧਾ ਪੁੱਛਦਾ ਹੈ , "ਹਾਲੇ ਭੂਆ ਨੂੰ ਫੋਨ ਕੀਤਾ ਹੈ ਕਿ ਨਹੀਂ?"

"ਨਹੀਂ।" ਸੁਣ ਉਸਦੀ ਆਵਾਜ਼ ਖਰ੍ਹਵੀ ਹੋ ਜਾਂਦੀ ਹੈ, "ਲੱਗਦਾ ਹੈ ਤੇਰਾ ਹੈਥੇ ਹੀ ਜੀਅ ਲੱਗ ਗਿਐ।"

"ਪਾਪਾ ਹੋਰੀਂ ਕਹਿੰਦੇ ਆ ਕੇ ਮਹੀਨਾ ਕੁ ਹੋਰ ਠਹਿਰ ਜਾਵਾਂ।"

"ਪਰ ਭੂਆ ਨੂੰ ਫੋਨ ਕਰਕੇ ਤਰੀਕ ਤਾਂ ਪੱਕੀ ਕਰ ਲੈ। ਉਸ ਛੁੱਟੀ ਬੁੱਕ ਕਰਾਉਣੀ ਐ। ਉਹ ਆਪ ਆਊ। ਖੜ੍ਹੇ ਪੈਰ ਕਹਿੰਦੇ ਟਿਕਟ ਵੀ ਮਹਿੰਗੀ ਮਿਲਦੀ ਐ। ਤੂੰ ਅੱਜ ਹੀ ਫੋਨ ਕਰ।"

"ਕਰ ਲੈਨੀ ਆਂ," ਮੈਂ ਮਰੀ ਜਿਹੀ ਆਵਾਜ਼ 'ਚ ਕਹਿੰਦੀ ਹਾਂ। ਉਹ ਫੋਨ ਰੱਖ ਦਿੰਦਾ ਹੈ। ਉਸਦੀ ਆਵਾਜ਼ ਮੈਨੂੰ ਚੁਭਦੀ ਹੈ। ਉਹਦੇ ਭਾਣੇ ਮੈਂ ਐਸ਼ 'ਚ ਮਸਤ ਹਾਂ। ਉਸ ਨੂੰ ਕੀ ਪਤਾ ਕਿ ਮੈਂ ਕਿਸ ਅਹਿਸਾਸ ਥੱਲੇ ਦੱਬੀ ਜਾ ਰਹੀ ਹਾਂ। 'ਇਸ ਤਰ੍ਹਾਂ ਕਿਵੇਂ ਦੋਸ਼ ਲਾ ਦਿਆਂ'। ਜਸਵਿੰਦਰ ਦੀ ਕਹੀ ਗੱਲ ਫਿਰ ਯਾਦ ਆ ਜਾਂਦੀ ਹੈ, 'ਐਵਰੀਥਿੰਗ ਇਜ਼ ਫੇਅਰ ਇਨ ਲਵ ਐਂਡ ਵਾਰ'। ਚੱਲ ਜਦ ਟਾਈਮ ਆਇਆ ਦੇਖੀ ਜਾਵੇਗੀ। ਧਿਆਨ ਹੋਰ ਪਾਸੇ ਲਾਉਣ ਲਈ ਟੀ.ਵੀ. ਆਨ ਕਰ ਲੈਂਦੀ ਹਾਂ। ਇੰਗਲਿਸ਼ ਦੀ ਸਮਝ ਨਹੀਂ ਪੈਂਦੀ। ਵੇਖਦੀ ਹਾਂ ਜੇ ਕੋਈ ਮੂਵੀ ਪਈ ਹੋਵੇ। ਵਿਆਹ ਵਾਲੀ ਮੂਵੀ ਪਈ ਹੈ। 'ਇਸਦਾ ਕੀ ਵੇਖਣਾ' ਸੋਚ ਉਸ ਨੂੰ ਹੱਥ ਨਹੀਂ ਪਾਉਂਦੀ। ਵਿਹਲੀ ਰਹਿ ਕੇ ਸਾਰੀ ਦਿਹਾੜੀ ਗੁਜ਼ਾਰਨੀ ਔਖੀ ਲੱਗਦੀ ਹੈ। ਬਚਪਨ ਤੋਂ ਹੀ ਚੁੱਕ-ਧਰ ਕਰਕੇ ਘਰ ਨੂੰ ਸਜਾਉਣ ਦਾ ਸ਼ੌਕ ਹੈ ਪਰ ਇਹ ਕਰਨ ਦੀ ਵੀ ਇੱਛਾ ਨਹੀਂ ਹੈ। ਘੜੀ ਵੱਲ ਵੇਖਦੀ ਹਾਂ। ਦਸ ਵੱਜਣ ਵਾਲੇ ਹਨ। ਹੁਣੇ ਦਸ ਵਜੇ ਗੁਰਮੀਤ ਦਾ ਫੋਨ ਆ ਜਾਵੇਗਾ। ਫਿਰ ਇੱਕ ਵਜੇ ਲੰਚ ਬਰੇਕ ਵੇਲੇ ਫੋਨ ਕਰੇਗਾ। ਮੈਂ ਕਿੰਨੀ ਵਾਰ ਕਿਹਾ ਹੈ ਕਿ ਮੇਰਾ ਐਨਾ ਫਿਕਰ ਨਾ ਕਰਿਆ ਕਰੇ, ਮੈਂ ਕੋਈ ਬੱਚੀ ਹਾਂ। ਜਿੰਨਾਂ ਜ਼ਿਆਦਾ ਉਹ ਮੇਰਾ ਖਿਆਲ ਰੱਖਦਾ ਹੈ, ਮੇਰੀ ਦੁਬਿਧਾ ਉਨੀਂ ਹੀ ਵਧਦੀ ਜਾਂਦੀ ਹੈ। ਲਗਦਾ ਹੈ ਜਿਵੇਂ ਮੇਰੇ ਅੰਦਰ---ਨਹੀਂ, ਨਹੀਂ ਮੈਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ। ਇਹ ਮੇਰੀ ਖੁਦਗ਼ਰਜੀ ਹੋਵੇਗੀ। ਜਸਵਿੰਦਰ ਨੇ ਕਿੰਨੀ ਕੁਰਬਾਨੀ ਕੀਤੀ ਹੈ। ਕੁਰਬਾਨੀ? ਮੇਰੇ ਅੰਦਰ ਪ੍ਰਸ਼ਨ ਉੱਠਦਾ ਹੈ। ਮੈਂ ਕੀ ਊਲ-ਜਲੂਲ ਸੋਚਣ ਲੱਗ ਪਈ ਹਾਂ। ਘੜੀ ਵੱਲ ਵੇਖਦੀ ਹਾਂ, ਦਸ ਵੱਜ ਕੇ ਦੋ ਮਿੰਟ ਹੋ ਗਏ ਹਨ। ਅੱਜ ਫੋਨ ਕਿਉਂ ਨਹੀਂ ਖੜਕਿਆ। ਪਰ ਮੈਂ ਕਿਉਂ ਉਡੀਕ ਕਰ ਰਹੀ ਹਾਂ? ਕਦੋਂ ਉਡੀਕ ਕਰਦੀ ਹਾਂ, ਇਹ ਤਾਂ ਉਂਝ ਹੀ ਦਿਮਾਗ 'ਚ ਆ ਗਿਐ। ਸਗੋਂ ਫੋਨ ਨਾ ਹੀ ਆਵੇ। ਲਿਵਿੰਗ ਰੂਮ ਦੀ ਖਿੜਕੀ ਰਾਹੀਂ ਬਾਹਰ ਵੇਖਦੀ ਹਾਂ। ਕਿੰਨੀ ਚਮਕਦਾਰ ਧੁੱਪ ਹੈ! ਮੰਮੀ-ਡੈਡੀ ਐਨੀ ਧੁੱਪ 'ਚ ਸੜਦੇ ਹੋਣਗੇ। ਘੜੀ ਵੱਲ ਫੇਰ ਨਜ਼ਰ ਮਾਰਦੀ ਹਾਂ। ਦਸ ਵੱਜ ਕੇ ਪੰਜ ਮਿੰਟ ਹੋ ਚੱਲੇ ਹਨ। ਫੋਨ ਦੀ ਰਿੰਗ ਹੁੰਦੀ ਹੈ, ਮੈਂ ਝਪਟ ਕੇ ਫੋਨ ਚੁੱਕ ਲੈਂਦੀ ਹਾਂ। ਚੁੰਮਣ ਦੀ ਆਵਾਜ਼ ਆਉਂਦੀ ਹੈ।

"ਹਾਂ ਜੀ, ਪੀ ਲਈ ਚਾਹ ?" ਮੈਂ ਪੁੱਛਦੀ ਹਾਂ।

"ਚਾਹ ਵੀ ਪੀ ਲਵਾਂਗਾ ਬਾਅਦ 'ਚ, ਉਹਦੀ ਐਨੀ ਜ਼ਰੂਰਤ ਨਹੀਂ ਜਿੰਨੀ ਤੇਰੀ ਮਿੱਠੀ ਆਵਾਜ਼ ਸੁਨਣ ਦੀ।"

ਮੈਂ ਕਹਿਣਾ ਚਾਹੁੰਦੀ ਹਾਂ ਕਿ ਫਿਰ ਪੰਜ ਮਿੰਟ ਲੇਟ ਫੋਨ ਕਿਉਂ ਕੀਤਾ। ਪਰ ਮੂੰਹੋਂ ਨਿਕਲਦਾ ਹੈ, "ਅੱਛਾ।"

"ਹੋਰ ਜੀਅ ਲੱਗਿਆ ਹੋਇਐ? ਬੋਰ ਤਾਂ ਨਹੀਂ ਹੋ ਰਹੀ ?"

"ਨਹੀਂ ਠੀਕ ਹਾਂ," ਮੈਂ ਹੌਲੀ ਜਿਹੀ ਆਵਾਜ਼ 'ਚ ਆਖਦੀ ਹਾਂ।

"ਕਿਵੇਂ ਤੇਰੀ ਆਵਾਜ਼ ਢਿੱਲੀ ਜਿਹੀ ਐ ਕਿਤੇ ਸਿਰ ਤਾਂ ਨਹੀਂ ਦੁੱਖਦਾ?"

"ਨਹੀਂ ਬੱਸ ਵਿਹਲੀ ਕਰਕੇ ਬੋਰ ਹੋ ਗਈ ਸੀ।"

"ਆਈ ਨੋ , ਵਿਹਲੇ ਦਿਹਾੜੀ ਕੱਢਣੀ ਔਖੀ ਐ। ਮੇਰਾ ਵੱਸ ਚੱਲੇ ਤਾਂ ਤੈਨੂੰ ਕਦੇ ਇੱਕਲੀ ਨਾ ਛੱਡਾਂ ਬੋਰ ਹੋਣ ਲਈ।"

"ਚੰਗਾ ਤੁਸੀਂ ਚਾਹ ਪੀ ਲਓ ਥੋਡੀ ਬਰੇਕ ਖਤਮ ਹੋਣ ਵਾਲੀ ਹੈ।"

"ਚਲ ਚੰਗਾ ਬਾਅਏ, ਆਈ ਲਵ ਯੂ," ਚੁੰਮਣ ਦੇ ਕੇ ਉਸ ਫੋਨ ਰੱਖ ਦਿੱਤਾ।

'ਸਿਰ ਦੁਖਣ' ਦਾ ਬਹਾਨਾ ਮੈਂ ਐਨੇ ਵਾਰ ਕਰ ਚੁੱਕੀ ਹਾਂ ਕਿ ਹੁਣ ਉਸਨੂੰ ਫਿਕਰ ਹੋ ਗਿਆ ਹੈ। ਪਰਸੋਂ ਕਹਿੰਦਾ," ਤੇਰਾ ਐਨਾ ਸਿਰ ਦੁਖਦੈ, ਕਿਤੇ ਕੁਝ ਹੋਰ ਹੀ ਨਾ ਹੋਵੇ। ਚੱਲ ਡਾਕਟਰ ਦੇ ਚੱਲੀਏ।" ਮੈਂ ਮਸਾਂ ਮਨਾਇਆ ਕਿ ਡਾਕਟਰ ਦੀ ਲੋੜ ਨਹੀਂ।

ਸਕੂਲ 'ਚ ਹਾਲੇ ਮਹੀਨਾ ਪਿਆ ਹੈ। ਕਹਿੰਦੇ ਸਤੰਬਰ 'ਚ ਕਲਾਸਾਂ ਸ਼ੁਰੂ ਹੋਣਗੀਆਂ। ਜੇ ਹੁਣ ਹੁੰਦੀਆਂ ਘੱਟੋ-ਘੱਟ ਦਿਹਾੜੀ ਤਾਂ ਸੁਖਾਲੀ ਨਿਕਲ ਜਾਇਆ ਕਰਦੀ। ਮਹੀਨੇ ਦਾ ਮੈਨੂੰ ਕੀ ਭਾਅ ਉਦੋਂ ਹੋਣ ਭਾਵੇਂ ਨਾ ਹੋਣ। ਮੇਰੇ ਅੰਦਰ ਇੱਕ ਚੀਸ ਜਿਹੀ ਉੱਠੀ ਹੈ। ਕੰਮ 'ਤੇ ਵੀ ਨਹੀਂ ਜਾਣ ਦਿੰਦਾ। ਮੈਂ ਕਿੰਨੇ ਤਰਲੇ ਨਾਲ ਕਿਹਾ ਸੀ , "ਮੇਰੀ ਵਿਹਲੀ ਦੀ ਦਿਹਾੜੀ ਨਹੀਂ ਨਿਕਲਦੀ ਕੋਈ ਕੰਮ ਹੀ ਲੱਭ ਦਿਓ।"

"ਪਹਿਲਾਂ ਪੜ੍ਹ ਲੈ ਫੇਰ ਸਾਰੀ ਉਮਰ ਕੰਮ ਹੀ ਕਰਨਾ ਹੈ," ਉਸ ਕਿਹਾ।

"ਜਦੋਂ ਸਕੂਲ ਟਾਈਮ ਆਊ ਦੇਖੀ ਜਾਊ। ਉੱਨੀਂ ਦੇਰ ਤਾਂ ਕੰਮ ਕਰਾਂ," ਮੈਂ ਫਿਰ ਤਰਲਾ ਲਿਆ।

''ਮਹੀਨੇ ਪਿੱਛੇ ਕੀ ਕੰਮ ਲੱਭਾਂਗੇ। ਕੰਮ ਦਾ ਤੂੰ ਫਿਕਰ ਨਾ ਕਰ ਮੈਂ ਬਥੇਰਾ ਕਰ ਲਿਆ ਕਰੂੰ। ਤੂੰ ਬੱਸ ਡਟ ਕੇ ਪੜੀਂ। ਮੇਰੀ ਇੱਛਾ ਸੀ ਪੜ੍ਹਨ ਦੀ ਪਰ ਮੈਂ ਕੰਮਾਂ 'ਚ ਉਲਝ ਗਿਆ। ਤੂੰ ਮਹੀਨਾ ਆਰਾਮ ਕਰ ਲੈ। ਫੇਰ ਤੈਨੂੰ ਵਿਹਲ ਕਿੱਥੇ ਮਿਲਣੀ ਐਂ,'' ਉਸ ਦੀਆਂ ਉਂਗਲਾਂ ਮੇਰੇ ਕੇਸਾਂ 'ਚ ਖੇਲ੍ਹ ਰਹੀਆਂ ਸਨ। ਮੇਰਾ ਦਿਲ ਕੀਤਾ ਕਿ ਆਖ ਦੇਵਾਂ, 'ਨੀਂਦ ਆਉਂਦੀ ਹੈ' ਪਰ ਮੈਂ ਇਸ ਤਰ੍ਹਾਂ ਨਾ ਆਖ ਸਕੀ ਤੇ ਜ਼ਿਦ ਕਰਕੇ ਉਸਨੂੰ ਮੰਮੀ-ਡੈਡੀ ਨਾਲ ਬੇਰੀ ਤੋੜਨ ਜਾਣ ਲਈ ਮਨਾ ਲਿਆ। ਪਰ ਉਹ ਸਿਰਫ ਇੱਕ ਦਿਨ ਵਾਸਤੇ ਰਾਜ਼ੀ ਹੋਇਆ।

ਡੈਡੀ ਕਹਿੰਦੇ, ''ਫਾਰਮ ਤਾਂ ਭਾਈ ਬੁੱਢੇ-ਠੇਰੇ ਜਾਂ ਅਨਪੜ੍ਹ ਲੋਕਾਂ ਵਾਸਤੇ ਐ, ਜਿੰਨਾਂ ਨੂੰ ਹੋਰ ਥਾਂ ਕੰਮ ਨਹੀਂ ਮਿਲਦੇ।'' ਪਰ ਮੈਂ ਚਲੀ ਗਈ। ਸ਼ਾਮ ਤੱਕ ਥੱਕ ਕੇ ਚੂਰ ਹੋ ਗਈ। ਇੰਨਾਂ ਕੰਮ ਕਦੇ ਕੀਤਾ ਨਹੀਂ ਸੀ। ਪਰ ਮੇਰਾ ਅੰਦਰਲਾ ਖੁਸ਼ ਸੀ। ਮਾਨਸਿਕ ਤਸੱਲੀ ਹੋਈ ਕਿ ਘੱਟੋ-ਘੱਟ ਰੋਟੀ ਜੋਗੇ ਤਾਂ ਕਮਾ ਕੇ ਦਿੱਤੇ ਹਨ। ਨਹੀਂ ਤਾਂ ਜਦ ਵੀ ਖਿਆਲ ਆ ਜਾਂਦਾ ਕਿ ਮੈਂ ਇਨ੍ਹਾਂ ਤੋਂ ਕਿਸ ਖੁਨਾਮੀ ਦਾ ਬਦਲਾ ਲੈ ਰਹੀ ਹਾਂ ਤਾਂ ਮੇਰੇ ਅੰਦਰ ਗੁਨਾਹ ਦਾ ਅਹਿਸਾਸ ਜਾਗ ਪੈਂਦਾ ਹੈ। ਉਸ ਰਾਤ ਅਗਲੇ ਦਿਨ ਫਿਰ ਫਾਰਮ 'ਚ ਜਾਣ ਦੀ ਜ਼ਿੱਦ ਕੀਤੀ ਪਰ ਗੁਰਮੀਤ ਨੇ ਦ੍ਰਿੜ੍ਹ ਆਵਾਜ਼ 'ਚ ਆਖ ਦਿੱਤਾ, 'ਨਹੀਂ,ਹੋਰ ਨਹੀਂ।'' ਮੰਮੀ ਨੇ ਵੀ ਵਕਾਲਤ ਕੀਤੀ, '' ਚੱਲ ਜਾ ਲੈਣਦੇ, ਵੇਖ ਚੇਹਰਾ ਕਿਵੇਂ ਖਿੜਿਐ ਨਹੀਂ ਤਾਂ ਮੁਰਝਾਈ ਜਿਹੀ ਰਹਿੰਦੀ ਐ।'' ਪਰ ਗੁਰਮੀਤ ਟੱਸ ਤੋਂ ਮੱਸ ਨਾ ਹੋਇਆ। ਮੈਨੂੰ ਮੰਮੀ 'ਤੇ ਪਿਆਰ ਆਇਆ। ਪਿਆਰ ਮੈਨੂੰ ਦਿਨੇ ਵੀ ਆਇਆ ਸੀ ਜਦ ਧੁੱਪ 'ਚ ਆਪ ਦੋਨੋ ਬੇਰੀ ਤੋੜਦੇ ਰਹੇ ਪਰ ਮੈਨੂੰ ਵਾਰ-ਵਾਰ ਆਖਦੇ, ''ਥੱਕ ਜਾਵੇਂਗੀ, ਜਾਹ ਆਰਾਮ ਕਰ ਲੈ।'' ਪਰ ਮੈਂ ਉਨ੍ਹਾਂ ਦੇ ਨਾਲ ਹੀ ਲੱਗੀ ਰਹੀ। ਸ਼ਾਮ ਪਈ ਤੋਂ ਮੈਂ ਆਖ ਹੀ ਦਿੱਤਾ, ''ਐਨੀ ਔਖੀ ਕਮਾਈ ਕਰਦੇ ਹੋ, ਤੁਸੀਂ ਐਥੇ ਤੇ ਅਸੀਂ ਉੱਥੇ ਸੋਚਦੇ ਸੀ ਜਿਵੇਂ ਕਨੇਡਾ 'ਚ ਦਰੱਖਤਾਂ ਨੂੰ ਡਾਲਰ ਲੱਗਦੇ ਹੋਣ।''

ਹਾਂ ਉਸ ਦਿਨ ਤੋਂ ਬਾਅਦ ਇੱਕ ਗੱਲ ਜ਼ਰੂਰ ਹੋਈ ਕਿ ਮੈਂ ਸਵੇਰੇ ਉੱਠ ਕੇ ਮੰਮੀ-ਡੈਡੀ ਅਤੇ ਗੁਰਮੀਤ ਵਾਸਤੇ ਬਰੇਕਫਾਸਟ ਤੇ ਨਾਲ ਲਿਜਾਣ ਲਈ ਲੰਚ ਤਿਆਰ ਕਰਨ ਲੱਗ ਪਈ। ਪਹਿਲਾਂ ਮੈਂ ਦੇਰ ਤੱਕ ਪਈ ਰਹਿੰਦੀ ਸੀ। ਮੇਰੇ ਸੁੱਤਿਆਂ ਹੀ ਸਾਰੇ ਕੰਮ 'ਤੇ ਚਲੇ ਜਾਂਦੇ। ਸੁੱਤੀ ਵੀ ਕਦੋਂ ਹੁੰਦੀ, ਘੇਸਲ ਮਾਰ ਕੇ ਪਈ ਰਹਿੰਦੀ। ਸੋਚਦੀ ਹੁੰਦੀ ਕਿ ਗੁਰਮੀਤ ਖਿਝੇਗਾ, ਫੇਰ ਸ਼ਾਇਦ ਮਾਰੇ ਕੁੱਟੇ ਵੀ। ਮੇਰਾ ਕੰਮ ਆਸਾਨ ਹੋ ਜਾਵੇਗਾ। ਜਸਵਿੰਦਰ ਦੀ ਭੂਆ ਨੇ ਦੱਸਿਆ ਸੀ ਇਹ ਗੁਰ ਮੈਨੂੰ। ਗੁਰਮੀਤ ਨੂੰ ਗੁੱਸਾ ਦਿਵਾਉਣ ਲਈ ਸਿਰ ਵਾਹ ਕੇ ਮੈਂ ਕੇਸ ਕੰਘੇ 'ਚ ਛੱਡ ਦੇਣੇ, ਉਹ ਖਿਝ ਤਾਂ ਜਾਂਦਾ ਪਰ ਆਖਦਾ ਕੁਝ ਨਾ। ਸਾਰੀ ਦਿਹਾੜੀ ਬਿਸਤਰਾ ਇੱਕਠਾ ਹੀ ਨਾ ਕਰਨਾ, ਕੰਮ ਤੋਂ ਮੁੜੇ ਨੂੰ ਚਾਹ ਵੀ ਨਾ ਪੁੱਛਣੀ ਸਗੋਂ ਸਿਰ ਲਪੇਟ ਕੇ ਪੈ ਜਾਣਾਂ। ਉਹ ਕੰਮ ਤੋਂ ਆਕੇ ਦੋ ਪਿਆਲੀਆਂ ਚਾਹ ਦੀਆਂ ਬਣਾ ਕੇ ਬੈਡਰੂਮ 'ਚ ਲੈ ਆਉਂਦਾ। ਆਪਣੇ ਵਾਲੀ ਪਿਆਲੀ 'ਚੋਂ ਪਹਿਲਾਂ ਮੇਰੇ ਕੋਲੋਂ ਘੁੱਟ ਭਰਵਾਉਂਦਾ ਆਖਦਾ, ''ਮਿੱਠੀ ਕਰਦੇ।'' ਮੈਨੂੰ ਨਮੋਸ਼ੀ ਜਿਹੀ ਹੁੰਦੀ। ਫੇਰ ਮੈਂ ਉਸਨੂੰ ਕੰਮ ਤੋਂ ਮੁੜੇ ਨੂੰ ਚਾਹ ਬਣਾ ਦਿੰਦੀ। ਭੂਆ ਨੂੰ ਫੋਨ ਕਰਕੇ ਦੱਸ ਦਿੱਤਾ ਕਿ ਇਹ ਜੁਗਤਾਂ ਗੁਰਮੀਤ 'ਤੇ ਨਹੀਂ ਚੱਲਣ ਵਾਲੀਆਂ। ਉਹ ਪਤਾ ਨਹੀਂ ਕਿਹੜੀ ਮਿੱਟੀ ਦਾ ਬਣਿਆ ਹੋਇਐ। ਭੂਆ ਕਹਿੰਦੀ, ''ਤੂੰ ਜ਼ਰੂਰ ਕੁੱਟ ਖਾਣੀ ਐ। ਕਿਸੇ ਨੂੰ ਕੀ ਪਤੈ ਕਿ ਕੁੱਟਦਾ-ਮਾਰਦਾ ਹੈ ਵੀ ਕਿ ਨਹੀਂ। ਆਪਾਂ ਤਾਂ ਆਖ ਦੇਣੈ।'' ਉਸ ਦਿਨ ਤੋਂ ਬਾਅਦ ਭੂਆ ਨੂੰ ਫੋਨ ਕਰਨ ਦਾ ਵੀ ਖਿਆਲ ਨਹੀਂ ਆਇਆ। ਚੱਲ ਅੱਜ ਕਰੂੰਗੀ। ਰਾਜ਼ੀ-ਖੁਸ਼ੀ ਪੁੱਛ ਲਵਾਂਗੀ। ਆਖ ਦੇਵਾਂਗੀ ਕਿ ਮਹੀਨਾ ਕੁ ਹੋਰ ਠਹਿਰ ਜਾਈਏ, ਪਾਪਾ ਨੇ ਕੱਲ੍ਹ ਫਿਰ ਫੋਨ 'ਤੇ ਕਿਹਾ ਸੀ ਕਿ ਜਸਵਿੰਦਰ ਨੂੰ ਫੋਨ ਕਰਕੇ ਆਖ ਦੇਵੇ ਧੀਰਜ ਰੱਖਣ ਲਈ। ਟਾਈਮ ਵੇਖਦੀ ਹਾਂ ਹਾਲੇ ਸਾਢੇ ਗਿਆਰਾਂ ਵੱਜੇ ਹਨ। ਟਰਾਂਟੋ ਹੋਣਗੇ ਢਾਈ ਵੱਜੇ। ਹਾਲੇ ਥੋੜਾ ਸਦੇਹਾਂ ਹੈ। ਭੂਆ ਕਹਿੰਦੀ ਸੀ ਕਿ ਟਰਾਂਟੋ ਦੇ ਛੇ ਕੁ ਵਜੇ ਫੋਨ ਕਰਿਆ ਕਰਾਂ। ਇੱਕ ਵਜੇ ਫਿਰ ਗੁਰਮੀਤ ਦਾ ਫੋਨ ਆ ਜਾਣਾ ਹੈ। ਉਸਨੇ ਫਿਰ ਮੇਰੇ ਵਿਚਾਰਾਂ 'ਤੇ ਹਾਵੀ ਹੋ ਜਾਣਾ ਹੈ। ਇਹ ਮੈਨੂੰ ਕੀ ਹੋਈ ਜਾਂਦਾ ਹੈ। ਮੈਂ ਉੱਠ ਕੇ ਬੈੱਡਰੂਮ 'ਚ ਜਾਂਦੀ ਹਾਂ। ਪੈਰ ਅਟੈਚੀ ਨਾਲ ਟਕਰਾ ਜਾਂਦਾ ਹੈ। ਇਹ ਅਟੈਚੀ ਵੀ ਵਿਚਾਲੇ ਅੜਿਆ ਪਿਆ ਹੈ। ਉਸ ਦਿਨ ਗੁਰਮੀਤ ਦਾ ਪੈਰ ਇਸ ਵਿੱਚ ਵੱਜਿਆ ਸੀ। ਕਹਿੰਦਾ, ''ਇਹ ਅਟੈਚੀ ਤੇਰੇ ਕੱਪੜੇ ਆਪਣੇ 'ਚ ਕੈਦ ਕਰੀ ਬੈਠਾ ਹੈ ਤੇ ਮੇਰੇ ਕੱਪੜੇ ਤੇਰੇ ਕੱਪੜਿਆਂ ਦੀ ਛੋਹ ਲਈ ਤਰਸੀ ਜਾਂਦੇ ਹਨ।'' ਪਰ ਮੈਂ ਆਮ ਪਾਉਣ ਲਈ ਚਾਰ ਕੁ ਸੂਟ ਬਾਹਰ ਰੱਖੇ ਹੋਏ ਹਨ। ਸੋਚਦੀ ਹਾਂ ਕਿ ਕਿਉਂ ਖਿਲਾਰਾ ਪਾਵਾਂ, ਮਹੀਨੇ ਤੱਕ ਫੇਰ ਸਾਂਭਣੇ ਪੈਣਗੇ। ਇੱਕ ਜੀਅ ਕਰਦਾ ਹੈ ਕਿ ਅਟੈਚੀ ਖਾਲੀ ਕਰਾਂ ਐਵੇਂ ਪੈਰਾਂ 'ਚ ਵੱਜਦਾ ਹੈ, ਜਦੋਂ ਮਹੀਨਾ ਆਊ ਦੇਖੀ ਜਾਊ। ਚੱਲ ਐਹ ਛੋਟਾ ਬੈਗ ਤਾਂ ਕਰਾਂ ਇੱਕ ਪਾਸੇ, ਜਿਸ ਦਿਨ ਦੇ ਵਿਕਟੋਰੀਆ ਤੋਂ ਮੁੜੇ ਹਾਂ ਉਸੇ ਤਰ੍ਹਾਂ ਹੀ ਪਿਆ ਹੈ। ਮੈਂ ਆਪਣੀ ਪੈਂਟ-ਸ਼ਰਟ ਬਾਹਰ ਕੱਢਦੀ ਹਾਂ। ਇਹ ਗੁਰਮੀਤ ਨੇ ਮੇਰੇ ਇੱਥੇ ਪਹੁੰਚਣ ਤੋਂ ਪਹਿਲਾਂ ਹੀ ਲਿਆ ਰੱਖੀ ਸੀ, ਨਾਲ ਇੱਕ ਨਾਇਟੀ। ਪਰ ਮੈਂ ਇਹ ਕੱਪੜੇ ਹਾਲੇ ਤੱਕ ਤਨ ਨੂੰ ਨਹੀਂ ਛੁਹਾਏ। ਗੁਰਮੀਤ ਦੇ ਕੱਪੜੇ ਕੱਢਕੇ ਹੈਂਗਰਾਂ 'ਤੇ ਟੰਗ ਦਿੰਦੀ ਹਾਂ। ਆਪਣੀ ਪੈਂਟ-ਸ਼ਰਟ 'ਤੇ ਨਾਇਟੀ ਵੀ ਉਸਦੇ ਕੱਪੜਿਆਂ ਦੇ ਨਾਲ ਹੀ ਟੰਗ ਦਿੰਦੀ ਹਾਂ। ਫਿਰ ਲਾਹ ਕੇ ਗੁੱਛਾ-ਮੁੱਛਾ ਕਰਕੇ ਕਲੌਜ਼ਿਟ ਦੇ ਕੋਨੇ 'ਚ ਪਏ ਦੂਸਰੇ ਅਟੈਚੀ ਉੱਪਰ ਸੁੱਟ ਦਿੰਦੀ ਹਾਂ। ਫਿਰ ਚੁੱਕ ਕੇ ਗੁਰਮੀਤ ਦੇ ਕੱਪੜਿਆਂ ਤੋਂ ਅਲੱਗ ਹੈਂਗਰਾਂ ਉੱਪਰ ਟੰਗ ਦਿੰਦੀ ਹਾਂ। ਬੈਗ ਵਿੱਚੋਂ ਇੱਕ ਡਾਇਰੀ ਨਿਕਲਦੀ ਹੈ। ਮੈਂ ਵੇਖਣ ਲੱਗਦੀ ਹਾਂ। ਪੰਜਾਬੀ 'ਚ ਕਾਫੀ ਸਫ਼ੇ ਲਿਖੇ ਹੋਏ ਹਨ। ਉਸ ਰਾਤ ਵੀ ਉਹ ਲਿਖਦਾ ਰਿਹਾ ਸੀ।

ਮੇਰੇ ਵੈਨਕੂਵਰ ਪਹੁੰਚਣ ਤੋਂ ਦੂਸਰੇ ਦਿਨ ਹੀ ਉਹ ਮੈਨੂੰ ਲੈ ਕੇ ਵਿਕਟੋਰੀਆ ਚੱਲ ਪਿਆ ਸੀ। ਕਹਿੰਦਾ, ''ਆਪਣਾ ਹਨੀਮੂਨ ਹੁਣ ਸ਼ੁਰੂ ਹੋਇਐ। ਇੰਡੀਆ ਤਾਂ ਤੇਰੀ ਸੰਗ ਹੀ ਨਹੀਂ ਸੀ ਲੱਥੀ।'' ਮੈਂ ਆਪਣੇ ਬੁੱਲ੍ਹਾਂ 'ਤੇ ਮੱਲੋ-ਜੋਰੀ ਮੁਸਕਰਾਹਟ ਲਿਆਈ ਸੀ। ਫੈਰੀ 'ਚ ਉੱਪਰਲੇ ਡੈੱਕ 'ਤੇ ਜਾਕੇ ਉਸ ਮੈਨੂੰ ਆਪਣੇ ਨਾਲ ਘੁੱਟ ਲਿਆ।

"ਮੈਨੂੰ ਨਹੀਂ ਚੰਗਾ ਲੱਗਦਾ ਇੰਝ ਸਾਰਿਆਂ ਸਾਹਮਣੇ," ਮੈਂ ਕਿਹਾ।
"ਆਪਾਂ ਪਤੀ-ਪਤਨੀ ਆਂ।"
"ਫੇਰ ਵੀ।" ਮੇਰੀ ਆਵਾਜ਼ ਠੰਡੀ ਸੀ। ਉਸ ਮੈਨੂੰ ਛੱਡ ਦਿੱਤਾ। ਮੈਂ ਡੈੱਕ ਦੀ ਰੇਲਿੰਗ ਨੂੰ ਹੱਥ ਪਾ ਪਿੱਛੇ ਵੱਲ ਜਾਂਦੀਆਂ ਛੱਲਾਂ ਵੇਖਣ ਲੱਗੀ ---ਛੱਲਾਂ ਵਿੱਚ ਜਸਵਿੰਦਰ ਦਾ ਝਾਉਲਾ ਪਿਆ -------

----"ਇੱਧਰ ਇੰਟਰਵਿਊ 'ਤੇ ਆਇਆ ਸੀ। ਸੋਚਿਆ ਮਿਲਦੇ ਚੱਲੀਏ ਨਹੀਂ ਤਾਂ ਭਰਜਾਈ ਗੁੱਸਾ ਕਰੇਗੀ ਕਿ ਉਹਦੇ ਪੇਕਿਆਂ ਦੇ ਨੇੜਿਓਂ ਮੁੜ ਗਿਆ।" ਜਸਵਿੰਦਰ ਸਤਿ ਸ੍ਰੀ ਆਕਾਲ ਬਲਾਉਣ ਤੋਂ ਬਾਅਦ ਜ਼ਰੂਰ ਕਹਿੰਦਾ। ਪਤਾ ਨਹੀਂ ਉਸ ਨੂੰ ਇੱਧਰ ਹੀ ਕਿਓਂ ਇੰਟਰਵਿਊ ਆਉਂਦੀਆਂ। ਉਹ ਹਸਾ-ਹਸਾ ਕੇ ਸਾਡੀਆਂ ਵੱਖੀਆਂ ਦੁਖਣ ਲਾ ਦਿੰਦਾ। ਅਸੀਂ ਉਸਨੂੰ ਉਡੀਕਦੇ ਰਹਿੰਦੇ। ਉਹ ਤਾਇਆ ਜੀ ਦੀ ਲੜਕੀ ਦਾ ਦਿਉਰ ਹੈ। ਇੱਕ ਦਿਨ ਤਾਇਆ ਜੀ ਪਾਪਾ ਨੂੰ ਕਹਿੰਦੇ, "ਕਿਓਂ ਨਾ ਆਪਾਂ ਸੁਖਜੀਤ ਦਾ ਰਿਸ਼ਤਾ ਜਸਵਿੰਦਰ ਨਾਲ ਕਰ ਦੇਈਏ। ਬੀ.ਏ.,ਬੀ. ਐੱਡ ਕੀਤੀ ਹੋਈ ਐ ਨੌਕਰੀ ਮਿਲ ਹੀ ਜਾਊ। ਨਾਲੇ ਦੇਖੇ -ਭਾਲੇ ਬੰਦੇ ਐ।"

ਪਾਪਾ ਕਹਿੰਦੇ, "ਦੇਖ ਲਵਾਂਗੇ ਹਾਲੇ ਸੁਖਜੀਤ ਦੀ ਬੀ.ਏ. ਤਾਂ ਪੂਰੀ ਹੋ ਲੈਣ ਦੇਈਏ।" ਮੈਂ ਵੀ ਸੁਣਿਆ ਤੇ ਮੇਰੇ ਛੋਟੇ ਵੀਰ ਟੀਟੂ ਨੇ ਵੀ ਸੁਣ ਲਿਆ। ਉਸ ਮੇਰੀ ਛੇੜ ਹੀ ਪਾ ਦਿੱਤੀ। ਫਿਰ ਮੈਨੂੰ ਜਸਵਿੰਦਰ ਦੀ ਹੋਰ ਵੀ ਉਡੀਕ ਰਹਿਣ ਲੱਗੀ। ਜਦ ਦੂਸਰੇ ਭੈਣ-ਭਰਾ ਉਸਦੀਆਂ ਗੱਲਾਂ ਤੋਂ ਹੱਸ ਰਹੇ ਹੁੰਦੇ, ਮੈਂ ਮਾਣ ਮਹਿਸੂਸ ਕਰਦੀ। ਜਸਵਿੰਦਰ ਦੀ ਯਾਦ ਨੇ ਮੇਰੇ ਅੰਦਰ ਹਲਚਲ ਮਚਾ ਦਿੱਤੀ। ਮੇਰਾ ਹੱਥ ਅਚੇਤ ਹੀ ਗੁਰਮੀਤ ਦੇ ਹੱਥ ਉੱਪਰ ਟਿਕ ਗਿਆ। ਮੈਨੂੰ ਜਿਵੇਂ ਝਟਕਾ ਵੱਜਾ ਹੋਵੇ। ਮੈਂ ਉਸ ਵੱਲ ਵੇਖਿਆ। ਉਹ ਇੱਕ ਟੱਕ ਮੇਰੇ ਵੱਲ ਵੇਖ ਰਿਹਾ ਸੀ। "ਕੀ ਵੇਖ ਰਹੇ ਸੀ?" ਮੈਨੂੰ ਲੱਗਾ ਜਿਵੇਂ ਮੇਰੀ ਚੋਰੀ ਫੜੀ ਗਈ ਹੋਵੇ।
"ਕਿੰਨੇ ਮਹੀਨਿਆਂ ਬਾਅਦ ਮਿਲੀ ਐਂ, ਸੋਚਿਆ ਰੱਜ ਕੇ ਵੇਖ ਤਾਂ ਲਵਾਂ," ਉਸ ਜਵਾਬ ਦਿੱਤਾ।

ਇਸੇ ਤਰ੍ਹਾਂ ਇਹ ਪਿਛਲੀ ਸ਼ਾਮ ਏਅਰਪੋਰਟ 'ਤੇ ਫੁੱਲਾਂ ਦਾ ਗੁਲਦਸਤਾ ਫੜਾ ਮੇਰਾ ਮੱਥਾ ਚੁੰਮ ਕੇ ਇੱਕ ਟੱਕ ਮੇਰੇ ਵੱਲ ਵੇਖਦਾ ਰਿਹਾ ਸੀ। ਮੇਰੀਆਂ ਪਲਕਾਂ ਝੁਕ ਗਈਆਂ ਸਨ। ਮੈਂ ਤਾਂ ਸੋਚਿਆ ਵੀ ਨਹੀਂ ਸੀ ਕਿ ਇਹ ਇਕੱਲਾ ਏਅਰਪੋਰਟ ਤੇ ਆਵੇਗਾ। ਜਦ ਮੈਂ ਮੰਮੀ-ਡੈਡੀ ਹੋਰਾਂ ਬਾਰੇ ਪੁੱਛਿਆ ਤਾਂ ਕਹਿੰਦਾ, "ਉਨ੍ਹਾਂ ਦੀ ਹਾਜ਼ਰੀ 'ਚ ਮੈਂ ਤੈਨੂੰ ਸੰਵਾਰ ਕੇ ਮਿਲ ਨਹੀਂ ਸੀ ਸਕਦਾ, ਇਸ ਕਰਕੇ ਇਕੱਲਾ ਆਇਐਂ।" ਘਰ ਪਹੁੰਚਣ ਤੇ ਮੰਮੀ ਨੇ ਤੇਲ ਚੋਇਆ, 'ਅਜ ਦਾ ਦਿਨ ਮੈਂ ਮਸਾਂ ਲਿਆ---' ਉਸ ਗੀਤ ਦੀ ਹੇਕ ਕੱਢੀ। ਕਿੰਨੇ ਹੀ ਰਿਸ਼ਤੇਦਾਰ ਇਕੱਠੇ ਹੋਏ ਹੋਏ ਸਨ। ਵਿਆਹ ਵਰਗਾ ਮਾਹੌਲ ਬਣਾਈ ਬੈਠੇ ਸਨ। ਤਿੰਨ-ਚਾਰ ਜਣੇ ਦਸ ਕੁ ਮਿੰਟਾਂ ਬਾਅਦ ਉੱਠ ਕੇ ਜਾਣ ਲੱਗੇ ਇੱਕ ਗੁਰਮੀਤ ਨੂੰ ਕਹਿੰਦਾ, "ਸਪੈਸ਼ਲ ਪਾਰਟੀ ਤਾਂ ਤੈਥੋਂ ਕੰਮ 'ਤੇ ਲਵਾਂਗੇ ਅੱਜ ਤਾਂ ਅਸੀਂ ਦਰਸ਼ਨ ਕਰਨ ਆਏ ਸੀ ਕਿ ਐਹੋ ਜੀ ਕਿਹੜੀ ਕੁੜੀ ਐ ਜੀਹਦੇ ਚਾਅ 'ਚ ਤੂੰ ਉਡਿਆ ਫਿਰਦੈਂ।"

"ਇੰਡੀਆ ਦੀ ਯਾਦ ਆਉਂਦੀ ਹੋਣੀ ਏ। ਆਈ ਨੋ ਇਹ ਟਫ ਐ ਸਾਰਿਆਂ ਤੋਂ ਵਿੱਛੜਣਾ," ਗੁਰਮੀਤ ਨੇ ਮੈਨੂੰ ਚੁੱਪ-ਚੁੱਪ ਵੇਖ ਕੇ ਕਿਹਾ।

'ਮੇਰੀ ਇਸ ਨਾਲ ਕੀ ਦੁਸ਼ਮਣੀ ਹੈ,' ਮੇਰੇ ਅੰਦਰ ਖਿਆਲ ਆਇਆ। 'ਕਿੰਨਾ ਚੰਗਾ ਹੁੰਦਾ ਜੇ ਮੈਂ ਜਸਵਿੰਦਰ ਦੀ ਗੱਲ ਮੰਨ ਕੇ ਸਿੱਧਾ ਉਸਦੀ ਭੂਆ ਕੋਲ ਚਲੀ ਜਾਂਦੀ'। ਮੈਨੂੰ ਗਲਤੀ ਦਾ ਅਹਿਸਾਸ ਹੋਇਆ। ਫਿਰ ਪਾਪਾ ਸਾਹਮਣੇ ਆਣ ਖਲੋਤੇ।
"ਕੌਫੀ ਲਿਆਵਾਂ?"ਗੁਰਮੀਤ ਨੇ ਪੁੱਛਿਆ।
"ਚਲੋ ਮੈਂ ਵੀ ਤੁਹਾਡੇ ਨਾਲ ਚਲਦੀ ਹਾਂ।" ਕੌਫੀ ਲੈ ਕੇ ਅਸੀਂ ਫਿਰ ਬਾਹਰ ਆ ਗਏ। ਘੁੱਟ ਭਰ ਕੇ ਗੁਰਮੀਤ ਕਹਿੰਦਾ,"ਮੇਰੇ ਵਾਲੀ ਤਾਂ ਕੌੜੀ ਐ।" ਜਦ ਮੈਂ ਆਪਣੇ ਕੱਪ 'ਚੋਂ ਘੁੱਟ ਭਰ ਲਈ ਤਾਂ ਕਹਿਣ ਲੱਗਾ,"ਲਿਆ ਆਪਣੇ ਵਾਲੀ ਦੇ ਮੈਨੂੰ।" ਮੇਰੇ ਵਾਲੇ ਕੱਪ 'ਚੋਂ ਘੁੱਟ ਭਰਕੇ ਕਹਿੰਦਾ,"ਤੇਰੇ ਵਾਲੀ ਤਾਂ ਕਿੰਨੀ ਮਿੱਠੀ ਐ ਮੈਨੂੰ ਇਹ ਪੀ ਲੈਣਦੇ ਤੂੰ ਮੇਰੇ ਵਾਲੀ ਪੀ ਲੈ।" ਮੈਂ ਹਾਲੇ ਉਸ ਵਾਲੇ ਕੱਪ 'ਚੋਂ ਘੁੱਟ ਭਰੀ ਹੀ ਸੀ ਉਸ ਝੱਟ ਪੁੱਛ ਲਿਆ, "ਕਿਵੇਂ ਐ ਕੌੜੀ ਕਿ ਮਿੱਠੀ?"
"ਮਿੱਠੀ,"ਮੈਂ ਐਵੇਂ ਹੀ ਆਖ ਦਿੱਤਾ। ਉਸ ਦੀਆਂ ਅੱਖਾਂ ਚਮਕ ਪਈਆਂ। ਫੇਰ ਅਸੀਂ ਰਾਹ 'ਚ ਆਉਂਦੇ ਟਾਪੂਆਂ ਵੱਲ ਵੇਖਣ ਲੱਗੇ। ਉਹ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਰਿਹਾ। ਮੈਂ ਉਸਦਾ ਸਾਥ ਦੇਣ ਲਈ ਹਾਂ 'ਚ ਹਾਂ ਮਿਲਾਉਂਦੀ ਰਹੀ। ਮੈਨੂੰ ਉਹ ਬੱਚਿਆਂ ਵਰਗਾ ਲੱਗਾ। ਜਾਪਿਆ ਜਿਵੇਂ ਮੇਰੇ ਅੰਦਰ ਜੰਮੀ ਬਰਫ਼ ਨੂੰ ਕੁਝ ਸੇਕ ਪਹੁੰਚਿਆ ਹੋਵੇ। ਪਰ ਜਸਵਿੰਦਰ ਮੇਰੇ ਸਾਹਮਣੇ ਫਿਰ ਆਣ ਖਲੋਤਾ। ਮੈਂ ਡਰ ਗਈ ਕਿ ਅੰਦਰਲੀ ਬਰਫ਼ ਪਿਘਲ ਨਾ ਜਾਵੇ। ਇਸ ਕਰਕੇ ਹੋਟਲ 'ਚ ਪਹੁੰਚਣ ਸਾਰ ਜਦ ਗੁਰਮੀਤ ਨੇ ਕਿਹਾ, "ਚੱਲ ਨਹਾ ਲੈ, ਫ੍ਰੈਸ਼ ਹੋ ਜਾਵੇਂਗੀ, ਫਿਰ ਆਪਾਂ ਬਾਹਰ ਤੁਰ -ਫਿਰ ਆਵਾਂਗੇ।" ਮੈਂ ਬਹਾਨਾ ਮਾਰ ਦਿੱਤਾ, "ਮੈਨੂੰ ਤਾਂ ਚੱਕਰ ਆ ਰਹੇ ਹਨ, ਸਿਰ ਪਾਟਣ-ਪਾਟਣ ਕਰਦੈ। ਲੱਗਦੈ ਜਿਵੇਂ ਰਾਹ ਦੀ ਬੇਅਰਾਮੀ ਕਰਕੇ ਹੈ।"
"ਚੱਲ ਆਪਾਂ ਕਿਸੇ ਡਾਕਟਰ ਕੋਲ ਚਲਦੇ ਹਾਂ," ਉਹ ਫਿਕਰਮੰਦ ਦਿਸਿਆ।
"ਨਹੀਂ-ਨਹੀਂ ਸੌਣ ਨਾਲ ਠੀਕ ਹੋ ਜਾਊ।"

"ਲਿਆ ਮੈਂ ਤੇਰਾ ਸਿਰ ਘੁੱਟ ਦਿਆਂ," ਉਸ ਪਿਆਰ ਜਿਹੇ ਨਾਲ ਮੇਰਾ ਸਿਰ ਆਪਣੇ ਹੱਥਾਂ 'ਚ ਲੈ ਲਿਆ। ਮੈਂ ਕਹਿਣਾ ਚਾਹੁੰਦੀ ਸੀ, 'ਵੈਰੀਆ ਤੈਥੋਂ ਦੂਰ ਭੱਜਣ ਲਈ ਤਾਂ ਮੈਂ ਬਹਾਨੇ ਬਣਾ ਰਹੀ ਹਾਂ ਤੇ ਤੂੰ ਨੇੜੇ ਹੋ ਹੋ ਬਹਿਨੈਂ'। ਪਰ ਮੈਂ ਆਖਿਆ, "ਨਾ ਪਲੀਜ਼।"

ਉਹ ਬੁਝ ਜਿਹਾ ਗਿਆ। ਫਿਰ ਕਹਿੰਦਾ, "ਚੱਲ ਕੁਝ ਖਾ ਆਈਏ ਫੇਰ ਆਕੇ ਸੌਂ ਜਾਵੀਂ।"

"ਨਹੀਂ ਨਹੀਂ ਮੈਨੂੰ ਭੁੱਖ ਨਹੀਂ, ਤੁਸੀਂ ਖਾ ਆਓ। ਮੈਂ ਸੇਬ ਖਾ ਲਵਾਂਗੀ।" ਮੈਂ ਨਾਲ ਲਿਆਂਦੇ ਲਿਫਾਫੇ ਵੱਲ ਇਸ਼ਾਰਾ ਕਰਕੇ ਕਿਹਾ। ਉਹ ਸੇਬ ਕੱਟ ਕੇ ਮੈਨੂੰ ਖਵਾਉਣ ਲੱਗਾ। ਉਸ ਆਪ ਦੋ ਕੇਲੇ ਖਾ ਲਏ। ਫੇਰ ਉਹ ਮੇਰੇ ਨਾਲ ਹੀ ਬੈੱਡ ਤੇ ਲੇਟ ਗਿਆ। ਉਸਦਾ ਹੱਥ ਮੇਰੇ ਸਰੀਰ 'ਤੇ ਫਿਰਨ ਲੱਗਾ। ਜਸਵਿੰਦਰ ਦਾ ਚੇਹਰਾ ਅੱਖਾਂ ਮੂਹਰੇ ਆ ਗਿਆ। ਸਰੀਰ 'ਤੇ ਗੁਰਮੀਤ ਦਾ ਫਿਰਦਾ ਹੱਥ ਲੱਗਾ ਜਿਵੇਂ ਨਾਗ ਮੇਲ੍ਹ ਰਿਹਾ ਹੋਵੇ। ਮੈਂ ਡਰ ਕੇ ਅੱਖਾਂ ਖੋਲ੍ਹ ਲਈਆਂ। ਗੁਰਮੀਤ ਮੇਰੀਆਂ ਅੱਖਾਂ ਸਾਹਮਣੇ ਸੀ। ਅੱਖਾਂ ਮੀਚਦੀ ਤਾਂ ਜਸਵਿੰਦਰ ਦਿਸਦਾ, ਖੋਹਲਦੀ ਤਾਂ ਗੁਰਮੀਤ ਦਾ ਭੋਲਾ ਚੇਹਰਾ ਸਾਹਮਣੇ ਹੁੰਦਾ। ਅੰਦਰ ਚੱਲ ਰਹੀ ਕਸ਼ਮਕਸ਼ ਦੀ ਪੀੜ ਅੱਖਾਂ ਰਾਹੀਂ ਵਹਿ ਤੁਰੀ। ਗੁਰਮੀਤ ਬੈੱਡ ਤੋਂ ਉੱਠ ਖਲੋਤਾ। ਕਹਿੰਦਾ, "ਹੁਣ ਤੂੰ ਆਰਾਮ ਨਾਲ ਸੌਂ ਕੱਲ੍ਹ ਨੂੰ ਘੁੰਮ-ਫਿਰ ਲਵਾਂਗੇ।"

ਉਹ ਕੁਝ ਲਿਖਣ ਲੱਗਾ ਅਤੇ ਮੈਂ ਜਸਵਿੰਦਰ ਬਾਰੇ ਸੋਚਣ ਲੱਗੀ। ਜਦ ਉਹ ਆ ਜਾਂਦਾ ਮੈਂ ਉੱਡੀ ਫਿਰਦੀ। ਮੈਂ ਆਪਣੇ-ਆਪ ਨੂੰ ਖੁਸ਼ਕਿਸਮਤ ਸਮਝਦੀ ਕਿ ਜਿਸਨੂੰ ਚਾਹੁੰਦੀ ਹਾਂ, ਉਸ ਨਾਲ ਹੀ ਵਿਆਹ ਹੋਵੇਗਾ। ਪਰ ਇੱਕ ਦਿਨ ਉਹ ਕਹਿੰਦਾ, "ਆਪਣੇ ਕਰਮਾਂ 'ਚ ਤਾਂ ਫੌਰਨ ਦੀ ਧਰਤੀ ਐ।"

"ਜੇ ਜਨਾਬ ਫੋਰਨ ਚਲੇ ਗਏ ਤਾਂ ਸਾਡਾ ਗਰੀਬਾਂ ਦਾ ਕੀ ਬਣੇਗਾ," ਮੈਂ ਛੇੜਿਆ।

"ਅਸੀਂ ਆਪਣੀ ਗਰੀਬਣੀ ਨੂੰ ਵੀ ਨਾਲ ਲੈ ਜਾਵਾਂਗੇ।"

"ਗਰੀਬਣੀ ਨੂੰ ਕਿਵੇਂ ਲੈ ਜਾਓਗੇ ਜਨਾਬ। ਜੇ ਗਏ ਤਾਂ ਮੈਰਿਜ ਬੇਸ ਤੇ ਜਾਓਗੇ ਕਿ ਕੋਈ ਹੋਰ ਤਰੀਕਾ ਲੱਭਿਐ ਮੇਰੀ ਸਰਕਾਰ ਨੇ," ਮੈਂ ਉਸੇ ਦੀ ਮਜ਼ਾਕ ਵਾਲੀ ਭਾਸ਼ਾ 'ਚ ਕਿਹਾ।

"ਤਰੀਕੇ ਦੀ ਭਾਲ ਹਾਲੇ ਜਾਰੀ ਹੈ। ਮੈਰਿਜ ਬੇਸ ਮਿਲ ਗਿਆ ਛੱਡਣਾ ਉਹ ਵੀ ਨਹੀਂ। ਉੱਥੇ ਪਹੁੰਚਕੇ ਤੂੰ ਕੌਣ ਤੇ ਮੈਂ ਕੌਣ ਤੇ ਆਪਾਂ ਆਪਣੀ ਗਰੀਬਣੀ ਨੂੰ ਸੱਦ ਲੈਣਾ ਏ," ਉਸ ਮੇਰੇ ਚੇਹਰੇ ਤੇ ਅੱਖਾਂ ਗੱਡ ਕੇ ਕਿਹਾ।

"ਕਿਸੇ ਦੀ ਜ਼ਿੰਦਗੀ ਨਾਲ ਖਿਲਵਾੜ ਕਰੋਂਗੇ?"

"ਐਵਰੀ ਥਿੰਗ ਇਜ਼ ਫੇਅਰ ਇਨ ਲਵ ਐਂਡ ਵਾਰ," ਆਖ ਕੇ ਉਹ ਹੱਸਿਆ।

ਫੇਰ ਮੈਨੂੰ ਪਤਾ ਲੱਗਾ ਕਿ ਉਹ ਜਰਮਨੀ ਜਾਣ ਦੀ ਸਕੀਮ ਬਣਾ ਰਿਹਾ ਹੈ। ਮੈਂ ਪੁੱਛਿਆ ਤਾਂ ਕਹਿੰਦਾ, "ਕੁਛ ਤਾਂ ਕਰਨਾ ਹੀ ਪਊ ,ਨਹੀਂ ਤਾਂ ਸਾਰੀ ਉਮਰ ਭੁੱਖ-ਨੰਗ ਨਾਲ ਘੁਲਦੇ ਮਰ ਜਾਵਾਂਗੇ। ਤੂੰ ਫਿਕਰ ਨਾ ਕਰ। ਜੇ ਸੂਤ ਆ ਗਿਆ ਤਾਂ ਤੈਨੂੰ ਉੱਥੇ ਹੀ ਸੱਦ ਲਊਂ ਜੇ ਨਾ ਆਇਆ ਕੁਛ ਕਮਾ ਕੇ ਤਾਂ ਲਿਆਵਾਂਗਾ ਹੀ। ਨਾਲੇ ਉਦੋਂ ਤੱਕ ਤੂੰ ਐਮ.ਏ.ਜਾਂ ਬੀ.ਐਡ ਕਰ ਲਵੇਂਗੀ।"

"ਮੈਨੂੰ ਨਹੀਂ ਚੰਗੀ ਲੱਗੀ ਥੋਡੀ ਸਕੀਮ। ਘੱਟ ਖਾ ਲਵਾਂਗੇ। ਨਾਲੇ ਕਦੇ ਤਾਂ ਨੌਕਰੀ ਮਿਲੇਗੀ ਹੀ," ਮੈਂ ਵਿਰੋਧ ਕੀਤਾ।

ਪਰ ਉਹ ਕਹਿੰਦਾ,"ਮੈਂ ਆਪਣੇ ਚੰਗੇ ਫਿਊਚਰ ਬਾਰੇ ਸੋਚ ਕੇ ਹੀ ਕਰ ਰਿਹਾ ਹਾਂ।" ਤੇ ਉਹ ਚਲਿਆ ਗਿਆ। ਮਹੀਨੇ ਕੁ ਬਾਅਦ ਦਿੱਲੀ-ਬੰਬਈ ਦੇ ਚੱਕਰ ਲਾਕੇ ਮੁੜ ਆਇਆ। ਮੈਂ ਸ਼ੁਕਰ ਕੀਤਾ। ਉਹ ਬਹੁਤ ਮਾਯੂਸ ਸੀ। ਏਜੰਟ ਉਸ ਨੂੰ ਧੋਖਾ ਦੇ ਗਿਆ ਸੀ।

ਮੈਂ ਪਾਸਾ ਪਲਟਿਆ। ਗੁਰਮੀਤ ਕੁਝ ਲਿਖਣ 'ਚ ਰੁਝਿਆ ਹੋਇਆ ਸੀ। 'ਮੈਂ ਵੀ ਤਾਂ ਗੁਰਮੀਤ ਨਾਲ ਧੋਖਾ ਹੀ ਕਰ ਰਹੀ ਹਾਂ,' ਮੈਨੂੰ ਖਿਆਲ ਆਇਆ। ਕਿੰਨੇ ਚਾਵਾਂ ਨਾਲ ਮੈਨੂੰ ਲੈਕੇ ਆਇਐ। ਹੋਟਲ ਦਾ ਖਰਚ ਵੱਖ। ਮੈਨੂੰ ਇਸ ਤਰ੍ਹਾਂ ਬਹਾਨਾ ਨਹੀਂ ਸੀ ਕਰਨਾ ਚਾਹੀਦਾ। ਪਰ ਮੈਂ ਕੀ ਕਰਦੀ। ਮੈਨੂੰ ਆਪਣਾ ਆਪ ਜਸਵਿੰਦਰ ਦਾ ਗੁਨਾਹਗਾਰ ਲੱਗਣ ਲੱਗ ਪਿਆ ਸੀ। ਤੇ ਹੁਣ ਗੁਰਮੀਤ ਦਾ। ਮੈਂ ਕਿੱਥੇ ਉਲਝ ਗਈ। ਮੇਰੇ ਸਿਰ 'ਚ ਸੱਚ ਹੀ ਦਰਦ ਹੋਣ ਲੱਗਾ। ਜੀਅ ਕੀਤਾ ਕਿ ਉੱਚੀ-ਉੱਚੀ ਰੋਵਾਂ। ਪਰ ਗੁਰਮੀਤ ਕੁਝ ਲਿਖਣ 'ਚ ਮਸਤ ਸੀ।

ਮੇਰਾ ਧਿਆਨ ਹੱਥ 'ਚ ਫੜੀ ਡਾਇਰੀ ਵੱਲ ਜਾਂਦਾ ਹੈ। ਖਾਲੀ ਹੋਇਆ ਛੋਟਾ ਬੈਗ ਕਲੌਜ਼ਿਟ 'ਚ ਰੱਖਕੇ ਮੈਂ ਬੈਡ 'ਤੇ ਲੇਟ ਜਾਂਦੀ ਹਾਂ ਅਤੇ ਡਾਇਰੀ ਦੇ ਵਰਕੇ ਫਰੋਲਣ ਲੱਗਦੀ ਹਾਂ। 'ਹਨੀਮੂਨ' ਸਿਰਲੇਖ ਵਾਲਾ ਸਫ਼ਾ ਪੜ੍ਹਨ ਲੱਗਦੀ ਹਾਂ।

ਸੋਚਿਆ ਵੀ ਨਹੀਂ ਸੀ ਕਿ ਹਨੀਮੂਨ ਵੇਲੇ ਵੀ ਮੈਂ ਡਾਇਰੀ ਲਿਖਾਂਗਾ। ਮੈਂ ਕਿੱਡੀ ਗਲਤੀ ਕਰ ਬੈਠਾ ਹਾਂ। ਇਹ ਵੀ ਨਹੀਂ ਸੋਚਿਆ ਕਿ ਜਹਾਜ਼ ਦੀ ਥਕਾਵਟ ਤੇ ਉਨੀਂਦਰੇ ਕਾਰਣ ਉਸਨੂੰ ਦੋ ਕੁ ਦਿਨ ਆਰਾਮ ਕਰ ਲੈਣ ਦੇਣਾ ਚਾਹੀਦਾ ਸੀ। ਪਰ ਕੀ ਕਰਾਂ? ਇੰਡੀਆ ਇਹਦੇ ਸ਼ਰਮਾਉਣ 'ਚ ਹੀ ਟਾਈਮ ਲੰਘ ਗਿਆ। ਸੋਚਦਾ ਸੀ ਕਿ ਘਰ 'ਚ ਵੀ ਮੰਮੀ-ਡੈਡੀ ਦੀ ਹੋਂਦ ਕਰਕੇ ਖੁੱਲ੍ਹੇਗੀ ਨਹੀਂ। ਮੈਂ ਉਸ ਨਾਲ ਵਿਛੋੜੇ ਸਮੇਂ ਦੇ ਵੇਖੇ ਸੁਪਨੇ ਛੇਤੀ ਪੂਰੇ ਕਰਨਾ ਚਾਹੁੰਦਾ ਸੀ। ਸੁੱਖੀ ਨੂੰ ਜਿਹੜੇ ਕੱਪੜਿਆਂ 'ਚ ਸੁਪਨਿਆਂ 'ਚ ਚਿਤਵਦਾ ਸੀ ਉਹ ਮੈਂ ਪਹਿਲਾਂ ਹੀ ਖ੍ਰੀਦ ਰੱਖੇ ਹਨ। ਸੋਚਿਆ ਸੀ, ਜਦ ਉਹ ਨਹਾਉਣ ਲੱਗੇਗੀ

ਬੈਗ 'ਚੋਂ ਕੱਪੜੇ ਕੱਢ ਕੇ ਉਸਨੂੰ ਕਹਾਂਗਾ ਕਿ ਆਹ ਪਾ। ਫੇਰ ਉਸ ਨਾਲ ਬਾਹਰ ਘੁੰਮਣ ਜਾਵਾਂਗਾ। ਚੰਨ ਚਾਨਣੀ ਰਾਤ ਝੀਲ ਕਿਨਾਰੇ ਇੱਕ-ਦੂਜੇ ਦਾ ਹੱਥ ਫੜ ਤੁਰਾਂਗੇ। ਫੇਰ ਮੈਂ ਸੁੱਖੀ ਦਾ ਚੇਹਰਾ ਆਪਣੇ ਹੱਥਾਂ 'ਚ ਲੈ ਕੇ ਆਖਾਂਗਾ ,'ਅਸਮਾਨ ਵਾਲੇ ਚੰਨ ਨਾਲੋਂ ਇਹ ਚੰਨ ਵਧੇਰੇ ਖੂਬਸੂਰਤ ਹੈ'---।

ਪੜ੍ਹ ਕੇ ਮੈਂ ਰੁਮਾਂਟਿਕ ਹੋਣ ਲੱਗਦੀ ਹਾਂ। ਝੱਲਾ ਹੈ ਇਹ। ਨਹੀਂ ਮੈਂ ਮੂਰਖ ਹਾਂ, ਜਿਸਨੇ ਵਿਚਾਰੇ ਦਾ ਸਾਰਾ ਪ੍ਰੋਗਰਾਮ ਹੀ ਚੌਪਟ ਕਰ ਦਿੱਤਾ। ਨਹੀਂ-ਨਹੀਂ ਮੈਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ। ਕਿੰਨੀ ਸਵਾਰਥੀ ਹੋ ਗਈ ਹਾਂ। ਮੈਂ ਅੱਗੇ ਪੜ੍ਹਨ ਲੱਗਦੀ ਹਾਂ।

---ਪਰ ਸੁੱਖੀ ਦੀ ਤਬੀਅਤ ਖਰਾਬ ਹੈ। ਕੋਈ ਨੀ ਸਾਰੀ ਉਮਰ ਪਈ ਹੈ ਸੁਪਨੇ ਪੂਰੇ ਕਰਨ ਲਈ। ਵਿਚਾਰੀ ਕਿਵੇਂ ਪਈ ਹੈ ਗੁੱਛਾ-ਮੁੱਛਾ ਹੋਈ। ਜੀਅ ਕਰਦਾ ਹੈ ਕਿ ਆਪਣੀ ਗੋਦੀ 'ਚ ਉਸਦਾ ਸਿਰ ਰੱਖਕੇ ਘੁੱਟਾਂ। ਪਰ ਉਸਦੀ ਨੀਂਦ ਖਰਾਬ ਹੋਵੇਗੀ। ਕਿੰਨੀ ਪਿਆਰੀ ਹੈ ਮੇਰੀ ਸੁੱਖੀ। ਇਸ ਦੀ ਹੋਂਦ ਦਾ ਅਹਿਸਾਸ ਹੀ ਮੈਨੂੰ ਨਸ਼ਿਆ ਰਿਹਾ ਹੈ। ---

ਮੇਰੇ ਅੰਦਰੋਂ ਹਾਉਕਾ ਨਿਕਲਦਾ ਹੈ। ਸਾਹਮਣੀ ਕੰਧ ਉੱਪਰ ਲੱਗੀ ਮੇਰੀ ਤਸਵੀਰ 'ਚ ਮੈਂ ਮੁਸਕਰਾ ਰਹੀ ਹਾਂ। ਜਿਵੇਂ ਮੈਂ ਆਪਣੇ ਆਪ 'ਤੇ ਹੱਸ ਰਹੀ ਹੋਵਾਂ। ਇਹ ਤਸਵੀਰ ਪਾਪਾ ਨੇ ਵਿਆਹ ਤੋਂ ਪਹਿਲਾਂ ਭੇਜੀ ਸੀ, ਜਿਸਨੂੰ ਗੁਰਮੀਤ ਨੇ ਵੱਡੀ ਕਰਾ ਕੇ ਬੈੱਡ ਦੇ ਸਾਹਮਣੀ ਕੰਧ ਉੱਪਰ ਲਗਾ ਦਿੱਤਾ। ਇਸੇ ਆਕਾਰ ਦੀਆਂ ਮੇਰੀਆਂ ਹੋਰ ਵੀ ਤਸਵੀਰਾਂ ਲਾਈ ਬੈਠੈ। ਇੱਕ ਤਸਵੀਰ ਹੈ ਜਿਹੜੀ ਮੇਰੀ ਤੇ ਗੁਰਮੀਤ ਦੀ ਇਕੱਠਿਆਂ ਦੀ ਹੈ ਵਿਆਹ ਵੇਲੇ ਦੀ। ਮੈਂ ਤਸਵੀਰਾਂ ਤੋਂ ਨਿਗ੍ਹਾ ਹਟਾ ਡਾਇਰੀ ਦੇ ਸਫ਼ੇ ਪਲਟਦੀ ਹਾਂ। 'ਵਿਆਹ ਲਈ ਹਾਂ' ਸਿਰਲੇਖ ਵਾਲਾ ਸਫ਼ਾ ਪੜ੍ਹਨ ਲੱਗਦੀ ਹਾਂ।

-- ਮੈਂ ਤਾਂ ਗੁਆਚ ਗਿਆ ਸੀ। ਪਹਿਲਾਂ ਮੈਂ ਲੱਗਦੀਆਂ ਆਰਾਂ 'ਚ ਗੁਆਚਿਆ ਸੀ। ਕਨੇਡਾ 'ਚ ਮੰਮੀ-ਡੈਡੀ ਨਾਲ ਭੈਣ ਕੋਲ ਆਇਆ ਹੋਣ ਕਰਕੇ ਆਰਾਂ ਦਾ ਜਿਹੜਾ ਮਤਲਬ ਮੈਨੂੰ ਸਮਝ ਲੱਗਦਾ ਉਹ ਹੁੰਦਾ, 'ਭੈਣ ਘਰ ਭਾਈ ਕੁੱਤਾ'। ਇਨ੍ਹਾਂ ਆਰਾਂ ਤੋਂ ਬਚਣ ਲਈ ਮੈਂ ਛੇਤੀ ਘਰ ਬੰਨ੍ਹਣਾ ਚਾਹੁੰਦਾ ਸੀ। ਆਪਣੇ ਆਲੇ-ਦੁਆਲੇ ਦੇ ਹਾਣ ਦਾ ਹੋਣਾ ਚਾਹੁੰਦਾ ਸੀ। ਦਸ ਸਾਲ ਪਹਿਲਾਂ ਕਨੇਡਾ ਆਇਆਂ ਨਾਲ ਰਲਣ ਲਈ ਬਹੁਤ ਸਾਰੇ ਡਾਲਰਾਂ ਦੀ ਜ਼ਰੂਰਤ ਸੀ, ਜਿਹੜੇ ਕੰਮ ਕੀਤਿਆਂ ਹੀ ਕਮਾਏ ਜਾ ਸਕਦੇ ਸਨ। ਅਤੇ ਮੈਂ ਕੰਮਾਂ 'ਚ ਗੁਆਚ ਗਿਆ। ਆਪਣੀ ਹੋਂਦ ਨੂੰ ਭੁਲਾ ਬੈਠਾ। ਇੱਕ ਮਸ਼ੀਨ ਬਣ ਗਿਆ। ਮਸ਼ੀਨਾਂ 'ਚ ਦਿਲ ਥੋੜ੍ਹੋ ਧੜਕਦੇ ਹਨ। ਪਰ ਇੱਕ ਦਿਨ ਕੰਮਾਂ ਦੀ ਮਾਰੋ-ਮਾਰ 'ਚ ਮੈਨੂੰ ਛੁੱਟੀ ਕਰਨੀ ਪੈ ਗਈ। ਮੈਂ ਸ਼ਾਪਿੰਗ ਸੈਂਟਰ ਚਲਾ ਗਿਆ। ਕੰਮ 'ਤੇ ਪਾਉਣ ਲਈ ਕਵਰਆਲ ਖ੍ਰੀਦਣਾ ਸੀ। ਬਹੁਤ ਹੀ ਪਿਆਰੀ ਆਵਾਜ਼ ਕੰਨੀ ਪਈ,"ਹਾਏ ਗੁਰਮੀਤ।"

ਜਿੰਦਰ ਸੀ ਇਹ। ਚਾਰ-ਪੰਜ ਸਾਲ ਬਾਅਦ ਮਿਲੀ ਸੀ। ਮੈਂ ਕਨੇਡਾ ਆਇਆ ਹੀ ਸੀ, ਉਦੋਂ ਦੋ ਕੁ ਮਹੀਨੇ ਇੱਕ ਫੂਡ ਪੈਕਿੰਗ ਪਲਾਂਟ 'ਚ ਕੰਮ ਕੀਤਾ ਸੀ ਉਥੇ ਇਹ ਜਿੰਦਰ ਕੰਮ ਕਰਦੀ ਸੀ। ਮੇਰੇ ਵਾਂਗ ਇੰਡੀਆ ਤੋਂ ਨਵੀਂ-ਨਵੀਂ ਆਈ ਸੀ। ਮੇਰੀ ਜਦੋਂ ਉਸ ਤੇ ਨਿਗ੍ਹਾ ਪੈਣੀ, ਬਹੁਤੇ ਵਾਰੀ ਉਸਦੀਆਂ ਮੋਟੀਆਂ-ਮੋਟੀਆਂ ਅੱਖਾਂ ਮੇਰੇ ਵੱਲ ਕੇਂਦ੍ਰਿਤ ਹੋਣੀਆਂ। ਮੇਰੇ ਨਾਲ ਅੱਖ ਮਿਲਦੇ ਹੀ ਉਸ ਪਲਕਾਂ ਝੁਕਾ ਲੈਣੀਆਂ। ਉਸਦੀ ਇਹ ਤੱਕਣੀ ਮੈਨੂੰ ਖੰਭ ਲਾ ਦਿੰਦੀ। ਆਪਣੇ ਸੰਕੋਚਵੇਂ ਸੁਭਾਅ ਕਰਕੇ ਮੈਂ ਉਸ ਵੱਲ ਕਦਮ ਨਾ ਵਧਾ ਸਕਿਆ। ਜਦ ਤੱਕ ਉਹ ਪਲਕਾਂ ਝੁਕਾਉਣ ਦੀ ਥਾਂ ਮੁਸਕਰਾਉਣ ਲੱਗੀ, ਮੈਨੂੰ ਹੋਰ ਥਾਂ ਕੰਮ ਮਿਲ ਗਿਆ। ਕੰਮ ਛੱਡਣ ਸਮੇਂ ਮੇਰੇ ਅੰਦਰ ਖੋਹ ਜਿਹੀ ਪਈ ਪਰ ਇਹ ਖੋਹ ਨਵੀਂ ਥਾਂ 'ਤੇ ਘੰਟੇ ਦਾ ਇੱਕ ਡਾਲਰ ਵੱਧ ਮਿਲਣ ਦੀ ਖੁਸ਼ੀ 'ਚ ਗੁਆਚ ਗਈ।

ਤੇ ਉਸ ਦਿਨ ਅਚਾਨਕ ਉਸਨੂੰ ਵੇਖ ਮੇਰਾ ਦਿਲ ਧੜਕਿਆ।

"ਕੀ ਹਾਲ ਹੈ"? ਉਸ ਪੁੱਛਿਆ। ਮੈਨੂੰ ਉਹ ਪਹਿਲਾਂ ਤੋਂ ਵੀ ਨਿੱਖਰੀ-ਨਿੱਖਰੀ ਲੱਗੀ।

"ਬੱਸ ਠੀਕ ਐ। ਤੁਸੀਂ ਹਾਲੇ ਉਥੇ ਹੀ ਕੰਮ ਕਰਦੇ ਐਂ"?ਮੈਂ ਪੁਛਿਆ।

"ਹੋਰ ਆਪਾਂ ਕਿੱਥੇ ਜਾਣੈ। ਤੁਸੀਂ ਮੁੜਕੇ ਗੇੜਾ ਹੀ ਨਹੀਂ ਮਾਰਿਆ," ਉਸ ਮੇਰੀਆਂ ਅੱਖਾਂ 'ਚ ਵੇਖਦੀ ਨੇ ਕਿਹਾ। ਮੈਨੂੰ ਲੱਗਾ ਜਿਵੇਂ ਉਹ ਆਖ ਰਹੀ ਹੋਵੇ, 'ਵੈਰੀਆ ਲਾਕੇ ਮੁੜ ਸਾਰ ਵੀ ਨਹੀਂ ਲਈ'। ਮੈਥੋਂ ਉਸਦੀ ਤੱਕਣੀ ਦੀ ਤਾਬ ਨਾ ਝੱਲੀ ਗਈ। ਮੈਂ ਅੱਖਾਂ ਨਿਵਾਕੇ ਮਰੀ ਜਿਹੀ ਆਵਾਜ਼ 'ਚ ਕਿਹਾ, "ਟਾਈਮ ਹੀ ਨਹੀਂ ਮਿਲਿਆ, ਕੰਮਾਂ 'ਚ ਹੀ ਬਿਜ਼ੀ ਹੋ ਗਿਆ। ਤਿੰਨ ਥਾਵਾਂ 'ਤੇ ਕੰਮ ਕਰਦਾਂ।"

"ਕੰਮ ਜਿਉਣ ਵਾਸਤੇ ਕਰੀਦੈ, ਕੰਮ ਕਰਨ ਵਾਸਤੇ ਨਹੀਂ ਜੀਵੀਂਦਾ," ਉਸ ਦਾਨੀ ਔਰਤ ਵਾਂਗ ਕਿਹਾ। ਮੇਰੀ ਨਿਗ੍ਹਾ ਉਸ ਵੱਲੋਂ ਫੜੇ ਸਟਰੋਲਰ 'ਚ ਬੈਠੇ ਬੱਚੇ 'ਤੇ ਪਈ।

"ਕਿੰਨਾ ਪਿਆਰਾ ਬੱਚਾ ਹੈ। ਕੀ ਨਾਂ ਹੈ ?"ਮੈਂ ਬੱਚੇ ਨਾਲ ਲਾਡ ਕਰਦੇ ਨੇ ਪੁੱਛਿਆ।

"ਗੈਰੀ, ਪੂਰਾ ਨਾਂ ਗੁਰਮੀਤ," ਉਸ ਦੱਸਿਆ। ਮੇਰੇ ਅੰਦਰ ਇੱਕ ਤਰੰਗ ਜਿਹੀ ਉੱਠੀ।

ਉਸ ਦਿਨ ਮੇਰੇ ਦਿਮਾਗ 'ਚ ਆਇਆ ਕਿ ਮੰਮੀ -ਡੈਡੀ ਦੀ ਗੱਲ ਮੰਨ ਲੈਣੀ ਚਾਹੀਦੀ ਹੈ। ਉਹ ਬਹੁਤ ਦੇਰ ਤੋਂ ਮੇਰੇ ਮਗਰ ਪਏ ਹੋਏ ਸਨ ਕਿ ਵਿਆਹ ਕਰਾਵਾਂ।-- –

ਮੈਂ ਸਫ਼ਾ ਪਲਟਦੀ ਹਾਂ ਅਤੇ 'ਵਿਆਹ ਦੀ ਤਿਆਰੀ' ਵਾਲਾ ਸਫ਼ਾ ਪੜ੍ਹਨ ਲੱਗਦੀ ਹਾਂ।

-- --ਜਦ ਮੈਂ ਵਿਆਹ ਲਈ ਹਾਂ ਕਿਹਾ ਮੰਮੀ ਦੀ ਅੱਡੀ ਧਰਤੀ 'ਤੇ ਨਾ ਲੱਗੇ। ਮੇਰਾ ਵਿਚਾਰ ਸੀ ਕਿ ਕਨੇਡਾ 'ਚ ਹੀ ਕੋਈ ਕੁੜੀ ਲੱਭ ਪਵੇ।

''ਐਧਰ ਦੀਆਂ ਜੰਮੀਆਂ-ਪਲੀਆਂ ਸਾਨੂੰ ਕਿੱਥੋਂ ਮੰਨੀਆਂ ਖਵਾ ਦੇਣਗੀਆਂ,'' ਮੰਮੀ ਨੇ ਨਾਂਹ 'ਚ ਸਿਰ ਫੇਰਿਆ।

''ਐਧਰਲੀਆਂ ਜੰਮੀਆਂ-ਪਲੀਆਂ ਤਾਂ ਮੈਂ ਵੀ ਨਹੀਂ ਕਹਿੰਦਾ। ਕਲਚਰਲ ਡਿਫਰੈਂਸ ਐ। ਪਰ ਹੋ ਸਕਦੈ ਜਿਵੇਂ ਆਪਾਂ ਨੂੰ ਚਾਰ-ਪੰਜ ਸਾਲ ਹੋਏ ਐ, ਜੇ ਏਸ ਤਰ੍ਹਾਂ ਦਾ ਕੋਈ ਪ੍ਰੀਵਾਰ ਲੱਭ ਜਾਏ,'' ਮੈਂ ਕਿਹਾ।

''ਨਹੀਂ ਐਧਰ ਆਕੇ ਕੁੜੀਆਂ 'ਤੇ ਝੱਟ ਅਸਰ ਹੋ ਜਾਂਦੈ। ਵਿਆਹ ਤਾਂ ਆਪਾਂ ਇੰਡੀਆ ਹੀ ਕਰਾਂਗੇ,'' ਡੈਡੀ ਨੇ ਆਖਰੀ ਸੁਣਾ ਦਿੱਤੀ।

''ਰਿਸ਼ਤੇਦਾਰਾਂ ਦੀਆਂ ਰੋਜ਼ ਚਿੱਠੀਆਂ ਆਉਂਦੀਐ ਇੰਡੀਆ ਤੋਂ। ਕੀਹਦਾ ਲਵੋਂਗੇ ਤੇ ਕੀਹਨੂੰ ਗੁੱਸੇ ਕਰੋਂਗੇ,'' ਮੈਂ ਚਿੱਠੀਆਂ ਬਾਰੇ ਯਾਦ ਕਰਵਾਇਆ।

''ਆਪਾਂ ਰਿਸ਼ਤੇਦਾਰੀ 'ਚੋਂ ਕਿਸੇ ਦਾ ਵੀ ਨਹੀਂ ਲੈਂਦੇ। ਅਖਬਾਰ 'ਚ ਕਢਾ ਦਿੰਨੇ ਆਂ,'' ਡੈਡੀ ਨੇ ਕਿਹਾ।

''ਜਿਵੇਂ ਤੁਹਾਨੂੰ ਠੀਕ ਲੱਗਦੈ,'' ਮੈਂ ਆਖ ਦਿੱਤਾ।

ਇੰਡੀਆ ਪਹੁੰਚ ਸਭ ਤੋਂ ਪਹਿਲਾਂ ਸੁਖਜੀਤ ਨੂੰ ਹੀ ਵੇਖਣ ਦਾ ਫੈਸਲਾ ਹੋਇਆ। ਉਸਦੀ ਤਸਵੀਰ ਵੇਖ ਹੀ ਮੈਂ ਪੱਟਿਆ ਗਿਆ ਸੀ। ਤੇ ਜਦ ਉਸ ਨੂੰ ਵੇਖਿਆ ਉਸੇ ਦਾ ਹੋ ਕੇ ਰਹਿ ਗਿਆ। ਚਾਹ ਪੀਂਦਿਆਂ ਮੈਂ ਚੋਰ ਅੱਖ ਨਾਲ ਵੇਖਦਾ, ਮੈਨੂੰ ਲਗਦਾ ਜਿਵੇਂ ਉਹ ਜਿੰਦਰ ਵਾਂਗ ਮੇਰੇ ਵੱਲ ਵੇਖ ਰਹੀ ਹੋਵੇਗੀ ਪਰ ਸੁਖਜੀਤ ਦੀਆਂ ਪਲਕਾਂ ਨੀਵੀਆਂ ਹੀ ਹੁੰਦੀਆਂ -----

'ਹੋਰ ਮੈਂ ਬਿੱਟ-ਬਿੱਟ ਝਾਕਦੀ। ਮੈਨੂੰ ਪਤੈ ਕਿੰਨੇ ਕਲੇਸ਼ ਬਾਅਦ ਉੱਥੇ ਬੈਠਣਾਂ ਪਿਆ ਸੀ'। ਡਾਇਰੀ ਤੋਂ ਨਿਗ੍ਹਾ ਹਟਾ ਕੇ ਮੈਂ ਬੀਤੇ 'ਚ ਗੁਆਚ ਗਈ।

ਘਰ 'ਚ ਪੂਰਾ ਤਣਾਓ ਸੀ। ਮੇਰੀ ਅੜੀ ਸੀ ਕਿ ਜੇ ਵਿਆਹ ਕਰਾਉਣੈਂ ਤਾਂ ਜਸਵਿੰਦਰ ਨਾਲ ਹੀ, ਨਹੀਂ ਤਾਂ ਨਹੀਂ। ਪਾਪਾ ਕਹਿੰਦੇ, ''ਉਹ ਕੋਈ ਕੰਮ ਨੀ ਕਰਦਾ ਕਾਰ ਨੀ ਕਰਦਾ। ਅਸੀਂ ਤੇਰੇ ਭਲੇ ਖਾਤਿਰ ਹੀ ਕਰਦੇ ਹਾਂ।''

''ਮੇਰਾ ਭਲਾ ਤਾਂ ਇਹੀ ਹੈ ਕਿ ਮੇਰਾ ਜਸਵਿੰਦਰ ਨਾਲ ਵਿਆਹ ਹੋ ਜਾਵੇ,''ਮੈਂ ਬੀਜੀ ਨੂੰ ਆਖ ਦਿੱਤਾ।

''ਹਾਲੇ ਤਾਂ ਉਹ ਵੇਖਣ ਹੀ ਆ ਰਹੇ ਆ। ਚੁੱਪ ਕਰਕੇ ਬੈਠੀ ਰਹੀਂ। ਕੀ ਪਤੈ ਹਾਂ ਕਰਨਗੇ ਕਿ ਨਾਂਹ, ਤੂੰ ਐਵੇਂ ਕਲਪੀ ਜਾਨੀ ਐਂ,'' ਬੀਜੀ ਨੇ ਸਮਝਾਇਆ। ਪਰ ਮੈਂ ਅੜੀ ਰਹੀ।

''ਦੂਜੇ ਛੋਟਿਆਂ ਦਾ ਵੀ ਅੱਗਾ ਮਾਰਦੀ ਐ। ਲੋਕੀਂ ਲੱਖਾਂ ਰੁਪੈ ਲੈ ਕੇ ਬਾਹਰਲਿਆਂ ਦੇ ਮਗਰ ਮਗਰ ਫਿਰਦੇ ਆ,'' ਪਾਪਾ ਨੇ ਗੁੱਸੇ 'ਚ ਕਿਹਾ।

ਫੇਰ ਜਸਵਿੰਦਰ ਆ ਗਿਆ। ਕਹਿੰਦਾ, ''ਕੀ ਭੀੜਾਂ ਆਣ ਪਈਆਂ ਸੰਗਤਾਂ 'ਤੇ?'' ਮੇਰੇ ਨੇੜੇ ਬਹਿੰਦਾ ਬੋਲਿਆ, ''ਮੈਨੂੰ ਸਾਰੀ ਗੱਲ ਦਾ ਪਤੈ। ਤੇਰੇ ਡੈਡੀ ਨਾਲ ਗੱਲ ਹੋ ਗਈ ਹੈ ਤੂੰ ਹਾਂ ਕਰਦੇ।''

''ਹੈਂ?'' ਮੇਰਾ ਮੂੰਹ ਅੱਡਿਆ ਰਹਿ ਗਿਆ।

''ਆਹੋ, ਤੈਨੂੰ ਚੇਤੇ ਹੈ ਇੱਕ ਵਾਰ ਮੈਂ ਕਿਹਾ ਸੀ ਜੇ ਬਾਹਰੋਂ ਰਿਸ਼ਤਾ ਹੋਇਆ ਤਾਂ ਮੈਂ ਲੈ ਲੈਣੈ ਉੱਥੇ ਪਹੁੰਚ ਕੇ ਤੂੰ ਕੌਣ ਤੇ ਮੈਂ ਕੌਣ।''

''ਮੈਥੋਂ ਨੀ ਹੋਣਾ ਇਹ,'' ਮੈਂ ਆਖ ਦਿੱਤਾ।

''ਜਦ ਮੈਨੂੰ ਕੋਈ ਇਤਰਾਜ਼ ਨਹੀਂ ਫੇਰ ਤੈਨੂੰ ਕੀ ਐ''?

''ਪਰ ਮੈਨੂੰ ਇਤਰਾਜ਼ ਹੈ,'' ਆਖ ਕੇ ਮੈਂ ਮੂੰਹ ਦੂਜੇ ਪਾਸੇ ਕਰ ਲਿਆ।

''ਠਰ੍ਹੰਮੇ ਨਾਲ ਸੋਚ। ਆਪਣੇ ਫਿਊਚਰ ਬਾਰੇ,ਹੋਣ ਵਾਲੇ ਬੱਚਿਆਂ ਬਾਰੇ ਸੋਚ। ਇੰਡੀਆ 'ਚ ਕੋਈ ਫਿਊਚਰ ਨਹੀਂ ਹੈ। ਆਪਾਂ ਨੂੰ ਚਾਨਸ ਮਿਲਦੈ, ਇਹਨੂੰ ਅਜਾਂਈ ਨਹੀਂ ਜਾਣ ਦੇਣਾ।'' ਉਹ ਹੋਰ ਵੀ ਦਲੀਲਾਂ ਦਿੰਦਾ ਰਿਹਾ। ਪਰ ਮੇਰਾ ਦਿਮਾਗ ਸੁੰਨ ਹੋ ਗਿਆ। ਤੇ ਜਦ ਇਹ ਮੈਨੂੰ ਵੇਖਣ ਆਏ ਮੈਂ ਸੁੰਨ-ਵੱਟਾ ਬਣ ਕੇ ਬੈਠੀ ਰਹੀ। ਮੈਂ ਅੱਖ ਪੁੱਟ ਕੇ ਵੀ ਨਾ ਵੇਖਿਆ। ਮੇਰੀ ਇੱਛਾ ਹੀ ਨਹੀਂ ਸੀ।

ਡਾਇਰੀ ਦਾ ਖਿਆਲ ਆਇਆ। ਮੈਂ ਫਿਰ ਪੜ੍ਹਨ ਲੱਗਦੀ ਹਾਂ।

---ਸਾਰੇ ਚਾਹ ਪੀਂਦੇ ਰਹੇ। ਮੰਮੀ ਨੇ ਦੋ ਕੁ ਵਾਰ ਸੁਖਜੀਤ ਨੂੰ ਕਿਹਾ ਵੀ , ''ਤੂੰ ਵੀ ਚਾਹ ਪੀ ਲੈ ਧੀਏ।''

''ਨਹੀਂ ਤੁਸੀਂ ਪੀਓ,'' ਸੁਖਜੀਤ ਦੀ ਕੰਬਦੀ ਜਿਹੀ ਆਵਾਜ਼ ਆਈ।

ਸਾਡੇ ਇਕੱਲੇ ਹੁੰਦਿਆਂ ਹੀ ਮੰਮੀ ਬੋਲੀ, ''ਕੁੜੀ ਸਾਊ ਲਗਦੀ ਐ। ਜਵਾਂ ਅੱਖ ਪੁੱਟ ਕੇ ਨਹੀਂ ਵੇਖਿਆ ਤੇ ਆਪਣੇ ਉੱਥੇ ਕੁੜੀਆਂ ਨੂੰ ਭੋਰਾ ਸੰਗ-ਸ਼ਰਮ ਨਹੀਂ ਹੁੰਦੀ,'' ਮੰਮੀ ਦੀ ਆਵਾਜ਼ 'ਚੋਂ ਖੁਸ਼ੀ ਪ੍ਰਤੱਖ ਦਿਸਦੀ ਸੀ।

ਸੁਖਜੀਤ ਦੁਬਾਰਾ ਸਾਡੇ 'ਚ ਆਣ ਬੈਠੀ। ਸਾਰੇ ਕਮਰੇ 'ਚੋਂ ਉੱਠਕੇ ਬਾਹਰ ਚਲੇ ਗਏ। ਮੈਂ ਤੇ ਸੁਖਜੀਤ ਕਮਰੇ 'ਚ ਰਹਿ ਗਏ। ਮੈਨੂੰ ਕਰਨ ਲਈ ਕੋਈ ਗੱਲ ਨਹੀਂ ਸੀ ਅਹੁੜ ਰਹੀ ਤੇ ਉਹ ਵੀ ਗੁੰਮ-ਸੁੰਮ ਜਿਹੀ ਹੋਈ ਬੈਠੀ ਸੀ। ਅਖੀਰ ਮੈਂ ਚੁੱਪ ਦਾ ਪੱਥਰ ਤੋੜਨ ਲਈ ਸੱਟ ਮਾਰੀ, ''ਕੀ ਕਰ ਰਹੇ ਹੋ ਅੱਜ-ਕੱਲ੍ਹ?''

''ਐਮ.ਏ.,'' ਉਸਦੀ ਆਵਾਜ਼ ਮਰੀ ਜਿਹੀ ਸੀ।

''ਜਦ ਮੈਂ ਕਨੇਡਾ ਗਿਆ ਸੀ ਇੱਧਰ ਬੀ.ਐਸ.ਸੀ. ਸੈਕਿੰਡ ਯੀਅਰ 'ਚ ਸੀ। ਉੱਧਰ ਜਾ ਕੇ ਪੜ੍ਹਿਆ ਨਹੀਂ, ਕੰਮ 'ਚ ਲੱਗ ਗਿਆ,'' ਮੈਂ ਦੱਸਿਆ। ਉਸਨੇ ਮਾਮੂਲੀ ਜਿਹਾ ਹੁੰਗਾਰਾ ਭਰਿਆ। ''ਤੁਹਾਨੂੰ ਸਭ ਕੁਝ ਠੀਕ ਲੱਗਦੈ, ਵਿਆਹ 'ਤੇ ਕੋਈ ਇਤਰਾਜ਼ ਤਾਂ ਨਹੀਂ?''ਮੈਂ ਪੁੱਛਿਆ।

ਉਸਦਾ ਮਾਮੂਲੀ ਜਿਹਾ ਨਾਂਹ 'ਚ ਸਿਰ ਹਿੱਲਿਆ।

''ਕੁਝ ਪੁੱਛੋਂਗੇ ਨਹੀਂ ਮੇਰੇ ਬਾਰੇ ?''

ਉਸਨੇ ਸਿਰ ਹੋਰ ਨਿਵਾਂ ਲਿਆ। ਮੈਨੂੰ ਉਸਤੇ ਬਹੁਤ ਪਿਆਰ ਆਇਆ। ਦਿਲ ਕੀਤਾ ਕਿ ਉਸਨੂੰ ਬਾਹਾਂ 'ਚ ਭਰ ਲਵਾਂ। ਸੰਗਾਊ ਕੁੜੀਆਂ ਹਮੇਸ਼ਾ ਮੈਨੂੰ ਚੰਗੀਆ ਲਗਦੀਆਂ ਹਨ।

''ਆਓ ਸੰਗਤੇ ਪ੍ਰਸ਼ਾਦੇ ਛਕੀਏ,'' ਆਖਦਾ ਇੱਕ ਸੁਨੱਖਾ ਜਿਹਾ ਮੁੰਡਾ ਅੰਦਰ ਆਇਆ। ਮੇਰੇ ਵੱਲ ਹੱਥ ਵਧਾਕੇ ਕਹਿੰਦਾ, ''ਮੈਂ ਜਸਵਿੰਦਰ, ਸੁਖਜੀਤ ਦੀ ਮਾਸੀ ਦਾ ਪੁੱਤ ਤੇ ਤੁਸੀਂ ਗੁਰਮੀਤ ਸਿੰਘ ਕਨੇਡੀਅਨ। ਇਓਂ ਦੱਸ ਦੇਈਦੈ। ਅੰਤਰਜਾਮੀ ਹੁੰਨੇ ਆਂ,''ਆਖ ਕੇ ਉਹ ਹੱਸਿਆ।

ਅਗਲੇ ਤੋਂ ਅਗਲੇ ਐਤਵਾਰ ਦਾ ਵਿਆਹ ਰੱਖ ਦਿੱਤਾ। ਮੇਰੇ ਕੋਲ ਛੁੱਟੀ ਸਿਰਫ਼ ਪੰਜ ਹਫਤੇ ਦੀ ਸੀ।

ਅਗਲੇ ਸਫ਼ੇ 'ਤੇ ਸਿਰਲੇਖ ਸੀ 'ਦੋ ਹਫ਼ਤੇ ਦਾ ਸੁਰਗ' ਮੈਂ ਉਹ ਪੜ੍ਹਦੀ ਹਾਂ।

------ਵਿਆਹ ਤੋਂ ਬਾਅਦ ਸੁਖਜੀਤ ਨਾਲ ਬਿਤਾਉਣ ਲਈ ਸਿਰਫ਼ ਦੋ ਹਫਤੇ ਸਨ। ਰਿਸ਼ਤੇਦਾਰੀਆਂ ਜ਼ਿਆਦਾ ਸਨ। ਸੁਖਜੀਤ ਵੱਲ ਦੀਆਂ ਰਿਸ਼ਤੇਦਾਰੀਆਂ 'ਚ ਜਾਣ ਤੋਂ ਉਸਦੇ ਡੈਡੀ ਨੇ ਬਚਾ ਲਿਆ। ਕਹਿੰਦੇ, ''ਤੁਸੀਂ ਆਪਣੇ ਓਧਰ ਦੇ ਰਿਸ਼ਤੇਦਾਰਾਂ ਨੂੰ ਨਰਾਜ਼ ਨਾ ਕਰਿਓ। ਏਧਰਲੀਆਂ ਦਾ ਕੋਈ ਨੀ ਵਿਆਹ 'ਚ ਸਾਰੇ ਤੁਹਾਨੂੰ ਮਿਲ ਹੀ ਲਏ ਸਨ।''

ਪਰ ਮੇਰਾ ਦਿਲ ਕਰਦਾ ਸੀ ਕਿ ਇਹ ਦੋ ਹਫਤੇ ਸੁਖਜੀਤ ਨਾਲ ਬਿਤਾਵਾਂ ਜਾਂ ਉਸਦੇ ਘਰਦਿਆਂ ਨਾਲ। ਸੁੱਖੀ ਦੀ ਛੋਟੀ ਭੈਣ ਤੇ ਭਰਾ ਦਾ ਜੀਜੂ-ਜੀਜੂ ਕਰਦੇ ਮੂੰਹ ਸੁੱਕਦਾ। ਜਦੋਂ ਵੀ ਮੌਕਾ ਮਿਲਦਾ ਮੈਥੋਂ ਕਨੇਡਾ ਦੀਆਂ ਗੱਲਾਂ ਪੁੱਛਣ ਲੱਗਦੇ। ਬੀਜੀ ਤਾਂ ਪੁੱਤ ਆਹ ਖਾਓ, ਬੇਟੇ ਇਹ ਖਾਓ ਕਰਦੇ ਰਹਿੰਦੇ। ਉਸਦੇ ਰੂਪ 'ਚ ਮੈਂ ਇੱਕ ਹੋਰ ਮਾਂ ਪਾ ਲਈ। ਕਨੇਡਾ 'ਚ ਜਿੱਥੇ ਮੈਂ ਸੱਖਣਾ-ਸੱਖਣਾ ਮਹਿਸੂਸ ਕਰਨ ਲੱਗ ਪਿਆ ਸੀ ਉੱਥੇ ਹੁਣ ਭਰਿਆ-ਭਰਿਆ ਮਹਿਸੂਸ ਕਰਦਾ। ਪਰ ਕਈ ਵਾਰ ਮੈਨੂੰ ਲੱਗਦਾ ਜਿਵੇਂ ਸੁੱਖੀ ਮੇਰੇ ਨਾਲ ਖੁੱਲ੍ਹ ਨਹੀ ਸੀ ਰਹੀ। ਇੱਕ ਰਾਤ ਮੈਂ ਉਸਤੋਂ ਪੁੱਛ ਲਿਆ।

''ਸੁੱਖੀ।''

''ਹਾਂ ਜੀ।''

''ਜੀਤੂ।''

''ਹਾਂ ਜੀ।''

''ਦੱਸ ਤੈਨੂੰ ਕੀ ਕਿਹਾ ਕਰਾਂ ਸੁੱਖੀ ਕਿ ਜੀਤੂ?''

''ਜਿਹੜਾ ਤੁਹਾਨੂੰ ਚੰਗਾ ਲੱਗਦੈ।''

''ਨਹੀਂ ਤੈਨੂੰ ਕਿਹੜਾ ਚੰਗਾ ਲੱਗਦੈ?'

''ਦੋਨੋ ਹੀ।''

''ਸੁੱਖੀ।''

''ਹਾਂਜੀ।''

''ਚੌਕੜੀ ਮਾਰਕੇ ਬੈਠ ਮੈਂ ਤੇਰੀ ਬੁੱਕਲ 'ਚ ਸਿਰ ਰੱਖਣੈ।'' ਉਹ ਬੈੱਡ ਦੇ ਇੱਕ ਸਿਰੇ ਤੇ ਚੌਂਕੜੀ ਮਾਰ ਕੇ ਬੈਠ ਗਈ। ਮੈਂ ਉਸਦੀ ਬੁੱਕਲ 'ਚ ਸਿਰ ਰੱਖ ਦਿੱਤਾ।

''ਜੀਤੂ।''

''ਹਾਂਜੀ।''

''ਆਪਣੇ ਕੇਸ ਖੋਲ੍ਹ ਕੇ ਮੈਨੂੰ ਉਨ੍ਹਾਂ ਦੀ ਛਾਂ ਕਰ।''

ਕਮਰੇ 'ਚ ਨਾਈਟ ਲਾਈਟ ਜਗ ਰਹੀ ਸੀ। ਉਸ ਕੇਸ ਖੋਲ੍ਹਕੇ ਅੱਗੇ ਵੱਲ ਸੁੱਟ ਦਿੱਤੇ।

''ਇਹ ਤਾਂ ਹਨੇਰਾ ਹੋ ਗਿਆ। ਮੈਨੂੰ ਤੇਰੀਆਂ ਪਿਆਰੀਆਂ-ਪਿਆਰੀਆਂ ਅੱਖਾਂ ਦਿਸਣੋਂ ਹਟ ਗਈਐਂ। ਤੂੰ ਇਓਂ ਕਰ ਕੇਸ ਬੰਨ ਲੈ।'' ਉਸ ਕੇਸ ਬੰਨ ਲਏ।

''ਸੁੱਖੀ।''

''ਹਾਂ ਜੀ।''

''ਤੂੰ ਉਵੇਂ-ਉਵੇਂ ਕਰੀ ਜਾਨੀ ਐਂ ਜਿਵੇਂ-ਜਿਵੇਂ ਮੈਂ ਕਹੀ ਜਾਨੈ। ਤੇਰੀ ਕੋਈ ਆਪਣੀ ਇੱਛਾ ਨਹੀਂ''?

''ਤੁਹਾਡੀ ਇੱਛਾ ਹੀ ਮੇਰੀ ਇੱਛਾ ਹੈ।''
''ਡਾਇਲਾਗ ਸੋਹਣੇ ਮਾਰ ਲੈਨੀ ਐਂ।''
''ਤੁਹਾਨੂੰ ਇਹ ਡਾਇਲਾਗ ਲੱਗਦੈ?''
''ਨਹੀਂ ਮੇਰਾ ਮਤਲਬ ਤੂੰ ਮੇਰੇ ਨਾਲ ਖੁੱਲ੍ਹਦੀ ਕਿਓਂ ਨਹੀਂ?''
''ਖੁੱਲ੍ਹਣ ਲਈ ਟਾਈਮ ਤਾਂ ਲੱਗਦਾ ਈ ਐ,'' ਉਸ ਕਿਹਾ।

ਹਾਂ ਉਸ ਠੀਕ ਹੀ ਕਿਹਾ ਸੀ ਕਿ 'ਟਾਈਮ ਤਾਂ ਲੱਗਦਾ ਹੀ ਹੈ। ਮੈਂ ਐਵੇਂ ਹੀ ਜਲਦੀ ਖੁੱਲ੍ਹਣ ਦੀ ਉਸਤੋਂ ਤਵੱਕੋ ਕਰ ਬੈਠਾ। ਸ਼ਰਮ ਵਾਲੀਆਂ ਕੁੜੀਆਂ ਐਨੀ ਜਲਦੀ ਥੋੜ੍ਹਾ ਘੁਲ-ਮਿਲ ਜਾਂਦੀਐਂ----

ਜਸਵਿੰਦਰ ਫਿਰ ਮੇਰੀਆਂ ਅੱਖਾਂ ਮੂਹਰੇ ਆਣ ਖਲੋਤਾ ਹੈ। ਉਸ ਕਿਹਾ ਸੀ , ''ਸ਼ੱਕ ਨਾ ਹੋਣ ਦੇਵੀਂ ਭੋਰਾ ਵੀ। ਜਿਵੇਂ-ਜਿਵੇਂ ਕਹੀ ਜਾਵੇ ਕਰੀ ਜਾਵੀਂ।'' ਤੇ ਮੈਂ ਆਪਣੇ ਵੱਲੋਂ ਐਕਟਿੰਗ ਕਰਨ ਦੀ ਪੂਰੀ ਵਾਹ ਲਾ ਰਹੀ ਸੀ। ਪਰ ਮੇਰਾ ਇਹ ਭੋਲਾ ਪੰਛੀ। ਇਹ ਮੈਨੂੰ ਕੀ ਹੋਈ ਜਾਂਦੈ। ਹੁਣ ਮੈਂ ਇਸਤੇ ਮੇਰ ਵੀ ਜਤਾਉਣ ਲੱਗ ਪਈ ਹਾਂ। ਐਕਟਿੰਗ ਕਰ-ਕਰ ਥੱਕ ਚੁੱਕੀ ਹਾਂ। ਹੋਰ ਨਹੀਂ ਹੋਣੀ ਐਕਟਿੰਗ ਮੈਥੋਂ। ਚਲ ਹੁਣ ਹੀ ਕਰਦੀ ਹਾਂ ਭੂਆ ਨੂੰ ਫੋਨ। ਘੜੀ ਵੱਲ ਵੇਖਦੀ ਹਾਂ। ਪੌਣੇ ਦੋ ਹੋ ਗਏ ਹਨ। ਕੀ ਗੱਲ ਹੋ ਗਈ ਅੱਜ ਗੁਰਮੀਤ ਦਾ ਫੋਨ ਕਿਉਂ ਨਹੀਂ ਆਇਆ। ਇਹ ਕਿਵੇਂ ਹੋ ਸਕਦੈ। ਮੈਂ ਕਾਲ-ਡਿਸਪਲੇ ਚੈਕ ਕਰਦੀ ਹਾਂ। ਉਸਦਾ ਫੋਨ ਆ ਚੁੱਕਾ ਸੀ। ਹਾਏ ਮੈਂ ਮਰਜਾਂ ਮੈਂ ਪੜ੍ਹਨ ਦੇ ਧਿਆਨ 'ਚ ਫੋਨ ਦੀ ਰਿੰਗ ਵੀ ਨਹੀਂ ਸੁਣੀ। ਵਿਚਾਰਾ ਫਿਕਰ ਕਰਦਾ ਹੋਵੇਗਾ। ਮੈਂ ਫੋਨ ਚੁੱਕਕੇ ਕੋਲ ਰੱਖ ਲੈਦੀਂ ਹਾਂ ਅਤੇ ਫਿਰ ਡਾਇਰੀ ਪੜ੍ਹਨ ਲੱਗਦੀ ਹਾਂ।

---ਉਹ ਟਾਈਮ ਤਾਂ ਜਿਵੇਂ ਖੰਭ ਲਾਕੇ ਉੱਡ ਗਿਆ। ਕਨੇਡਾ ਮੁੜਨ ਵੇਲੇ ਮੇਰੀ ਵੱਢੀ ਰੂਹ ਨਹੀਂ ਸੀ ਕਰ ਰਹੀ ਮੁੜਨ ਲਈ। ਬੀਜੀ ਦੇ ਪੈਰੀਂ ਹੱਥ ਲਾ ਮੈਂ ਉਸਦੇ ਨਾਲ ਹੀ ਚਿੰਬੜ ਗਿਆ, ''ਮੈਨੂੰ ਐਥੇ ਹੀ ਰੱਖ ਲੋ ਬੀਜੀ।'' ਮੇਰੀ ਭੁੱਬ ਨਿਕਲ ਗਈ। ਬੀਜੀ ਦੀ ਜੱਫੀ ਪੀਢੀ ਹੋ ਗਈ। ਉਸਦੀ ਭੁੱਬ ਮੇਰੇ ਨਾਲੋਂ ਵੀ ਉੱਚੀ ਸੀ। ਸੁੱਖੀ ਦੀਆਂ ਅੱਖਾਂ ਵੀ ਤਰ-ਬਤਰ ਸਨ। ਜਹਾਜ਼ 'ਚ ਬੈਠਿਆਂ ਸੁੱਖੀ ਦੀਆਂ ਅੱਖਾਂ ਮੇਰੇ ਅੰਗ-ਸੰਗ ਹੋ ਗਈਆਂ। ---

ਮੇਰੀਆਂ ਅੱਖਾਂ ਭਰ ਆਈਆਂ ਹਨ। ਇਹ ਕੀ ਹੋਈ ਜਾਂਦੈ ਮੈਨੂੰ।

ਉਦੋਂ ਏਅਰਪੋਰਟ 'ਤੇ ਵੀ ਪਤਾ ਨਹੀਂ ਕਿਉਂ ਮੇਰੀਆਂ ਅੱਖਾਂ ਛਲਕ ਪਈਆਂ ਸਨ। ਪਰ ਪਿੰਡ ਪਹੁੰਚਦਿਆਂ ਜਸਵਿੰਦਰ ਆਇਆ ਬੈਠਾ ਸੀ। ਫਿਰ ਉਹ ਦੂਜੇ-ਤੀਜੇ ਦਿਨ ਹੀ ਆਇਆ ਰਹਿੰਦਾ। ਮੈਂ ਉਸ ਨਾਲ ਪਰਚੀ ਰਹਿੰਦੀ। ਪਰ ਜਦ ਮੈਂ ਜਹਾਜ਼ ਚੜ੍ਹਨਾਂ ਸੀ, ਮੇਰਾ ਦਿਲ ਕਰਦਾ ਸੀ ਕਿ ਮੈਂ ਜਸਵਿੰਦਰ ਦੇ ਗਲ ਚਿੰਬੜ ਕੇ ਕਹਾਂ , 'ਮੈਨੂੰ ਰੱਖ ਲੈ ਇੱਥੇ ਹੀ'। ਉਸਨੂੰ ਤਾਂ ਨਾ ਆਖਿਆ ਗਿਆ ਪਰ ਬੀਜੀ ਦੇ ਗਲ ਲੱਗ ਜ਼ਰੂਰ ਆਖ ਦਿੱਤਾ। ਬੀਜੀ ਨੇ ਮੈਨੂੰ ਜੱਫੀ 'ਚ ਘੁੱਟ ਲਿਆ ਅਤੇ ਕੰਨ ਕੋਲ ਮੂੰਹ ਕਰਕੇ ਹੌਲੀ ਜਿਹੀ ਆਵਾਜ਼ 'ਚ ਕਹਿੰਦੇ, ''ਕੁੜੀਆਂ ਨੇ ਇੱਕ ਦਿਨ ਆਪਣੇ ਘਰ ਜਾਣਾ ਈ ਹੁੰਦੈ। ਸਿਆਣੀ ਬਣੀਂ। ਸੋਚ-ਸਮਝ ਕੇ ਕੋਈ ਫੈਸਲਾ ਕਰੀਂ। ਗੁਰਮੀਤ ਹੀਰਾ ਐ।'' ਮੈਂ ਬੀਜੀ ਦੀ ਜੱਫ਼ੀ 'ਚੋਂ ਨਿਕਲ ਜਸਵਿੰਦਰ ਦੀ ਮਾਂ ਦੇ ਪੈਰੀਂ ਹੱਥ ਲਾਏ। ਉਸ ਮੈਨੂੰ ਸ਼ਗਨ ਦਿੱਤਾ, ਸਿਰ ਪਲੋਸ ਕੇ ਕਹਿੰਦੀ, ''ਚੰਗਾ ਧੀਏ ਜਾਹ, ਮਰਦ ਬੱਚੀ ਬਣੀਂ। ਘਬਰਾਈਂ ਨਾ।'' ਜਸਵਿੰਦਰ ਨੇ ਸਿਰਫ਼ ਇੰਨਾ ਹੀ ਕਿਹਾ, ''ਗਰੀਬਮਾਰ ਨਾ ਕਰ ਦੇਈਂ ਕਿਤੇ।'' ਉਹ ਪਹਿਲਾਂ ਬਹੁਤ ਵਾਰ ਆਖ ਚੁੱਕਾ ਸੀ ਕਿ ਏਅਰਪੋਰਟ ਤੋਂ ਸਿੱਧੀ ਉਸਦੀ ਭੂਆ ਦੇ ਘਰ ਜਾਵਾਂ। ਪਰ ਪਾਪਾ ਨਹੀਂ ਮੰਨੇ। ਕਹਿੰਦੇ, ''ਇਸ ਤਰ੍ਹਾਂ ਤਾਂ ਅਖਬਾਰਾਂ ਦੀਆਂ ਸੁਰਖੀਆਂ ਬਣ ਜਾਵਾਂਗੇ। ਬਦਨਾਮੀ ਹੋਵੇਗੀ।'' ਕਿਸੇ ਨੂੰ ਬਦਨਾਮੀ ਦਾ ਫਿਕਰ ਐ ਕਿਸੇ ਨੂੰ ਗਰੀਬਮਾਰ ਹੋਣ ਦਾ ਤੇ ਇਹ ਵਿਚਾਰਾ---ਮੈਂ ਡਾਇਰੀ ਦੇ ਸਫ਼ੇ ਪਲਟਦੀ ਹਾਂ ਅਤੇ 'ਸੁੱਖੀ ਦੀ ਝਿੜਕ' ਵਾਲਾ ਸਫ਼ਾ ਪੜ੍ਹਨ ਲੱਗਦੀ ਹਾਂ।

---ਮੇਰਾ ਜੀਅ ਕਰਦਾ ਕਿ ਮੈਂ ਵਾਪਸ ਇੰਡੀਆ ਚਲਾ ਜਾਵਾਂ। ਵਾਪਸ ਤਾਂ ਜਾ ਨਹੀਂ ਸੀ ਸਕਦਾ ਪਰ ਮੈਂ ਫੋਨ ਜ਼ਰੂਰ ਛੇਤੀ ਛੇਤੀ ਕਰ ਲੈਂਦਾ। ਸੁੱਖੀ ਇੱਕ ਦਿਨ ਕਹਿੰਦੀ ,''ਹੋਰ ਚੌਂਹ ਮਹੀਨਿਆਂ ਨੂੰ ਮੈਂ ਤੁਹਾਡੇ ਕੋਲ ਆ ਜਾਣੈ। ਐਵੇਂ ਫੋਨ 'ਤੇ ਐਨੇ ਪੈਸੇ ਖਰਚਦੇ ਐਂ। ਨਾਲੇ ਪਿੱਛੋਂ ਸਾਰੇ ਭੈਣ ਭਰਾ ਮੈਨੂੰ ਛੇੜਦੇ ਐ।'' ਸੁੱਖੀ ਦੀ ਇਹ ਝਿੜਕੀ ਮੈਨੂੰ ਚੰਗੀ-ਚੰਗੀ ਲੱਗੀ 'ਕਿੰਨਾ ਫਿਕਰ ਐ ਇਹਨੂੰ ਹੁਣੇ ਤੋਂ ਹੀ ਘਰ ਦਾ-। ਫੋਨ ਨੂੰ ਫਜ਼ੂਲ ਖਰਚ ਸਮਝਦੀ ਐ ਸੁੱਖੀ। ਕਿੰਨੀ ਸਮਝਦਾਰ ਐ ---

ਪਰ ਭੋਲਿਆ ਮੈਨੂੰ ਉਦੋਂ ਤੇਰੇ ਖਰਚ ਦਾ ਫਿਕਰ ਨਹੀਂ ਸੀ ਹੁੰਦਾ। ਮੈਂ ਤਾਂ ਬੱਸ ਐਕਟਿੰਗ ਕਰ ਰਹੀ ਸੀ ਤੇਰੀ ਪਤਨੀ ਹੋਣ ਦੀ। ਪਰ ਜਦ ਤੇਰਾ ਫੋਨ ਛੇਤੀ-ਛੇਤੀ ਆ ਜਾਂਦਾ, ਮਾਂ ਮੇਰੇ ਅੰਦਰਲੀ ਬਰਫ਼ ਪਿਘਲਾਉਣ ਦਾ ਯਤਨ ਕਰਦੀ ਆਖਦੀ, ''ਵੇਖ ਕਿੰਨਾ ਪਿਆਰ ਕਰਦੈ ਤੈਨੂੰ।'' ਪਰ ਜਸਵਿੰਦਰ ਦੀ ਮੌਜੂਦਗੀ ਮੇਰੇ ਅੰਦਰਲੀ ਬਰਫ਼ ਹੋਰ ਸਖਤ ਕਰ ਦਿੰਦੀ। ਮਾਂ ਫਿਰ ਆਖਦੀ, ''ਤੇਰੀਆਂ ਅੱਖਾਂ ਅੱਗੇ ਤਾਂ ਕੱਚੀ ਉਮਰੇ ਇਸ਼ਕ ਦੀ ਪੱਟੀ ਬੰਨੀ ਹੋਈ ਐ, ਜਿਹੜੀ ਤੈਨੂੰ ਚੰਗੇ-ਬੁਰੇ ਦੀ ਪਛਾਣ ਨਹੀਂ ਕਰਨ ਦਿੰਦੀ। ਜਦੋਂ ਤੱਕ ਤੈਨੂੰ ਸਮਝ ਆਊ ਉਦੋਂ ਤੱਕ ਦੇਰ ਹੋ ਜਾਊ। ਫਿਰ ਰੋਈਂ ਅੱਖਾਂ 'ਚ ਘਸੁੰਨ ਦੇ ਦੇ।'' ਮਾਂ ਵੀ ਬੱਸ ਐਵੇਂ ਹੀ, ਮੈਂ ਤਾਂ ਜਸਵਿੰਦਰ ਨੂੰ ਪਿਆਰ ਕੀਤੈ ਤੇ ਮਾਂ ਸਮਝਦੀ ਐ ਕਿ ਕੱਚੀ ਉਮਰ ਦਾ -। ਮਾਂ ਦੀ ਗੱਲ ਕਿਤੇ—?ਮੈਂ ਵੀ ਬੱਸ। ਪਹਿਲਾਂ ਇਹ ਪੜ੍ਹਾਂ। 'ਸੁੱਖੀ ਦੇ ਆਉਣ ਦੀ ਪਾਰਟੀ' ਵਾਲਾ ਸਫ਼ਾ ਪੜ੍ਹਨ ਲੱਗਦੀ ਹਾਂ।

--- ਸਹਿਕਾਮੇ ਮੈਥੋਂ ਸੁੱਖੀ ਦੇ ਆਉਣ ਦੀ ਪਾਰਟੀ ਮੰਗਦੇ ਹਨ। ਪਾਰਟੀ ਤਾਂ ਉਨ੍ਹਾਂ ਨੂੰ ਦੇਵਾਂਗਾ ਹੀ ਪਰ ਉਹੋ ਜਿਹੀ ਨਹੀਂ ਜਿਸ ਤਰਾਂ ਦੀ ਉਹ ਚਾਹੁੰਦੇ ਹਨ। ਪੰਮੀ ਬਾਈ ਕਹਿੰਦਾ, ‘‘ਬੌਬ ਦੀ ਗਰਲ ਫਰੈਂਡ ਲੀਸਾ ਨੂੰ ਸੱਦਾਂਗੇ। ਪੀਟਰ ਨੂੰ ਕੀਤੀ ਸਟੈਗ ਪਾਰਟੀ ਵਰਗੀ ਲੈਣੀ ਆ ਪਾਰਟੀ।’’

‘‘ਸਟੈਗ ਪਾਰਟੀ ਤਾਂ ਵਿਆਹ ਤੋਂ ਪਹਿਲਾਂ ਵਿਆਹ ਵਾਲੇ ਮੁੰਡੇ ਨੂੰ ਉਸਦੇ ਦੋਸਤ ਕਰਦੇ ਹੁੰਦੇ ਐ ਤੇ ਤੁਸੀਂ ਸਾਰਾ ਕੁਝ ਉਲਟ ਭਾਲਦੇ ਐਂ,’’ ਮੈਂ ਕਿਹਾ।

‘‘ਉਲਟਾ-ਸਿੱਧਾ ਸਾਨੂੰ ਨੀ ਪਤਾ। ਪਾਰਟੀ ਚਾਹੀਦੀ ਐ ਸਾਨੂੰ ਤਾਂ। ਮੈਂ ਤਾਂ ਬੌਬ ਨਾਲ ਗੱਲ ਵੀ ਕਰ ਲਈ ਐ,’’ ਪੰਮੀ ਅੜਿਆ ਹੋਇਐ ----

ਇਹ ਸਟੈਗ ਪਾਰਟੀ ਕੀ ਹੋਈ ਮੇਰੇ ਅੰਦਰ ਪ੍ਰਸ਼ਨ ਉੱਠਦਾ ਹੈ। ਸ਼ਾਇਦ ਇਸ ਡਾਇਰੀ ’ਚੋਂ ਹੀ ਪਤਾ ਲੱਗ ਜਾਵੇ। ਮੈਂ ਸਫੇ ਫਰੋਲਦੀ ਹਾਂ। ‘ਪੀਟਰ ਨੂੰ ਸਟੈਗ ਪਾਰਟੀ’ ਵਾਲਾ ਸਫਾ ਲੱਭ ਪੈਂਦਾ ਹੈ।

-- ਪੀਟਰ ਨੂੰ ਸਟੈਗ ਪਾਰਟੀ ਕਰਨ ਲਈ ਸਾਰੇ ਸਹਿਕਾਮਿਆਂ ਨੇ ਡਾਲਰ ਇੱਕਠੇ ਕਰ ਲਏ। ਬੌਬ ਕਹਿੰਦਾ, ‘‘ਸਟਰਿੱਪਰ ਦਾ ਪ੍ਰਬੰਧ ਮੈਂ ਕਰੂੰ। ਇੱਕ ਨੰਬਰ।’’ ਇਹ ਬੌਬ ਸਾਡੀ ਕੰਪਨੀ ’ਚ ਆਊਟ-ਸਾਈਡ ਸੇਲਜ਼ਮੈਨ ਹੈ। ਅਸਲ ਨਾਂ ਬਲਵਿੰਦਰ ਹੈ ਪਰ ਬੌਬ ਕਹਾ ਕੇ ਖੁਸ਼ ਹੁੰਦੈ। ਤੇ ਪਾਰਟੀ ਲਈ ਉਹ ਇੱਕ ਸਟਰਿੱਪਰ ਲੈ ਆਇਆ। ਬੀਅਰਾਂ ਖਾਲੀ ਹੋਣ ਲੱਗੀਆਂ। ਮਿਊਜ਼ਕ ਵੱਜਣ ਲੱਗਾ। ਸਟਰਿੱਪਰ ਨਿਰਵਸਤਰ ਡਾਂਸ ਕਰਨ ਲੱਗੀ। ਪੰਮੀ ਬਾਈ ਸਟਰਿੱਪਰ ’ਤੇ ਲੱਟੂ ਹੋਇਆ ਬੀਅਰ ਤੇ ਬੀਅਰ ਚੜ੍ਹਾਈ ਗਿਆ। ਬੌਬ ਦੇ ਮੋਢੇ ’ਤੇ ਹੱਥ ਮਾਰ ਸਟਰਿੱਪਰ ਵੱਲ ਇਸ਼ਾਰਾ ਕਰਕੇ ਕਹਿੰਦਾ , ‘‘ਇਹ ਮਾਲ ਕਿੱਥੋਂ ਪੱਟਿਐ, ਪੱਠਿਆ।’’‘ਪੱਠਿਆ’ ਸ਼ਬਦ ਦੀ ਸ਼ਾਇਦ ਬੌਬ ਨੂੰ ਸਮਝ ਨਾ ਆਈ ਹੋਵੇ। ਉਹ ਕਨੇਡਾ ਦਾ ਹੀ ਜੰਮਪਲ ਹੈ। ਮੁਸਕਰਾ ਕੇ ਕਹਿੰਦਾ, ‘‘ਮੇਰੀ ਗਰਲਫ੍ਰੈਂਡ ਐ, ਲੀਸਾ।’’

‘‘ਤੇਰੀ ਗਰਲ ਫ੍ਰੈਂਡ ਦਾ ਸਰੀਰ ਇੱਕ ਨੰਬਰ ਐ,’’ ਪੰਮੀ ਬਾਈ ਨੇ ਝੂਮਕੇ ਕਿਹਾ।

‘‘ਥੈਂਕਯੂ,’’ਬੌਬ ਨੇ ਕਿਹਾ।

‘‘ਤੂੰ ਕਿਸਮਤ ਵਾਲਾ ਐਂ ਕਿ ਹਰ-ਰੋਜ਼ ਐਸੇ ਸਰੀਰ ਨਾਲ ਸਾਉਨੈਂ। ਕਾਸ਼ ਮੈਂ ਵੀ ਇਹੋ-ਜਿਹੇ ਸਰੀਰ ਨਾਲ ਸੌਂ ਸਕਦਾ,’’ ਪੰਮੀ ਲੋਰ ’ਚ ਕਹਿ ਗਿਆ।

‘‘ਤੂੰ ਇਹਦੇ ਨਾਲ ਸਾਉਣੈ?’’ ਬੌਬ ਨੇ ਲੀਸਾ ਵੱਲ ਹੱਥ ਕਰਕੇ ਕਿਹਾ। ਮੇਰਾ ਮੂੰਹ ਅੱਡਿਆ ਰਹਿ ਗਿਆ।

‘‘ਤੂੰ ਮਜ਼ਾਕ ਕਰਦੈਂ,’’ ਪੰਮੀ ਨੂੰ ਵੀ ਜਿਵੇਂ ਸੱਚ ਨਾ ਆਇਆ ਹੋਵੇ।

‘‘ਨਹੀਂ ਮੈਂ ਸੀਰੀਅਸ ਹਾਂ। ਤੈਨੂੰ ਕੁਝ ਡਾਲਰ ਖਰਚਣੇ ਪੈਣਗੇ,’’ ਬੌਬ ਨੇ ਕਿਹਾ।

‘‘ਤੂੰ ਸੀਰੀਅਸ ਨਹੀਂ ਲੱਗਦਾ। ਤੈਨੂੰ ਕੋਈ ਇਤਰਾਜ਼ ਨਹੀਂ?’’ ਮੈਂ ਹੈਰਾਨੀ ’ਚ ਪੁੱਛਿਆ।

‘‘ਮੈਂ ਕਿਉਂ ਇਤਰਾਜ਼ ਕਰਾਂ। ਉਸ ਕੋਲ ਵਧੀਆ ਸਰੀਰ ਐ, ਉਸਦਾ ਫਾਇਦਾ ਲੈਣਾ ਚਾਹੀਦੈ। ਸੱਚ ਤਾਂ ਇਹ ਹੈ ਕਿ ਮੈਂ ਹੀ ਲੀਸਾ ਨੂੰ ਇਹ ਸਲਾਹ ਦਿੱਤੀ ਸੀ। ਤੇ ਹੁਣ ਮੈਂ ਮਰਸੀਡਜ਼ ਦਾ ਐਸ.ਯੂ.ਵੀ. ਚਲਾਉਂਦਾ ਹਾਂ, ਪੈਂਟ ਹਾਊਸ ’ਚ ਰਹਿੰਨੈ,’’ ਬੌਬ ਨੇ ਚੌੜਾ ਹੋ ਕੇ ਦੱਸਿਆ।

‘ਸਾਲਾ ਪਿੰਪ’ ਮੈਂ ਆਪਣੇ ਚਿੱਤ ’ਚ ਕਿਹਾ ਅਤੇ ਪੰਮੀ ਨੂੰ ਧੂਹ ਕੇ ਪਰਾਂ ਲੈ ਗਿਆ ਪਰ ਪੰਮੀ------

ਮੇਰੇ ਕੋਲੋਂ ਹੋਰ ਨਹੀਂ ਪੜ੍ਹਿਆ ਜਾਂਦਾ। ਮੇਰਾ ਸਾਹ ਤੇਜ਼-ਤੇਜ਼ ਚੱਲਣ ਲੱਗਦਾ ਹੈ। ਡਾਇਰੀ ਮੈਂ ਪਾਸੇ ਰੱਖ ਦਿੰਦੀ ਹਾਂ। ਮੇਰੇ ਅੰਦਰ ਗੁਰਮੀਤ ਨਾਲ ਬਿਤਾਈ ਪਹਿਲੀ ਰਾਤ ਵਾਲਾ ਅਹਿਸਾਸ ਪੈਦਾ ਹੁੰਦਾ ਹੈ। ਉਸ ਰਾਤ ਮੈਂ ਧਾਹੀਂ ਰੋਈ ਸੀ। ਮੇਰੀਆਂ ਅੱਖਾਂ ਛਲਕ ਪੈਂਦੀਆਂ ਹਨ। ਮੇਰੀ ਨਿਗ੍ਹਾ ਵਿਆਹ ਵਾਲੀ ਤਸਵੀਰ ’ਤੇ ਪੈਂਦੀ ਹੈ। ਧੁੰਦਲੀ ਦਿਸਦੀ ਤਸਵੀਰ ਫੈਲ ਕੇ ਕੰਧ ਆਕਾਰੀ ਬਣ ਜਾਂਦੀ ਹੈ। ਮੈਂ ਅੱਖਾਂ ਪੂੰਝਦੀ ਹਾਂ। ਤਸਵੀਰ ਸਾਫ ਹੋ ਜਾਂਦੀ ਹੈ। ਗੁਰਮੀਤ ਸੇਹਰੇ ਬੰਨੀ ਮੇਰੀ ਉਂਗਲ ’ਚ ਮੁੰਦਰੀ ਪਾ ਰਿਹਾ ਹੈ । ਤਸਵੀਰ ’ਚ ਮੇਰੇ ਪਹਿਨੇ ਹੋਏ ਸੂਟ ਨੂੰ ਵੇਖ ਮੈਨੂੰ ਯਾਦ ਆਉਂਦਾ ਹੈ। ਮੈਂ ਉੱਠ ਕੇ ਅਟੈਚੀ ਖੋਲ੍ਹਦੀ ਹਾਂ। ਉਸ ਵਿੱਚੋਂ ਕੱਪੜੇ ਕੱਢਕੇ ਹੈਂਗਰਾਂ ’ਤੇ ਟੰਗਣ ਲੱਗਦੀ ਹਾਂ। ਅਟੈਚੀ ਵਿੱਚੋਂ ਵਿਆਹ ਵਾਲਾ ਸੂਟ ਵੀ ਨਿਕਲ ਆਉਂਦਾ ਹੈ। ਪੈਕਿੰਗ ਕਰਨ ਵੇਲੇ ਮੈਂ ਇਹ ਸੂਟ ਅਟੈਚੀ ’ਚ ਨਹੀਂ ਸੀ ਰੱਖ ਰਹੀ ਪਰ ਬੀਜੀ ਨੇ ਮੱਲੋ-ਜੋਰੀ ਅਟੈਚੀ ’ਚ ਪਾ ਦਿੱਤਾ ਸੀ। ਨਹਾ ਕੇ ਮੈਂ ਉਹ ਸੂਟ ਪਾ ਲੈਂਦੀਂ ਹਾਂ। ਮੈਨੂੰ ਲੱਗਦਾ ਹੈ ਜਿਵੇਂ ਬੀਜੀ ਮੁਸਕਰਾ ਰਹੇ ਹੋਣ। (ਸਿਰਜਣਾ ਜਨਵਰੀ-ਮਾਰਚ 2004) ●●

# ਅੰਦਰ ਬੈਠੇ ਡਰ

ਪੱਚੀ ਵਰ੍ਹਿਆਂ ਦੀ ਦਰਮਿਆਨੀ ਜਿਹੀ ਕਾਠੀ ਤੇ ਮੋਟੀਆਂ ਅੱਖਾਂ ਵਾਲੀ ਨਾਦਿਰਾ ਨੇ ਸਟੋਵ ਉੱਪਰ ਚਾਹ ਦਾ ਪਾਣੀ ਧਰ ਕੇ ਜਦ ਟੀ.ਵੀ. ਚਲਾਇਆ ਤਾਂ ਉਸ ਨੂੰ ਲੱਗਾ ਕਿ ਕੋਈ ਮੂਵੀ ਚੱਲ ਰਹੀ ਹੈ। ਉਸ ਚੈਨਲ ਬਦਲ ਦਿੱਤਾ ਪਰ ਨਾਲ ਹੀ ਮਨ 'ਚ ਸ਼ੰਕਾ ਉਪਜੀ 'ਐਸ ਵੇਲੇ ਮੂਵੀ'? ਅਗਲੇ ਚੈਨਲ ਉੱਪਰ ਵੀ ਉਹੀ ਸੀਨ। ਜਹਾਜ਼ ਗਗਨ-ਚੁੰਬੀ ਇਮਾਰਤ ਨਾਲ ਟਕਰਾਇਆ, ਅੱਗ ਦੀਆਂ ਲਾਟਾਂ, ਸੰਘਣੇ ਧੂੰਏਂ ਦੇ ਬੱਦਲ ਤੇ ਥਾਹੇਂ ਢੇਰੀ ਹੋ ਰਹੀ ਇਮਾਰਤ ਦਾ ਡਿੱਗਣਾ। ਉਸ ਆਵਾਜ਼ ਉੱਚੀ ਕੀਤੀ। 'ਅੱਤਵਾਦੀਆਂ ਨੇ ਜਹਾਜ਼ ਅਗਵਾ ਕਰਕੇ ਨਿਊਯਾਰਕ ਵਿੱਚ  'ਵਰਲਡ ਟਰੇਡ ਸੈਂਟਰ' ਦੇ 'ਟਵਿੱਨ ਟਾਵਰ' 'ਚ ਆਣ ਮਾਰਿਆ ਸੀ'। ਨਾਦਿਰਾ ਦੇ ਅੰਦਰ ਇੱਕ ਚੀਸ ਜਿਹੀ ਉੱਠੀ ਅਤੇ ਉਹ ਪੇਟ ਫੜ ਕੇ ਸੋਫ਼ੇ ਉੱਪਰ ਬੈਠ ਵਾਰ-ਵਾਰ ਚੈਨਲ ਬਦਲਣ ਲੱਗੀ। ਸੀ.ਐਨ.ਐਨ., ਸੀ.ਬੀ.ਸੀ., ਸੀ.ਟੀ.ਵੀ. ਸਾਰੇ ਹੀ ਚੈਨਲਾਂ ਉੱਪਰ ਇਹੋ ਖ਼ਬਰ ਸੀ। 'ਕਿੰਨੀ ਮਨਹੂਸ ਸਵੇਰ ਹੈ, ਪਹਿਲੀ ਖਬਰ ਹੀ ਤਬਾਹੀ ਦੀ', ਉਸ ਸੋਚਿਆ। ਉਸ ਨੇ ਤਾਂ ਟੀ.ਵੀ. ਉੱਪਰ ਟੈਲੀ ਟੱਬੀਸ, ਪਿੰਗੂ ਤੇ ਕਾਅਯੂ ਦੇ ਕਾਰਟੂਨ ਸ਼ੋਅ ਵੇਖਦਿਆਂ ਸੀਰੀਅਲਸ ਖਾਣੇ ਸਨ, ਫੇਰ ਚਾਹ ਪੀਣੀ ਸੀ ।ਇਹੀ ਤਾਂ ਰੁਟੀਨ ਸੀ। ਇਮਾਰਤ ਮਲਬੇ ਵਿੱਚ ਬਦਲ ਕੇ ਡਿੱਗਦੀ ਵਿਖਾਈ ਜਾ ਰਹੀ ਸੀ। ਲੋਕ ਜਾਨਾਂ ਬਚਾਉਣ ਲਈ ਭੱਜ ਰਹੇ ਸਨ, ਚੀਕ ਰਹੇ ਸਨ, ਕੁਹਰਾਮ ਮਚਿਆ ਹੋਇਆ ਸੀ। ਰੀਪੋਰਟਰ ਦੱਸ ਰਿਹਾ ਸੀ ਕਿ ਨਿਊਯਾਰਕ ਦੇ ਮੈਨਹਟਨ ਇਲਾਕੇ 'ਚ ਸੜਕਾਂ ਉੱਪਰ ਮੌਤ ਨੱਚ ਰਹੀ ਹੈ। ਨਾਦਿਰਾ ਨੂੰ ਜ਼ਾਵੇਦ ਦਾ ਖਿਆਲ ਆਇਆ।'ਜ਼ਾਵੇਦ ਵੀ ਤਾਂ ਬਹੁਤਾ ਮੈਨਹਟਨ 'ਚ ਹੀ ਟੈਕਸੀ ਚਲਾਉਂਦਾ ਹੈ। ਯਾ ਖੁਦਾ ਮਿਹਰ ਕਰੀਂ'! ਆਖਦੀ ਉਹ ਤੇਜ਼ੀ ਨਾਲ ਸੋਫ਼ੇ ਤੋਂ ਉੱਠੀ। ਉਸ ਦੀਆਂ ਅੱਖਾਂ ਅੱਗੇ ਹਨੇਰਾ ਪੱਸਰ ਗਿਆ, ਉਸ ਸੋਫੇ ਦੀ ਢੋਅ ਨੂੰ ਹੱਥ ਪਾ ਲਿਆ ਅਤੇ ਦੂਜਾ ਹੱਥ ਪੇਟ ਉੱਪਰ ਰੱਖ ਲਿਆ। ਉਹ ਡਿੱਗਦੀ-ਡਿੱਗਦੀ ਬਚੀ। ਸੰਭਲ ਕੇ ਉਸ ਫ਼ੋਨ ਚੁੱਕਿਆ ਅਤੇ ਜ਼ਾਵੇਦ ਦਾ ਨੰਬਰ ਮਿਲਾਉਣ ਲੱਗੀ। ਘੰਟੀ ਵੱਜ ਰਹੀ ਸੀ ਪਰ ਜ਼ਾਵੇਦ ਫੋਨ ਨਹੀਂ ਸੀ ਉਠਾ ਰਿਹਾ। ਉੱਚੀ-ਉੱਚੀ ਹੁੰਦੀ ਟੀਂ-ਟੀਂ ਦੀ ਆਵਾਜ਼ ਨਾਲ ਉਹ ਬੁਖਲਾ ਗਈ। 'ਖੁਦਾਇਆ ਇਹ ਕੀ ਹੋ ਰਿਹਾ ਹੈ, ਪਰਲੋ ਆ ਗਈ ਏ!' ਆਖਦੀ ਨੇ ਉਸ ਭੁੱਬ ਮਾਰੀ। ਫਾਇਰ ਅਲਾਰਮ ਦੀ ਜਗਦੀ-ਬੁੱਝਦੀ ਲਾਲ ਬੱਤੀ ਵੱਲ ਵੇਖ ਉਸ ਨੂੰ ਧੂੰਏਂ ਦਾ ਖਿਆਲ ਆਇਆ। ਉਸ ਕੱਪੜਾ ਚੁੱਕ ਕੇ ਅਲਾਰਮ ਦੁਆਲੇ ਝੱਲਿਆ। ਅਲਾਰਮ ਦੇ ਚੁੱਪ ਕਰਨ ਨਾਲ ਉਹ ਸਟੋਵ ਵੱਲ ਵਧੀ ਜਿੱਥੇ ਉਸ ਚਾਹ ਵਾਸਤੇ ਪਾਣੀ ਰੱਖਿਆ ਹੋਇਆ ਸੀ। ਪਾਣੀ ਭਾਫ਼ ਬਣ ਕੇ ਉੱਡ ਗਿਆ ਸੀ। ਉਸ ਸਟੋਵ ਬੰਦ ਕੀਤਾ ਅਤੇ ਸਿਸਕਦੀ ਨੇ ਜ਼ਾਵੇਦ ਦਾ ਨੰਬਰ ਮਿਲਾਇਆ। ਫਾਇਰ ਅਲਾਰਮ ਫਿਰ ਬੋਲਣ ਲੱਗਾ। ਫੋਨ ਨੂੰ ਕੰਨ ਨਾਲ ਲਗਾਏ ਹੀ ਉਹ ਅਲਾਰਮ ਦੁਆਲੇ ਕੱਪੜੇ ਦੀ ਝੱਲ ਮਾਰਨ ਲੱਗੀ। ਧੂੰਏਂ ਦੇ ਸਾਫ਼ ਹੁੰਦਿਆਂ ਹੀ ਅਲਾਰਮ ਬੰਦ ਹੋ ਗਿਆ। ਉਸ ਨੇ ਫੋਨ ਬੰਦ ਕੀਤਾ ਅਤੇ ਸੋਫੇ 'ਤੇ ਬੈਠ ਗਈ।' ਜ਼ਾਵੇਦ ਤਾਂ ਇਸ ਵੇਲੇ ਕੰਮ 'ਤੇ ਹੋਵੇਗਾ, ਫੋਨ ਕਿਸ ਉਠਾਣਾ ਹੈ?' ਨਾਦਿਰਾ ਨੂੰ ਖਿਆਲ ਆਇਆ । ਉਹ ਹੌਂਕਣ ਲੱਗੀ। ਲੰਮੇ-ਲੰਮੇ ਸਾਹ ਲੈ ਉਹ ਆਪਣੇ-ਆਪ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਫਿਰ ਉਸ ਜ਼ਾਵੇਦ ਦਾ ਸੈੱਲ ਫੋਨ ਮਿਲਾਇਆ। ਉਹ ਬਿਜ਼ੀ ਆ ਰਿਹਾ ਸੀ। 'ਜਹਾਜ਼ ਅਗਵਾ ਕਰਨ ਵਾਲੇ ਅਲ-ਕਾਇਦਾ ਨਾਲ ਸਬੰਧਤ ਹੋ ਸਕਦੇ ਹਨ।' ਉਸ ਦੇ ਕੰਨੀ ਟੀ. ਵੀ. ਦੀ ਆਵਾਜ਼ ਪਈ।

''ਮੇਹਰ ਕਰੀਂ ਮੇਰੇ ਅੱਲਾ, ਹੁਣ ਮੁਸਲਮਾਨਾਂ ਦੀ ਖ਼ੈਰ ਨਹੀਂ, ਮੇਰੇ ਭਾਈ ਨੂੰ ਸਲਾਮਤ ਰੱਖੀਂ।'' ਨਾਦਿਰਾ ਨੇ ਉੱਪਰ ਵੱਲ ਹੱਥ ਅੱਡ ਕੇ ਕਿਹਾ ਅਤੇ  ਜ਼ਾਵੇਦ ਨੂੰ ਫਿਰ ਫੋਨ ਕਰਨ ਲੱਗੀ।

''ਹੈਲੋ ਜ਼ਾਵੇਦ, ਤੂੰ ਠੀਕ ਐਂ?'' ਨਾਦਿਰਾ ਨੇ ਘਬਰਾਈ ਆਵਾਜ਼ 'ਚ ਪੁੱਛਿਆ।

''ਹਾਂ,ਹਾਂ ਆਪਾ ਮੈਂ ਠੀਕ ਆਂ,'' ਦੂਸਰੇ ਪਾਸਿਓਂ ਆਵਾਜ਼ ਆਈ।

''ਸ਼ੁਕਰ ਐ ਅੱਲਾ ਤੇਰਾ ਸ਼ੁਕਰ ਐ। ਜ਼ਾਵੇਦ ਤੂੰ ਬਾਹਰ ਕਿੱਧਰ ਫਿਰ ਰਿਹੈਂ, ਘਰ ਜਾਹ,'' ਨਾਦਿਰਾ ਨੇ ਹੁਕਮੀਆ ਲਹਿਜ਼ੇ 'ਚ ਕਿਹਾ।

''ਨਹੀਂ ਆਪਾ ਖਤਰੇ ਵਾਲੀ ਕੋਈ ਗੱਲ ਨਹੀਂ।''

''ਖਤਰੇ ਵਾਲੀ ਗੱਲ ਕਿਓਂ ਨਹੀਂ? ਕਾਰਾ ਕਰਨ ਵਾਲੇ ਜਿਹੜੇ ਮਜ਼੍ਹਬ ਦੇ ਹੁੰਦੇ ਆ, ਉਸ ਵਿਰੁੱਧ ਦੰਗੇ ਭੜਕਦੇ ਈ ਹੁੰਦੇ ਆ। ਇਹੀ ਕੁਝ ਮੁੰਬਈ 'ਚ ਨਹੀਂ ਸੀ ਹੋਇਆ?''

''ਇੱਥੇ ਕੁਝ ਨਹੀਂ ਹੁੰਦਾ, ਕਾਨੂੰਨ ਨਾਂ ਦੀ ਕੋਈ ਚੀਜ਼ ਇੱਥੇ ਹੈਗੀ ਆ।''

''ਜਦੋਂ ਤੱਕ ਕਾਨੂੰਨ ਹਰਕਤ 'ਚ ਆਉਂਦੈ ਜਨੂੰਨੀ ਕਾਰਾ ਕਰ ਚੁੱਕੇ ਹੁੰਦੇ ਹਨ। ਤੈਨੂੰ ਮੇਰੀ ਸਹੁੰ ਤੂੰ ਘਰ ਜਾਹ। ਅੱਗੇ ਅੱਬੂ ਦੰਗਿਆ 'ਚ ਗੁਆਇਐ, ਹੁਣ ਭਾਈ ਨਹੀਂ ਗਵਾਉਣਾ ਚਾਹੁੰਦੀ,'' ਨਾਦਿਰਾ ਦੀ ਆਵਾਜ਼ ਭਰੜਾਅ ਗਈ।

''ਠੀਕ ਐ, ਠੀਕ ਐ ਆਪਾ, ਮੈਂ ਘਰ ਚਲਾ ਜਾਨੈਂ, ਤੂੰ  ਫਿਕਰ ਨਾ ਕਰ।''

ਫੋਨ ਬੰਦ ਕਰਕੇ ਨਾਦਿਰਾ ਨੇ ਆਪਣੇ ਹੱਥ ਅੱਡ ਉੱਪਰ ਵੱਲ ਵੇਖਿਆ ਤੇ ਫੇਰ ਹੱਥ ਆਪਣੇ ਚੇਹਰੇ ਨੂੰ ਛੁਹਾਏ ਮੁੜ ਛਾਤੀ ਉੱਪਰ ਰੱਖ ਲਏ ਤੇ ਅੱਖਾਂ ਬੰਦ ਕਰ ਲਈਆਂ। ਜਦ ਉਸ ਅੱਖਾਂ ਖੋਹਲੀਆਂ, ਉਸ ਦੀ ਨਿਗ੍ਹਾ ਆਪਣੇ ਹੱਥਾਂ ਉੱਪਰ ਅਟਕ ਗਈ।

"ਅੱਬੂ ਦੇ ਹੱਥ ਰਹਿਮ ਲਈ ਅੱਡੇ ਹੋਏ ਸਨ।" ਲਾਸ਼ ਦੀ ਸ਼ਨਾਖਤ ਕਰਕੇ ਮੁੜੇ ਜ਼ਾਵੇਦ ਨੇ ਦੱਸਿਆ ਸੀ।
"ਕੀ ਪਤਾ ਕਿੰਨੇ ਤਰਲੇ ਕੀਤੇ ਹੋਣਗੇ?" ਅੰਮੀ ਦਾ ਹਾਉਕਾ ਉਸਦੇ ਚੇਤੇ 'ਚ ਉੱਭਰਿਆ।
"ਕੀ ਹਨੇਰੀ ਝੁੱਲੀ ਸੀ!" ਅੰਮੀ ਦਾ ਹਾਉਕਾ ਉਸ ਨੇ ਆਪਣੇ ਸਾਹਾਂ ਰਾਹੀਂ ਬਾਹਰ ਕੱਢਿਆ। ਨਾਦਿਰਾ ਦੀਆਂ ਅੱਖਾਂ ਛਲਕ ਪਈਆਂ। ਟੀ.ਵੀ. 'ਤੇ ਦਿਸਦੇ ਚਿੱਤਰ ਧੁੰਦਲੇ ਹੋਣ ਲੱਗੇ। ਫਿਰ ਉਸ ਨੂੰ ਲੱਗਾ ਜਿਵੇਂ ਟੀ.ਵੀ. ਉੱਪਰ ਵਿਖਾਈ ਜਾ ਰਹੀ ਖਬਰ ਮੁੰਬਈ ਦੀ ਹੋਵੇ। ਕਈ ਬੰਬ ਫਟੇ ਸਨ। ਮੁੰਬਈ ਜਲਣ ਲੱਗੀ ਸੀ। 'ਇਨ੍ਹਾਂ ਬੰਬਾਂ ਦੀ ਜ਼ਿੰਮੇਵਾਰੀ ਮੁਸਲਿਮ ਅੱਤਵਾਦੀ ਜੱਥੇਬੰਦੀ ਨੇ ਆਪਣੇ ਸਿਰ ਲੈਂਦਿਆਂ ਕਿਹਾ ਹੈ ਕਿ ਇਹ ਅਯੁੱਧਿਆ ਵਿੱਚ ਬਾਬਰੀ ਮਸਜਿਦ ਢਾਹੇ ਜਾਣ ਦਾ ਪ੍ਰਤੀਕਰਮ ਹੈ'। ਟੀ.ਵੀ. 'ਤੇ ਖਬਰ ਸੀ। ਮੁੰਬਈ ਹੋਰ ਜਲਣ ਲੱਗੀ ਸੀ। ਟੀ.ਵੀ. ਉੱਪਰ ਮੁਸਲਮਾਨ ਅਤੇ ਉਨ੍ਹਾਂ ਦੀਆਂ ਮੱਚ ਰਹੀਆਂ ਦੁਕਾਨਾਂ ਵਿਖਾਈਆਂ ਜਾ ਰਹੀਆਂ ਸਨ। ਉਸ ਨੂੰ ਲੱਗਾ ਜਿਵੇਂ ਕੋਈ ਬਜ਼ੁਰਗ ਹੱਥ ਜੋੜ ਕੇ ਰੱਖਿਆ ਦੀ ਭੀਖ ਮੰਗ ਰਿਹਾ ਹੋਵੇ।

"ਹਾਏ ਅੱਬੂ" ਨਾਦਿਰਾ ਦੇ ਅੰਦਰੋਂ ਇੱਕ ਘੁੱਟਵੀਂ ਜਿਹੀ ਲੇਰ ਨਿਕਲੀ, ਜਿਸ ਨੇ ਉਸ ਦੇ ਸਾਰੇ ਬਦਨ ਵਿੱਚ ਕੰਬਣੀ ਛੇੜ ਦਿੱਤੀ। ਅੱਬੂ ਦਾ ਅਕਸ ਉਸ ਨੂੰ ਜ਼ਾਵੇਦ 'ਚ ਬਦਲਦਾ ਲੱਗਾ। ਜ਼ਾਵੇਦ ਦਾ ਖਿਆਲ ਆਉਂਦੇ ਹੀ ਨਾਦਿਰਾ ਨੇ ਉਸ ਨੂੰ ਫੋਨ ਮਿਲਾਇਆ, "ਜ਼ਾਵੇਦ ਤੂੰ ਘਰ ਨਹੀਂ ਗਿਆ ਹਾਲੇ ?" ਉਸ ਰੋਂਦੀ ਆਵਾਜ਼ 'ਚ ਪੁੱਛਿਆ।
" ਮੈਨੂੰ ਕੁਝ ਨਹੀਂ ਹੋਇਆ, ਮੈਂ ਘਰ ਹੀ ਜਾ ਰਿਹਾ ਹਾਂ, ਘਰ ਪਹੁੰਚਣ ਲਈ ਟਾਈਮ ਤਾਂ ਲੱਗੇਗਾ ਹੀ। ਤੂੰ ਘਬਰਾ ਨਾ।"
" ਘਬਰਾਵਾਂ ਕਿਓਂ ਨਾ, ਐਹੋ ਜੇ ਮੌਕਿਆਂ 'ਤੇ ਤਾਂ ਪੁਲੀਸ ਵੀ ਆਪ ਹੀ ਕਾਰੇ ਕਰਨ ਲੱਗ ਜਾਂਦੀ ਐ, ਤੂੰ ਘਰ ਪਹੁੰਚ ਕੇ ਫੋਨ ਕਰ ਮੈਨੂੰ," ਆਖ ਕੇ ਨਾਦਿਰਾ ਨੇ ਫੋਨ ਰੱਖ ਦਿੱਤਾ।
ਉਸ ਦੀਆਂ ਅੱਖਾਂ ਅੱਗੋਂ ਫਿਰ ਜੁੜੇ ਹੱਥਾਂ ਵਾਲਾ ਅਕਸ ਘੁੰਮਣ ਲੱਗਾ। ਇਸ ਵਾਰ ਇਹ ਹੱਥ ਉਸ ਦੇ ਮੰਗੇਤਰ ਤਾਰਿਕ ਦੇ ਸਨ।
ਵਿਹੜੇ ਵਿੱਚ ਚੁਫਾਲ ਪਿਆ ਤਾਰਿਕ ਹੱਥ ਜੋੜ ਕੇ ਗਿੜ-ਗਿੜਾ ਰਿਹਾ ਸੀ, " ਤੁਹਾਨੂੰ ਕੋਈ ਗਲਤ ਫਹਿਮੀ ਹੋਈ ਹੈ, ਕੋਈ ਗਲਤ ਇਨਫਰਮੇਸ਼ਨ ਮਿਲੀ ਹੈ।" ਪੁਲੀਸ ਦੇ ਠੁੱਡੇ-ਮੁੱਕੇ ਉਸ ਦੇ ਵੱਜ ਰਹੇ ਸਨ। ਖਾਲਾ ਉਸ ਉੱਪਰ ਆਣ ਪਈ।
"ਜਦ ਇਹ ਬੰਬ ਸੁੱਟਣ ਗਿਆ ਸੀ ਉਦੋਂ ਰੋਕਦੀ ਇਸ ਨੂੰ," ਕੇਸਾਂ ਤੋਂ ਧੂਹ ਕੇ ਪਰ੍ਹਾਂ ਸੁੱਟਦਿਆਂ ਸਿਪਾਹੀ ਬੋਲਿਆ ਸੀ।

ਨਾਦਿਰਾ ਨੇ ਆਪਣੇ ਕੇਸਾਂ 'ਚ ਚੀਸ ਜਿਹੀ ਮਹਿਸੂਸ ਕੀਤੀ। ਇਹੀ ਚੀਸ ਉਸ ਨੇ ਉਦੋਂ ਵੀ ਮਹਿਸੂਸ ਕੀਤੀ ਸੀ ਜਦ ਸਿਪਾਹੀ ਨੇ ਖਾਲਾ ਨੂੰ ਕੇਸਾਂ ਤੋਂ ਖਿੱਚਿਆ ਸੀ। ਪਰ ਨਾਦਿਰਾ ਕੋਨੇ 'ਚ ਸਹਿਮੀ ਖੜ੍ਹੀ ਆਪਣੇ ਮੰਗੇਤਰ ਨੂੰ ਪੁਲੀਸ ਵੱਲੋਂ ਬਾਹਰ ਵੱਲ ਘੜੀਸਿਆ ਜਾਂਦਾ ਬੇਵੱਸ ਵੇਖਦੀ ਰਹੀ ਸੀ। ਤਾਰਿਕ ਆਪਣਾ ਹੱਥ ਨਾਦਿਰਾ ਵੱਲ ਉਲਾਰ ਰਿਹਾ ਸੀ। ਨਾਦਿਰਾ ਨੂੰ ਲੱਗਿਆ ਸੀ ਜਿਵੇਂ ਤਾਰਿਕ ਸਿਪਾਹੀਆਂ ਤੋਂ ਛੁਡਾਉਣ ਲਈ ਉਸ ਨੂੰ ਪੁਕਾਰ ਰਿਹਾ ਹੋਵੇ। "ਸਾਲੇ ਗੱਦਾਰੋ, ਖਾਵੋਂ ਇੰਡੀਆ ਦਾ ਤੇ ਨੱਚੋ ਪਾਕਿਸਤਾਨ ਦੇ ਇਸ਼ਾਰਿਆਂ 'ਤੇ," ਆਖਦੇ ਸਿਪਾਹੀ ਉਸ ਨੂੰ ਧੂਹ ਰਹੇ ਸਨ।
ਪੁਲੀਸ ਦੇ ਬੋਲ, ਡਾਂਗਾਂ, ਠੁੱਡੇ, ਤਾਰਿਕ ਦਾ ਉਸ ਵੱਲ ਉਲਰਿਆ ਹੱਥ ਨਾਦਿਰਾ ਦੇ ਵਜੂਦ 'ਤੇ ਭਾਰੂ ਹੋ ਗਏ। "ਕਿੱਥੇ ਗਿਆ ਤਾਰਿਕ , ਕਿੱਧਰ ਲੈ ਗਏ ਤੈਨੂੰ-----
ਫੋਨ ਦੀ ਘੰਟੀ ਲਗਾਤਾਰ ਵੱਜਦੀ ਰਹੀ। ਨਾਦਿਰਾ ਨੇ ਮਸ਼ੀਨ ਵਾਂਗ ਚੁੱਕ ਕੇ ਫੋਨ ਕੰਨ ਨੂੰ ਲਾ ਲਿਆ।
"ਆਪਾ ਮੈਂ ਘਰ ਪਹੁੰਚ ਗਿਆ ਹਾਂ।"
"ਪਰ ਤਾਰਿਕ-----
"ਤਾਰਿਕ-----? ਆਪਾ ਹੋਸ਼ 'ਚ ਆ, ਫਿਰ ਬੀਮਾਰ ਹੋਵੇਂਗੀ। ਮਸਾਂ ਡਿਪਰੈਸ਼ਨ 'ਚੋਂ ਨਿਕਲੀ ਐਂ। ਤਾਰਿਕ ਮਰ ਗਿਆ ਸੀ। ਮਰਿਆਂ ਨਾਲ ਮਰਿਆ ਨਹੀਂ ਨ ਜਾਂਦਾ। ਤੂੰ ਆਪਣੇ ਹੋਣ ਵਾਲੇ ਬੱਚੇ ਦਾ ਖਿਆਲ ਕਰ--------ਤੂੰ ਕੁਝ ਖਾਧਾ ਪੀਤਾ ਵੀ ਏ ਕਿ ਨਹੀਂ?-------ਰਹੀਮ ਭਾਈ ਨੇ ਕਦ ਵਾਪਿਸ ਆਉਣਾ ਹੈ? ਟਾਈਮ ਸਿਰ ਪਹੁੰਚ ਜਾਣਗੇ?" ਜ਼ਾਵੇਦ ਉਸ ਨੂੰ ਬਹੁਤ ਦੇਰ ਸਮਝਾਉਂਦਾ ਰਿਹਾ।
"ਹਾਂ, ਅਗਲੇ ਹਫ਼ਤੇ ਆਉਣਾ ਹੈ ਰਹੀਮ ਨੇ," ਨਾਦਿਰਾ ਜ਼ਾਵੇਦ ਦੀਆਂ ਗੱਲਾਂ ਨਾਲ ਕੁਝ ਸਹਿਜ ਹੋ ਗਈ ਸੀ।
" ਬੱਚੇ ਦਾ ਖਿਆਲ ਤਾਂ ਆਪਾ ਤੂੰ ਹੀ ਰੱਖਣੈਂ, ਰਹੀਮ ਭਾਈ ਤਾਂ ਇੰਡੀਆ ਬੈਠੇ ਆ। ਉਦੋਂ ਤਾਂ ਕਹਿੰਦੀ ਹੁੰਦੀ ਸੈਂ ਕਿ ਆਪਣੇ ਬੱਚਿਆਂ 'ਤੇ ਅਜੇਹੇ ਹਾਲਾਤ ਦਾ ਪਰਛਾਵਾਂ ਤੱਕ ਨਹੀਂ ਪੈਣ ਦੇਵੇਂਗੀ। ਹੁਣ ਫਿਰ ਪੁਰਾਣੀਆਂ ਗੱਲਾਂ ਬਾਰੇ ਸੋਚੀ ਜਾਨੀ ਐਂ। ਪਤਾ ਕਿੰਨੇ ਸਾਲ ਲੱਗੇ ਆ ਤੈਨੂੰ ਅੱਬੂ ਤੇ ਤਾਰਿਕ ਵਾਲੇ ਸਦਮੇ 'ਚੋਂ ਨਿਕਲਦਿਆਂ। ਹੁਣ ਫਿਰ ਉਹੀ ਸੋਚਾਂ।"
"ਚੰਗਾ ਮੈਂ ਕੋਸ਼ਿਸ਼ ਕਰਦੀ ਹਾਂ," ਨਾਦਿਰਾ ਨੇ ਕਿਹਾ।
" ਕੋਸ਼ਿਸ਼ ਨਹੀਂ ਤੈਨੂੰ ਕਰਨਾ ਹੀ ਪੈਣਾ ਹੈ। ਇੱਥੇ ਸਾਰੇ ਏਅਰਪੋਰਟ ਬੰਦ ਹਨ, ਕੋਈ ਫਲਾਈਟ ਆ-ਜਾ ਨਹੀਂ ਰਹੀ , ਨਹੀਂ ਤਾਂ ਮੈਂ ਆਪ ਆ ਜਾਂਦਾ।"
"ਨਹੀਂ, ਨਹੀਂ ਤੂੰ ਰਹਿਣ ਦੇ, ਮੈਂ ਸੰਭਾਲ ਲਵਾਂਗੀ ਆਪਣੇ-ਆਪ ਨੂੰ।"
"ਚੰਗਾ ਫਿਰ ਇਸ ਤਰ੍ਹਾਂ ਕਰ ਨਹਾ-ਧੋ ਕੇ ਕੁਝ ਖਾ-ਪੀ। ਤੂੰ ਤਾਂ ਭੁੱਖੀ ਰਹਿ ਲਵੇਂਗੀ ਪਰ ਆਉਣ ਵਾਲੇ ਜੀਅ ਨੇ ਤੇਰਾ ਕੀ ਵਿਗਾੜਿਆ ਹੈ? ਆਪਣਾ ਖਿਆਲ ਰੱਖੀਂ, ਮੈਂ ਫਿਰ ਫੋਨ ਕਰਾਂਗਾ।"

ਟੀ.ਵੀ. ਬੰਦ ਕਰਕੇ ਨਾਦਿਰਾ ਨੇ ਸੀਰੀਅਲਸ 'ਚ ਦੁੱਧ ਪਾਇਆ ਅਤੇ ਖਾਣੇ ਵਾਲੇ ਮੇਜ਼ ਦੁਆਲੇ ਬੈਠ ਗਈ ਤੇ ਚਮਚੇ ਨੂੰ ਹੱਥ 'ਚ ਫੜ ਬੈਠੀ ਰਹੀ। 'ਰਹੀਮ ਨੂੰ ਕਿੰਨੇ ਵਾਰ ਕਿਹਾ ਹੈ ਕਿ ਇੱਥੇ ਹੀ ਕੱਪੜੇ ਦੀ ਦੁਕਾਨ ਪਾ ਲਵੇ ਪਰ ਉਸ ਨੂੰ ਤਾਂ ਹੋਲ-ਸੇਲਰ ਬਣਨ ਦੀ ਪਈ ਹੈ, ਦੋ ਮਹੀਨੇ ਇੱਥੇ, ਦੋ ਮਹੀਨੇ ਇੰਡੀਆ। 'ਕੱਲੀ ਬੈਠੀ ਰਹਾਂ ਮੈਂ ਇੱਥੇ। ਜੇ ਅੱਜ ਇੱਥੇ ਹੁੰਦਾ ਮੇਰਾ ਖਿਆਲ ਰੱਖਦਾ। ਜੇ ਮੈਨੂੰ ਕੁਝ ਹੋ ਜਾਵੇ ------?' ਨਾਦਿਰਾ ਦਾ ਹੱਥ ਆਪਣੇ ਪੇਟ 'ਤੇ ਫਿਰਨ ਲੱਗਾ। ਪੇਟ ਅੰਦਰ ਬੱਚਾ ਉਸ ਨੂੰ ਹਿੱਲਦਾ ਮਹਿਸੂਸ ਹੋਇਆ। 'ਵੇਖ ਕਿਵੇਂ ਲੱਤਾਂ ਚਲਾਉਂਦਾ ਹੈ, ਭੁੱਖਾ ਹੋਵੇਗਾ ਵਿਚਾਰਾ'। ਇਹ ਖਿਆਲ ਆਉਂਦਿਆਂ ਹੀ ਉਹ ਛੇਤੀ-ਛੇਤੀ ਸੀਰੀਅਲਸ ਖਾਣ ਲੱਗੀ।

'ਕੀ ਪਤਾ ਲੜਕੀ ਹੀ ਹੋਵੇ, ਮੈਂ ਐਵੇਂ ਲੜਕਾ ਸਮਝੀ ਜਾਂਦੀ ਹਾਂ। ਨਹੀਂ,ਨਹੀਂ ਲੜਕਾ ਹੀ ਹੋਵੇਗਾ। ਮੇਰਾ ਤਾਰਿਕ ਵਾਪਿਸ ਆਵੇਗਾ, ਇਸ ਨੂੰ ਮੈਂ ਤੱਤੀ 'ਵਾ ਨਹੀਂ ਲੱਗਣ ਦੇਣੀ। ਤੱਤੀਆਂ ਹਵਾਵਾਂ ਤੋਂ ਬਚਣ ਲਈ ਤਾਂ ਮੈਂ ਇੱਥੇ ਸੱਤ ਸਮੁੰਦਰ ਪਾਰ ਆਈ ਹਾਂ ਪਰ ਹੁਣ ਤਾਂ ਇੱਥੇ ਵੀ---- ਨਹੀਂ ਮੈਨੂੰ ਉੱਠਣਾ ਚਾਹੀਦਾ ਹੈ , ਆਪਣਾ ਖਿਆਲ ਰੱਖਣਾ ਚਾਹੀਦੈ'। ਇਹ ਸੋਚ ਉਹ ਉੱਠ ਖੜ੍ਹੀ ਅਤੇ ਵਾਸ਼ਰੂਮ 'ਚ ਵੜ ਗਈ। ਪੇਟ 'ਚ ਉਸ ਨੇ ਚੀਸ ਜਿਹੀ ਮਹਿਸੂਸ ਕੀਤੀ।'ਕਿਤੇ ਅੱਜ ਹੀ ਨਾ---? ਕਹਿੰਦੇ ਆ ਕਿ ਸਟਰੈੱਸ ਨਾਲ ਕਈ ਵਾਰੀ ਡਲਿਵਰੀ ਪਹਿਲਾਂ ਹੀ ਹੋ ਜਾਂਦੀ ਐ। ਕੀ ਕਰਾਂਗੀ ਮੈਂ ਇੱਕਲੀ? ਇੰਡੀਆ ਹੁੰਦੀ ਤਾਂ ਉੱਥੇ ਮਾਂ ਸੀ, ਖਾਲਾ ਸੀ'। ਉਸ ਸ਼ੀਸ਼ੇ ਵੱਲ ਵੇਖਿਆ।

'ਨਾ ਹੁੰਦੀ ਇੱਕਲੀ, ਰਹਿ ਪੈਂਦੀ ਮਾਂ ਕੋਲ। ਮਾਂ ਨੇ ਕਿੰਨਾਂ ਜ਼ੋਰ ਦਿੱਤਾ ਸੀ ਕਿ ਮੰਨ ਜਾ। ਖਾਲਾ ਵੀ ਕਹਿੰਦੀ ਸੀ ਕਿ ਤਾਰਿਕ ਦੀ ਮੰਗ ਸੀ, ਜੇ ਉਹ ਨਹੀਂ ਰਿਹਾ ਤਾਂ ਛੋਟੇ ਲਈ ਦਿਓ ਰਿਸ਼ਤਾ'। ਨਾਦਿਰਾ ਨੂੰ ਲੱਗਾ ਜਿਵੇਂ ਸ਼ੀਸ਼ੇ ਵਿਚਲੀ ਔਰਤ ਬੋਲੀ ਹੋਵੇ।

'ਉਸ ਘਰ ਜਾਂਦੀ ਸੀ ਤਾਂ ਲੱਗਦਾ ਜਿਵੇਂ ਤਾਰਿਕ ਪੁੱਛ ਰਿਹਾ ਹੋਵੇ ਕਿ ਉਸ ਨੂੰ ਬਚਾਇਆ ਕਿਓਂ ਨਹੀਂ। ਉਸ ਦੀ ਪੁੱਛ ਤੋਂ ਬਚਦੀ ਹੀ ਭੱਜ ਕੇ ਆਈ ਹਾਂ, ਜਿੱਥੇ ਮੈਂ ਆਪਣੇ ਇਸ ਨੰਨੇ ਤਾਰਿਕ ਨੂੰ ਬਚਾ ਸਕਾਂ'।

'ਤਾਂ ਬਚਾ ਫਿਰ, ਕਰ ਹਿੰਮਤ'। ਜਿਵੇਂ ਸ਼ੀਸ਼ੇ ਵਿਚਲੀ ਨਾਦਿਰਾ ਨੇ ਕਿਹਾ ਹੋਵੇ ਅਤੇ ਉਹ ਕੇਸ ਖੋਲ੍ਹ ਸ਼ਾਵਰ ਥੱਲੇ ਖੜ੍ਹ ਗਈ। ਬਹੁਤ ਦੇਰ ਤੱਕ ਪਾਣੀ ਉਸ ਦੇ ਸਿਰ ਤੋਂ ਪੈਰਾਂ ਵੱਲ ਡਿੱਗਦਾ ਰਿਹਾ। ਕੱਪੜੇ ਪਹਿਨ ਉਹ ਆਪਣੇ ਬੈੱਡ ਸਾਹਮਣੇ ਟੰਗੀ ਬੱਚੇ ਦੀ ਤਸਵੀਰ ਮੂਹਰੇ ਜਾ ਖੜੋਤੀ। ਹੱਸ ਰਹੇ ਬੱਚੇ ਨੇ ਉਸ ਅੰਦਰ ਇੱਕ ਤਰੰਗ ਜਿਹੀ ਛੇੜੀ। ਉਹ ਬੱਚੇ ਦੇ ਚਿਹਰੇ ਦਾ ਅੰਗ-ਅੰਗ ਨਿਹਾਰਨ ਲੱਗੀ। "ਕਿੰਨਾ ਮਾਸੂਮ ਹੈ ਬਿਲਕੁਲ ਤਾਰਿਕ ਵਰਗਾ।" ਉਹ ਫੁਸਫਸਾਈ ਅਤੇ ਬੱਚੇ ਦੇ ਨਕਸ਼ ਉਸ ਨੂੰ ਤਾਰਿਕ 'ਚ ਢਲਦੇ ਮਹਿਸੂਸ ਹੋਏ।

"ਏ ਨਾਦਿਰਾ। ਇੰਡੀਆ ਨੇ ਪਾਕਿਸਤਾਨ ਨੂੰ 50 ਰੱਨ ਨਾਲ ਬੀਟ ਕੀਤੈ। ਸਚਿਨ ਨੇ ਸੁਹੇਬ ਅਖਤਰ ਦੀ ਹਰ ਗੇਂਦ ਤੇ ਰੱਨ ਬਣਾਇਆ, ਚੌਕੇ, ਛਿੱਕੇ ਲਾਏ ,ਬਹੁਤ ਮਜ਼ਾ ਆਇਆ," ਤਾਰਿਕ ਚਹਿਕ ਰਿਹਾ ਸੀ।

"ਚੰਗਾ ਫੇਰ ਖਵਾ ਕੁਝ, ਇੰਡੀਆ ਜਿੱਤਿਐ।"

"ਦੱਸ ਕੀ ਖਾਣੈ? ਪਰ ਫੇਰ ਤੂੰ ਮੇਰੇ ਨਾਲ ਬੈਠ ਕੇ ਮੈਚ ਵੇਖਿਆ ਕਰੀਂ, ਫਿਰ ਹੋਰ ਵੀ ਮਜ਼ਾ ਆਇਆ ਕਰੂ।"

"ਤੇ ਰਸੋਈ ਦੇ ਕੰਮ ਕੌਣ ਕਰਿਆ ਕਰੇਗਾ?"

"ਆਪਾਂ ਸਾਰਾ ਕੁਝ ਰਲ ਕੇ ਕਰਿਆ ਕਰਾਂਗੇ।"

ਨਾਦਿਰਾ ਦੇ ਅੰਦਰੋਂ ਇੱਕ ਹਾਉਕਾ ਨਿਕਲਿਆ ਅਤੇ ਉਹ ਤਸਵੀਰ ਤੋਂ ਪਾਸੇ ਹੋ ਗਈ।

'ਰਹੀਮ ਮੇਰਾ ਕਿੰਨ੍ਹਾ ਖਿਆਲ ਰੱਖਦਾ ਹੈ, ਫੇਰ ਤਾਰਿਕ ਮੇਰੇ ਚੇਤਿਆਂ 'ਚੋਂ ਕਿਓਂ ਨਹੀਂ ਵਿਸਰਦਾ? ਜਦ ਦੀ ਪ੍ਰੈਗਨੈਂਟ ਹੋਈ ਹਾਂ, ਮੈਨੂੰ ਇਹ ਕਿਉਂ ਲੱਗਦੈ ਕਿ ਇਹ ਜਿਵੇਂ ਤਾਰਿਕ ਹੋਵੇ--- ਇਹ ਐਵੇਂ ਵਾਧੂ-ਘਾਟੂ ਮੈਂ ਕਿਉਂ ਸੋਚਣ ਲੱਗ ਜਾਨੀ ਆਂ, ਮੈਨੂੰ ਤਾਂ ਖੁਸ਼ ਰਹਿਣਾ ਚਾਹੀਦੈ'---।

"ਜਦ ਤੁਸੀਂ ਖੁਸ਼ ਹੁੰਦੇ ਹੋ, ਪੇਟ 'ਚ ਬੱਚਾ ਵੀ ਖੁਸ਼ ਹੁੰਦਾ ਹੈ। ਤੁਹਾਡੀ ਉਦਾਸੀ ਬੱਚੇ ਨੂੰ ਵੀ ਉਦਾਸ ਕਰ ਦਿੰਦੀ ਹੈ। ਇਸ ਕਰਕੇ ਖੁਸ਼ ਰਹੋ, ਹੱਸੋ-ਖੇਲ੍ਹੋ, ਚੰਗੀਆਂ ਕਿਤਾਬਾਂ ਪੜ੍ਹੋ, ਸੈਰ ਕਰੋ।" ਨਾਦਿਰਾ ਨੂੰ ਡਾਕਟਰ ਦੇ ਬੋਲ ਯਾਦ ਆਏ।

'ਹੁਣ ਤੱਕ ਇਵੇਂ ਕਰਨ ਦੀ ਕੋਸ਼ਿਸ਼ ਤਾਂ ਕਰਦੀ ਆਈ ਹਾਂ ਪਰ ਅੱਜ------ਚੱਲ ਬਾਹਰ ਸੈਰ ਕਰਕੇ ਆਵਾਂ,--ਨਹੀਂ ਕੀ ਪਤਾ ਐ ਕੋਈ ਕੁਝ ਕਾਰਾ ਕਰ ਦੇਵੇ, ਹਾਲਾਤ ਚੰਗੇ ਨਹੀਂ,----- ਬਾਹਰ ਨਿਕਲ ਕੇ ਤਾਂ ਵੇਖਾਂ, ਜੌਰਜ ਤੇ ਲੀਸਾ ਬਾਹਰ ਹੋਣਗੇ, ਉਨ੍ਹਾਂ ਕੋਲ ਜਾ ਖੜ੍ਹਦੀ ਹਾਂ'। ਇਹ ਸੋਚ ਉਹ ਬਾਹਰ ਆ ਗਈ। ਗੁਆਂਢੀਆਂ ਦੇ ਘਰ ਮੂਹਰੇ ਲੱਗੇ ਫੁੱਲਾਂ ਵੱਲ ਵੇਖਣ ਲੱਗੀ। ਫੁੱਲਾਂ ਨੂੰ ਪਲੋਸਣ ਲਈ ਉਸ ਦਾ ਜੀਅ ਕੀਤਾ ਪਰ ਜੌਰਜ ਉਸ ਨੂੰ ਕਿਸੇ ਪਾਸੇ ਨਾ ਦਿਸਿਆ। 'ਅਜੇਹਾ ਧੁਪੀਲਾ ਦਿਨ ਹੋਵੇ ਤੇ ਜੌਰਜ ਬਾਹਰ ਫੁੱਲਾਂ-ਬੂਟਿਆਂ ਦੀ ਦੇਖ-ਭਾਲ ਨਾ ਕਰਦਾ ਹੋਵੇ, ਇਹ ਕਿਵੇਂ ਹੋ ਸਕਦੈ? ਜ਼ਰੂਰ ਬੈਕਯਾਰਡ 'ਚ ਹੋਵੇਗਾ'। ਸੋਚ ਕੇ ਉਹ ਘਰ ਦੇ ਪਿਛਲੇ ਪਾਸੇ ਚਲੀ ਗਈ। ਪਰ ਉੱਥੇ ਕੋਈ ਨਹੀਂ ਸੀ। ਨਾਦਿਰਾ ਉੱਥੇ ਟਹਿਲਣ ਲੱਗੀ। ਪਿਛਵਾੜ ਦੀਆਂ ਪੌੜੀਆਂ ਉੱਤਰਦੀ ਲੀਸਾ 'ਤੇ ਉਸ ਦੀ ਨਿਗ੍ਹਾ ਪਈ। ਨਾਦਿਰਾ ਉੱਧਰ ਨੂੰ ਤੁਰ ਪਈ। ਲੀਸਾ ਕਾਹਲੀ-ਕਾਹਲੀ ਟਮਾਟਰ ਤੋੜ ਕੇ ਵਾਪਸ ਜਾਣ ਲੱਗੀ ਤਾਂ ਨਾਦਿਰਾ ਨੇ ਬੁਲਾ ਲਿਆ, "ਕੀ ਹਾਲ ਹੈ ਲੀਸਾ, ਜੌਰਜ ਨਹੀਂ ਦਿਸਦਾ ਬਾਹਰ?"

"ਅੱਜ ਸਵੇਰ ਦਾ ਟੈਲੀਵਿਜਨ ਮੂਹਰੇ ਬੈਠਾ ਹੈ, ਕਿਹੋ-ਜਿਹੀਆਂ ਖਬਰਾਂ ਆਉਣ ਲੱਗ ਪਈਆਂ ਹਨ? ਕਦੇ ਸੋਚਿਆ ਸੀ ਕਿ ਇੱਥੇ ਵੀ ਕੁਝ ਇਹੋ-ਜਿਹਾ ਵਾਪਰੇਗਾ? ਤੂੰ ਚੰਗਾ ਕੀਤਾ ਕਿ ਬਾਹਰ ਘੁੰਮ ਰਹੀ ਹੈਂ ਤੇਰੇ ਵਾਸਤੇ ਐਹੋ-ਜਿਹੀਆਂ ਖਬਰਾਂ

ਚੰਗੀਆਂ ਨਹੀਂ, ਬੱਚੇ 'ਤੇ ਅਸਰ ਪੈਂਦਾ ਹੈ। ਮੈਂ ਲੰਚ ਤਿਆਰ ਕਰ ਰਹੀ ਸੀ, ਚੱਲਦੀ ਹਾਂ,'' ਆਖ ਲੀਸਾ ਤੁਰ ਗਈ। ਉਸ ਦੇ ਬੋਲ 'ਇੱਥੇ ਵੀ ਕੁਝ ਇਹੋ-ਜਿਹਾ ਵਾਪਰੇਗਾ' ਪਿੱਛੇ ਰਹਿ ਗਏ। 'ਇਹ ਲੀਸਾ ਅੱਜ ਖੜ੍ਹੀ ਕਿਓਂ ਨਹੀਂ ਮੇਰੇ ਕੋਲ? ਕਿਤੇ --------? ਨਹੀਂ ਨਹੀਂ, ਮੈਂ ਵੀ ਬੱਸ ਐਵੇਂ ਹੀ---। ਅੰਦਰ ਚੱਲ ਕੇ ਵੇਖਾਂ ਤਾਂ ਸਹੀ ਕੀ ਖਬਰਾਂ ਹਨ'। ਨਾਦਿਰਾ ਅੰਦਰ ਜਾਣ ਲੱਗੀ ਪਰ ਦਰਵਾਜ਼ੇ ਕੋਲ ਜਾ ਕੇ ਰੁਕ ਗਈ। 'ਬੱਚੇ ਬਾਰੇ ਸੋਚਣਾ ਚਾਹੀਦੈ' ਉਸ ਦੇ ਦਿਮਾਗ 'ਚ ਆਇਆ ਅਤੇ ਉਹ ਘਰ ਮੂਹਰੇ ਫਿਰਨ-ਤੁਰਨ ਲੱਗੀ। ਉਸ ਅੱਗੇ-ਪਿੱਛੇ ਵੇਖਿਆ। ਸਾਈਡ-ਵਾਕ ਸੁੰਨਮ-ਸੁੰਨੀ ਸੀ। 'ਚੱਲ ਨੇੜੇ-ਨੇੜੇ ਚੱਕਰ ਲਾ ਲੈਨੀ ਆਂ ਇੱਥੇ ਕਾਹਦਾ ਡਰ, ਸਭ ਪਹਿਚਾਣਦੇ ਆ, ਮੇਨ ਰੋਡ 'ਤੇ ਨਾ ਜਾਊਂਗੀ' ਉਹ ਤੁਰਦੀ ਰਹੀ। ਇੱਕ ਘਰ ਦੇ ਗੈਰਾਜ 'ਚੋਂ ਉਸ ਨੂੰ ਕਾਰ ਨਿਕਲਦੀ ਦਿਸੀ। ਨਾਦਿਰਾ ਡਰਾਈਵਵੇਅ ਦੇ ਕਿਨਾਰੇ ਖੜ੍ਹ ਗਈ। ਉਸ ਸੋਚਿਆ ਕਿ ਜਦ ਕਾਰ ਸੜਕ ਪੈ ਜਾਵੇਗੀ ਤਾਂ ਉਹ ਡਰਾਈਵਵੇਅ ਪਾਰ ਕਰੇਗੀ। ਕਾਰ ਉਸ ਦੇ ਬਰਾਬਰ ਆਈ ਤਾਂ ਨਾਦਿਰਾ ਨੇ ਹੱਥ ਹਿਲਾ ਕੇ 'ਹਾਏ' ਕਿਹਾ। ਕਾਰ 'ਚੋਂ ਆਉਂਦੀ ਉੱਚੀ ਆਵਾਜ਼ ਰੇਡੀਓ 'ਤੇ ਚੱਲ ਰਹੀਆਂ ਖਬਰਾਂ ਦੀ ਸੀ। ਕਾਰ ਵਿਚਲੀ ਔਰਤ ਦਾ ਨਾਮ ਉਸ ਨੂੰ ਨਹੀਂ ਸੀ ਪਤਾ ਪਰ ਉਹ ਲੰਘਦੀ-ਵੜਦੀ ਆਮ ਹੀ ਟੱਕਰਦੀ ਰਹਿੰਦੀ ਸੀ। ਜਦ ਵੀ ਮਿਲਦੀ ਹਾਲ-ਚਾਲ ਪੁੱਛ ਕੇ ਅੱਗੇ ਤੁਰਦੀ। ਨਾਦਿਰਾ ਨੂੰ ਲੱਗਾ ਕਿ ਔਰਤ ਕਾਰ ਦਾ ਸ਼ੀਸ਼ਾ ਥੱਲੇ ਕਰਕੇ ਕੋਈ ਗੱਲ-ਬਾਤ ਕਰੇਗੀ ਪਰ ਉਸ ਹੱਥ ਹਿਲਾ ਕੇ ਕਾਰ ਅਗਾਂਹ ਤੋਰ ਲਈ। ਨਾਦਿਰਾ ਉੱਥੇ ਹੀ ਖੜ੍ਹੀ ਰਹੀ, 'ਇਸ ਨੇ ਗੱਲ-ਬਾਤ ਕਿਓਂ ਨਹੀਂ ਕੀਤੀ? ਕੀ ਇਸ ਨੇ ਜਹਾਜ਼ ਸੁੱਟਣ ਵਾਲਿਆਂ ਦੇ ਮੇਰੇ ਧਰਮ ਨਾਲ ਸਬੰਧਤ ਹੋਣ ਕਰਕੇ ਤਾਂ ਮੇਰੇ ਨਾਲ ਗੱਲ ਨਹੀਂ ਕੀਤੀ?' ਨਾਦਿਰਾ ਵਾਪਿਸ ਘਰ ਵੱਲ ਮੁੜ ਪਈ। ' ਨਹੀਂ ਇਹ ਮੇਰਾ ਭੁਲੇਖਾ ਹੈ, ਉਹ ਖਬਰਾਂ 'ਚ ਰੁੱਝੀ ਹੋਵੇਗੀ ਜੇ ਉਸ ਨੂੰ ਨਫਰਤ ਹੀ ਹੁੰਦੀ ਤਾਂ ਹੱਥ ਹੀ ਨਾ ਹਿਲਾਉਂਦੀ ਜਾਂ ਥੁੱਕ ਦਿੰਦੀ। ਨਹੀਂ ਥੁੱਕਣ ਵਾਲੇ ਐਨੇ ਨਹੀਂ, ਅੰਦਰੋ-ਅੰਦਰ ਨਫਰਤ ਕਰਨ ਵਾਲੇ ਬਥੇਰੇ ਹਨ। ਲੀਸਾ ਵੀ ਨਹੀਂ ਖੜ੍ਹੀ, ਅੱਗੇ ਤਾਂ ਗੱਲਾਂ ਦੀ ਲੜੀ ਨਹੀਂ ਟੁੱਟਣ ਦਿੰਦੀ ਹੁੰਦੀ। ਬੱਚੇ ਦੀ ਦੇਖ- ਭਾਲ ਦੇ ਤਰੀਕੇ ਦੱਸੇਗੀ, ਸਬਜ਼ੀਆਂ ਤੋੜ ਕੇ ਦੇਵੇਗੀ। ਪਰ ਅੱਜ? ਮੇਰਾ ਇਹਦੇ 'ਚ ਕੀ ਕਸੂਰ ਐ ਜੇ ਮੈਂ ਮੁਸਲਮਾਨ ਹਾਂ ਤੇ ਇਹ ਬੰਬ ਸੁੱਟਣ ਵਾਲੇ ਵੀ, ਪਤਾ ਨਹੀਂ ਕੀ ਮਿਲਦਾ ਹੈ ਇਨ੍ਹਾਂ ਨੂੰ ਬੇਕਸੂਰ ਲੋਕਾਂ ਨੂੰ ਮਾਰਕੇ! ਮਾਰੇ ਤਾਂ ਚਾਰੇ ਪਾਸੀਂ ਬੇਕਸੂਰ ਹੀ ਜਾਂਦੇ ਆ। ਹੁਣ ਲੀਸਾ ਨੇ ਵੀ ਮੈਨੂੰ ਕਸੂਰਵਾਰ ਸਮਝ ਲਿਆ ਤੇ ਇਸ ਤੀਵੀਂ ਨੇ ਵੀ।----- ਹੋ ਸਕਦੈ ਮੇਰਾ ਵਹਿਮ ਹੋਵੇ।---- ਵਹਿਮ ਕਿਓਂ? ਨਫਰਤ ਤਾਂ ਉੱਠੀ ਹੀ ਹੋਊ ਇਨ੍ਹਾਂ ਦੇ ਚਿੱਤ 'ਚ'।

''ਕੁੜੇ ਬੀਬਾ ਆ ਚਾਹ ਪਿਆਈਏ,'' ਨਾਦਿਰਾ ਪੰਜਾਬੀ ਔਰਤ ਦੀ ਆਵਾਜ਼ ਸੁਣ ਰੁਕ ਗਈ।

''ਕੀ ਹਾਲ ਐ ਤੇਰੇ?'' ਔਰਤ ਉਸ ਵੱਲ ਆਉਂਦੀ ਬੋਲੀ।

''ਠੀਕ ਐ, ਵਾਕ ਲਈ ਨਿਕਲੀ ਸੀ।''

''ਖਬਰਾਂ ਸੁਣੀਐਂ ਅੱਜ? ਕਹਿੰਦੇ ਓਧਰ ਕੈਲੇਫੋਰਨੀਆਂ ਵੰਨੀ ਗੋਰਿਆਂ ਨੇ ਗੁਰਦੁਆਰੇ ਨੂੰ ਅੱਗ ਲਾਤੀ। ਨਾਲੇ ਕਹਿੰਦੇ ਆਪਣਾ ਬੰਦਾ ਮਾਰਤਾ। ਲੈ ਵੇਖ! ਜੇ ਉਹ ਢਹਿ ਜਾਣੇ ਦਾੜ੍ਹੀਆਂ ਕਰਕੇ ਸਿੱਖਾਂ ਵਰਗੇ ਲੱਗਦੇ ਆ ਤਾਂ ਗੁਰਦੁਆਰਾ ਸਾੜ ਦੇਣੈ? ਪਰ ਕਹਿੰਦੇ ਉਹ ਪੁਲਸ ਨੇ ਫੜਲੇ। ਐਨੀ ਨ੍ਹੇਰ ਗਰਦੀ ਹੈਨੀ, ਇੱਥੇ ਦਿੱਲੀ ਵਰਗੀ। ਹੋਰ ਫਿਰ, ਆ ਜਾ ਅੰਦਰ।''

''ਨਹੀਂ ਮੈਂ ਚਲਦੀ ਆਂ,'' ਆਖ ਨਾਦਿਰਾ ਤੁਰ ਪਈ।

'ਭੁਲੇਖੇ 'ਚ ਹੀ ਤਾਰਿਕ ਨੂੰ ਮਾਰਿਆ ਸੀ। ਇੱਥੇ ਤਾਂ ਕਿਸੇ ਨਸਲਵਾਦੀ ਨੇ, ਜਿਸ ਨੂੰ ਸਿੱਖ ਤੇ ਮੁਸਲਮਾਨ ਚ ਫਰਕ ਨਹੀਂ ਪਤਾ, ਅੱਗ ਲਾਈ ਹੋਊ ਪਰ ਤਾਰਿਕ ਬੇਕਸੂਰ ਨੂੰ ਤਾਂ ਦੇਸ ਦੀ ਪੁਲੀਸ ਨੇ ਮਾਰਿਆ ਸੀ, ਕੋਈ ਸੁਣਵਾਈ ਨਹੀਂ ਹੋਈ।-------ਇਹ ਤਾਰਿਕ ਮੁੜ-ਮੁੜ ਮੇਰੇ ਦਿਮਾਗ 'ਚ ਕਿਉਂ ਆਈ ਜਾਂਦੈ। ਕਿੱਥੇ ਜਾਵਾਂ ਮੈਂ ਇਨ੍ਹਾਂ ਖਬਰਾਂ ਤੋਂ ਬਚ ਕੇ।'

'ਇਸ ਗੱਲੋਂ ਜੈਕੀ ਵਧੀਆ ਹੈ। ਆਪਣੇ-ਆਪ 'ਚ ਮਸਤ। ਨਾ ਰੇਡੀਓ ਸੁਣੇ, ਨਾ ਟੀ.ਵੀ. ਵੇਖੇ, ਨਾ ਅਖਬਾਰਾਂ ਪੜ੍ਹੇ, ਕਿੰਨੀ ਸ਼ਾਂਤੀ ਹੋਵੇਗੀ ਉਸ ਦੀ ਕੈਬਿਨ 'ਚ! ਆਖਦੀ ਹੈ ਬਿਜਲੀ ਵੀ ਨਹੀਂ ਉੱਥੇ, ਕੋਈ ਫੋਨ ਨਹੀਂ ਬੱਸ ਕੁਦਰਤ ਦਾ ਸੰਗੀਤ ਹੈ।---- ਕੀ ਸਾਂਝ ਹੈ ਮੇਰੀ ਜੈਕੀ ਨਾਲ? ਕਿਸੇ ਨਾਲ ਬਹੁਤੀ ਬੋਲ-ਚਾਲ ਨਹੀਂ ਰੱਖਦੀ ਉਹ, ਪਰ ਮੇਰੇ ਨਾਲ ਅਪਣੱਤ ਰੱਖਦੀ ਐ। ਕੀ ਦਿੱਸਦਾ ਹੈ ਉਸ ਨੂੰ ਮੇਰੇ 'ਚ। ਲੰਚ ਵੇਲੇ ਇੱਕਲੀ ਬੈਠੂ ਜਾਂ ਮੇਰੇ ਕੋਲ ਬੈਠ ਜਾਊ। ਘਰ ਇੱਕ-ਦੋ ਵਾਰ ਆਈ ਐ ,ਜਿਵੇਂ ਕੋਈ ਸਕੀ ਹੋਵੇ। ਗੱਲਾਂ ਵੀ ਕਰੂ ਤਾਂ ਕੁੱਤੇ-ਬਿੱਲੀਆਂ ਦੀਆਂ ਜਾਂ ਫੁੱਲਾਂ-ਬੂਟਿਆਂ ਦੀਆਂ। ਦੁਨੀਆਂ 'ਤੇ ਅੱਜ ਕੀ ਹੋਇਐ ਉਸ ਨੂੰ ਪਤਾ ਵੀ ਨਹੀਂ ਹੋਣਾ'। ਸੋਚਦੀ ਨਾਦਿਰਾ ਘਰ ਪਹੁੰਚ ਗਈ।

'ਵੇਖਾਂ ਤਾਂ ਸਹੀ ਹੋਰ ਥਾਂਵਾਂ 'ਤੇ ਤਾਂ ਸੁੱਖ-ਸ਼ਾਂਤੀ ਹੈ?-----ਮੈਂ ਕੀ ਲੈਣਾ ਹੈ?' ਉਸਦਾ ਹੱਥ ਆਪਣੇ ਪੇਟ 'ਤੇ ਚਲਾ ਗਿਆ। 'ਕਿਓਂ ਨਹੀਂ ਅੱਜ ਸਲਮਾ ਜਾਂ ਨੂਰਾਂ ਨੂੰ ਕੋਲ ਬੁਲਾ ਲੈਂਦੀ, ਗੱਲਾਂ-ਬਾਤਾਂ 'ਚ ਧਿਆਨ ਪਾਸੇ ਰਹੇਗਾ-- ਪਰ ਸਲਮਾ ਤਾਂ ਐਸੇ ਮੌਕਿਆਂ 'ਤੇ ਟੀ.ਵੀ. ਦੇ ਅੱਗੋਂ ਨਹੀਂ ਉੱਠਦੀ,----ਤੇ ਨੂਰਾਂ ਨੇ ਮੈਨੂੰ ਕੀ ਹੌਸਲਾ ਦੇਣਾ ਹੈ, ਉਹ ਤਾਂ ਆਪ ਡਰਪੋਕ ਹੈ।---- ਜੈਕੀ ਕੋਲ ਕਿਓਂ ਨਹੀਂ ਚਲੀ ਜਾਂਦੀ? ਉਹੀ ਜਗ੍ਹਾ ਹੈ ਜਿੱਥੇ ਇਨ੍ਹਾਂ ਖਬਰਾਂ ਤੋਂ ਛੁਟਕਾਰਾ ਮਿਲ ਸਕਦੈ। ਇੱਕਲੀ ਰਹਿੰਦੀ ਹੈ ਉਹ। ਇਹੀ ਠੀਕ ਹੈ'। ਨਾਦਿਰਾ ਨੇ ਆਪਣੇ ਕੰਮ 'ਤੇ ਫੋਨ ਮਿਲਾਇਆ ਅਤੇ ਜੈਕੀ ਨਾਲ ਗੱਲ ਕਰਨ ਦੀ ਇੱਛਾ ਜ਼ਾਹਿਰ ਕੀਤੀ।

''ਤੂੰ ਠੀਕ ਤਾਂ ਹੈਂ ਨਾਦਿਰਾ?'' ਜੈਕੀ ਨੇ ਪੁੱਛਿਆ।

''ਜੈਕੀ ਮੈਂ ਤੇਰੀ ਕੈਬਿਨ 'ਚ ਆਉਣਾ ਚਾਹੁੰਦੀ ਹਾਂ ਅੱਜ?''

''ਪਰ ਗੱਲ ਕੀ ਹੋਈ? ਤੇਰੀ ਤਾਂ ਡਿਲਵਰੀ ਡੇਟ ਵੀ ਨਜ਼ਦੀਕ ਹੀ ਸੀ, ਨਹੀਂ?'' ਜੈਕੀ ਦੀ ਆਵਾਜ਼ 'ਚ ਹੈਰਾਨੀ ਸੀ।

''ਨਹੀਂ ਹਾਲੇ ਦੋ ਹਫ਼ਤੇ ਪਏ ਹਨ। ਪਰ ਤੈਨੂੰ ਪਤਾ ਹੈ ਕਿ ਅੱਜ ਨਿਊਯਾਰਕ 'ਚ ਕੀ ਹੋਇਆ ਹੈ? ਰੇਡੀਓ, ਟੀ.ਵੀ., ਸ਼ਹਿਰ 'ਚ ਸਾਰੇ ਪਾਸੇ ਇਹੀ ਖਬਰਾਂ ਹਨ। ਮੈਂ ਆਪਣੇ ਬੱਚੇ ਨੂੰ ਦੂਰ ਰੱਖਣਾ ਚਾਹੁੰਦੀ ਹਾਂ ਇਨ੍ਹਾਂ ਮਨਹੂਸ ਖਬਰਾਂ ਤੋਂ।''

''ਠੀਕ ਹੈ ਤੂੰ ਆਪ ਆ ਜਾਵੇਂਗੀ ਜਾਂ ਮੈਂ ਲੈਣ ਆਵਾਂ?''

''ਤੂੰ ਆਪ ਲੈ ਜਾਵੀਂ, ਇਸ ਹਾਲਤ 'ਚ ਮੈਂ ਕਾਰ ਨਹੀਂ ਚਲਾਉਂਦੀ।''

''ਮੈਂ ਕੰਮ ਤੋਂ ਬਾਅਦ ਆਵਾਂਗੀ'', ਆਖ ਜੈਕੀ ਨੇ ਫੋਨ ਬੰਦ ਕਰ ਦਿੱਤਾ। ਅਤੇ ਨਾਦਿਰਾ ਖਾਣਾ ਖਾ ਕੇ ਜਾਣ ਦੀ ਤਿਆਰੀ ਕਰਨ ਲੱਗੀ। ਚਾਰ ਵੱਜ ਗਏ ਸਨ। 'ਜੈਕੀ ਨੇ ਕੰਮ ਛੱਡ ਦਿੱਤਾ ਹੋਵੇਗਾ, ਦਸ-ਪੰਦਰਾਂ ਮਿੰਟ 'ਚ ਪਹੁੰਚ ਜਾਵੇਗੀ। ਜਾਂਦੀ-ਜਾਂਦੀ ਵੇਖਾਂ ਤਾਂ ਸਹੀ ਕੀ ਹਾਲਾਤ ਹਨ?' ਉਸ ਟੀ.ਵੀ. ਦਾ ਰੀਮੋਟ ਚੁੱਕ ਲਿਆ। ਔਨ ਸਵਿੱਚ 'ਤੇ ਅਗੂੰਠਾ ਰੱਖਦੀ-ਰੱਖਦੀ ਰੁਕ ਗਈ।' ਮੈਂ ਕੀ ਲੈਣਾ ਹੈ? ਕੁਛ ਹੁੰਦਾ ਫਿਰੇ, ਜ਼ਾਵੇਦ ਆਪਣੇ ਘਰ ਠੀਕ-ਠਾਕ ਪਹੁੰਚ ਗਿਆ ਹੈ। ਵੇਖਾਂ ਤਾਂ ਸਹੀ ਕਿਵੇਂ ਹੈ?' ਨਾਦਿਰਾ ਜ਼ਾਵੇਦ ਨੂੰ ਫੋਨ ਕਰਨ ਲੱਗੀ। ''ਜ਼ਾਵੇਦ ਠੀਕ-ਠਾਕ ਐ ਨਾ ਸਾਰਾ ਕੁਝ?''

''ਹਾਂ-ਹਾਂ ਤੂੰ ਆਪਣਾ ਦੱਸ?''

''ਕੰਮ 'ਤੇ ਨਾ ਜਾਵੀਂ ਦੋ-ਚਾਰ ਦਿਨ।''

''ਨਹੀਂ ਜਾਂਦਾ ਹੋਰ ਦੱਸ। ਮੇਰੇ ਵੱਲੋਂ ਬੇਫਿਕਰ ਹੋ ਜਾ।''

ਨਾਦਿਰਾ ਨੇ ਫੋਨ ਰੱਖ ਕੇ ਆਪਣਾ ਬੈਗ ਚੁੱਕਿਆ ਅਤੇ ਦਰਵਾਜ਼ੇ ਮੂਹਰੇ ਖੜ੍ਹ ਕੇ ਜੈਕੀ ਦੀ ਉਡੀਕ ਕਰਨ ਲੱਗੀ।

ਦੋ ਕੁ ਮਿੰਟ ਬਾਅਦ ਆਪਣੀ ਉਮਰ ਦੇ ਤੀਜੇ ਦਹਾਕੇ 'ਚੋਂ ਲੰਘ ਰਹੀ ਇਕਹਿਰੇ ਸਰੀਰ, ਨੀਲੀਆਂ ਅੱਖਾਂ ਅਤੇ ਭੂਰੇ ਕੇਸਾਂ ਵਾਲੀ ਜੈਕੀ, ਆਪਣੇ ਪਿਕ-ਅਪ ਟ੍ਰੱਕ 'ਚੋਂ ਨਿਕਲ ਨਾਦਿਰਾ ਦੇ ਸਾਹਮਣੇ ਖੜ੍ਹੀ ਸੀ। ਉਸ ਨੇ ਨਾਦਿਰਾ ਤੋਂ ਬੈਗ ਫੜਿਆ ਅਤੇ ਪੁੱਛਿਆ, ''ਚੱਲੀਏ?''

ਨਾਦਿਰਾ ਦਾ ਹੁੰਗਾਰਾ ਸੁਣ ਉਸ ਨੇ ਬੈਗ ਟ੍ਰੱਕ ਵਿੱਚ ਰੱਖਿਆ ,ਨਾਦਿਰਾ ਵੱਲ ਦਾ ਦਰਵਾਜ਼ਾ ਬੰਦ ਕੀਤਾ ਅਤੇ ਟ੍ਰੱਕ ਵਿੱਚ ਬੈਠ ਗਈ।

'' ਤਾਂ ਤੂੰ ਵੀ ਸ਼ਹਿਰ ਤੋਂ ਭਗੌੜੀ ਹੋ ਰਹੀ ਹੈਂ? ਮੇਰੇ ਬਾਰੇ ਇੰਝ ਹੀ ਕਹਿੰਦੇ ਹਨ ਨਾ ਆਪਣੇ ਸਹਿ-ਕਾਮੇ?'' ਜੈਕੀ ਦੇ ਬੁੱਲ੍ਹਾਂ 'ਤੇ ਮੁਸਕਾਨ ਸੀ।

''ਤੇਰੇ ਸਾਥ 'ਚ ਸ਼ਹਿਰ ਨੂੰ ਭੁਲਾਉਣ ਜਾ ਰਹੀ ਹਾਂ----ਜੈਕੀ ਤੈਨੂੰ ਅੱਜ ਦੀ ਖਬਰ ਬਾਰੇ ਬਿਲਕੁਲ ਵੀ ਪਤਾ ਨਹੀਂ?''

''ਕੰਮ 'ਤੇ ਗੱਲਾਂ ਕਰਦਿਆਂ ਵੱਲ ਵੇਖ ਮੈਨੂੰ ਲੱਗਿਆ ਸੀ ਕਿ ਕੋਈ ਵੱਡੀ ਘਟਨਾ ਹੋਈ ਹੈ, ਮੈਂ ਧਿਆਨ ਨਹੀਂ ਦਿੱਤਾ, ਕੀ ਲੋੜ ਹੈ? ਪਰ ਤੂੰ ਤਾਂ ਖਬਰ ਨੂੰ ਭੁਲਾਉਣ ਚੱਲੀਂ ਹੈਂ ਫਿਰ ਉਸੇ ਦਾ ਜ਼ਿਕਰ ਕਿਓਂ ਛੇੜ ਲਿਆ?'' ਇਹ ਆਖ ਕੇ ਜੈਕੀ ਚੁੱਪ ਕਰ ਗਈ ਅਤੇ ਫਿਰ ਸਟੀਰੀਓ ਵਿੱਚ ਟੇਪ ਪਾਉਂਦੀ ਬੋਲੀ, '' ਧਿਆਨ ਨਾਲ ਸੁਣੀ ਤੂੰ ਇਸ ਵਿੱਚ ਗੁਆਚ ਜਾਵੇਂਗੀ।''

ਰਵੀ ਸ਼ੰਕਰ ਦਾ ਸਿਤਾਰ ਵਾਦਨ ਟ੍ਰੱਕ ਵਿੱਚ ਗੂੰਜਣ ਲੱਗਾ। ਜੈਕੀ ਨੇ ਮੌਨ ਧਾਰ ਲਿਆ। ਟ੍ਰੱਕ ਨਾਦਿਰਾ ਦੇ ਘਰ ਐਬਸਫੋਰਡ ਤੋਂ ਚੱਲ ਕੇ ਮਿਸ਼ਨ ਬ੍ਰਿੱਜ ਪਾਰ ਕਰਕੇ ਲੋਹੀਡ ਹਾਈਵੇ ਤੋਂ ਮਿਸ਼ਨ ਸ਼ਹਿਰ 'ਚੋਂ ਸਟੀਵਲੇਕ ਰੋਡ ਉੱਪਰ ਜਾ ਰਿਹਾ ਸੀ। ਨਾਦਿਰਾ ਦੀਆਂ ਸੋਚਾਂ ਵੀ ਟ੍ਰੱਕ ਦੀ ਰਫਤਾਰ ਵਾਂਗ ਹੀ ਚੱਲ ਰਹੀਆਂ ਸਨ। 'ਵੇਖ ਕਿਵੇਂ ਸੰਗੀਤ 'ਚ ਮਸਤ ਹੈ। ਕੋਈ ਫਿਕਰ ਨਹੀਂ, ਜਿਵੇਂ ਦੁਨੀਆ 'ਤੇ ਕੁਝ ਵਾਪਰਿਆ ਹੀ ਨਾ ਹੋਵੇ। ਅਜੇਹਾ ਹੋਣਾ ਚਾਹੀਦੈ ਮਨੁੱਖ ਨੂੰ। ਰੰਗ, ਧਰਮ, ਨਸਲ ਤੋਂ ਉੱਪਰ ਕੁਦਰਤ ਦਾ ਬੱਚਾ। ਆਪਾਂ ਤਾਂ ਰਹੀਮ ਨੂੰ ਆਖ ਦੇਣਾ ਹੈ ਕਿ ਇੱਥੇ ਹੀ ਆ ਜਾਵੇ। ਕਿਸੇ ਕੈਬਿਨ 'ਚ ਰਹਾਂਗੇ। ਉੱਥੇ ਹੀ ਤਾਰਿਕ ਨੂੰ ਵੱਡਾ ਕਰਾਂਗੇ---- ਇਹ ਤਾਰਿਕ ਫਿਰ ----ਮੈਂ ਵੀ ਜੈਕੀ ਵਾਂਗ ਸੰਗੀਤ ਸੁਣਾਂ।' ਨਾਦਿਰਾ ਸਿਤਾਰ ਦੇ ਸੰਗੀਤ ਨੂੰ ਮਾਨਣ ਦੀ ਕੋਸ਼ਿਸ਼ ਕਰਨ ਲੱਗੀ। 'ਜੈਕੀ ਆਖਦੀ ਹੈ ਕਿ ਸੰਗੀਤ ਵਿੱਚ ਗੁਆਚ ਕੇ ਸਭ ਕੁਝ ਭੁੱਲ ਜਾਵਾਂਗੀ ਪਰ ਲੱਗਦੈ ਜਿਵੇਂ ਸਿਤਾਰ ਰੁਦਨ ਕਰ ਰਹੀ ਹੈ, ਬੰਦ ਨਾ ਕਰ ਦਿਆਂ ਐਵੇਂ ਕੰਨਾਂ 'ਚ ਵੱਜਦੀ ਐ ਪਰ ਜੈਕੀ---?'। ਨਾਦਿਰਾ ਬਾਹਰ ਵੱਲ ਵੇਖਣ ਲੱਗੀ। ''ਜੈਕੀ ਹੋਰ ਕਿੰਨੀ ਦੇਰ ਲੱਗੂ?'' ਉਸ ਪੁੱਛਿਆ।

ਜੈਕੀ ਨੇ ਸਟੀਰੀਓ ਬੰਦ ਕਰ ਦਿੱਤਾ। ''ਆਪਾਂ ਲਗਪਗ ਉੱਥੇ ਹੀ ਹਾਂ।'' ਟ੍ਰੱਕ ਮਿਊਂਸਪਲ ਹਾਲ ਲੰਘ ਕੇ ਵਾਈਟ ਐਵੀਨਿਊ ਦੀ ਇਕਹਿਰੀ ਸੁੰਨ-ਸਾਨ ਸੜਕ 'ਤੇ ਚੱਲ ਰਿਹਾ ਸੀ। ਚਾਰੇ ਪਾਸੇ ਦਰਖਤਾਂ ਦੇ ਝੁੰਡ ਜਾਂ ਟਾਵੀਂ-ਟਾਵੀਂ ਕੋਈ ਕੈਬਿਨ। ਵਾਈਟ ਐਵੀਨਿਊ ਤੋਂ ਸੱਜੇ ਮੁੜ ਇੱਕ ਕੈਬਿਨ ਦੇ ਮੂਹਰੇ ਟ੍ਰੱਕ ਰੋਕ ਕੇ ਜੈਕੀ ਬੋਲੀ, ''ਆਪਾਂ ਪਹੁੰਚ ਗਏ ਹਾਂ।''

ਜੈਕੀ ਨੇ ਕੈਬਿਨ ਦਾ ਦਰਵਾਜ਼ਾ ਖੋਹਲਿਆ। ਭੂਰੇ ਰੰਗ ਦਾ ਦੋ-ਢਾਈ ਫੁੱਟ ਉੱਚਾ ਲੈਬਰਾਡੋਰ ਨਸਲ ਦਾ ਕੁੱਤਾ ਆਪਣੀ ਪੂਛ ਹਿਲਾ-ਹਿਲਾ ਜੈਕੀ ਦਾ ਸਵਾਗਤ ਕਰਨ ਲੱਗਾ। ਜੈਕੀ ਨੇ ਉਸ ਨੂੰ ਪਿਆਰ ਕੀਤਾ। ਨਾਦਿਰਾ ਪਿੱਛੇ ਵੱਲ ਖਿਸਕੀ ਤਾਂ ਜੈਕੀ ਬੋਲੀ,

''ਡਰ ਨਾ, ਕੁਝ ਨਹੀਂ ਕਹਿੰਦਾ, ਇਹ ਬੀਬਾ ਕੁੱਤਾ ਹੈ।'' ਅਤੇ ਫਿਰ ਜੈਕੀ ਕੁੱਤੇ ਨੂੰ ਬੋਲੀ, ''ਬੈਰਨ, ਇਹ ਨਾਦਿਰਾ, ਮੇਰੀ ਮਿੱਤਰ । ਇਹ ਆਪਣੀ ਮਹਿਮਾਨ ਹੈ। ਚੰਗਾ?''

ਬੈਰਨ ਨਾਦਿਰਾ ਦੇ ਪੈਰ ਸੁੰਘਣ ਲੱਗਾ। ਨਾਦਿਰਾ ਸੁੰਗੜ ਕੇ ਪਿੱਛੇ ਨੂੰ ਪੈਰ ਸਰਕਾਉਣ ਲੱਗੀ। ਜਦ ਬੈਰਨ ਜੈਕੀ ਦੇ ਅੱਗੇ-ਪਿੱਛੇ ਫਿਰਨ ਲੱਗਾ ਤਾਂ ਕਿਤੇ ਨਾਦਿਰਾ ਨੇ ਅੰਦਰ ਪੈਰ ਰੱਖਿਆ, ਉਸ ਨੂੰ ਇੱਕ ਅਜੀਬ ਜਿਹੀ ਕਿਸਮ ਦੀ ਦੁਰਗੰਧ ਆਈ। ਉਹ ਕੈਬਿਨ ਨੂੰ ਨਿਹਾਰਨ ਲੱਗੀ। ਕੋਈ 20×15 ਦੇ ਪਲਾਈਵੁੱਡ ਦੀਆਂ ਕੰਧਾਂ ਅਤੇ ਫਰਸ਼ ਵਾਲੇ ਕਮਰੇ ਦੇ ਇੱਕ ਪਾਸੇ ਸਪੰਜ ਵਿਛੀ ਹੋਈ ਸੀ ਜਿਸ ਉੱਪਰ ਰਜ਼ਾਈ ਪਈ ਸੀ । ਕੰਧ ਉੱਪਰ ਗਿਟਾਰ ਟੰਗੀ ਹੋਈ ਸੀ। ਨਾਲ ਹੀ ਵੁੱਡ-ਸਟੋਵ ਲੱਗਾ

ਹੋਇਆ ਸੀ। ਇੱਕ ਸਿਰੇ 'ਤੇ ਅਲਮਾਰੀ ਸੀ ਜਿਸ ਵਿੱਚ ਕੱਪੜੇ-ਲੱਤੇ ਸਨ। ਅਲਮਾਰੀ ਦੇ ਨਾਲ ਲੱਗਵੀਆਂ ਕੁਝ ਸ਼ੈਲਫਾਂ ਸਨ, ਜਿੱਥੇ ਖਾਣ-ਪੀਣ ਦਾ ਨਿੱਕ-ਸੁਕ ਪਿਆ ਸੀ । ਸ਼ੈਲਫਾਂ ਹੇਠ ਇੱਕ ਆਈਸਬੌਕਸ ਪਿਆ ਸੀ। ਕੋਨੇ ਵਿੱਚ ਇੱਕ ਪਰੋਪੇਨ ਸਟੋਵ ਸੀ ਜਿਸ ਦੀ ਪਾਈਪ ਬਾਹਰ ਵੱਲ ਜਾਂਦੀ ਸੀ। ਕਮਰੇ ਦੇ ਪਿਛਲੇ ਪਾਸੇ ਇੱਕ ਹੋਰ ਦਰਵਾਜ਼ਾ ਸੀ ਜਿਸ ਨਾਲ ਕੁੱਤੇ ਦੇ ਖਾਣ-ਪੀਣ ਲਈ ਦੋ ਕੌਲੇ ਪਏ ਸਨ।

ਜੈਕੀ ਨੇ ਵੁੱਡਸਟੋਵ ਦੇ ਸਾਹਮਣੇ ਝਾੜੂ ਫੇਰ ਕੇ ਨਾਦਿਰਾ ਦਾ ਬੈਗ ਟਿਕਾ ਦਿੱਤਾ ਅਤੇ ਬੋਲੀ, "ਮੈਂ ਨਹਾ ਲਵਾਂ।"

"ਵਾਸ਼ਰੂਮ ਕਿੱਥੇ ਹੈ?" ਨਾਦਿਰਾ ਨੇ ਉੱਤਸੁਕਤਾ ਵਿਖਾਈ।

"ਆ ਵਿਖਾਵਾਂ", ਆਖ ਜੈਕੀ ਨੇ ਕਮਰੇ ਦਾ ਪਿਛਲਾ ਦਰਵਾਜ਼ਾ ਖੋਹਲਿਆ ਅਤੇ ਬਾਹਰ ਆ ਗਈ।

"ਓਹ ਪਾਣੀ ਦਾ ਟੈਂਕ ਹੈ। ਹਜ਼ਾਰ ਗੈਲਨ ਪਾਣੀ ਪੈ ਜਾਂਦਾ ਹੈ ਇਸ ਵਿੱਚ। ਜਦ ਮੁੱਕ ਜਾਂਦਾ ਹੈ ਤਾਂ ਪਾਣੀ ਵਾਲੇ ਟ੍ਰੱਕ ਨੂੰ ਸੱਦ ਕੇ ਭਰਵਾ ਲੈਂਦੀ ਹਾਂ", ਢਲਾਣ ਦੇ ਉੱਪਰਲੇ ਹਿੱਸੇ 'ਤੇ ਪਏ ਟੈਂਕ ਵੱਲ ਇਸ਼ਾਰਾ ਕਰਕੇ ਜੈਕੀ ਨੇ ਦੱਸਿਆ ਅਤੇ ਦਸ ਕੁ ਫੁੱਟ ਦੀ ਵਿੱਥ 'ਤੇ ਕੋਈ 30×15 ਦੇ ਛਤੜੇ ਵੱਲ ਤੁਰ ਪਈ, ਜਿਸ ਦੇ ਪਰਲੇ ਸਿਰੇ 'ਤੇ ਚੁੱਲ੍ਹਾ-ਨੁਮਾ ਟੱਟੀ ਬਣਾਈ ਹੋਈ ਸੀ। "ਇਹ ਹੈ ਮੇਰੀ ਟਾਇਲਟ। ਤਿੰਨ ਕੁ ਫੁੱਟ ਡੂੰਘੀ ਹੈ, ਜਦ ਭਰ ਜਾਵੇਗੀ ਨਾਲ ਹੀ ਹੋਰ ਪੁੱਟ ਲਵਾਂਗੀ। ਹੈ ਨਾ ਮੌਜਾਂ?" ਆਖ ਕੇ ਜੈਕੀ ਛੱਤੜੇ ਦੇ ਕੈਬਿਨ ਵਾਲੇ ਪਾਸੇ ਰੱਖੇ ਚਾਰ ਕੁ ਪੱਥਰਾਂ 'ਤੇ ਖੜ੍ਹ ਕੇ ਕੱਪੜੇ ਉੱਤਾਰਨ ਲੱਗੀ।

"ਇਹ ਕੀ ਕਰਨ ਲੱਗੀਂ ਹੈਂ ਜੈਕੀ"? ਨਾਦਿਰਾ ਨੇ ਹੈਰਾਨੀ ਨਾਲ ਪੁੱਛਿਆ।

"ਨਹਾਉਣ ਲੱਗੀ ਹਾਂ," ਆਖ ਕੇ ਜੈਕੀ ਪਲਾਸਟਿਕ ਦੀ ਨਾਲੀ ਜਿਸ ਦੇ ਸਿਰੇ 'ਤੇ ਟੂਟੀ ਲੱਗੀ ਹੋਈ ਸੀ ਨਾਲ ਆਪਣੇ ਉੱਪਰ ਪਾਣੀ ਪਾਉਣ ਲੱਗੀ। ਨਾਦਿਰਾ ਨੇ ਮੂੰਹ ਦੂਜੇ ਪਾਸੇ ਕਰ ਲਿਆ।

"ਜੇ ਤੂੰ ਚਾਹੇਂ ਤਾਂ ਸਾਈਡ 'ਤੇ ਗਾਰਡਨ 'ਚ ਚਲੀ ਜਾ, ਮੈਂ ਆਉਂਦੀ ਹਾਂ।"

ਕਮਰੇ ਜਿੰਨੇ ਹੀ ਥਾਂ 'ਚ ਬਣੀ ਗਾਰਡਨ ਵਿੱਚ ਪਲਾਸਟਿਕ ਦੀ ਕੁਰਸੀ ਉੱਪਰ ਨਾਦਿਰਾ ਜਾ ਬੈਠੀ ਅਤੇ ਇੱਧਰ-ਉੱਧਰ ਵੇਖਣ ਲੱਗੀ। ਦਸ ਕੁ ਏਕੜ ਦੀ ਵਿੱਥ 'ਤੇ ਇਸੇ ਤਰ੍ਹਾਂ ਦੀ ਹੋਰ ਕੈਬਿਨ ਬਣੀ ਹੋਈ ਸੀ, ਜਿੱਥੇ ਚਾਰ ਕੁ ਗਾਈਆਂ ਫਿਰ ਰਹੀਆਂ ਸਨ।

"ਹੈ ਨਾ ਚਾਰੇ ਪਾਸੇ ਸ਼ਾਂਤੀ?" ਪਿੱਛੇ ਆਉਂਦੀ ਜੈਕੀ ਬੋਲੀ। "ਤੈਨੂੰ ਓਪਰਾ ਲੱਗਦਾ ਹੋਵੇਗਾ, ਪਹਿਲਾਂ-ਪਹਿਲਾਂ ਮੈਨੂੰ ਵੀ ਲੱਗਦਾ ਸੀ, ਪਰ ਹੁਣ ਮੈਂ ਸ਼ਹਿਰ 'ਚ ਰਹਿ ਹੀ ਨਹੀਂ ਸਕਦੀ।" ਜੈਕੀ ਨੇ ਗਾਰਡਨ ਵਿੱਚੋਂ ਟਮਾਟਰ, ਖੀਰਾ, ਗਾਜਰਾਂ ਅਤੇ ਲੈਟਸ ਤੋੜ ਲਏ। ਧੋ ਕੇ ਉਸ ਨਾਦਿਰਾ ਨੂੰ ਖਾਣ ਲਈ ਕਿਹਾ ਅਤੇ ਆਪ ਖਾਣ ਲੱਗੀ।

"ਤੈਨੂੰ ਇੱਥੇ ਡਰ ਨਹੀਂ ਲੱਗਦਾ?" ਨਾਦਿਰਾ ਨੇ ਪੁੱਛਿਆ।

" ਡਰ ਕਿਸ ਤੋਂ? ਸ਼ਹਿਰ ਤੋਂ ਤਾਂ ਬਹੁਤ ਦੂਰ ਹੈ ਇਹ।"

" ਮੇਰਾ ਮਤਲਬ ਜਾਨਵਰਾਂ ਤੋਂ?"

"ਜਾਨਵਰ ਮਨੁੱਖਾਂ ਨਾਲੋਂ ਜ਼ਿਆਦਾ ਵਹਿਸ਼ੀ ਤਾਂ ਨਹੀਂ ਹੁੰਦੇ?" ਜੈਕੀ ਨੇ ਆਪਣੀਆਂ ਨੀਲੀਆਂ ਅੱਖਾਂ ਨਾਦਿਰਾ ਦੇ ਚਿਹਰੇ 'ਤੇ ਗੱਡ ਦਿੱਤੀਆਂ।

"ਤੂੰ ਮਨੁੱਖਾਂ ਨੂੰ ਇੰਨੀ ਨਫਰਤ ਕਿਓਂ ਕਰਦੀ ਹੈਂ?

" ਹੁਣ ਨਫਰਤ ਨਹੀਂ ਕਰਦੀ, ਪਹਿਲਾਂ ਕਰਦੀ ਸੀ, ਹੁਣ ਨਾਤਾ ਤੋੜ ਲਿਆ ਹੈ?"

"ਪਰ ਮੇਰੇ ਨਾਲ ਤਾਂ ਤੇਰਾ ਨਾਤਾ ਹੈ।"

"ਤੇਰੀ ਗੱਲ ਹੋਰ ਹੈ, ਤੂੰ ਤਾਂ ਰਵੀ ਸ਼ੰਕਰ ਤੇ ਗੁਰੂ ਮਾਂ ਦੀ ਧਰਤੀ ਤੋਂ ਹੈਂ। ਤੇਰੇ ਨਾਲ ਗੱਲ ਕਰਕੇ ਚੰਗਾ ਲੱਗਦਾ ਹੈ, ਜਿਵੇਂ ਗੁਰੂ ਮਾਂ ਨਾਲ ਗੱਲ ਕਰੀ ਰਹੀ ਹੋਵਾਂ। ਪੂਨੇ ਜਿਸ ਆਸ਼ਰਮ 'ਚ ਮੈਡੀਟੇਸ਼ਨ ਸਿੱਖਦੀ ਸੀ, ਉਸ ਗੁਰੂ ਮਾਂ ਦੀਆਂ ਤੇਰੇ ਵਰਗੀਆਂ ਅੱਖਾਂ, ਤੇਰੇ ਵਰਗਾ ਮੱਥਾ ਜਿਵੇਂ ਤੇਰੀ ਜੌੜੀ ਭੈਣ ਹੋਵੇ।" ਜੈਕੀ ਦੀ ਆਵਾਜ਼ ਜਿਵੇਂ ਖੂਹ 'ਚੋਂ ਆ ਰਹੀ ਸੀ।

"ਤੇ ਤੇਰੇ ਮਾਂ-ਪਿਓ, ਭੈਣ-ਭਰਾ ਉਨ੍ਹਾਂ ਨਾਲ ਤਾਂ ਮੇਲ-ਜੋਲ ਹੋਵੇਗਾ ਹੀ?"

" ਨਹੀਂ, ਕਿਸੇ ਨਾਲ ਵੀ ਨਹੀਂ, ਮੈਂ ਆਪਣੇ ਅਤੀਤ ਤੋਂ ਖਹਿੜਾ ਛੁਡਾ ਲਿਆ ਹੈ।"

"ਪਰ ਤੂੰ ਸਭ ਨਾਲੋਂ ਨਾਤਾ ਕਿਓਂ ਤੋੜ ਲਿਆ"?

"ਤੂੰ ਜਾਣ ਕੇ ਕੀ ਕਰੇਂਗੀ। ਬੱਸ ਮੈਨੂੰ ਹੁਣ ਇਸ ਜ਼ਿੰਦਗੀ 'ਚੋਂ ਜ਼ਿਆਦਾ ਖੁਸ਼ੀ ਮਿਲਦੀ ਹੈ।"

" ਨਹੀਂ ਮੈਨੂੰ ਦੱਸ," ਨਾਦਿਰਾ ਨੇ ਜ਼ਿਦ ਕੀਤੀ।

"ਮੇਰਾ ਪਿਓ ਵੀਅਤਨਾਮ ਦੀ ਜੰਗ ਨੇ ਖਾ ਲਿਆ, ਮਤਰੇਏ ਪਿਓ ਤੇ ਮਾਂ ਨੇ ਮੇਰਾ ਬਚਪਨ ਖਾ ਲਿਆ। ਭਟਕਦੀ-ਭਟਕਦੀ ਹਿੱਚਹਾਈਕ ਕਰਦੀ ਮੈਂ ਅਮਰੀਕਾ ਤੋਂ ਇਸ ਕੈਬਿਨ ਵਿੱਚ ਆ ਗਈ, ਇੱਥੇ ਰਹਿਣ ਵਾਲਾ ਮੇਰੀ ਕੁਦਰਤ ਨਾਲ ਸਾਂਝ ਪੁਆ ਕੇ ਕਿੱਧਰੇ ਹੋਰ ਚਲਾ ਗਿਆ। ਬੱਸ ਇੰਨਾਂ ਹੀ ਬਹੁਤ ਹੈ। ਨਾਲੇ ਤੂੰ ਤਾਂ ਬੁਰੀਆਂ ਖਬਰਾਂ ਤੋਂ ਬਚਣ ਲਈ ਇੱਥੇ ਆਈ ਹੈਂ", ਆਖ ਕੇ ਜੈਕੀ ਉੱਠ ਖਲੋਤੀ।

" ਚੱਲ ਲੰਮੀ ਸੈਰ ਕਰਕੇ ਆਈਏ", ਜੈਕੀ ਨੇ ਕਿਹਾ।

" ਨਹੀਂ ਮੈਂ ਬਹੁਤਾ ਚਿਰ ਤੁਰ ਨਹੀਂ ਸਕਦੀ," ਨਾਦਿਰਾ ਨੇ ਆਪਣੇ ਪੇਟ ਵੱਲ ਇਸ਼ਾਰਾ ਕੀਤਾ।

'' ਚੰਗਾ ਤੂੰ ਇਨ੍ਹਾਂ ਹਵਾਈ-ਘੰਟੀਆਂ ਦਾ ਸੰਗੀਤ ਸੁਣ। ਮਨ ਨੂੰ ਸ਼ਾਂਤੀ ਮਿਲੇਗੀ। ਮੈਂ ਛੇਤੀ ਮੁੜ ਆਵਾਂਗੀ,'' ਜੈਕੀ ਦਰਵਾਜ਼ੇ ਮੂਹਰੇ ਹਵਾ ਨਾਲ ਝੂਲ ਰਹੀਆਂ ਟੱਲੀਆ ਵਲ ਇਸ਼ਾਰਾ ਕਰਕੇ ਬੈਰਨ ਨੂੰ ਲੈ ਕੇ ਸੈਰ ਕਰਨ ਤੁਰ ਪਈ।

ਨਾਦਿਰਾ ਟੱਲੀਆਂ ਦੀ ਆਵਾਜ਼ ਵੱਲ ਧਿਆਨ ਦੇਣ ਲੱਗੀ। ਉਸ ਦੀ ਸੁਰਤੀ ਟੱਲੀਆਂ ਨਾਲ ਨਾ ਜੁੜੀ। ਠੰਡ ਮਹਿਸੂਸ ਕਰਕੇ ਉਹ ਕਮਰੇ ਅੰਦਰ ਚਲੀ ਗਈ। ਪਿੱਠ ਵਿੱਚ ਮੱਠਾ-ਮੱਠਾ ਦਰਦ ਮਹਿਸੂਸ ਕਰਕੇ ਉਸ ਨੇ ਕੁਰਸੀ ਉੱਪਰ ਬੈਠ ਅੱਖਾਂ ਮੀਚ ਲਈਆਂ। ਕੰਮ 'ਤੇ ਫਿਰਦੀ ਜੈਕੀ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗੀ। ਕੋਈ ਸਹਿ-ਕਾਮਾ ਉਸ ਦੇ ਸਸਤੇ ਕੱਪੜਿਆਂ ਦਾ ਮਾਖੌਲ ਉਡਾਉਂਦਾ, ਕੋਈ ਉਸ ਵੱਲੋਂ ਲੰਚ 'ਚ ਲਿਆਂਦੀਆਂ ਨੂਡਲਜ਼ ਜਾਂ ਸੂਪ ਕੇਨਾਂ ਬਾਰੇ ਹੱਸਦਾ ਅਤੇ ਕੋਈ ਉਸ ਦੇ ਕੈਬਿਨ 'ਚ ਰੈਣ-ਬਸੇਰੇ 'ਤੇ। ''ਜੈਕੀ ਕਈ ਸਦੀਆਂ ਪਿੱਛੇ ਦੀ ਦੁਨੀਆਂ 'ਚ ਰਹਿੰਦੀ ਹੈ।'' ਕਿਸੇ ਸਹਿਕਾਮੇ ਦੇ ਕਹੇ ਬੋਲ ਨਾਦਿਰਾ ਦੇ ਚੇਤੇ 'ਚ ਗੂੰਜੇ। ਉਸ ਨੂੰ ਲੱਗਾ ਜਿਵੇਂ ਜੈਕੀ ਬਹੁਤ ਸਾਰੀਆਂ ਹੱਸਣ ਦੀਆਂ ਆਵਾਜ਼ਾਂ 'ਚ ਘਿਰੀ ਹੋਵੇ। ਹੌਲੀ-ਹੌਲੀ ਜੈਕੀ ਦੇ ਨਕਸ਼ ਨੰਨ੍ਹੇ ਜਿਹੇ ਤਾਰਿਕ 'ਚ ਤਬਦੀਲ ਹੋਣ ਲੱਗੇ।----ਉਸ ਨੂੰ ਲੱਗਾ ਜਿਵੇਂ ਤਾਰਿਕ ਪੁੱਛ ਰਿਹਾ ਹੋਵੇ ਕਿ ਉਸ ਨੂੰ ਕਈ ਸਦੀਆਂ ਪਿੱਛੇ ਦੀ ਦੁਨੀਆਂ 'ਚ ਕਿਓਂ ਲੈ ਆਈ । ਉਹ ਤਾਰਿਕ ਦੀ ਤੱਕਣੀ ਦੀ ਤਾਬ ਨਾ ਝੱਲ ਸਕੀ ਅਤੇ ਤ੍ਰਭਕ ਕੇ ਕੁਰਸੀ 'ਚੋਂ ਉੱਠ ਖਲੋਤੀ। 'ਇਹ ਤਾਰਿਕ ਮੇਰਾ ਖਹਿੜਾ ਕਿਓਂ ਨਹੀਂ ਛੱਡਦਾ, ਮੈਂ ਕਿਹੜਾ ਇੱਥੇ ਬੈਠੀ ਰਹਿਣੈ, ਅੱਜ ਦੀ ਤਾਂ ਗੱਲ ਐ। ਮੈਂ ਵੀ ਕੀ ਦਾ ਕੀ ਸੋਚਣ ਲੱਗ ਜਾਂਦੀ ਹਾਂ।ਇਹ ਜੈਕੀ ਹਾਲੇ ਤੱਕ ਮੁੜੀ ਕਿਓਂ ਨਹੀਂ? ਅਜੀਬ ਔਰਤ ਹੈ ਮਾਂ ਨੂੰ ਭੁੱਲੀ ਬੈਠੀ ਹੈ। ਮਾਂ ਨੂੰ ਵੀ ਕੋਈ ਭੁੱਲ ਸਕਦੈ?' ਉਸ ਨੂੰ ਅੰਮੀ ਦਾ ਖਿਆਲ ਆਇਆ। 'ਸਵੇਰੇ ਜਦ ਬੰਬ ਫਟੇ ਸਨ ਤਾਂ ਇੰਡੀਆ ਰਾਤ ਸੀ। ਹੁਣ ਜਦ ਉਹ ਉੱਠੇ ਹੋਣਗੇ ਖਬਰਾਂ ਸੁਣ ਉਨ੍ਹਾਂ ਨੂੰ ਫਿਕਰ ਹੋਊ। ਉਹ ਫੋਨ ਕਰਨਗੇ, ਪਰ ਮੈਂ ਤਾਂ ਐਥੇ ਬੈਠੀ ਹਾਂ। ਕਿੱਡੀ ਮੂਰਖ ਹਾਂ ਮੈਂ ਵੀ, ਮੂੰਹ ਚੁੱਕ ਕੇ ਤੁਰ ਪਈ । ਰਹੀਮ ਦਾ ਫੋਨ ਆ ਗਿਆ ਤਾਂ ਉਹ ਵੀ ਫਿਕਰ ਕਰੇਗਾ। ਕੈਸਾ ਮਨਹੂਸ ਦਿਨ ਐ ਅੱਜ ਦਾ। ਜ਼ਾਵੇਦ ਵੀ ਪਤਾ ਨਹੀਂ ਕਿਹੜੇ ਹਾਲ 'ਚ ਹੈ? ਘਰ ਪਹੁੰਚ ਗਿਆ ਸੀ ਤਾਂ ਫੇਰ ਕੀ ਹੈ, ਤਾਰਿਕ ਵੀ ਤਾਂ ਘਰ ਹੀ ਬੈਠਾ ਸੀ। ਜੈਕੀ ਆਵੇ ਤਾਂ ਕਹਾਂ ਕਿ ਮੈਨੂੰ ਤਾਂ ਘਰ ਛੱਡ ਆ।---ਮੇਰਾ ਤਾਂ ਇੱਥੇ ਦਮ ਘੁੱਟਦੈ, ਇਹ ਕਹਿੰਦੀ ਐ ਕਿ ਕੁਦਰਤ ਦੀ ਗੋਦ ਐ।---- ਤੇ ਘਰ ਵੀ ਕਿਹੜਾ ਟਿਕਾਅ ਸੀ। ਅੰਮੀ, ਰਹੀਮ ,ਜ਼ਾਵੇਦ --------- ਪਰ ਇਹ ਜੈਕੀ ਇੰਨੀ ਦੇਰ ਲਾਈ ਜਾਂਦੀ ਐ। ਯਾ ਅੱਲਾ! ਕਿੱਥੇ ਲੈ ਕੇ ਜਾਵਾਂ ਮੈਂ ਆਪਣੇ ਬੱਚੇ ਨੂੰ'!! ਨਾਦਿਰਾ ਕਮਰੇ 'ਚ ਗੇੜੇ ਕੱਢਦੀ ਜੈਕੀ ਨੂੰ ਉਡੀਕਣ ਲੱਗੀ। (ਤ੍ਰਿਸ਼ੰਕੂ ਮਾਰਚ-ਜੂਨ 2005) ●●

# ਵਿਚਕਾਰਲੀ ਸੜਕ

ਉਨ੍ਹਾਂ ਦਾ ਘਰ ਸਾਡੇ ਘਰ ਦੇ ਸਾਹਮਣੇ, ਵਿਚਕਾਰ ਇੱਕ ਸੜਕ। ਇਸ ਗੁਆਂਢ ਵਿੱਚ ਸਿਰਫ਼ ਦੋ ਹੀ ਘਰ ਈਸਟ-ਇੰਡੀਅਨਾਂ ਦੇ। ਇੱਕ ਸਾਹਮਣਾ ਘਰ, ਇੱਕ ਸਾਡਾ ਘਰ। ਬਾਕੀ ਘਰ ਗੋਰਿਆਂ ਦੇ। ਗਰਮੀਆਂ ਦੇ ਦਿਨਾਂ 'ਚ ਗੋਰੇ ਸ਼ਾਮ ਨੂੰ ਘਰਾਂ 'ਚੋਂ ਬਾਹਰ ਨਿਕਲ ਇਕੱਠੇ ਖੜ੍ਹਦੇ, ਗੱਲਾਂ ਕਰਦੇ, ਹੱਸਦੇ। ਮੈਂ ਕਈ ਵਾਰ ਉਨ੍ਹਾਂ ਵਿੱਚ ਜਾ ਕੇ ਖੜ੍ਹ ਜਾਂਦਾ, ਉਹ ਚੁੱਪ ਕਰ ਜਾਂਦੇ, ਉਨ੍ਹਾਂ ਦੀਆਂ ਗੱਲਾਂ ਮੁੱਕ ਜਾਂਦੀਆਂ, ਹਾਸੇ ਰੁੱਕ ਜਾਂਦੇ, ਸ਼ਾਇਦ ਮੇਰੀ ਭੂਰੀ ਚਮੜੀ ਉਨ੍ਹਾਂ ਦੇ ਦਿਮਾਗ ਸੁੰਨ ਕਰ ਦਿੰਦੀ ਹੋਵੇ। ਮੈਂ ਕਦੇ ਸਾਹਮਣੇ ਘਰ ਵਾਲਿਆਂ ਨੂੰ ਵੀ ਉਨ੍ਹਾਂ ਵਿੱਚ ਖੜ੍ਹੇ ਨਹੀਂ ਸੀ ਦੇਖਿਆ ।

ਸਾਡੇ ਘਰ ਪਹਿਲ਼ੀ ਵਾਰ ਮਿਲਣ ਆਉਣ ਵਾਲਾ ਤਕਰੀਬਨ ਹਰੇਕ ਸਾਕ-ਸਬੰਧੀ ਜਰੂਰ ਪੁੱਛਦਾ ਕਿ ਨੇੜੇ-ਤੇੜੇ 'ਆਪਣਿਆਂ' ਦਾ ਵੀ ਕੋਈ ਘਰ ਹੈ? ਅਸੀਂ ਝੱਟ ਸਾਹਮਣੇ ਘਰ ਵੱਲ ਇਸ਼ਾਰਾ ਕਰ ਦਿੰਦੇ ਕਿ 'ਓਹ ਘਰ ਆਪਣਿਆ' ਦਾ ਹੀ ਹੈ। ਸਾਰੇ ਪੁੱਛਣ ਵਾਲਿਆਂ ਦਾ ਤਕਰੀਬਨ ਇੱਕ ਹੀ ਜਵਾਬ ਹੁੰਦਾ ਕਿ 'ਇਹ ਬਹੁਤ ਚੰਗਾ ਹੋਇਆ 'ਆਪਣਿਆਂ' ਦੀ ਦੁੱਖ-ਸੁੱਖ ਵਿੱਚ ਸੌ ਸਹੂਲਤ।' ਪਰ ਇਨ੍ਹਾਂ ਦੋਹਾਂ ਘਰਾਂ ਦੇ ਵਿਚਕਾਰ ਇੱਕ ਸੜਕ ਵੀ ਅਤੇ ਸੜਕ ਉੱਪਰ ਜਿਵੇਂ ਸੂਲਾਂ ਉੱਗੀਆਂ ਹੋਣ। ਉਹ ਸਾਡੇ ਨਾ ਆਉਂਦੇ, ਅਸੀਂ ਉਨ੍ਹਾਂ ਦੇ ਨਾ ਜਾਂਦੇ। ਪਹਿਲਾਂ ਇੰਝ ਨਹੀਂ ਸੀ। ਮਾਂ ਸਾਹਮਣੇ ਘਰਵਾਲੀ ਸੁਰਿੰਦਰ ਦੀ ਮੰਮੀ ਨਾਲ ਬੋਲਦੀ-ਚਲਦੀ ਸੀ। ਕਈ ਵਾਰ ਦੁਪਿਹਰ ਵੇਲੇ ਜਦ ਦੋਹਾਂ ਘਰਾਂ ਦੇ ਬਾਕੀ ਜੀਅ ਕੰਮ 'ਤੇ ਗਏ ਹੁੰਦੇ, ਉਹ ਇੱਕਠੀਆਂ ਇੱਕ ਘਰ ਬੈਠ ਕੋਟੀਆਂ ਬੁਣਦੀਆਂ। ਉਹ ਮਾਂ ਕੋਲ ਆ ਜਾਂਦੀ ਜਾਂ ਮਾਂ ਉਸ ਕੋਲ ਚਲੀ ਜਾਂਦੀ। ਸੁਰਿੰਦਰ ਦੇ ਡੈਡੀ ਨਾਲ ਵੀ 'ਹਾਏ-ਸ਼ਾਏ' ਹੁੰਦੀ ਰਹਿੰਦੀ। ਪਰ ਜਿਸ ਦਿਨ ਸੁਰਿੰਦਰ ਨੇ ਆਪਣੇ ਘਰ ਅਤੇ ਮੈਂ ਆਪਣੇ ਘਰ ਮੇਰੇ ਅਤੇ ਸੁਰਿੰਦਰ ਦੇ ਵਿਆਹ ਦੀ ਗੱਲ ਕੀਤੀ ਸੜਕ ਉੱਪਰ ਜਿਵੇਂ ਸੂਲਾਂ ਉੱਗ ਖੜੋਤੀਆਂ। ਉਹ ਸਾਡੇ ਆਉਂਣੋਂ ਹਟ ਗਏ, ਅਸੀਂ ਉਨ੍ਹਾਂ ਦੇ ਜਾਣੋਂ ।

ਸੁਰਿੰਦਰ ਦੀ ਫੈਕਟਰੀ ਅਤੇ ਮੇਰੇ ਦਫ਼ਤਰ ਵਾਲੀ ਬਿਲਡਿੰਗ ਕੋਲ-ਕੋਲ। ਸਾਡੇ ਦੋਹਾਂ ਦੀ ਲੰਚ ਬਰੇਕ ਦਾ ਟਾਈਮ ਇੱਕ । ਕਈ ਵਾਰ ਧੁੱਪ ਵਾਲੇ ਦਿਨ ਉਸਦੀ ਫੈਕਟਰੀ ਵਿੱਚ ਕੰਮ ਕਰਨ ਵਾਲੇ ਲੰਚ ਟਾਈਮ ਧੁੱਪ ਸੇਕਣ ਬਾਹਰ ਆ ਜਾਂਦੇ, ਮੇਰੇ ਦਫ਼ਤਰ ਵਾਲੇ ਵੀ ਬਾਹਰ ਨਿਕਲ ਜਾਂਦੇ। ਕੋਈ ਅੱਖਾਂ ਮੀਚ ਸੂਰਜ ਵੱਲ ਮੂੰਹ ਕਰ ਬੈਠ ਜਾਂਦਾ, ਕੋਈ ਧੁੱਪ 'ਚ ਬੈਠ ਆਪਣਾ ਲੰਚ ਖਾਈ ਜਾਂਦਾ ਨਾਲ ਕੋਈ ਅਖ਼ਬਾਰ ਜਾਂ ਕਿਤਾਬ ਪੜ੍ਹੀ ਜਾਂਦਾ। ਗੁਆਂਢੀ ਹੋਣ ਨਾਤੇ ਮੈਂ ਕਈ ਵਾਰ ਸੁਰਿੰਦਰ ਕੋਲ ਜਾ ਖੜ੍ਹਦਾ ਜਾਂ ਉਹ ਮੇਰੇ ਕੋਲ ਆ ਖੜ੍ਹਦੀ। ਗੱਲਾਂ ਕਰਦੇ ਇੰਡੀਆ ਦੀਆਂ, ਜਿਥੇ ਉਹ ਜੰਮੀ-ਪਲੀ, ਪੜ੍ਹੀ-ਲਿਖੀ ਤੇ ਵੱਡੀ ਹੋਈ। ਇੰਡੀਆ, ਜਿੱਥੇ ਮੈਂ ਜੰਮਿਆ, ਪੜ੍ਹਿਆ ਤੇ ਜਵਾਨ ਹੋਇਆ। ਕਈ ਵਾਰ ਉਹ ਇੰਡੀਆ ਵਿੱਚ ਹੁੰਦੇ ਫਿਰਕੂ-ਫ਼ਸਾਦਾਂ ਬਾਰੇ ਚਿੰਤਤ ਹੁੰਦੀ, ਸਮਾਜ ਵਿੱਚ ਜਾਤ-ਪਾਤ, ਊਚ-ਨੀਚ ਦੀਆਂ ਵੰਡੀਆਂ ਵਿਰੁੱਧ ਗਿਲ੍ਹਾ ਕਰਦੀ। ਸਾਡੇ ਵਿਚਾਰ ਰਲਦੇ। ਸਾਡੀ ਸਾਂਝ ਦਿਨੋ-ਦਿਨ ਵਧਦੀ ਗਈ। ਫਿਰ ਉਹ ਲੰਚ ਟਾਈਮ ਮੇਰੇ ਦਫਤਰ ਆਉਣ ਲੱਗ ਪਈ, ਅਸੀਂ ਇਕੱਠੇ ਲੰਚ ਕਰਦੇ। ਮੇਰੇ ਵਾਂਗ ਉਸਨੂੰ ਵੀ ਕਨੇਡਾ ਆਇਆਂ ਹਾਲੇ ਚਾਰ-ਪੰਜ ਸਾਲ ਹੀ ਹੋਏ ਸਨ। ਬੀ.ਏ. ਕਰ ਰਹੀ ਸੀ ਜਦ ਮਾਂ-ਬਾਪ ਨਾਲ ਕਨੇਡਾ ਆ ਗਈ। ਕੱਪੜੇ ਸਿਊਣ ਦਾ ਕੋਰਸ ਕਰ, ਰਜਾਈਆਂ ਬਨਾਉਣ ਵਾਲੀ ਇਸ ਛੋਟੀ ਜਿਹੀ ਫੈਕਟਰੀ ਵਿੱਚ ਰਜਾਈਆਂ ਸਿਉਣ ਦਾ ਕੰਮ ਕਰਨ ਲੱਗ ਗਈ। ਘਰ ਦੀ ਆਪਣੀ ਪੂਰੀ ਜ਼ਿੰਮੇਵਾਰੀ ਸਮਝਦੀ। ਘਰ ਵਿੱਚ ਉਹ ਅਤੇ ਉਸਦੇ ਡੈਡੀ ਹੀ ਕਮਾਉਣ ਵਾਲੇ ਸਨ, ਉਸਦੀ ਮੰਮੀ ਘਰ ਬੈਠ ਕੇ ਹੀ ਕੋਟੀਆਂ ਬੁਣ ਲੈਂਦੀ ਜਿਸ ਨਾਲ ਮਸਾਂ ਪੰਜ -ਸੱਤ ਡਾਲਰ ਹੀ ਦਿਹਾੜੀ ਬਣਦੀ। ਬਾਹਰ ਕਿਤੇ ਉਸਨੂੰ ਕੰਮ ਨਾ ਕਰਨ ਦਿੰਦੀ। ਆਖਦੀ, 'ਕਿੱਥੇ ਬਾਹਰ ਫਾਰਮਾਂ 'ਚ ਧੱਕੇ ਖਾਂਦੀ ਫਿਰੇਂਗੀ।' ਉਸਦਾ ਛੋਟਾ ਭਰਾ ਸਕੂਲ ਪੜ੍ਹਨ ਜਾਂਦਾ। ਇੰਨੀ ਜ਼ਿੰਮੇਵਾਰ ਅਤੇ ਸਿਆਣੀ ਕੁੜੀ ਮੇਰੇ ਧੁਰ ਅੰਦਰ ਤੱਕ ਆਪਣਾ ਥਾਂ ਬਣਾਉਦੀ ਗਈ। ਮੈਂ ਕਈ ਵਾਰ ਹਾਸੇ-ਹਾਸੇ 'ਚ ਆਖ ਦਿੰਦਾ, "ਸੁਰਿੰਦਰ ਐਨੀ ਸਿਆਣਪ ਕਿੱਥੋਂ ਲਈ ਹੈ?"

"ਤੇਰੇ ਸਾਥ ਤੋਂ," ਉਹ ਝੱਟ ਆਖ ਦਿੰਦੀ। ਤੇ ਇੱਕ ਦਿਨ ਅਸੀਂ ਜ਼ਿੰਦਗੀ ਭਰ ਲਈ ਇੱਕ-ਦੂਜੇ ਦੇ ਸਾਥ ਦੀ ਗੱਲ ਤੋਰੀ। ਮਾਪਿਆਂ ਦੀ ਸਹਿਮਤੀ ਜਰੂਰੀ ਸੀ ਸਾਂਝੇ ਪਰਿਵਾਰ ਵਾਲੇ ਘਰਾਂ ਵਿੱਚ। ਸੁਰਿੰਦਰ ਲਈ ਵੀ ਜ਼ਰੂਰੀ, ਮੇਰੇ ਲਈ ਵੀ ਜ਼ਰੂਰੀ। ਉਹ ਵੀ ਮਾਪਿਆਂ ਦੀ ਸਿਆਣੀ ਅਤੇ ਜ਼ਿੰਮੇਵਾਰ ਧੀ, ਮੈਂ ਵੀ ਸਲੱਗ ਪੁੱਤ।

ਪਰ ਜਿਸ ਦਿਨ ਮੈਂ ਆਪਣੇ ਘਰ ਮੇਰੇ ਅਤੇ ਸੁਰਿੰਦਰ ਦੇ ਵਿਆਹ ਦੀ ਗੱਲ ਤੋਰੀ, ਉਸ ਦਿਨ ਮੈਨੂੰ ਮਹਿਸੂਸ ਕਰਵਾਇਆ ਗਿਆ ਜਿਵੇਂ ਮੈਂ ਨਲਾਇਕ ਪੁੱਤ ਹੋਵਾਂ। ਘਰਦਿਆਂ ਦੇ ਤੌਰ ਬਦਲ ਗਏ। "ਸਾਨੂੰ ਇਹਤੋਂ ਇਹ ਉਮੀਦ ਨਹੀਂ ਸੀ," ਮਾਂ ਆਖ ਰਹੀ ਸੀ। ਵੱਡੀ ਭੈਣ ਆਈ, ਭਣੋਈਆ ਆਇਆ । ਮੈਨੂੰ ਉਨ੍ਹਾਂ ਆਪਣੇ ਵਿਚਕਾਰ ਬਿਠਾ ਲਿਆ। 'ਇਹ ਭਾਈ ਤੇਰਾ ਚੰਗਾ ਕੰਮ ਨਹੀਂ।' ਉਨ੍ਹਾਂ ਦਾ ਵਿਚਾਰ ਸੀ। ਪਰ ਮੈਨੂੰ ਸੁਰਿੰਦਰ ਦੇ ਜੁਲਾਹਾ ਪਰਿਵਾਰ ਵਿੱਚ ਜਨਮ ਲੈਣ 'ਚ ਕੋਈ ਭੈੜ ਨਹੀਂ ਦਿਖਾਈ ਦਿੱਤੀ ।

"ਐਨੀਆਂ ਸੱਧਰਾਂ ਨਾਲ ਪਾਲਿਆ-ਪੋਸਿਆ ਇੱਕੋ-ਇੱਕ ਪੁੱਤ। ਸੋਚਿਆ ਸੀ ਇਹਦੇ ਵਿਆਹ 'ਚ ਸਾਰੇ ਚਾਅ ਪੂਰੇ ਕਰੂੰਗੀ," ਮਾਂ ਨੇ ਹਾਉਕਾ ਲਿਆ।

"ਹੁਣ ਚਾਅ ਪੂਰੇ ਕਰ ਲਿਓ, ਸੁਰਿੰਦਰ 'ਚ ਕੋਈ ਨੁਕਸ ਤਾਂ ਦੱਸੋ ?" ਮੈਂ ਮੂੰਹ-ਫੱਟ ਹੋ ਗਿਆ ।

''ਜੁਲ੍ਹਾਇਆਂ ਦੀ ਕੁੜੀ ਘਰ ਲਿਆਕੇ ਚਾਅ ਪੂਰੇ ਕਰੀਏ, ਵੇਖ ਖਾਂ ਇਹਦੀ ਮੱਤ ਨੂੰ ਪਤਾ ਨੀ ਕੀ ਹੋ ਗਿਐ ? ਸ਼ਰੀਕੇ 'ਚ ਨੱਕ ਵਢਾਉਣੀ ਐ। ਲਾਗੀ ਜਾਤ ਦੀ ਕੁੜੀ। ਆਪਣੇ ਕੁੜੀਆਂ ਦਾ 'ਕਾਲ ਤਾਂ ਨੀ ਆ ਗਿਆ ?'' ਮਾਂ ਨੇ ਨੱਕ ਪਲੋਸਿਆ ।

''ਸਿੱਧੂ-ਬਰਾੜਾਂ ਦੀਆਂ ਹੁਣ ਜੁਲਾਹੀਆਂ ਨੂੰਹਾਂ ਬਣਨਗੀਆਂ,'' ਡੈਡੀ ਸ਼ਾਇਦ ਜਵਾਨ ਪੁੱਤ ਨਾਲ ਟੱਕਰ ਨਹੀਂ ਸੀ ਲੈਣਾ ਚਾਹੁੰਦੇ, ਪਰ ਉਨ੍ਹਾਂ ਦੇ ਜਬਤ ਕੀਤੇ ਗੁੱਸੇ ਵਿੱਚੋਂ ਵੀ ਵਿਅੰਗ ਦਾ ਤੀਰ ਛੱਡਿਆ ਗਿਆ ।

''ਰਾਜੇ ਹਰੇਕ ਕੰਮ ਜਰੂਰੀ ਤਾਂ ਨਹੀਂ ਹੁੰਦਾ ਕਿ ਆਪਣੇ ਵਾਸਤੇ ਈ ਕੀਤਾ ਜਾਵੇ । ਸਾਨੂੰ ਇਨ੍ਹਾਂ ਵੱਡਿਆਂ ਦਾ ਵੀ ਖਿਆਲ ਕਰਨਾ ਚਾਹੀਦੈ, ਜਿੰਨ੍ਹਾਂ ਨੇ ਸਾਨੂੰ ਪਾਲਿਆ-ਪੋਸਿਆ ਐ । ਜੇ ਉਹ ਤੇਰੀ ਉਹ ਘਰਵਾਲੀ ਹੋਵੇਗੀ ਤਾਂ ਇਓਂ ਵੀ ਸੋਚ ਕਿ ਮਾਂ ਦੀ ਨੂੰਹ ਵੀ ਹੋਵੇਗੀ,'' ਭੈਣ ਨੇ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ।

''ਸੁਰਿੰਦਰ ਇੱਕ ਸਮਝਦਾਰ ਕੁੜੀ ਹੈ। ਜੇ ਉਹ ਜ਼ਿੰਮੇਵਾਰ ਪਤਨੀ ਹੋਵੇਗੀ ਤਾਂ ਜ਼ਿੰਮੇਵਾਰ ਨੂੰਹ ਵੀ ਹੋਵੇਗੀ। ਮੈਨੂੰ ਇਓਂ ਸਮਝ ਨਹੀਂ ਆਉਂਦੀ ਕਿ ਅਸੀਂ ਜੱਟ ਉੱਚੇ ਕਿਓਂ ਹਾਂ ਅਤੇ ਉਹ ਜੁਲਾਹੇ ਨੀਵੇਂ ਕਿਓਂ ?''

ਪਰ ਮੇਰੀ ਕਿਸੇ ਨਾ ਸੁਣੀ। ਭਣੋਈਏ ਨੇ ਭੈਣ ਵੱਲ ਕੌੜ ਕੇ ਦੇਖ ਆਖਿਆ, ''ਚੱਲ ਉੱਠ ਚੱਲੀਏ ਬਹੁਤ ਹੋ ਗਈ, ਇਹ ਮੰਨਣ ਵਾਲੀ ਜੜੀ ਨਹੀਂ।'' ਉਸਨੂੰ ਗੁੱਸਾ ਸੀ ਕਿ ਉਸਦੇ ਘਰ ਆਏ ਦਾ 'ਮਾਣ' ਨਹੀਂ ਸੀ ਰੱਖ ਰਿਹਾ। ਭੈਣ ਨੇ ਤਾਂ ਮਲਵੀਂ ਜਿਹੀ ਜੀਭ ਨਾਲ ਆਖ ਵੀ ਦਿੱਤਾ, ''ਜੇ ਤੂੰ ਮਾਂ-ਬਾਪ ਦਾ ਨੀ ਕੁਝ ਲਗਦਾ ਤਾਂ ਸਾਡਾ ਕਦੋਂ ਲੱਗਿਆ।''

ਦੂਜੇ ਦਿਨ ਮਿਲੀ ਸੁਰਿੰਦਰ ਵੀ ਬੁੱਕ-ਬੁੱਕ ਰੋਂਦੀ ਸੀ। ਉਸਦੇ ਮਾਪਿਆਂ ਉਸਨੂੰ ਪੂਰੀ ਫਿੱਟ-ਲਾਹਨਤ ਦਿੱਤੀ। 'ਮੁੰਡੇ ਨਾਲ ਪਹਿਲਾਂ ਹੀ ਰਲੀ ਹੋਊ ਜਿਹੜੀ ਜੱਟਾਂ ਦੇ ਮੁੰਡੇ ਨਾਲ ਵਿਆਹੀ ਐ।' ਸ਼ਰੀਕੇ ਵਾਲਿਆਂ ਮੇਹਣੇ ਮਾਰਨੇ ਸਨ ਜੋ ਉਸਦੇ ਮਾਪਿਆਂ ਦੀ ਇੱਜਤ ਉੱਪਰ ਧੱਬਾ ਸਨ ।

ਉਸ ਦਿਨ ਤੋਂ ਸਾਹਮਣੇ ਘਰਵਾਲਿਆਂ ਦਾ ਸਾਡੇ ਆਉਣਾ ਬੰਦ ਅਤੇ ਸਾਡਾ ਉਨ੍ਹਾਂ ਦੇ ਜਾਣਾ ਬੰਦ। ਕਈ ਵਾਰ ਮੈਂ ਆਪਣੇ ਘਰ ਦੇ ਲਿਵਿੰਗ ਰੂਮ ਵਿੱਚ ਖੜ੍ਹਾ ਦੇਖਦਾ ਕਿ ਸਾਹਮਣੇ ਘਰ ਦੇ ਲਿਵਿੰਗ ਰੂਮ ਵਿੱਚ ਤਸਵੀਰਾਂ ਤੱਕ ਵੀ ਸਾਡੇ ਘਰੋਂ ਦਿਸਦੀਆਂ ਹਨ, ਪਰ ਘਰਾਂ ਵਾਲੇ ਐਨੇ ਦੂਰ-ਦੂਰ। ਮੈਨੂੰ ਇਸ ਤਰ੍ਹਾਂ ਖੜਾ ਦੇਖ ਸੁਰਿੰਦਰ ਦੀ ਮੰਮੀ ਆਪਣੇ ਘਰ ਦੇ ਪਰਦੇ ਬੰਦ ਕਰ ਦਿੰਦੀ। ਉਨ੍ਹਾਂ ਦੇ ਘਰ ਲੱਗੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਪਰਦਿਆਂ ਪਿੱਛੇ ਲੁਕ ਜਾਂਦੀ। ਇਹੋ-ਜਿਹੀ ਹੀ ਇੱਕ ਤਸਵੀਰ ਸਾਡੇ ਘਰ ਵੀ ਲੱਗੀ ਸੀ। 'ਕਮਾਲ ਹੈ! ਦੋਹੀਂ ਘਰੀਂ ਇੱਕੋ ਜਿਹੀਆਂ ਤਸਵੀਰਾਂ। ਉਹ ਵੀ ਸਿੱਖ ਅਸੀਂ ਵੀ ਸਿੱਖ। ਉਹ ਵੀ ਪੰਜਾਬੀ, ਅਸੀਂ ਵੀ ਪੰਜਾਬੀ ਪਰ ਉਹ ਜੁਲਾਹੇ, ਅਸੀਂ ਜੱਟ।' ਘਰਾਂ ਦੇ ਵਿਚਕਾਰਲੀ ਸੜਕ ਮੈਨੂੰ ਬਹੁਤ ਓਪਰੀ ਲੱਗਣ ਲੱਗ ਪਈ ।

ਇੱਕ ਰਾਤ ਕੋਈ ਸ਼ਰਾਰਤ ਕਰ ਗਿਆ। ਸ਼ੀਸ਼ੇ ਭੰਨ ਗਿਆ। ਉਨ੍ਹਾਂ ਦੀ ਕਾਰ ਦੇ ਸ਼ੀਸ਼ੇ, ਸਾਡੇ ਘਰ ਦੇ ਸ਼ੀਸ਼ੇ। ਸੁਰਿੰਦਰ ਦੇ ਡੈਡੀ ਅਤੇ ਮੇਰੇ ਡੈਡੀ ਦੋਨੋਂ ਹੀ ਗੁੱਸੇ ਵਿੱਚ, ਦੋਨੋਂ ਹੀ ਸਹਿਮੇ -ਸਹਿਮੇ। ਦੋਨੋਂ ਹੀ ਸੜਕ ਉੱਪਰ ਆ ਗਏ। ਉਹ ਅਖ਼ਬਾਰ ਨੂੰ ਖ਼ਬਰ, ਪੁਲੀਸ ਨੂੰ ਇਤਲਾਹ ਅਤੇ ਨਸਲੀ ਦੰਗਿਆਂ ਵਿਰੁੱਧ ਬਣੀ ਜੱਥੇਬੰਦੀ ਨੂੰ ਸੂਚਿਤ ਕਰਨ ਦੀਆਂ ਸਲਾਹਾਂ ਕਰਨ ਲੱਗੇ। ਮਾਂ ਅਤੇ ਸੁਰਿੰਦਰ ਦੀ ਮੰਮੀ ਵੀ ਇੱਕਠੀਆਂ ਖੜ੍ਹੀਆਂ ਸ਼ਰਾਰਤੀਆਂ ਨੂੰ ਕੋਸਣ ਲੱਗੀਆਂ ।

''ਆਸੇ-ਪਾਸੇ ਕਿਸੇ ਹੋਰ ਦੇ ਘਰ ਨੂੰ ਕੋਈ ਨੁਕਸਾਨ ਨਹੀਂ ਕੀਤਾ, ਸਾਡੇ ਦੋਹਾਂ ਘਰਾਂ ਉੱਪਰ ਹੀ ਕੋਈ ਗਰਕ ਜਾਣਾ ਕਹਿਰਵਾਨ ਹੋਇਐ।''

''ਰੁੜ ਜਾਣੇ ਕਈ ਗੋਰੇ ਸਾਡੇ ਲੋਕਾਂ ਨੂੰ ਖਾਂਦਿਆਂ-ਪੀਂਦਿਆਂ ਦੇਖ ਨੀ ਜਰਦੇ। ਇਨ੍ਹਾਂ ਦੇ ਢਿੱਡ ਸੂਲ ਉਠਦੀ ਐ ਬਈ ਇਹ ਲੋਕ ਇਥੇ ਆ ਕੇ ਵੱਡੇ-ਵੱਡੇ ਘਰਾਂ 'ਚ ਰਹਿੰਦੇ ਆ।''

ਮੈਨੂੰ ਲੱਗਿਆ ਜਿਵੇਂ ਸੂਲਾਂ ਮਿੱਧੀਆਂ ਗਈਆਂ ਹੋਣ। ਮੇਰੇ ਅਤੇ ਸੁਰਿੰਦਰ ਲਈ ਰਾਹ ਸਾਫ ਹੋ ਗਿਆ ਹੋਵੇ। ਮੇਰਾ ਕੰਮ ਤੇ ਜਾਣ ਦਾ ਟਾਈਮ ਹੋ ਗਿਆ, ਸੁਰਿੰਦਰ ਨੇ ਵੀ ਕੰਮ ਵੀ ਕੰਮ 'ਤੇ ਜਾਣਾ ਸੀ । ਪਰ ਉਸਦੀ ਕਾਰ ਦੇ ਸ਼ੀਸ਼ੇ ਟੁੱਟੇ ਹੋਏ ਸਨ । ਮੈਂ ਸੁਰਿੰਦਰ ਦੇ ਡੈਡੀ ਕੋਲ ਸੁਰਿੰਦਰ ਨੂੰ ਰਾਈਡ ਦੇਣ ਦਾ ਪ੍ਰਸਤਾਵ ਰੱਖਿਆ ਪਰ ਉਸਦਾ ਖਰਵਾ ਜਵਾਬ, ''ਨਹੀਂ,ਮੈਂ ਆਪ ਹੀ ਛੱਡ ਆਊਂ।''(ਵਤਨ :ਜਨਵਰੀ-ਮਾਰਚ 1993) ●●

# ਕਿਤਾਬ ਵਿਚਲੇ ਫੁੱਲ

'ਇਹ ਕੀ ਕੀਤਾ ਸੁੱਚੇ ਨੇ ਏਸ ਉਮਰੇ?' ਸੱਠਾਂ ਨੂੰ ਢੁੱਕੇ ਤ੍ਰਿਲੋਕ ਸਿੰਘ ਦੇ ਦਿਮਾਗ 'ਚ **ਵਾਰ-ਵਾਰ** ਆਉਂਦਾ। ਸੰਗਤ 'ਚੋਂ ਕਿਸੇ ਨੇ ਲੰਗਰ ਛਕਦਿਆਂ ਦੱਸਿਆ, "ਥੋਡੇ ਸੁੱਚੇ ਨੇ ਵਿਆਹ ਕਰਵਾ ਲਿਆ।" ਬੁਰਕੀ ਤ੍ਰਿਲੋਕ ਸਿੰਘ ਦੇ ਹੱਥ ਵਿੱਚ ਹੀ ਰਹਿ ਗਈ। "ਥੋਡੇ ਸੁੱਚੇ" ਸ਼ਬਦ ਉਸ ਦੇ ਅੰਦਰ ਖੁੱਭ ਗਿਆ। ਤ੍ਰਿਲੋਕ ਸਿੰਘ ਨੇ ਪੀੜ ਮਹਿਸੂਸ ਕੀਤੀ ਅਤੇ ਉਸ ਦੇ ਮੂੰਹੋਂ ਏਨਾਂ ਹੀ ਨਿਕਲਿਆ, " ਕਿਸੇ ਨੇ ਐਵੇਂ ਗਲਤ ਅਫ਼ਵਾਹ ਫੈਲਾ ਦਿੱਤੀ ਹੋਊ।" ਫੇਰ ਉਸ ਨੇ ਸੋਚਿਆ, 'ਕਿਸੇ ਨੇ ਗਲਤ ਅਫ਼ਵਾਹ ਫੈਲਾ ਕੇ ਕੀ ਲੈਣਾ?' ਉਸ ਨੇ ਪੰਜ ਵਾਰ 'ਵਾਹਿਗੁਰੂ' ਉਚਾਰ ਕੇ ਬੁਰਕੀ ਮੂੰਹ ਵਿੱਚ ਪਾਈ। ਫਿਰ ਉਸ ਆਪਣੀ ਖੁੱਲ੍ਹੀ ਛੱਡੀ ਸਫੈਦ ਦਾਹੜੀ, ਜਿਸ ਵਿੱਚ ਵਿਰਲਾ-ਟਾਵਾਂ ਕੋਈ ਕਾਲਾ ਵੀ ਸੀ ਉੱਪਰ ਹੱਥ ਫੇਰਿਆ। ਉਸ ਨੂੰ ਲੱਗਾ ਜਿਵੇਂ ਉਸ ਵਿੱਚ ਕੁਝ ਫਸ ਗਿਆ ਹੋਵੇ। ਉਸ ਦਾੜ੍ਹੀ ਵਿੱਚ ਉਂਗਲਾਂ ਦੀ ਕੰਘੀ ਬਣਾ ਕੇ ਫੇਰੀ। ਦੱਸਣ ਵਾਲਾ ਚੁੱਪ-ਚਾਪ ਪ੍ਰਸ਼ਾਦਾ ਛਕਣ ਲੱਗਾ। ਪਰ ਤ੍ਰਿਲੋਕ ਸਿੰਘ ਦਾ ਅੰਦਰ ਚੁੱਪ ਨਹੀਂ ਸੀ ਹੋ ਰਿਹਾ। 'ਇਹ ਸੁੱਚੇ ਦੀ ਅਕਲ ਨੂੰ ਕੀ ਹੋ ਗਿਆ? ਚੰਗਾ ਭਲਾ ਸੀ। ਸਾਰੀ ਉਮਰ ਨਿਕਲ ਗਈ ਕਦੇ ਐਸੀ-ਵੈਸੀ ਗੱਲ ਨਹੀਂ ਸੀ ਸੁਣੀ ਓਹਦੇ ਬਾਰੇ' ਸੋਚਦਾ ਉਹ ਆਪਣੀ ਮਰਸੀਡਜ਼ ਐਸ 500 ਕਾਰ ਵਿੱਚ ਜਾ ਬੈਠਾ। ਬਰਾਬਰ ਵਾਲੀ ਸੀਟ 'ਤੇ ਬੈਠਦੀ ਉਸ ਦੀ ਘਰਵਾਲੀ ਸੁਰਜੀਤ ਨੇ ਕਿਹਾ, "ਸੁਣਿਐ, ਸੁੱਚਾ ਨਵੀਂ ਬਹੂ ਲੈ ਆਇਐ। ਤੈਨੂੰ ਨੀਂ ਪੁੱਛਿਆ-ਦੱਸਿਆ ਉਸ ਨੇ?"

"ਨਹੀਂ, ਮੇਰੇ ਨਾਲ ਤਾਂ ਕੋਈ ਗੱਲ ਨੀ ਕੀਤੀ ਓਹਨੇ।"

"ਤੈਨੂੰ ਪੁੱਛੇ ਬਗੈਰ ਤਾਂ ਉਹ ਕਦਮ ਨੀ ਪੁੱਟਦਾ ਇਹ ਫਿਰ ਓਹਨੇ ਕੀ ਕੀਤਾ?" ਸੁਰਜੀਤ ਨੇ ਹੈਰਾਨੀ ਜਿਹੀ 'ਚ ਕਿਹਾ।

"ਕੀ ਆਖ ਸਕਦੇ ਆਂ?" ਆਖ ਕੇ ਤ੍ਰਿਲੋਕ ਸਿੰਘ ਚੁੱਪ ਕਰ ਗਿਆ।

"ਜੇ ਆਵਦੇ ਬਾਰੇ ਨੀ ਸੀ ਸੋਚਣਾ ਤਾਂ ਤੇਰੇ ਬਾਰੇ ਤਾਂ ਸੋਚਦਾ। ਗੁਰਦੁਆਰਾ ਕਮੇਟੀ ਆਲੇ ਤੈਨੂੰ ਘਰੋਂ ਲੈ ਕੇ ਘਏ ਆ ਮੋਹਰੀ ਬਨਾਉਣ ਲਈ। ਸਾਰੀ ਉਮਰ ਕੋਈ ਦਾਗ ਨੀ ਲਵਾਇਆ," ਸੁਰਜੀਤ ਦੀ ਆਵਾਜ਼ ਵਿੱਚ ਕ੍ਰੋਧ ਪ੍ਰਤੱਖ ਸੀ। ਇਹ ਕ੍ਰੋਧ ਤ੍ਰਿਲੋਕ ਸਿੰਘ ਦੇ ਅੰਦਰ ਵੀ ਜਾਗ ਪਿਆ, ਉਸ ਸੋਚਿਆ, ' ਇਹ ਸੁੱਚੇ ਨੂੰ ਕੀ ਸੁੱਝੀ। ਲੋਕੀਂ ਕੀ ਕਹਿਣਗੇ ਬਈ ਗੁਰਦੁਆਰੇ ਦਾ ਮੋਹਰੀ ਬਣਿਐ ਤੇ ਘਰ ਵਾਲੇ ਕਿਹੋ-ਜਿਹੇ ਕੰਮੀ ਲੱਗੇ ਐ।' ਇਹ ਸੋਚ ਕੇ ਤ੍ਰਿਲੋਕ ਸਿੰਘ ਨੂੰ ਸੁੱਚੇ 'ਤੇ ਖਿੱਝ ਆਈ। ਉਸ ਨੇ ਸੀ.ਡੀ. ਪਲੇਅਰ ਚਲਾ ਦਿੱਤਾ। ਕਾਰ ਵਿੱਚ ਸ਼ਬਦ ਗੂੰਝਣ ਲੱਗਾ 'ਜੋ ਮਾਂਗਹਿ ਠਾਕੁਰ ਅਪੁਨੇ ਤੇ, ਸੋਈ ਸੋਈ ਦੇਵੈ।' ਪਰ ਤ੍ਰਿਲੋਕ ਸਿੰਘ ਸ਼ਬਦ ਦੇ ਨਾਲ ਗੁਣਗੁਣਾਇਆ ਨਹੀਂ। ਉਸ ਨੇ ਸੋਚਿਆ ਕਿ ਹੁਣ ਤਾਂ ਸਾਰੀ ਔਖਿਆਈ ਕੱਟੀ ਗਈ ਸੀ ਜਵਾਨੀ ਵੇਲੇ ਔਖਾ ਹੁੰਦੈ' ਇਹ ਸੋਚ ਆਉਂਦੇ ਹੀ ਤ੍ਰਿਲੋਕ ਸਿੰਘ ਦੇ ਅੰਦਰ ਇੱਕ ਖਿਲਾਅ ਜਿਹਾ ਫੈਲਣ ਲੱਗਾ। ਉਸ ਨੇ ਸੀ.ਡੀ. ਦੀ ਆਵਾਜ਼ ਉੱਚੀ ਕੀਤੀ। ਸ਼ਬਦ ਨਾਲ ਵੱਜਦੇ ਛੈਣੇ ਉਸ ਨੂੰ ਕੰਨ ਪਾੜਵੇਂ ਲੱਗੇ। ਉਸ ਨੇ ਸੀ.ਡੀ. ਬਦਲ ਦਿੱਤੀ। ਕਾਰ ਵਿੱਚ ਵਾਹਿਗੁਰੂ ਦਾ ਸਿਮਰਣ ਚੱਲਣ ਲੱਗਾ। ਨਾਲ-ਨਾਲ ਵਾਹਿਗੁਰੂ ਕਹਿੰਦਾ ਤ੍ਰਿਲੋਕ ਸਿੰਘ ਕਾਰ ਚਲਾਉਂਦਾ ਰਿਹਾ।

ਘਰ ਪਹੁੰਚ ਗੁਰੂ ਗਰੰਥ ਸਾਹਿਬ਼ ਦਾ ਸੁੱਖ-ਆਸਣ ਕਰਨ ਤੋਂ ਬਾਅਦ ਅਨਸਰਿੰਗ ਮਸ਼ੀਨ ਤੋਂ ਸੁਨੇਹੇ ਸੁਣਦਿਆਂ ਸੁੱਚੇ ਦੀ ਆਵਾਜ਼ ਉਨ੍ਹਾਂ ਦੇ ਕੰਨੀਂ ਪਈ। ਉਹ ਆਖ ਰਿਹਾ ਸੀ, "ਬਾਈ, ਕੱਲ੍ਹ ਨੂੰ ਲੰਚ ਟਾਈਮ ਏਧਰ ਆਜੀਂ, ਤੇਰੇ ਨਾਲ ਇੱਕ ਗੱਲ ਕਰਨੀ ਆ।"

"ਲੈ,ਸੱਚੀ ਗੱਲ ਈ ਹੋਊ," ਆਖ ਸੁਰਜੀਤ ਪੌੜੀਆਂ ਚੜ੍ਹ ਬੈੱਡਰੂਮ ਵੱਲ ਚਲੀ ਗਈ। ਤ੍ਰਿਲੋਕ ਸਿੰਘ ਦਾ ਜੀਅ ਕੀਤਾ ਕਿ ਹੁਣੇ ਹੀ ਫ਼ੋਨ ਕਰਕੇ ਸੁੱਚੇ ਨੂੰ ਪੁੱਛੇ ਪਰ ਘੜੀ ਉੱਪਰ ਰਾਤ ਦੇ ਸਾਢੇ ਗਿਆਰਾਂ ਵੱਜੇ ਵੇਖ ਉਸ ਨੇ ਇਰਾਦਾ ਬਦਲ ਲਿਆ ਅਤੇ ਗੁਰੂ ਗਰੰਥ ਸਾਹਿਬ ਵਾਲੇ ਕਮਰੇ ਦੇ ਨਾਲ ਵਾਲੇ ਆਪਣੇ ਕਮਰੇ ਵਿੱਚ ਲੇਟ ਗਿਆ। ਨੀਂਦ ਉਸ ਦੇ ਨੇੜੇ-ਤੇੜੇ ਵੀ ਨਹੀਂ ਸੀ ਪਰ ਉਸ ਨੇ ਉੱਸਲਵੱਟੇ ਨਹੀਂ ਲਏ।

ਉਸੱਲਵੱਟੇ ਲੈਣੋ ਉਹ ਬਹੁਤ ਸਾਲ ਪਹਿਲਾਂ ਹਟ ਗਿਆ ਸੀ। ਉਦੋਂ, ਜਦ ਕਈ ਵਾਰ ਰਾਤ ਵੇਲੇ ਉਸ ਨੂੰ ਘੋੜੀ ਦੇ ਹਿਣਕਣ ਦੀ ਆਵਾਜ਼ ਸੁਣਦੀ ਜਾਂ ਉਸ ਦੇ ਅੰਦਰ ਬੱਝੀ ਗੰਢ 'ਚੋਂ ਚੀਸ ਉੱਠਦੀ, ਉਸ ਦੀ ਨੀਂਦ ਉੱਡ-ਪੁੱਡ ਜਾਂਦੀ ਅਤੇ ਉਹ ਉੱਸਲਵੱਟੇ ਲੈਂਦਾ। ਸੁਰਜੀਤ ਖਿੱਝ ਕੇ ਆਖਦੀ, "ਨਾ ਸੌਂਦੈ ਨਾ ਸੌਣ ਦਿੰਦੈ, ਗੱਲ ਤਾਂ ਦੱਸ ਕੀ ਐ? ਨੀਂਦ ਕਿਓਂ ਨੀ ਆਉਂਦੀ?"

"ਮੈਨੂੰ ਕੀ ਪਤੈ ਕਿਓਂ ਨੀ ਆਉਂਦੀ," ਆਖ ਕੇ ਉਹ ਚੁੱਪ ਕਰਕੇ ਇੱਕ ਪਾਸੇ ਹੋ ਕੇ ਲੇਟ ਜਾਂਦਾ ਤਾਂ ਕਿ ਸੁਰਜੀਤ ਦੁਬਾਰਾ ਉਹੀ ਪ੍ਰਸ਼ਨ ਨਾ ਕਰ ਦੇਵੇ। ਸਮੇਂ ਨਾਲ ਇਸੇ ਤਰ੍ਹਾਂ ਘੁੱਟ-ਵੱਟ ਕੇ ਪੈਣਾ ਉਹ ਗਿੱਝ ਗਿਆ ਸੀ। ਹੁਣ ਤਾਂ ਸੁਰਜੀਤ ਨੂੰ ਵੀ ਕਈ ਸਾਲ ਹੋ ਗਏ ਸਨ ਉੱਪਰ ਬੈੱਡਰੂਮ 'ਚ ਪੈਂਦਿਆਂ ਅਤੇ ਉਸ ਨੂੰ **ਮੇਨ ਫਲੋਰ** ਵਾਲੇ ਇਸ ਕਮਰੇ 'ਚ ਪੈਂਦਿਆਂ। ਇਸ ਕਮਰੇ ਨੂੰ ਜਦ ਉਹ ਸੌਣ ਲਈ ਵਰਤਣ ਲੱਗਾ ਸੀ, ਪਹਿਲੀ ਰਾਤ ਪੈਣ ਤੋਂ ਪਹਿਲਾਂ ਉਸ ਨੇ ਇੱਕ ਭਰਵਾਂ ਸਾਹ ਲਿਆ ਸੀ ਅਤੇ ਬਾਹਾਂ ਖਿਲਾਰ ਕੇ ਸਾਰੇ ਬੈੱਡ ਉੱਪਰ ਵਿਛ ਗਿਆ ਸੀ ਪਰ ਥੋੜੀ ਦੇਰ ਬਾਅਦ ਬੈੱਡ ਦੇ ਕੋਨੇ 'ਤੇ ਪਾਸਾ ਪਰਤ ਕੇ ਸੁੰਘੜ ਗਿਆ ਸੀ।

ਇੱਕ ਏਕੜ ਦੀ ਲਾਟ ਵਿੱਚ ਪੰਜ ਹਜ਼ਾਰ ਵਰਗ ਫੁੱਟ ਦੇ ਦੋ-ਮੰਜ਼ਿਲਾ ਇਸ ਘਰ ਵਿੱਚ ਤ੍ਰਿਲੋਕ ਸਿੰਘ ਦੀ ਮਰਜ਼ੀ ਅਨੁਸਾਰ ਦੋ ਕਮਰੇ ਹੀ ਬਣੇ ਸਨ, ਇੱਕ ਕਮਰਾ ਜਿਸ ਵਿੱਚ ਪਿਆ ਉਹ ਸੌਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਦੂਜਾ ਨਾਲ

ਲੱਗਵਾਂ ਗੁਰੂ ਗਰੰਥ ਸਾਹਿਬ਼ ਵਾਲਾ ਕਮਰਾ। ਬਾਕੀ ਘਰ ਸੁਰਜੀਤ ਅਤੇ ਕੁੜੀਆਂ ਦੀ ਪਸੰਦ ਅਨੁਸਾਰ ਸੀ। ਸਰੀ ਸ਼ਹਿਰ ਦੇ ਪੈਨੋਰਾਮਾ ਇਲਾਕੇ ਵਾਲੇ ਇਸ ਘਰ ਵਿੱਚ ਗੁਰੂ ਗਰੰਥ ਸਾਹਿਬ਼ ਵਾਲਾ ਕਮਰਾ ਉਸ ਨੇ **ਮੇਨ ਫਲੋਰ** 'ਤੇ ਇਸ ਕਰਕੇ ਬਣਵਾਇਆ ਸੀ ਕਿ ਘਰ 'ਚ ਵੜਦਿਆਂ ਸਭ ਤੋਂ ਪਹਿਲਾਂ ਗੁਰੂ ਗਰੰਥ ਸਾਹਿਬ ਦੇ ਦਰਸ਼ਨ ਹੋਣ ਅਤੇ ਨਾਲ ਵਾਲਾ ਕਮਰਾ ਉਸ ਨੇ ਆਪਣੇ ਲਈ ਇਹ ਆਖ ਕੇ ਬਣਵਾਇਆ ਸੀ ਕਿ ਜਦ ਉਹ ਸਵੇਰੇ ਉੱਠ ਕੇ ਇਸ਼ਨਾਨ ਕਰਦਾ ਹੈ ਤਾਂ ਕੁੜੀਆਂ ਅਤੇ ਸੁਰਜੀਤ ਤੱਕ ਉਪਰਲੀ ਮੰਜਿਲ 'ਤੇ ਪਾਣੀ ਦੀ ਆਵਾਜ਼ ਨਾ ਪਹੁੰਚੂ। ਕੁੜੀਆਂ ਤਿੰਨਾਂ ਦੇ ਹੀ ਵਿਆਹ ਹੋ ਗਏ ਸਨ ਪਰ ਹਾਲੇ ਵੀ ਉਹ ਇਸੇ ਤਰ੍ਹਾਂ ਹੀ ਸੌਂਦੇ। ਕੁੜੀਆਂ ਜਾਂ ਕੋਈ ਦੋਹਤਾ-ਦੋਹਤੀ, ਜਿਹੜੇ ਅਕਸਰ ਆਏ ਹੀ ਰਹਿੰਦੇ ਉੱਪਰ ਪੈਂਦੇ ਅਤੇ ਤ੍ਰਿਲੋਕ ਸਿੰਘ ਆਪਣੇ ਇਸ ਕਮਰੇ ਵਿੱਚ।

ਆਪਣੇ ਇਸ ਕਮਰੇ 'ਚ ਪਏ ਤ੍ਰਿਲੋਕ ਸਿੰਘ ਨੇ ਅੱਖਾਂ ਮੀਚ 'ਵਾਹਿਗੁਰੂ' ਦਾ ਸਿਮਰਨ ਕਰਨ ਦੀ ਸੋਚੀ। ਕਈ ਵਾਰ ਇਸ ਤਰ੍ਹਾਂ ਕਰਦਿਆਂ ਉਸ ਨੂੰ ਨੀਂਦ ਆ ਦਬੋਚਦੀ। ਪਰ ਹੁਣ ਅੱਖਾਂ ਮਿਚਦਿਆਂ ਹੀ ਸੇਹਰੇ ਬੰਨੀ ਖੜ੍ਹਾ ਸੁੱਚਾ ਉਸ ਨੂੰ ਦਿਸਿਆ। ਉਸ ਝੱਟ ਅੱਖਾਂ ਖੋਹਲ ਲਈਆਂ। 'ਮੈਨੂੰ ਕੀ, ਓਹਦੀ ਜਿੰਦਗੀ ਐ, ਜਿਵੇਂ ਮਰਜ਼ੀ ਜਿਉਵੇਂ। ਲੋਕ ਮੇਰੇ 'ਤੇ ਕਿਵੇਂ ਉਂਜਾਂ ਲਾ ਦੇਣਗੇ। ਇੱਥੇ ਕੋਈ ਧੀ-ਪੁੱਤ ਦੀ ਗਰੰਟੀ ਨੀ ਦਿੰਦਾ, ਸੁੱਚਾ ਤਾਂ ਫੇਰ ਮੇਰਾ ਮਸੇਰ ਐ?' ਤ੍ਰਿਲੋਕ ਸਿੰਘ ਨੇ ਸੋਚਿਆ। ਪਰ ਇਸ ਸੋਚ ਨਾਲ ਵੀ ਬੇਚੈਨੀ ਦੂਰ ਨਹੀਂ ਹੋਈ। 'ਇਹ ਕੈਸੀ ਬੇਚੈਨੀ ਹੈ? ਕਿਤੇ ਪਹਿਲਾਂ ਵਾਂਗ ਤਾਂ ਨਹੀਂ ਹੋਣ ਲੱਗ ਪਿਆ?' ਉਸ ਨੇ ਸੋਚਿਆ। ਪਰ ਅਗਲੇ ਹੀ ਪਲ ਸਿਰ ਮਾਰਿਆ, 'ਨਹੀਂ, ਨਹੀਂ ਉਹ ਗੱਲਾਂ ਤਾਂ ਬਹੁਤ ਪਿੱਛੇ ਰਹਿ ਗਈਆਂ' ਅਤੇ ਉਹ 'ਵਾਹਿਗੁਰੂ, ਵਾਹਿਗੁਰੂ' ਕਰਨ ਲੱਗਾ।

ਉਦੋਂ ਵੀ ਉਹ ਬੇਚੈਨ ਹੋ ਜਾਂਦਾ ਸੀ, ਜਦੋਂ ਕਿਸੇ ਨਵੇਂ ਵਿਆਹੇ ਜੋੜੇ ਦੀਆਂ ਫੋਟੋ ਵੇਖਦਾ ਜਾਂ ਕਿਸੇ ਨਵੀਂ ਵਿਆਹੀ ਜੋੜੀ ਨੂੰ ਵੇਖਦਾ ਤਾਂ ਵਿਆਂਦੜ ਕੁੜੀ ਵੱਲ ਅੱਖਾਂ ਪਾੜ-ਪਾੜ ਝਾਕਦਾ। ਅੰਦਰ ਇੱਕ ਚੀਸ ਜਿਹੀ ਮਹਿਸੂਸ ਕਰਦਾ ਅਤੇ ਬੇਚੈਨ ਹੋ ਉੱਠਦਾ। ਇੱਕ ਵਾਰ ਤਾਂ ਇਸ ਤਰ੍ਹਾਂ ਵੀ ਹੋਇਆ ਸੀ ਕਿ ਉਹ ਕੰਮ ਤੋਂ ਘਰ ਮੁੜ ਰਿਹਾ ਸੀ। ਉਸ ਦੇ ਬਰਾਬਰ ਤੋਂ ਲੰਘੀ ਕਾਰ ਨੇ ਉਸ ਅੰਦਰ ਹਲ-ਚਲ ਮਚਾ ਦਿੱਤੀ। ਕਾਰ ਚਲਾ ਰਹੇ ਮੁੰਡੇ ਦੇ ਮੋਢੇ ਨਾਲ ਕੁੜੀ ਸਿਰ ਜੋੜੀ ਬੈਠੀ ਸੀ। ਕੁੜੀ ਦੀ ਬਾਂਹ ਮੁੰਡੇ ਦੇ ਮੋਢੇ ਉੱਪਰ ਵਲੀ ਹੋਈ ਸੀ ਤੇ ਦੂਜੀ ਬਾਂਹ ਮੁੰਡੇ ਦੀ ਬਾਂਹ ਹੇਠੋਂ ਕੱਢ ਕੇ ਉਸ ਦੀ ਛਾਤੀ ਉੱਪਰ ਰੱਖੀ ਹੋਈ ਸੀ। ਤ੍ਰਿਲੋਕ ਨੂੰ ਲੱਗਾ ਜਿਵੇਂ ਕੁੜੀ ਦੀ ਬਾਂਹ ਵਿੱਚ ਚੂੜਾ ਹੋਵੇ। ਉਹ ਵਾਰ-ਵਾਰ ਆਪਣੀ ਕਾਰ ਉਨ੍ਹਾਂ ਦੇ ਬਰਾਬਰ ਕਰਕੇ ਉਨ੍ਹਾਂ ਵੱਲ ਵੇਖਦਾ। ਇਓਂ ਕਰਦੇ ਉਸ ਦੇ ਅੰਦਰ ਖੋਹ ਜਿਹੀ ਪੈਂਦੀ ਅਤੇ ਹੌਲੀ-ਹੌਲੀ ਉਸ ਦੇ ਮੱਥੇ ਉੱਪਰ ਇੱਕ ਘੂਰੀ ਉੱਭਰ ਆਈ। ਅੱਖਾਂ ਵਿੱਚ ਖਾਲੀਪਨ ਪੱਸਰ ਗਿਆ। ਸੰਘ ਕੌੜਾ-ਕੌੜਾ ਹੋ ਗਿਆ। ਗਲਾ ਘਰੋੜ ਕੇ ਉਸ ਨੇ ਉੱਚੀ ਆਵਾਜ਼ 'ਚ ਕਿਹਾ, "ਤੇਰੀ ਓਹ ਮੈਂ ਭੈਣ ਦੀ ਰੱਬਾ—। ਆਖਦੇ ਸਾਰ ਹੀ ਉਸ ਦੀਆਂ ਅੱਖਾਂ ਵਿੱਚ ਨਮੀ ਉੱਤਰ ਆਈ। ਉਸ ਹਾਉਕਾ ਲਿਆ ਅਤੇ ਉਸ ਦਾ ਹੇਠਲਾ ਬੁੱਲ੍ਹ ਹੇਠਾਂ ਨੂੰ ਲਟਕ ਗਿਆ। ਉਨ੍ਹੀਂ ਦਿਨੀ ਅਕਸਰ ਹੀ ਉਹ ਬੇਚੈਨ ਹੋ ਉੱਠਦਾ ਅਤੇ ਕਈ-ਕਈ ਦਿਨ ਉਦਾਸੀ ਦਾ ਆਲਮ ਉਸ ਦੁਆਲੇ ਛਾਇਆ ਰਹਿੰਦਾ। ਪਰ ਉਹ ਤਾਂ ਕੋਈ ਤੀਹ ਸਾਲ ਪੁਰਾਣੀਆਂ ਗੱਲਾਂ ਸਨ। ਹੁਣ ਜਦੋਂ ਉਸ ਨੂੰ ਯਾਦ ਆਉਂਦਾ ਕਿ ਉਹ ਰੱਬ ਦੀ ਧੀ-ਭੈਣ ਇੱਕ ਕਰਦਾ ਰਿਹਾ ਸੀ ਤਾਂ ਕੰਨਾਂ ਨੂੰ ਹੱਥ ਲਾ ਕੇ ਆਖਦਾ, "ਭੁੱਲਾਂ ਨਾ ਚਿਤਾਰੋ ਮੇਰੇ ਸਤਿਗੁਰੂ, ਰਹਿਮ ਕਰੋ, ਆਪਣੇ ਚਰਨਾਂ ਨਾਲ ਜੋੜੋ।"

'ਵਾਹਿਗੁਰੂ,ਵਾਹਿਗੁਰੂ' ਕਰ ਰਹੇ ਤ੍ਰਿਲੋਕ ਸਿੰਘ ਦੇ ਮਨ ਵਿੱਚ ਆਇਆ, 'ਹੁਣ ਜਦ ਸਾਰਾ ਕੁਝ ਸ਼ਾਂਤੀ ਨਾਲ ਚੱਲ ਰਿਹਾ ਹੈ ਤਾਂ ਇਹ ਮੇਰੇ ਮਨ ਵਿੱਚ ਸੱਖਣਾਪਣ ਜਿਹਾ ਕਿਓਂ ਪਸਰ ਗਿਆ ਹੈ?' ਇਹ ਸੋਚ ਕੇ ਤ੍ਰਿਲੋਕ ਸਿੰਘ ਨੇ ਗੁਰੂ ਗਰੰਥ ਸਾਹਿਬ ਵਾਲੇ ਕਮਰੇ ਵੱਲ ਹੱਥ ਜੋੜੇ , "ਰਹਿਮ ਕਰੋ ਸਤਿਗੁਰ ਜੀਓ, ਮਨ ਨੂੰ ਸ਼ਾਂਤੀ ਬਖ਼ਸ਼ੋ" ਉਸ ਨੇ ਫਿਰ ਸੌਣ ਲਈ ਅੱਖਾਂ ਮੀਚੀਆਂ। 'ਇਸ ਸੁੱਚੇ ਕਰ ਕੇ ਕਿੰਨੇ ਵਾਰ ਮੈਂ ਆਪਣੀ ਨੀਂਦ ਨਾਲ ਘੁਲਿਐ' ਉਸ ਦੇ ਦਿਮਾਗ 'ਚ ਆਈ।

ਸੁੱਚੇ ਕਰਕੇ ਵਾਕਿਆ ਹੀ ਤ੍ਰਿਲੋਕ ਸਿੰਘ ਬਹੁਤ ਵਾਰ ਪ੍ਰੇਸ਼ਾਨ ਹੋਇਆ ਸੀ। ਉਸ ਨੂੰ ਹਮੇਸ਼ਾ ਹੀ ਆਪਣਾ-ਆਪ ਸੁੱਚੇ ਤੋਂ ਨੀਵਾਂ-ਨੀਵਾਂ ਲੱਗਦਾ ਰਿਹਾ ਸੀ। ਪਹਿਲਾਂ ਉਹ ਸੁੱਚੇ ਦੀ ਘਰਵਾਲੀ ਵੱਲ ਵੇਖ ਕੇ ਪ੍ਰੇਸ਼ਾਨ ਰਹਿੰਦਾ ਸੀ। ਉਸ ਦੀਆਂ ਕਾਲੇ-ਸ਼ਿਆਹ ਝਿਮਣਿਆਂ ਵਾਲੀਆਂ ਅੱਖਾਂ ਉਸ ਨੂੰ ਆਪਣੀ ਜਮਾਤਣ ਰਾਣੀ ਨਾਲ ਮਿਲਦੀਆਂ ਲੱਗਦੀਆਂ ਅਤੇ ਉਸ ਦੇ ਅੰਦਰ ਖੋਹ ਜਿਹੀ ਪਾਉਂਦੀਆਂ। ਉਹ ਚਿੱਤ 'ਚ ਹੀ ਆਖਦਾ, 'ਬਾਪੂ ਈ ਬਹਿ ਗਿਆ ਮੇਰੇ ਜੜ੍ਹੀਂ ਤਾਂ' ਬਾਪੂ ਤੋਂ ਘੁੰਮਦੀ ਸੂਈ ਉਸ ਦੀ ਮਾਂ 'ਤੇ ਜਾ ਰੁਕਦੀ। ਉਹ ਸੋਚਦਾ, 'ਮਾਸੀ ਵੀ ਤਾਂ ਬੀਬੀ ਦੀ ਉ ਈ ਭੈਣ ਸੀ, ਮਾਸੀ ਨੇ ---- ਉਸ ਦੀਆਂ ਸੋਚਾਂ ਵਿੱਚ ਬਾਪੂ ਦੀ ਛੋਟੀ ਜਿਹੀ ਪਰਚੂਨ ਦੀ ਹੱਟੀ ਅਤੇ ਮਾਸੜ ਦੀ ਧੂੜਾਂ ਪੁੱਟਦੀ ਜੀਪ ਘੁੰਮ ਜਾਂਦੀ ਅਤੇ ਉਹ ਕਚੀਚੀ ਵੱਟ ਕੇ ਗਾਲ੍ਹ ਕੱਢਦਾ। ਜੇ ਕੋਈ ਆਸੇ-ਪਾਸੇ ਹੁੰਦਾ ਤਾਂ ਚਿੱਤ 'ਚ ਹੀ ਕੱਢ ਲੈਂਦਾ ਜੇ ਕੋਈ ਨਾ ਹੁੰਦਾ ਤਾਂ ਸੰਘ ਘਰੋੜ ਕੇ ਕੱਢਦਾ। ਬਾਅਦ ਵਿੱਚ ਸੋਚਦਾ, ' ਮਾਂ ਕਿਹੜਾ ਮੇਰੀ ਦੁਸ਼ਮਣ ਸੀ, ਜੇ ਮਾਸੀ ਕਿਆਂ ਵਾਂਗੂੰ ਸਾਡਾ ਘਰ ਵੀ ਰੱਜਦਾ-ਪੁੱਜਦਾ ਹੁੰਦਾ--------।' ਅਤੇ ਉਹ ਹੋਰ ਰੱਜਦਾ-ਪੁੱਜਦਾ ਹੋਣ ਲਈ ਕੰਮ ਵਿੱਚ ਜੁੱਟ ਜਾਂਦਾ। ਪਰ ਸੁੱਚੇ ਦੇ ਆਪਣੀ ਘਰਵਾਲੀ ਨਾਲ ਚੋਹਲ-ਮੋਹਲ ਉਸ ਨੂੰ ਹੋਰ ਵੀ ਪ੍ਰੇਸ਼ਾਨ ਕਰ ਦਿੰਦੇ। ਸੁੱਚਾ ਕੋਈ ਚੁਟਕੀ ਲੈਂਦਾ ਰਹਿੰਦਾ ਅਤੇ ਉਸ ਦੇ ਘਰਵਾਲੀ ਖਿੱਲਾਂ ਡੋਲ੍ਹਦੀ ਰਹਿੰਦੀ ਫੇਰ ਮੱਛਰ ਕੇ ਸੁੱਚੇ ਨੂੰ ਅਗੂੰਠਾ ਵਿਖਾਉਂਦੀ ਜਾਂ ਜੀਭ ਕੱਢਦੀ। ਇਹ ਵੇਖ ਕੇ ਤ੍ਰਿਲੋਕ ਨੂੰ ਆਪਣੇ ਅੰਦਰੋ ਕੁਝ ਖੁਸੱਦਾ ਲੱਗਦਾ ਅਤੇ ਉਹ ਚੁੱਪ-ਚਾਪ ਇਹ ਚੋਹਲ-ਮੋਹਲ ਵੇਖਦਾ ਰਹਿੰਦਾ ਪਰ ਸੁਰਜੀਤ ਆਖਦੀ, "ਸੁੱਚਿਆ, ਬਹੁਤੀ ਸਿਰ ਨਾ ਚੜ੍ਹਾ, ਫੇਰ ਔਖਾ ਹੋਵੇਂਗਾ।"

ਸੁੱਚੇ ਦੇ ਘਰਵਾਲੀ ਅੱਗੋਂ ਆਖਦੀ, "ਭੈਣ ਜੀ ਜਿਠਾਣੀਆਂ ਵਾਲੀ ਈਰਖਾ ਕਰਦੇ ਐਂ।"

“ਲੈ ਮੈਂ ਕਿਓਂ ਈਰਖਾ ਕਰੂੰਗੀ, ਮੇਰਾ ਆਵਦਾ ਮੇਰੇ ਤੋਂ ਜਾਨ ਛਿੜਕਦੈ,” ਆਖ ਕੇ ਸੁਰਜੀਤ ਚੁੱਪ ਬੈਠੇ ਤ੍ਰਿਲੋਕ ਵੱਲ ਵੇਖਦੀ। ਤ੍ਰਿਲੋਕ ਅੰਦਰ ਚੀਸ ਜਿਹੀ ਉੱਠਦੀ। ਇਹੀ ਚੀਸ ਮਹਿਸੂਸ ਕਰਦੇ ਇੱਕ ਦਿਨ ਤ੍ਰਿਲੋਕ ਨੂੰ ਸੜਕ ’ਤੇ ਅੰਗੂਠਾ ਚੁੱਕੀ ਖੜ੍ਹੀ ਇੱਕ ਅੱਲ੍ਹੜ ਜਿਹੀ ਕੁੜੀ ਦਿਸੀ। ਕਾਲੇ ਸ਼ਿਆਹ ਝਿਮਣਿਆਂ ਵਾਲੀਆਂ ਅੱਖਾਂ। ਉਸ ਕੰਮ ਵਾਲੀ ਵੈਨ ਮੋੜ ਕੇ ਕੁੜੀ ਦੇ ਬਰਾਬਰ ਜਾ ਰੋਕੀ। ਕੁੜੀ ਖੁਲ੍ਹੇ ਸ਼ੀਸ਼ੇ ਦੇ ਕੋਲ ਆ ਖੜ੍ਹੀ। ਇੱਕ ਪਲ ਤ੍ਰਿਲੋਕ ਨੂੰ ਲੱਗਾ ਜਿਵੇਂ ਉਹ ਉਨ੍ਹਾ ਦੀ ਵੱਡੀ ਕੁੜੀ ਪਿੰਕੀ ਹੋਵੇ। ਤ੍ਰਿਲੋਕ ਕੋਲੋਂ ਕੁਝ ਬੋਲਿਆ ਨਾ ਗਿਆ। ਕੋਲੋਂ ਲੰਘਦੀ ਕਿਸੇ ਕਾਰ ਦਾ ਹਾਰਨ ਸੁਣ ਉਸ ਆਪਣਾ ਧਿਆਨ ਕੁੜੀ ਦੇ ਚੇਹਰੇ ਵੱਲੋਂ ਹਟਾ ਸੜਕ ਵੱਲ ਕੀਤਾ। ਉਸ ਨੂੰ ਲੱਗਾ ਜਿਵੇਂ ਕਿਸੇ ਜਾਣ-ਪਹਿਚਾਣ ਵਾਲੇ ਦੀ ਕਾਰ ਲੰਘੀ ਹੋਵੇ। ਉਸ ਦੇ ਅੰਗ-ਪੈਰ ਝੂਠੇ ਪੈਣ ਲੱਗੇ। ਉਸ ਨੇ ਹੱਥ ਹਿਲਾ ਵੈਨ ਅੱਗੇ ਤੋਰ ਲਈ। ‘ਕੌਣ ਹੋਇਆ?, ਇਹ ਮੈਂ ਕੀ ਬੇਵਕੂਫ਼ੀ ਕਰਨ ਲੱਗਾ ਸੀ?, ਇਹ ਵੀ ਨਹੀਂ ਸੋਚਿਆ ਕਿ ਕੰਮ ਵਾਲੀ ਵੈਨ ਉੱਪਰ ਮੋਟੇ ਅੱਖਰਾਂ ’ਚ ‘ਤੋਕੀ ਪਲੰਬਿੰਗ’ ਲਿਖਿਆ ਹੋਇਐ। ਜੇ ਕਿਸੇ ਨੇ ਪੁਲੀਸ ਨੂੰ ਸ਼ਕਾਇਤ ਕਰ ਦਿੱਤੀ ਕਿ ਅੰਡਰਏਜ਼ ਕੁੜੀ ਨਾਲ--- ਉਹ ਮੇਰਿਆ ਰੱਬਾ ਇਹ ਮੈਂ ਕੀ ਕਰ ਬੈਠਣਾ ਸੀ।’ ਡਰ ਨਾਲ ਉਹ ਕੰਬ ਗਿਆ। ਕਈ ਦਿਨ ਉਸ ਦੀ ਇਹੋ ਹਾਲਤ ਬਣੀ ਰਹੀ। ਉਸ ਨੇ ਕਈ ਪਾਈਪਾਂ ਗਲਤ ਜੋੜੀਆਂ। ਉਸ ਨੂੰ ਲੱਗਦਾ ਕਿ ਹੁਣੇ ਹੀ ਕੋਈ ਆ ਕੇ ਕਹੇਗਾ, ‘ਕਿਵੇਂ ਤ੍ਰਿਲੋਕ ਹੁਕਰਾਂ ਮਗਰ ਫਿਰਦੈਂ’ ਪਰ ਜਦ ਕਈ ਦਿਨ ਇਹ ਗੱਲ ਕਿਸੇ ਨਾ ਚਿਤਾਰੀ ਤਾਂ ਉਸ ਨੂੰ ਲੱਗਣ ਲੱਗਾ ਕਿ ‘ਐਵੇਂ ਹੀ ਕਿਸੇ ਨੇ ਹਾਰਨ ਮਾਰ ਦਿੱਤਾ ਹੋਵੇਗਾ। ਪ੍ਰਮਾਤਮਾ ਨੇ ਹੱਥ ਦੇ ਕੇ ਰੱਖਿਐ। ਨਹੀਂ ਤਾਂ ਐਵੇਂ ਹੀ ਤੁਰੇ ਜਾਂਦਿਆਂ ਬਦਨਾਮੀ ਖੱਟ ਲੈਣੀ ਸੀ।’ ਕੁਝ ਦਿਨਾਂ ਬਾਅਦ ਤ੍ਰਿਲੋਕ ਦੇ ਦਿਮਾਗ ਵਿੱਚ ਸੁਪਨੇ ਵਰਗੇ ਖਿਆਲ ਜਿਹੇ ਆਉਣ ਲੱਗੇ। ਉਸ ਨੂੰ ਲੱਗਦਾ ਜਿਵੇਂ ਉਹ ਬਹੁਤ ਦੂਰ ਜਿੱਥੇ ਉਸ ਦੀ ਜਾਣ-ਪਹਿਚਾਣ ਵਾਲਾ ਕੋਈ ਨਹੀਂ ਕਿਸੇ ਅੱਲੜ੍ਹ ਜਿਹੀ ਕੁੜੀ ਦੀ ਬਾਂਹ ’ਚ ਬਾਂਹ ਪਾ ਕੇ ਤੁਰ ਰਿਹਾ ਹੋਵੇ। ਜਾਂ ਕਦੇ ਉਸ ਨੂੰ ਲੱਗਦਾ ਕਿ ਉਹ ਕੁੜੀ ਦੀ ਗੱਲ੍ਹ ’ਤੇ ਚੂੰਢੀ ਵੱਡ ਕੇ ਭੱਜਿਆ ਹੋਵੇ ਅਤੇ ਕੁੜੀ ਉਸ ਦੇ ਮਗਰ ਮਗਰ ਭੱਜੀ ਹੋਵੇ ਅਤੇ ਉਹ ਜਾਣ-ਭੁੱਜ ਕੇ ਡਿੱਗ ਪੈਂਦਾ। ਕੁੜੀ ਉਸ ਉੱਪਰ ਆਣ ਡਿੱਗਦੀ। ਉਸ ਦੇ ਪੋਲੀਆਂ-ਪੋਲੀਆਂ ਮੁੱਕੀਆ ਮਾਰਦੀ ਅਤੇ ਉਹ ਕੁੜੀ ਨੂੰ ਆਪਣੀਆਂ ਬਾਹਾਂ ’ਚ ਭਰ ਲੈਂਦਾ । ਜਾਂ ਇਸੇ ਤਰ੍ਹਾਂ ਦੇ ਹੋਰ ਸੁਪਨੇ ਜਿਹੇ ਉਸ ਦੀਆਂ ਅੱਖਾਂ ਅੱਗੋਂ ਲੰਘਦੇ। ਕੁੜੀ ਕਦੇ ਰਾਣੀ ਜਾਂ ਕੋਈ ਹੋਰ ਪੁਰਾਣੀ ਜਮਾਤਣ ਹੁੰਦੀ, ਕਦੇ ਸੜਕ ਵਾਲੀ ਉਹ ਕੁੜੀ ਜਿਸ ਕੋਲ ਉਸ ਨੇ ਵੈਨ ਰੋਕੀ ਸੀ ਹੁੰਦੀ, ਕਦੇ ਉਸ ਦੇ ਪਿੰਡੋਂ ਹੀ ਘਰਾਂ ’ਚੋਂ ਲੱਗਦੇ ਕਿਸੇ ਤਾਏ-ਚਾਚੇ ਦੀ ਕੁੜੀ ਹੁੰਦੀ, ਜਿਹੜੀ ਉਸ ਦੇ ਨਾਲ-ਨਾਲ ਹੀ ਜਵਾਨ ਹੋਈ ਸੀ। ਇਹ ਸੁਪਨੇ ਉਸ ਨੂੰ ਹੁਲਾਰਾ ਜਿਹਾ ਦਿੰਦੇ। ਪਰ ਜਦ ਕਦੇ ਕਿਸੇ ਕੁੜੀ ਦੀ ਥਾਂ ਸੁਰਜੀਤ ਆ ਜਾਂਦੀ ਤਾਂ ਉਹ ਮੂੰਹ ਕੁਸੈਲਾ ਜਿਹਾ ਕਰ ਲੈਂਦਾ ਜਿਵੇਂ ਦਾਲ ਵਿੱਚ ਕੋਕੜੂ ਆ ਗਿਆ ਹੋਵੇ। ਉਸ ਨੂੰ ਲੱਗਦਾ ਜਿਵੇਂ ਉਸ ਦੇ ਦੁਆਲੇ ਸੰਗਲ ਵਲੇ ਹੋਣ। ਉਹ ਚਿੱਤ ’ਚ ਹੀ ਕਹਿੰਦਾ, ‘ਤੋੜ ਦੇ ਰੱਬਾ ਕਿਤੇ ਇਹ ਸੰਗਲ।’ ਫਿਰ ਸੋਚਦਾ ਕਿ ਸੁਰਜੀਤ ਤੇ ਤਿੰਨੇ ਕੁੜੀਆਂ ਕਿਸੇ ਦੁਰਘਟਨਾਂ ਵਿੱਚ ਮਰ ਜਾਣ । ਜਦ ਕਦੇ ਘਰ ਆਏ ਤੋਂ ਉਸ ਨੂੰ ਉਹ ਘਰ ਨਾ ਦਿਸਦੀਆਂ ਤਾਂ ਉਹ ਸੋਚਦਾ ਕਿ ਹੁਣ ਵੀ ਉਨ੍ਹਾਂ ਦੇ ਮਰਨ ਦੀ ਖਬਰ ਆਈ ਹੁਣ ਵੀ ਆਈ। ਪਰ ਉਹ ਹਮੇਸ਼ਾ ਵਾਪਿਸ ਮੁੜ ਆਉਂਦੀਆਂ ਰਹੀਆਂ। ਜਾਂ ਕਦੇ ਤ੍ਰਿਲੋਕ ਸੋਚਦਾ ਕਿ ਸੁਰਜੀਤ ਨੂੰ ਕੈਂਸਰ ਹੋ ਜਾਵੇ ਅਤੇ ਉਹ ਸੁਰਜੀਤ ਦੇ ਪਿੰਡੇ ਨੂੰ ਟੋਹ-ਟੋਹ ਕੇ ਕੋਈ ਗੰਢ ਲੱਭਣ ਦੀ ਕੋਸ਼ਿਸ਼ ਕਰਦਾ ਪਰ ਗੰਢ ਸੁਰਜੀਤ ਦੇ ਅੰਦਰ ਨਹੀਂ ਸਗੋਂ ਸੁੱਚੇ ਦੇ ਘਰਵਾਲੀ ਅੰਦਰ ਸੀ। ਖ਼ਬਰ ਸੁਣ ਕੇ ਤ੍ਰਿਲੋਕ ਦੇ ਮਨ ਵਿੱਚ ਆਈ , ‘ਚਲ ਚੰਗੈ ਸਾਲੀ ਦੀ ਹਿੜ-ਹਿੜ ਤਾਂ ਨਾ ਤੰਗ ਕਰਿਆ ਕਰੂ’ ਫੇਰ ਉਸ ਨੇ ਅਜੇਹੇ ਗੰਦੇ ਵਿਚਾਰ ਆਉਣ ’ਤੇ ਆਪਣੇ-ਆਪ ਨੂੰ ਲਾਹਨਤ ਪਾਈ, ‘ਕਿਹੋ-ਜਿਹਾ ਘਟੀਆ ਸੋਚਣ ਲੱਗ ਪਿਐਂ, ਸੁੱਚਾ ਮੇਰੇ ਤੋਂ ਜਾਨ ਛਿੜਕਦੈ ਤੇ ਮੈਂ ਐਹੋ-ਜਿਹਾ ਘਟੀਆ ਸੋਚਦੈਂ ਉਸ ਬਾਰੇ। ਉਹਦੇ ਜਵਾਕਾਂ ਦਾ ਵੀ ਨੀ ਸੋਚਿਆ ਭੋਰਾ-ਭਰ ਰੁਲ ਜਾਣਗੇ, ਕੀ ਉਮਰ ਐ ਵਿਚਾਰਿਆਂ ਦੀ ਪੰਜ ਜਾਂ ਸੱਤ ਸਾਲ।’

ਇਨ੍ਹਾਂ ਪੰਜ-ਸੱਤ ਸਾਲ ਦੇ ਬੱਚਿਆਂ ਦੀ ਦੇਖ-ਭਾਲ ਕਰਦੇ ਸੁੱਚੇ ਬਾਰੇ ਜਦ ਕਿਸੇ ਨੇ ਤ੍ਰਿਲੋਕ ਨੂੰ ਕਿਹਾ ਸੀ, “ਬਈ ਸੁੱਚੇ ਅਰਗਾ ਕਿਸ ਬਣ ਜਾਣੈ? ਮਾਵਾਂ ਵੀ ਐਨਾ ਕੀ ਕਰਦੀਆਂ ਹੋਣਗੀਆਂ, ਜਿੰਨਾਂ ਸੁੱਚਾ ਕਰਦੈ। ਜਦੋਂ ਵੇਖੋ ਜੁਆਕਾਂ ਦੀ ਦੇਖ-ਭਾਲ ’ਚ ਈ ਲੱਗੈ ਰਹਿੰਦੈ।” ਸੁਣ ਕੇ ਤ੍ਰਿਲੋਕ ਪ੍ਰੇਸ਼ਾਨ ਹੋ ਗਿਆ ਸੀ। ਤ੍ਰਿਲੋਕ ਨੂੰ ਵਾਰ-ਵਾਰ ਉਹ ਦਿਨ ਚੇਤੇ ਆਉਂਦੇ ਜਦੋਂ ਉਹ ਸੋਚਦਾ ਹੁੰਦਾ ਸੀ ਕਿ ਉਹ ਆਪਣੇ ਬੱਚਿਆਂ ਨਾਲ ਘਿਓ-ਖਿਚੜੀ ਹੋ ਕੇ ਰਿਹਾ ਕਰੇਗਾ। ਫੌਜ਼ ’ਚੋਂ ਪੈਨਸ਼ਨ ਆ ਕੇ ਪਿੰਡ ’ਚ ਚਾਹ-ਗੁੜ ਦੀ ਦੁਕਾਨ ਕਰਦੇ ਉਸ ਦੇ ਬਾਪੂ ਨੇ ਹਮੇਸ਼ਾ ਹੀ ਉਨ੍ਹਾਂ ਨਾਲ ਇੱਕ ਵਿੱਥ ਬਣਾ ਕੇ ਰੱਖੀ ਸੀ। ਗੱਲ-ਗੱਲ ’ਤੇ ਉਹ ਆਖਦਾ ‘ਟੋਟੇ ਕਰਦੂੰ, ਟੋਟੇ’। ਗੱਭਰੂ ਹੋਇਆ ਵੀ ਤ੍ਰਿਲੋਕ ਬਾਪੂ ਤੋਂ ਤ੍ਰਹਿੰਦਾ ਅਤੇ ਸੋਚਦਾ ਕਿ ਉਹ ਆਪਣੇ ਬੱਚਿਆਂ ਦੀ ਵਧੀਆ ਦੇਖ-ਭਾਲ ਕਰੇਗਾ। ‘ਵੱਡੀਆਂ ਨਾਲ ਤਾਂ ਇੱਕ ਪਾਸੇ ਮੈਂ ਤਾਂ ਛੋਟੀ ਧੀ ਨਾਲ ਵੀ ਸਮਾਂ ਨਹੀਂ ਬਿਤਾਉਂਦਾ’ ਸੋਚ ਕੇ ਉਸ ਨੂੰ ਆਪਣੇ-ਆਪ ’ਤੇ ਸ਼ਰਮਿੰਦਗੀ ਜਿਹੀ ਮਹਿਸੂਸ ਹੁੰਦੀ। ਉਹ ਤਾਂ ਸਗੋਂ ਭੱਜਦਾ ਸੀ ਉਨ੍ਹਾਂ ਕੋਲੋਂ। ਦਿਨ-ਰਾਤ ਕੰਮ ’ਤੇ ਰਹਿੰਦਾ। ਸੁਰਜੀਤ ਤਿੰਨਾਂ ਬੱਚੀਆਂ ਨਾਲ ਤੁਰੀ-ਫਿਰਦੀ। ਕਿਸੇ ਨੂੰ ਕਿਸੇ ਗੇਮ ’ਤੇ ਲਿਜਾ, ਕਿਸੇ ਨੂੰ ਕਿਸੇ ਹੋਰ ’ਤੇ। ਛੋਟੀ ਨੂੰ ਤਾਂ ਸਕੂਲੋਂ ਵੀ ਛੱਡਣਾ-ਲਿਆਉਣਾ ਪੈਂਦਾ। ਕੁੜੀਆਂ ਦੀ ਦੇਖ-ਭਾਲ ’ਚ ਸੁਰਜੀਤ ਦਾ ਹੱਥ ਵੰਡਾਉਣਾਂ ਤਾਂ ਇੱਕ ਪਾਸੇ ਸਗੋਂ ਪਿਛਲੇ ਕੁਝ ਦਿਨਾਂ ਤੋਂ ਤ੍ਰਿਲੋਕ ਨੂੰ ਵੱਡੀ ਕੁੜੀ ਪਿੰਕੀ ’ਚੋਂ ਰਾਣੀ ਦਾ ਝਾਉਲਾ ਪੈਣ ਲੱਗਾ ਸੀ। ਉਸੇ ਵਰਗੀ ਹੁੰਦੜ-ਹੇਲ। ਰਾਣੀ ਉਸ ਦੇ ਦਿਮਾਗ ਵਿੱਚ ਹਾਵੀ ਹੋਣ ਲੱਗੀ ਸੀ। ਰਾਣੀ ਵੱਲੋਂ ਉਸ ਨੂੰ ਦਿੱਤੀ ਕਿਤਾਬ, ਜਿਹੜੀ ਉਸ ਨੇ ਸਕੂਲ ਵਿੱਚ ਹੀ ਰਾਣੀ ਨੂੰ ਮੋੜ ਦਿੱਤੀ ਸੀ ਅਤੇ ਆਪਣੇ ਬਾਪੂ ਦੇ ਡਰੋਂ ਘਰ ਨਹੀਂ ਸੀ ਲਿਜਾ ਸਕਿਆ ਉਸ ਨੂੰ ਯਾਦ ਆਉਂਦੀ । ਉਹ ਹਾਉਕਾ ਜਿਹਾ ਲੈਂਦਾ। ਪਰ ਰਾਣੀ ਦੀ ਕਹੀ ਗੱਲ ਉਸ ਦੇ ਚੇਤਿਆਂ ’ਚ ਰਸ ਘੋਲ ਦਿੰਦੀ।

ਉਦੋਂ ਉਹ ਦਸਵੀਂ ਵਿੱਚ ਪੜ੍ਹਦਾ ਸੀ। ਰਾਣੀ ਉਸ ਨੂੰ ਆਨੀਂ-ਬਹਾਨੀ ਬਲਾਉਂਦੀ। ਤ੍ਰਿਲੋਕ ਦਾ ਆਪਾ ਸਵਾਦ-ਸਵਾਦ ਹੋ ਜਾਂਦਾ ਪਰ ਉਹ ਆਪਣੀ ਸ਼ਰਮਾਕਲ ਬਿਰਤੀ ਨਾਲ ਝੂਜਦਾ ਮੂੰਹੋਂ ਕੁਝ ਨਾ ਬੋਲ ਸਕਦਾ। ਤੇ ਫੇਰ ਇੱਕ ਦਿਨ ਰਾਣੀ ਦੀ ਆਵਾਜ਼ ਉਸ ਦੇ ਕੰਨੀ ਪਈ ਸੀ। ਉਹ ਆਪਣੇ ਨਾਲ ਬੈਠੀ ਕੁੜੀ ਨੂੰ ਆਖ ਰਹੀ ਸੀ, "ਕੁੜੇ ਸਾਡੀ ਬੱਕਰੀ ਨੇ ਮੇਮਣਾ ਦਿੱਤੈ, ਮੈਂ ਓਹਦਾ ਨਾਂ ਤੋਕੀ (ਤ੍ਰਿਲੋਕ ਦਾ ਛੋਟਾ ਨਾਂ) ਰੱਖਿਐ। ਮੈਨੂੰ ਓਹਦਾ ਬਹੁਤਾ ਈ ਮੋਹ ਆਉਂਦੈ ਪਰ ਉਹ ਸੜਿਆ ਜਾ ਮੈਥੋਂ ਡਰਦਾ ਪਤਾ ਨੀ ਕਿਓਂ ਐ?" ਨਾਲ ਬੈਠੀ ਕੁੜੀ ਨੇ ਰਾਣੀ ਦੇ ਧੱਫਾ ਮਾਰਿਆ ਸੀ। ਤ੍ਰਿਲੋਕ ਦਾ ਸ਼ਰਮ ਨਾਲ ਮੂੰਹ ਸੁਰਖ ਹੋ ਗਿਆ ਸੀ ਪਰ ਉਸ ਨੂੰ ਅਜੀਬ ਜਿਹਾ ਨਸ਼ਾ ਮਹਿਸੂਸ ਹੋਇਆ ਸੀ। ਇਸ ਨਸ਼ੇ ਦੇ ਅਸਰ ਹੇਠ ਹੀ ਉਹ ਸਕੂਲ 'ਚ ਛੁੱਟੀ ਤੋਂ ਬਾਅਦ ਰਾਣੀ ਵਾਲੇ ਡੈਸਕ 'ਤੇ ਬੈਠ ਗਿਆ ਅਤੇ ਕਾਫ਼ੀ ਦੇਰ ਉੱਥੇ ਹੀ ਬੈਠਾ ਰਿਹਾ। ਇਸ ਤਰ੍ਹਾਂ ਬੈਠਣਾ ਉਸ ਨੂੰ ਹੋਰ ਵੀ ਨਸ਼ਿਆ ਗਿਆ। ਪਰ ਉਸ ਦਾ ਇਹ ਨਸ਼ਾ ਘਰ ਪਹੁੰਚੇ ਤੋਂ ਉੱਤਰ ਗਿਆ ਸੀ ਜਦ ਬਾਪੂ ਦੇ ਬੋਲ ਉਸ ਦੇ ਕੰਨੀਂ ਪਏ ਸਨ। ਉਹ ਤ੍ਰਿਲੋਕ ਨੂੰ ਸਕੂਲੋਂ ਦੇਰ ਨਾਲ ਮੁੜਿਆ ਹੋਣ ਕਰਕੇ ਆਖ ਰਿਹਾ ਸੀ, "ਬਾਂਦਰਾ ਜਿਆ, ਜੇ ਕਦੇ ਫੇਰ ਸਕੂਲੋਂ ਲੇਟ ਮੁੜਿਆ ਤਾਂ ਟੋਟੇ ਕਰਦੂੰ ਟੋਟੇ।" ਉਸ ਨੂੰ ਲੱਗਾ ਜਿਵੇਂ ਬਾਪੂ ਆਖ ਰਿਹਾ ਹੋਵੇ, "ਜੇ ਕਦੇ ਐਸੀ-ਵੈਸੀ ਗੱਲ ਸੁਣ ਲਈ ਤਾਂ ਟੋਟੇ ਕਰਦੂੰ ਟੋਟੇ।" ਬਾਪੂ ਦੇ ਬੋਲ ਚੇਤੇ ਕਰਕੇ ਤ੍ਰਿਲੋਕ ਅੰਦਰ ਇੱਕ ਖਿੱਝ ਜਿਹੀ ਪੈਦਾ ਹੁੰਦੀ ਪਰ ਰਾਣੀ ਦੇ ਬੋਲ ਉਸ ਅੰਦਰ ਸ਼ਹਿਦ ਘੋਲ ਦਿੰਦੇ। ਉਸਦੀਆਂ ਸੋਚਾਂ ਵਿੱਚ ਰਾਣੀ ਦਾ ਚੇਹਰਾ ਪਿੰਕੀ ਦੇ ਚੇਹਰੇ ਵਿੱਚ ਵਟਣ ਲੱਗਦਾ। ਜਦ ਪਿੰਕੀ ਸਾਹਮਣੇ ਹੁੰਦੀ ਉਹ ਉਸ ਨਾਲ ਅੱਖ ਨਾ ਮਿਲਾਉਂਦਾ। ਉਸ ਨੂੰ ਸੁਣਾ ਕੇ ਸੁਰਜੀਤ ਨੂੰ ਆਖਦਾ, "ਸੁਰਜੀਤ, ਕੁੜੀਆਂ ਨੂੰ ਕਿਸੇ ਗੱਲੋਂ ਤਰਸਾਇਆ ਨਾ ਕਰ। ਜਿਹੜਾ ਕੁਝ ਮੰਗਦੀਆਂ ਹੁੰਦੀਐਂ ਲਿਆ ਦਿਆ ਕਰ। ਆ ਹੀ ਉਮਰ ਐ ਏਨਾਂ ਦੇ ਖਾਣ-ਹੰਡਾਉਣ ਦੀ।" ਆਖ ਕੇ ਤ੍ਰਿਲੋਕ ਪਿੰਕੀ ਵੱਲ ਕੁਨੱਖੀਆਂ ਨਾਲ ਝਾਕਦਾ। ਪਿੰਕੀ ਦੇ ਭਰ ਰਹੇ ਸਰੀਰ ਵੱਲ ਵੇਖ ਤ੍ਰਿਲੋਕ ਦਾ ਅੰਦਰ ਮਚਲਣ ਲੱਗਦਾ। ਵਾਰ-ਵਾਰ ਉਸ ਨੂੰ ਰਾਣੀ ਦੇ ਝਾਉਲੇ ਪੈਂਦੇ। ਉਸ ਦੇ ਅੰਦਰ ਰਾਣੀ ਨਾਲ ਸ਼ੁਰੂ ਕੀਤੀ ਰਾਸ ਲੀਲ੍ਹਾ ਪਿੰਕੀ 'ਤੇ ਜਾ ਕੇ ਮੁੱਕਦੀ। ਸਮਾਪਤੀ 'ਤੇ ਉਸ ਨੂੰ ਆਪਣੇ-ਆਪ 'ਤੇ ਕਚਿਆਣ ਜਿਹੀ ਆਉਂਦੀ। ਇਨ੍ਹਾਂ ਹੀ ਦਿਨਾਂ 'ਚ ਇੱਕ ਰਾਤ ਜਦ ਉਹ ਕੰਮ ਤੋਂ ਵਾਪਸ ਮੁੜ ਕੇ ਰੋਟੀ ਖਾ ਕੇ ਪੈਣ ਲੱਗਾ ਤਾਂ ਉਸ ਦੇ ਸਿਰਾਹਣੇ ਉੱਪਰ ਕਾਰਡ ਪਿਆ ਸੀ। ਉਸ ਨੇ ਕਾਰਡ ਚੁੱਕ ਕੇ ਵੇਖਿਆ ਉਸ ਉੱਪਰ ਲਿਖਿਆ ਸੀ ਹੈਪੀ ਫਾਦਰ'ਸ ਡੇਅ ਟੂ ਦਾ ਗ੍ਰੇਟਿਸਟ ਡੈਡ ਇਨ ਹੋਲ ਵਾਈਡ ਵਰਲਡ ਲਵ ਫਰੌਮ ਪਿੰਕੀ।' ਤ੍ਰਿਲੋਕ ਨੂੰ ਕਾਰਡ ਪੜ੍ਹਦਾ ਵੇਖ ਸੁਰਜੀਤ ਬੋਲੀ, " ਪਿੰਕੀ ਨੇ ਆਪ ਬਣਾਇਐ।"

ਤ੍ਰਿਲੋਕ ਨੂੰ ਲੱਗਿਆ ਜਿਵੇਂ ਸੁਰਜੀਤ ਆਖ ਰਹੀ ਹੋਵੇ, "ਸ਼ਰਮ ਤਾਂ ਨੀ ਆਉਂਦੀ ਹੋਣੀ ਕੁੜੀ ਬਾਰੇ ਇਓਂ ਸੋਚਦਿਆਂ।"

ਪਰ ਸੁਰਜੀਤ ਆਖ ਰਹੀ ਸੀ, " ਪਿੰਕੀ ਅੱਜ ਕਾਰਡ ਬਣਾਉਂਦੀ ਅੱਖਾਂ ਭਰ ਆਈ, ਕਹਿੰਦੀ ਸਾਡਾ ਡੈਡੀ ਕਿੰਨਾਂ ਚੰਗੈ । ਫੇਰ ਮੈਨੂੰ ਪੁੱਛਣ ਲੱਗੀ ਬਈ ਜੇ ਸਾਡਾ ਰੀਅਲ ਡੈਡੀ ਹੁੰਦਾ ਓਹਨੇ ਵੀ ਸਾਡੀ ਖਾਤਿਰ ਐਨੀ ਹੀ ਹਰਡ ਵਰਕ ਕਰਨੀ ਸੀ।" ਸੁਰਜੀਤ ਦੇ ਬੋਲ ਸੁਣ ਕੇ ਤ੍ਰਿਲੋਕ ਦਾ ਜੀਅ ਕੀਤਾ ਕਿ ਧਰਤੀ ਪਾਟ ਕੇ ਉਸ ਨੂੰ ਆਪਣੇ ਵਿੱਚ ਸਮਾਅ ਲਵੇ। ਉਸ ਨੂੰ ਆਪਣੇ ਆਪ ਨਾਲ ਘਿਰਣਾ ਹੋਈ। ਕਾਰਡ 'ਤੇ ਲਿਖੇ 'ਗਰੇਟਿਸਟ ਡੈਡ' ਉੱਪਰ ਉਸ ਦੀ ਨਿਗ੍ਹਾ ਅਟਕ ਗਈ। ਫਿਰ ਤ੍ਰਿਲੋਕ ਨੂੰ ਪਤਾ ਨਹੀਂ ਲੱਗਾ ਕਿ ਕਦੋਂ ਉਸ ਦਾ ਸਿਰ ਸੁਰਜੀਤ ਦੀ ਛਾਤੀ ਨਾਲ ਜਾ ਲੱਗਾ ਅਤੇ ਉਹ ਹੁੱਭਕੀਂ-ਹੁੱਭਕੀਂ ਰੋਣ ਲੱਗਾ। ਸੁਰਜੀਤ ਦਾ ਹੱਥ ਉਸ ਦੇ ਕੇਸਾਂ ਵਿੱਚ ਫਿਰਨ ਲੱਗਾ। ਤ੍ਰਿਲੋਕ ਦਾ ਸਿਰ ਸਹਿਲਾਉਂਦੀ ਉਹ ਆਖ ਰਹੀ ਸੀ, " ਤੂੰ ਕਿਹੜਾ ਘੱਟ ਮੇਹਨਤ ਕਰਦੈਂ। ਸਾਰਾ ਕੁਛ ਕੁੜੀਆਂ ਖਾਤਿਰ ਈ ਕਰਦੈਂ। ਤਾਂ ਹੀ ਕੁੜੀਆਂ ਤੈਨੂੰ ਐਨਾ ਪਿਆਰ ਕਰਦੀਐਂ।" ਉਸ ਦੇ ਕੇਸਾਂ ਵਿੱਚ ਫਿਰਦਾ ਸੁਰਜੀਤ ਦਾ ਹੱਥ ਤ੍ਰਿਲੋਕ ਨੂੰ ਆਪਣੀ ਮਾਂ ਦਾ ਹੱਥ ਲੱਗਾ।

ਤ੍ਰਿਲੋਕ ਨੂੰ ਹਮੇਸ਼ਾ ਹੀ ਸੁਰਜੀਤ ਦਾ ਵਿਹਾਰ ਮਾਂ ਵਾਂਗ ਲੱਗਾ ਸੀ। ਜਦ ਉਹ ਨਵਾਂ-ਨਵਾਂ ਕਨੇਡਾ ਆਇਆ ਸੀ ਸੁਰਜੀਤ ਜਿਵੇਂ ਦੋਹਾਂ ਕੁੜੀਆਂ ਨੂੰ ਆਖਦੀ ਕਿ ਕੁੜੀਓ ਏਦਾਂ ਨੀ ਕਰੀਦਾ, ਓਦਾਂ ਨੀ ਕਰੀਦਾ ਉਵੇਂ ਹੀ ਤ੍ਰਿਲੋਕ ਨੂੰ ਆਖਦੀ, "ਤ੍ਰਿਲੋਕ, ਕੋਟ-ਪੈਂਟ ਨਾਲ ਰਨਰ ਨਹੀਂ ਪਾਈਦੇ, ਤ੍ਰਿਲੋਕ ਟਾਇਲਟ ਤੋਂ ਸੀਟ ਚੁੱਕ ਕੇ ਪਿਸ਼ਾਬ ਕਰੀਦੈ-----।" ਕੁੜੀਆਂ ਮਾਂ ਨੂੰ ਸੁਣ 'ਓ.ਕੇ. ਮਾਅਮ' ਆਖ ਦਿੰਦੀਆਂ ਪਰ ਤ੍ਰਿਲੋਕ ਚੁੱਪ ਕਰ ਜਾਂਦਾ। ਸੁਰਜੀਤ ਸਾਹਮਣੇ ਉਹ ਆਪਣੇ-ਆਪ ਨੂੰ ਬੱਚਾ-ਬੱਚਾ ਸਮਝਦਾ। ਸੁਰਜੀਤ ਉਸ ਦੇ ਪਾਉਣ-ਵਰਤਣ ਦੀਆਂ ਚੀਜਾਂ ਲਿਆ ਕੇ ਦਿੰਦੀ। ਇੰਡੀਆ ਉਸ ਦੇ ਘਰ ਡਾਲਰ ਭੇਜਦੀ। ਸੁਰਜੀਤ ਦੇ ਡਾਲਰਾਂ ਨਾਲ ਹੀ ਤ੍ਰਿਲੋਕ ਦਾ ਇੰਡੀਆ ਵਾਲਾ ਘਰ ਪੱਕਾ ਬਣਿਆ ਸੀ ਅਤੇ ਤ੍ਰਿਲੋਕ ਦੀਆਂ ਦੋਹਾਂ ਭੈਣਾਂ ਦੇ ਵਿਆਹ ਵੀ ਸੁਰਜੀਤ ਦੇ ਡਾਲਰਾਂ ਨਾਲ ਹੀ ਹੋਏ ਸਨ। ਤ੍ਰਿਲੋਕ ਨੂੰ ਉਨ੍ਹੀਂ ਦਿਨੀ ਪੀ.ਵੀ.ਆਈ. 'ਚੋਂ ਪਲਬਿੰਗ ਦਾ ਕੋਰਸ ਸੁਰਜੀਤ ਹੀ ਕਰਵਾ ਰਹੀ ਸੀ। ਪਰ ਉਹ ਤਾਂ ਉਦੋਂ ਦੇ ਦਿਨ ਸਨ ਜਦ ਉਹ ਕਨੇਡਾ ਨਵਾਂ-ਨਵਾਂ ਆਇਆ ਸੀ। ਗੱਡੀ ਬਾਅਦ ਵਿੱਚ ਵੀ ਉਵੇਂ ਹੀ ਚੱਲਦੀ ਰਹੀ ਸੀ। ਜੇ ਕਦੇ ਸੁਰਜੀਤ ਪੁੱਛ ਲੈਂਦੀ, "ਤ੍ਰਿਲੋਕ, ਆਪਾਂ ਇੰਡੀਆ ਕੁੜੀਆਂ ਨੂੰ ਰੱਖੜੀਆਂ ਦਾ ਕੀ ਭੇਜੀਏ?" ਤ੍ਰਿਲੋਕ ਦਾ ਜਵਾਬ ਹੁੰਦਾ, "ਐਹੋ ਜਾ ਕੁਛ ਮੈਨੂੰ ਨਾ ਪੁੱਛਿਆ ਕਰ। ਜਿਹੜਾ ਕੁਝ ਲੈਣ-ਦੇਣ ਹੁੰਦੈ ਆਪੇ ਈ ਨਬੇੜ ਲਿਆ ਕਰ। ਮੇਰੀ ਡਿਊਟੀ ਐ ਕੰਮ ਕਰਨਾ ਬਾਕੀ ਸਾਰਾ ਕੁਝ ਤੇਰੇ ਜਿੰਮੇ।" ਅਤੇ ਉਹ ਬਣੀ-ਤਣੀ ਚੈੱਕ ਸਾਊ-ਪੁੱਤ ਵਾਂਗ ਸੁਰਜੀਤ ਦੇ ਹੱਥ 'ਤੇ ਲਿਆ ਧਰਦਾ। ਪਰ ਸੁਰਜੀਤ ਉਸ ਦੀ ਮਾਂ ਨਹੀਂ ਸਗੋਂ ਘਰਵਾਲੀ ਸੀ, ਉਸ ਦੀ ਸਾਥਣ। ਪਰ ਤ੍ਰਿਲੋਕ ਇਹ ਸਾਥ ਪਿੰਕੀ ਵਿੱਚੋਂ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਪਿੰਕੀ ਉਸ ਨੂੰ ਦੁਨੀਆਂ ਦਾ ਸਭ ਤੋਂ ਮਹਾਨ ਬਾਪ ਆਖ ਰਹੀ ਸੀ। 'ਇਹ ਮੈਂ ਕੀ ਸੋਚਦਾ ਸੀ ਕੁੜੀ ਬਾਰੇ' ਉਹ ਵਾਰ-ਵਾਰ ਆਪਣੇ ਆਪ ਨੂੰ ਲਾਹਣਤਾਂ ਪਾਉਂਦਾ ਫੇਰ ਸੋਚਦਾ 'ਸ਼ੁਕਰ ਐ ਕੋਈ ਪਾਪ ਨਹੀਂ ਹੋਇਆ ਪਰਮਾਤਮਾ ਨੇ ਹੱਥ ਦੇ ਕੇ ਰੱਖ ਲਿਆ।' ਜਦ ਵੀ ਉਸ ਨੂੰ ਇਹ ਯਾਦ ਆਉਂਦਾ ਉਹ

ਆਪਣਾ ਸੱਜਾ ਹੱਥ ਛਾਤੀ 'ਤੇ ਰੱਖ ਅੱਖਾਂ ਮੀਚ ਆਖਦਾ, 'ਸ਼ੁਕਰ ਐ ਪ੍ਰਮਾਤਮਾ ਤੇਰਾ, ਬਚਾ ਲਿਆ।' ਇਸ ਯਾਦ ਤੋਂ ਛੁਟਕਾਰਾ ਪਾਉਣ ਲਈ ਉਸ ਨੇ ਆਪਣੇ-ਆਪ ਨੂੰ ਕੰਮ 'ਚ ਹੋਰ ਵੀ ਗਲਤਾਨ ਕਰ ਲਿਆ। ਪਲੰਬਿੰਗ ਦੇ ਨਾਲ-ਨਾਲ ਕਨਸਟਰੱਕਸ਼ਨ ਕੰਪਨੀ ਵੀ ਖੋਲ੍ਹ ਲਈ। ਕਾਰੋਬਾਰ 'ਚ ਵਾਧੇ ਦੇ ਨਸ਼ੇ ਕਾਰਣ ਉਸ ਨੂੰ ਬਹੁਤ ਕੁਝ ਚੇਤੇ ਆਉਣੋਂ ਹਟ ਗਿਆ ਸੀ। ਜਿਵੇਂ-ਜਿਵੇਂ ਕਾਰੋਬਾਰ ਵਧ-ਫੁੱਲ ਰਿਹਾ ਸੀ ਤਿਵੇਂ-ਤਿਵੇਂ ਉਸ ਦਾ ਪ੍ਰਮਾਤਮਾ ਪ੍ਰਤੀ ਸ਼ੁਕਰਾਨਾ ਵੀ ਵਧ ਰਿਹਾ ਸੀ। ਪਿਛਲੇ ਦੋ ਕੁ ਸਾਲਾਂ ਤੋਂ ਤਾਂ ਉਸ ਨੇ ਕਾਰੋਬਾਰ ਵੀ ਸਮੇਟ ਲਿਆ ਸੀ ਅਤੇ ਆਪਣਾ ਧਿਆਨ ਸਿਰਫ਼ ਪਾਠ-ਪੂਜਾ ਅਤੇ ਗੁਰਦੁਆਰੇ ਦੇ ਕੰਮਾਂ ਵੱਲ ਹੀ ਲਗਾ ਲਿਆ ਸੀ। ਪਰ ਹੁਣ ਅਚਾਨਕ ਸੁੱਚੇ ਦੇ ਵਿਆਹ ਦੀ ਖਬਰ ਸੁਣ ਹੋਈ ਬੇਚੈਨੀ ਦੀ ਉਸ ਨੂੰ ਸਮਝ ਨਹੀਂ ਸੀ ਪੈ ਰਹੀ ਕਿ ਕਿਓਂ ਉਸ ਨੂੰ ਅੱਚਵੀ ਜਿਹੀ ਲੱਗ ਗਈ ਸੀ। ਪਿਆ-ਪਿਆ ਉਹ ਉੱਠ ਕੇ ਬੈਠ ਗਿਆ ਅਤੇ ਆਪਣਾ ਧਿਆਨ ਅੱਖਾਂ ਦੇ ਵਿਚਾਲੇ ਕੇਂਦ੍ਰਿਤ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਪਰ ਉੱਥੇ ਉਸ ਨੂੰ ਸੇਹਰਾ ਬੰਨੀ ਬੈਠਾ ਸੁੱਚਾ ਦਿੱਸਦਾ। ਉਹ ਝੱਟ ਅੱਖਾਂ ਖੋਲ੍ਹ ਲੈਂਦਾ ਅਤੇ ਸਾਹ ਲੈ ਦੁਬਾਰਾ ਕੋਸ਼ਿਸ਼ ਕਰਦਾ। ਇਸ ਤਰ੍ਹਾਂ ਕਰਦਾ ਕਰਦਾ ਥੱਕ ਕੇ ਉਹ ਸੌਂ ਗਿਆ। ਸਵੇਰੇ ਉੱਠ ਉਸ ਇਸ਼ਨਾਨ ਕੀਤਾ ਅਤੇ ਗੁਰੂ ਗਰੰਥ ਸਾਹਿਬ਼ ਦਾ ਪ੍ਰਕਾਸ਼ ਕਰਕੇ ਉੱਚੀ ਆਵਾਜ਼ ਵਿੱਚ ਪਾਠ ਕਰਨ ਲੱਗਾ। ਫਿਰ ਕੀਰਤਨ ਸੁਣਦਾ ਰਿਹਾ। ਇੱਕ ਮਸ਼ੀਨ ਜਿਹੀ ਵਾਂਗ। ਗਿਆਰਾਂ ਕੁ ਵਜੇ ਸੁਰਜੀਤ ਨੂੰ ਬੋਲਿਆ, " ਮੈਂ ਫਿਰ ਜਾ ਆਵਾਂ।"

"ਜਾ ਆ। ਸਮਝਾਈਂ ਓਹਨੂੰ ਕੁਛ ਬਈ ਬਾਈ ਬਾਈ ਕਰਦਾ ਰਹਿੰਨੈ ਬਾਈ ਵਰਗਾ ਬਣ ਕੇ ਵੀ ਵਿਖਾ।" ਉਹ ਰੁੱਕ ਕੇ ਫਿਰ ਬੋਲੀ , "ਆਹ ਕੋਈ ਉਮਰ ਸੀ ਸੁੱਚੇ ਦੀ ਵਿਆਹ ਕਰਵਾਉਣ ਦੀ। ਜਦੋਂ ਕਰਾਉਣ ਦੀ ਉਮਰ ਸੀ ਬਥੇਰਾ ਕਿਹਾ ਕਰੀਏ ਬਈ ਕਰਵਾ ਲੈ। ਓਦੋਂ ਕਿਹਾ ਕਰੇ ਮੈਂ ਤਾਂ ਘਰਵਾਲੀ ਲੈ ਆਊਂ ਜਵਾਕਾਂ ਦਾ ਕੀ ਬਣੂੰ? ਕਦੇ ਬੇਗਾਨੀ ਵੀ ਮਾਂ ਬਣੀ ਐ? ਮੈਂ ਕਹਿਣਾ ਤੇਰਾ ਬਾਈ ਵੀ ਤਾਂ ਬਣਿਆ ਈ ਐ, ਸਕਿਆਂ ਨਾਲੋਂ ਜਿਆਦਾ ਕਰਦੈ।"

ਸੁਰਜੀਤ ਦੇ ਬੋਲਾਂ ਨੇ ਤ੍ਰਿਲੋਕ ਸਿੰਘ ਨੂੰ ਹਿਲੋਰਾ ਜਿਹਾ ਦਿੱਤਾ। "ਬੁੱਧ ਭ੍ਰਿਸ਼ਟ ਹੁੰਦੀ ਦਾ ਪਤਾ ਲੱਗਦੈ?" ਉਸ ਜਵਾਬ ਦਿੱਤਾ।

"ਹੋਰ ਬੁੱਧ ਈ ਭ੍ਰਿਸ਼ਟ ਹੋਈ ਐ, ਕੀ ਪਤਾ ਕਿਹੋ-ਜਿਹੀ ਹੋਊ, ਜਿਹੜੀ ਐਸ ਉਮਰੇ ਬੇਗਾਨੇ ਬੰਦੇ ਨਾਲ ਨਿਕਲ ਆਈ ਐ। ਸਾਰੀ ਉਮਰ ਦੀ ਕੀਤੀ ਕਤਾਈ ਖੇਹ 'ਚ ਪਾ ਲੀ ਸੁੱਚੇ ਨੇ। ਦੋਹੇਂ ਜਵਾਕ ਵਿਆਹੇ ਗਏ ਸੀ ਆਰਾਮ ਨਾਲ ਦਿਨ ਕਟੀ ਕਰਦਾ।"

ਤ੍ਰਿਲੋਕ ਸਿੰਘ ਨੂੰ ਪਹਿਲੀ ਵਾਰ ਆਪਣਾ-ਆਪ ਸੁੱਚੇ ਤੋਂ ਉੱਚਾ-ਉੱਚਾ ਲੱਗਾ। 'ਵਾਹਿਗੁਰੂ' ਆਖ ਉਹ ਕਾਰ ਵਿੱਚ ਜਾ ਬੈਠਾ ਅਤੇ ਸੀ.ਡੀ. ਪਲੇਅਰ ਚਲਾ ਲਿਆ। ਕਾਰ ਵਿੱਚ ਸ਼ਬਦ ਗੂੰਝਣ ਲੱਗਾ, 'ਸਤਿਗੁਰ ਕੀ ਸੇਵਾ ਸਫਲੁ ਹੈ, ਜੇ ਕੋ ਕਰੇ ਚਿਤੁ ਲਾਇ' ਤ੍ਰਿਲੋਕ ਸਿੰਘ ਨਾਲ-ਨਾਲ ਗੁਣ-ਗਣਾਉਣ ਲੱਗਾ।

ਜਦ ਤ੍ਰਿਲੋਕ ਸਿੰਘ ਸੁੱਚੇ ਦੇ ਘਰ ਪਹੁੰਚਿਆ ਤਾਂ ਉਸ ਚਾਰੇ ਪਾਸੇ ਨਿਗ੍ਹਾ ਘੁਮਾਈ। ਛੋਟੇ ਪਰ ਸਾਫ਼ ਘਰ ਵਿੱਚ ਉਸ ਨੂੰ ਕੁਝ ਵੀ ਅਜੇਹਾ ਨਾ ਦਿਸਿਆ ਜਿਹੜਾ ਪਹਿਲਾਂ ਨਾਲੋਂ ਵੱਖਰਾ ਹੋਵੇ। ਘਰ ਤਾਂ ਪਹਿਲਾਂ ਵੀ ਇਸੇ ਤਰ੍ਹਾਂ ਹੀ ਸਾਫ਼ ਹੁੰਦਾ ਸੀ। ਸੋਫ਼ੇ 'ਤੇ ਬੈਠਣ ਦਾ ਇਸ਼ਾਰਾ ਕਰਦਿਆਂ ਸੁੱਚਾ ਬੋਲਿਆ, "ਬਾਈ, ਤੂੰ ਤਾਂ ਗੁਰੂ ਘਰ ਨਾਲ ਐਨਾ ਜੁੜ ਗਿਆ ਬਈ ਭਰਾਵਾਂ ਨੂੰ ਮਿਲਣੋ ਵੀ ਗਿਆ।"

"ਤੈਨੂੰ ਕਿੰਨੇ ਵਾਰ ਕਿਹੈ ਬਈ ਤੂੰ ਵੀ ਲੱਗ ਜਾ ਏਸ ਪਾਸੇ," ਤ੍ਰਿਲੋਕ ਸਿੰਘ ਨੇ ਜਵਾਬ ਦਿੱਤਾ।

"ਸਾਡੇ ਤੋਂ ਬਾਈ ਕਿੱਥੇ ਪੁਗਦੀਐਂ ਇਹ ਬੰਦਸ਼ਾਂ।"

"ਸੁੱਚਾ ਸਿਆਂ ਉਮਰ ਹੁੰਦੀ ਐ ਖਾਣ-ਖੇਡਣ ਦੀ ਵੀ, ਅਸਲੀ ਮੁਕਤੀ ਤਾਂ ਪ੍ਰਮਾਤਮਾ ਦੇ ਲੜ ਲੱਗਿਆਂ ਈ ਮਿਲਣੀ ਐ।"

"ਓ ਬਾਈ ਸਿਆਂ ਤੇਰੇ ਵੰਡੇ ਦਾ ਅਸੀਂ ਖਾਈ-ਹੰਢਾਈ ਜਾਨੇ ਆਂ। ਤੂੰ ਤਾਂ ਸਾਰੀ ਉਮਰ ਜਾਂ ਤਾਂ ਕੰਮ 'ਚ ਰੁਲਿਆ ਰਿਹਾ ਜਾਂ ਹੁਣ ਗੁਰੂ ਘਰ ਨਾਲ ਜੁੜ ਗਿਐਂ। ਸੰਸਾਰ ਨੂੰ ਬੈਲੇਂਸ ਵੀ ਤਾਂ ਰੱਖਣੈ ਕਿ ਨਹੀਂ ? ਸਾਡੇ ਵੰਡੇ ਦੀ ਤੂੰ ਭਗਤੀ ਕਰੀ ਜਾਨੈਂ। ਉੱਪਰ ਆਲਾ ਜਾਣੀ-ਜਾਣ ਐ। ਓਹਨੂੰ ਪਤਾ ਬਈ ਇੱਕ ਭਰਾ ਭੋਗੀ ਐ ਤੇ ਦੂਜਾ ਜੋਗੀ," ਸੁੱਚਾ ਆਪਣੀ ਕਰੜ-ਬਰੜੀ ਅੱਧ ਕੱਟੀ ਦਾੜ੍ਹੀ 'ਤੇ ਹੱਥ ਫੇਰ ਕੇ ਹੱਸਿਆ।

"ਤੂੰ ਇਹ ਜੋਕ ਕਰਨੋਂ ਨਾ ਹਟਿਆ," ਆਖ ਕੇ ਤ੍ਰਿਲੋਕ ਸਿੰਘ ਨੇ ਰਸੋਈ ਵਾਲੇ ਪਾਸੇ ਵੇਖਿਆ ਜਿਵੇਂ ਉਸ ਨੂੰ ਲੱਗਾ ਹੋਵੇ ਕਿ ਹੁਣੇ ਕੋਈ ਆ ਕੇ ਸਤਿ ਸ੍ਰੀ ਆਕਾਲ ਬੁਲਾਵੇਗਾ।

"ਤੇਰੇ ਨਾਲ ਬਾਈ ਹੱਸ-ਖੇਡ ਲਈਦੈ, ਹੋਰ ਆਪਾਂ ਕੀ ਲੈ ਜਾਣੈ ਇਸ ਦੁਨੀਆ 'ਚੋਂ,-----ਬਾਈ ਤੇਰੀ ਸਲਾਹ ਤੋਂ ਬਿਨ੍ਹਾਂ ਮੈਂ ਇੱਕ ਕੰਮ ਕੀਤੈ, ਗੁੱਸਾ ਨਾ ਕਰੀਂ ਪੁੱਛਿਆ ਤੈਥੋਂ ਮੈਂ ਤਾਂ ਨਹੀਂ ਬਈ ਤੂੰ ਲੋਕ-ਲੱਜ ਦਾ ਡਰਾਵਾ ਦੇ ਕੇ ਨਾਂਹ ਕਰ ਦੇਣੀ ਸੀ ਤੇ ਨਾਂਹ ਮੇਰੇ ਪਚਣੀ ਨਹੀਂ ਸੀ," ਆਖ ਕੇ ਸੁੱਚੇ ਨੇ ਤ੍ਰਿਲੋਕ ਸਿੰਘ ਦੀਆਂ ਅੱਖਾਂ ਵਿੱਚ ਵੇਖਿਆ। ਤ੍ਰਿਲੋਕ ਸਿੰਘ ਸਥਿਰ ਬੈਠਾ ਰਿਹਾ। ਸੁੱਚੇ ਨੇ ਫਿਰ ਕਿਹਾ, "ਬਾਈ ਮੈਂ ਵਿਆਹ ਕਰਵਾ ਲਿਐ।" ਤ੍ਰਿਲੋਕ ਸਿੰਘ ਨੇ ਸੋਫ਼ੇ 'ਤੋਂ ਢੋਅ ਛੱਡ ਕੇ ਇਸ ਤਰ੍ਹਾਂ ਅੱਖਾਂ ਟੱਡੀਆਂ ਜਿਵੇਂ ਉਸ ਨੂੰ ਇਸ ਗੱਲ ਦੀ ਪਹਿਲਾਂ ਬਿਲਕੁਲ ਵੀ ਭਿਣਕ ਨਾ ਹੋਵੇ। ਫਿਰ ਉਸ ਕਿਹਾ, "ਅੱਛਾ, ਪਰ ਆ ਕੋਈ ਉਮਰ ਸੀ। ਸੱਠਾਂ ਨੂੰ ਢੁੱਕਣ ਵਾਲੈਂ। ਔਖਾ ਵੇਲਾ ਤਾਂ ਕੱਟਿਆ ਗਿਆ ਸੀ।"

"ਔਖਾ ਵੇਲਾ ਤਾਂ ਬਾਈ ਹੁਣ ਸ਼ੁਰੂ ਹੋਇਆ ਸੀ। ਪਹਿਲਾਂ ਤਾਂ ਬੱਚਿਆਂ ਦੀ ਦੇਖ-ਭਾਲ 'ਚ ਗੌਲੀ ਦਾ ਈ ਨਹੀਂ ਸੀ। ਹੁਣ ਤਾਂ ਖਾਲੀ ਘਰ ਖਾਣ ਨੂੰ ਆਉਂਦਾ ਸੀ।"

''ਗੁਰੂ ਮਹਾਰਾਜ਼ ਨਾਲ ਜੁੜਦਾ, ਕੁਛ ਖਾਲੀ-ਖਾਲੀ ਨੀ ਲੱਗਦਾ। ਲੋਕ ਕੀ ਸੋਚਣਗੇ? ਬੱਚੇ ਕੀ ਸੋਚਦੇ ਹੋਣਗੇ?'' ਤ੍ਰਿਲੋਕ ਸਿੰਘ ਨੇ ਹੌਲੀ ਆਵਾਜ਼ ਵਿੱਚ ਕਿਹਾ।

''ਬੱਚਿਆਂ ਕੋਲ ਗੱਲ ਕੀਤੀ ਸੀ। ਚਰਨਜੀਤ ਦੀਆਂ ਦੋਹੇਂ ਕੁੜੀਆਂ ਵੀ ਖੁਸ਼ ਸੀ ਤੇ ਆਪਣੇ ਦੋਹੇਂ ਵੀ। ਬਾਕੀ ਲੋਕਾਂ ਦੀ ਬਾਈ ਆਪਾਂ ਕਦੇ ਪ੍ਰਵਾਹ ਨੀ ਕੀਤੀ। ਉਹੀ ਕਰੀਦੈ ਜਿਹੜਾ ਚਿੱਤ ਕਹਿੰਦੈ।''

ਤ੍ਰਿਲੋਕ ਸਿੰਘ ਦੇ ਚਿੱਤ 'ਚ ਆਈ ਕਿ ਕਹੇ ਫਿਰ ਮੈਨੂੰ ਕਿਓਂ ਦੱਸਦੈਂ ਜਦੋਂ ਚਿੱਤ ਆਈ ਈ ਕਰਨੀ ਐਂ, ਪਰ ਉਸ ਨੇ ਆਪਣੇ ਸੁਭਾਅ ਅਨੁਸਾਰ ਚੁੱਪ ਹੀ ਭਲੀ ਸਮਝੀ। ਸੁੱਚੇ ਨੇ ਤ੍ਰਿਲੋਕ ਸਿੰਘ ਵੱਲ ਧੌਣ ਕਰਕੇ ਕਿਹਾ, ''ਬਾਈ ਚਰਨਜੀਤ ਘਰੇ ਈ ਐ। ਮੈਂ ਜਾਣ ਕੇ ਨੀ ਤੇਰੇ ਸਾਹਮਣੇ ਇੱਕਦਮ ਕੀਤੀ। ਓਹਨੂੰ ਮੈਂ ਸੱਦਦੈਂ, ਤੂੰ ਆਵਦਾ ਅਸ਼ੀਰਵਾਦ ਦੇ।''

''ਪ੍ਰਮਾਤਮਾ ਦਾ ਅਸ਼ੀਰਵਾਦ ਲਓ,'' ਤ੍ਰਿਲੋਕ ਸਿੰਘ ਨੇ ਮਰੀ ਜਿਹੀ ਆਵਾਜ਼ 'ਚ ਕਿਹਾ।

''ਓਹ ਅਸੀਂ ਲੈ ਆਏ ਆਂ। ਕੱਲ੍ਹ ਨਾਨਕਸਰ ਮੱਥਾ ਟੇਕ ਕੇ ਹੀ ਘਰ ਲੈ ਕੇ ਆਇਐਂ। ਬੱਚੇ ਤਾਂ ਵੱਡੀ ਪਾਰਟੀ ਕਰਨ ਦੀਆਂ ਵਿਉਂਤਾਂ ਬਣਾਉਂਦੇ ਸੀ ਪਰ ਅਸੀਂ ਵਰਜਤੇ। ਚਰਨਜੀਤ ਤਾਂ ਗੁਰਦੁਆਰੇ ਵੀ ਉਨ੍ਹਾਂ ਨੂੰ ਨਾਲ ਲਿਜਾ ਕੇ ਰਾਜ਼ੀ ਨੀ ਸੀ। ਕਹਿੰਦੀ ਸ਼ਰਮ ਆਊ। ਪਰ ਮੈਂ ਕਿਹਾ ਅਸੀਂ ਕਹਿੜਾ ਕੋਈ ਚੋਰੀ ਕਰਦੇ ਆਂ---ਚੰਗਾ ਬਾਈ ਮੈਂ ਮਾਰਦੈਂ 'ਵਾਜ਼ ,'' ਆਖ ਕੇ ਸੁੱਚੇ ਨੇ ਬੈੱਡਰੂਮ ਵੱਲ ਮੂੰਹ ਕਰਕੇ ਕਿਹਾ, ''ਚਰਨਜੀਤ ਆਈਂ 'ਕੇਰਾਂ, ਆਵਦੇ ਜੇਠ ਜੀ ਦਾ ਅਸ਼ੀਰਵਾਦ ਲੈ ਲਾ।''

ਤ੍ਰਿਲੋਕ ਸਿੰਘ ਸੋਫ਼ੇ ਉੱਪਰ ਇਕੱਠਾ ਜਿਹਾ ਹੋ ਗਿਆ।

''ਸਾਸਰੀ 'ਕਾਲ ਵੀਰ ਜੀ,'' ਚਰਨਜੀਤ ਨੇ ਆ ਕੇ ਹੌਲੀ ਜਿਹੀ ਆਵਾਜ਼ 'ਚ ਕਿਹਾ। ''ਸਾਸਰੀਕਾਲ,'' ਆਖ ਤ੍ਰਿਲੋਕ ਸਿੰਘ ਨੇ ਆਪਣੀਆਂ ਅੱਖਾਂ ਉੱਪਰ ਚੁੱਕੀਆਂ। ਸਲੇਟੀ ਰੰਗ ਦਾ ਸੂਟ ਪਾਈ ਪੰਜਾਹ ਕੁ ਸਾਲ ਦੇ ਗੇੜ 'ਚ ਖੜ੍ਹੀ ਔਰਤ ਦੀਆਂ ਅੱਖਾਂ ਵੱਲ ਵੇਖ ਤ੍ਰਿਲੋਕ ਸਿੰਘ ਨੂੰ ਲੱਗਿਆ ਜਿਵੇਂ ਸੁੱਚੇ ਦੀ ਪਹਿਲੀ ਘਰਵਾਲੀ ਦਾ ਹੀ ਦੂਜਾ ਰੂਪ ਹੋਵੇ। ਅੱਖਾਂ ਤ੍ਰਿਲੋਕ ਸਿੰਘ ਦੇ ਅੰਦਰ ਕਿਤੇ ਲਹਿ ਜਿਹੇ ਗਈਆਂ ਉਸ ਨੇ ਝੱਟ ਆਪਣੀਆਂ ਅੱਖਾਂ ਨੀਵੀਆਂ ਕਰ ਲਈਆਂ।

''ਸਾਸਰੀਕਾਲ ਨਾਲ ਨੀ ਸਰਨਾ, ਜੇਠ ਸਹੁਰੇ ਬਰਾਬਰ ਹੁੰਦੇ ਐ ਪੈਰੀਂ ਹੱਥ ਲਾ,'' ਸੁੱਚਾ ਹੱਸਿਆ। ਚਰਨਜੀਤ ਨੇ ਸੁੱਚੇ ਵੱਲ ਘੂਰੀ ਵੱਟੀ। ਤ੍ਰਿਲੋਕ ਨੇ ਕਨੱਖੀਆਂ 'ਚੋਂ ਵੇਖਦੇ ਆਪਣੇ ਪੈਰ ਇਕੱਠੇ ਕਰ ਲਏ। ਉਸ ਦੇ ਅੰਦਰ ਕੁਝ ਹੋਇਆ। ''ਮੱਥਾ ਗੁਰੂ ਗੁਰੂ ਗਰੰਥ ਸਾਹਿਬ਼ ਅੱਗੇ ਹੀ ਝੁਕਾਉਣੈ, ਬੱਸ,'' ਆਖਦੇ ਤ੍ਰਿਲੋਕ ਸਿੰਘ ਨੇ ਰੋਕਣ ਦੇ ਇਸ਼ਾਰੇ ਨਾਲ ਆਪਣਾ ਹੱਥ ਉੱਪਰ ਚੁੱਕਿਆ। ਚਰਨਜੀਤ ਦਾ ਅਗਾਂਹ ਵਧਿਆ ਕਦਮ ਉੱਥੇ ਹੀ ਰੁਕ ਗਿਆ, ਉਸ ਪੁੱਛਿਆ, ''ਚਾਹ ਧਰਾਂ?''

ਤ੍ਰਿਲੋਕ ਸਿੰਘ ਤੋਂ ਪਹਿਲਾਂ ਹੀ ਸੁੱਚਾ ਬੋਲਿਆ, ''ਚਾਹ ਨਾਲ ਨੀ ਸਰਨਾ, ਮਿੱਠੀਆਂ ਰੋਟੀਆਂ ਪਕਾ, ਜੇਠ ਨੂੰ ਪਹਿਲੀ ਵਾਰ ਖਵਾਉਣੀਐਂ।''

''ਚੱਲ, ਚਾਹ ਪਿੱਛੋਂ ਬਣਾ ਲਵਾਂਗੇ,'' ਆਖ ਕੇ ਚਰਨਜੀਤ ਰਸੋਈ ਵੱਲ ਚਲੀ ਗਈ।

ਸੁੱਚੇ ਨੇ ਤ੍ਰਿਲੋਕ ਸਿੰਘ ਵੱਲ ਵੇਖਿਆ ਜਿਵੇਂ ਪੁੱਛ ਰਿਹਾ ਹੋਵੇ 'ਕਿਓਂ ਕਿਵੇਂ ਲੱਗੀ?' ਫੇਰ ਉਸ ਕਿਹਾ, ''ਬਾਈ ਊਂ ਰੂਹ ਦੇ ਹਾਣੀ ਬਿਨ੍ਹਾਂ ਕਾਹਦਾ ਜਿਓਣ ਹੁੰਦੈ? ਜਿੱਦੇਂ ਦਾ ਚਰਨਜੀਤ ਨਾਲ ਵਾਹ ਪਿਐ ਇਓਂ ਲੱਗਦੈ ਜਿਵੇਂ ਸਾਰਾ ਆਲਾ-ਦੁਆਲਾ ਭਰਿਆ-ਭਰਿਆ ਹੋਵੇ। ਜਾਣੀ ਮੁੜ ਕੇ ਯੰਗ ਹੋ ਗਿਆ ਹੋਵਾਂ।'' ਤ੍ਰਿਲੋਕ ਸਿੰਘ ਨੇ ਇੱਕ ਅਜੀਬ ਕਿਸਮ ਦੀ ਆਭਾ ਵੇਖੀ ਸੁੱਚੇ ਦੀਆਂ ਅੱਖਾਂ ਵਿੱਚ, ਜਿਹੜੀ ਇੱਕ ਮਹਾਨ ਕੀਰਤਨੀਏ ਦੀਆਂ ਅੱਖਾਂ ਵਿੱਚ ਉਸ ਨੂੰ ਦਿਸਦੀ ਸੀ। ਅਗਲੇ ਹੀ ਪਲ ਉਸ ਆਪਣਾ ਸਿਰ ਝਟਕਿਆ। ਉਸ ਨੂੰ ਆਪਣੇ ਇਸ ਵਿਚਾਰ 'ਤੇ ਸ਼ਰਮ ਜਿਹੀ ਵੀ ਮਹਿਸੂਸ ਹੋਈ, 'ਕਿੱਥੇ ਉਹ ਸਿੰਘ-ਸਾਹਿਬ ਤੇ ਕਿੱਥੇ ਸੁੱਚਾ?'

''ਆਹ ਜੂਸ ਲਓ, ਉਨ੍ਹਾ ਚਿਰ ਮੈਂ ਰੋਟੀ ਲਾਹੁਣੀ ਆਂ,'' ਆਖ ਚਰਨਜੀਤ ਨੇ ਟ੍ਰੇਅ ਤ੍ਰਿਲੋਕ ਦੇ ਸਾਹਮਣੇ ਕੀਤੀ। ਤ੍ਰਿਲੋਕ ਸਿੰਘ ਨੇ ਅੱਖਾਂ ਉੱਪਰ ਨਹੀਂ ਚੁੱਕੀਆਂ। ਜੂਸ ਦਾ ਗਿਲਾਸ ਉਠਾਉਂਦੇ ਉਸ ਨੂੰ ਉਹੀ ਅੱਖਾਂ ਚੇਤੇ ਆ ਗਈਆਂ 'ਕਾਲੇ ਸ਼ਿਆਹ ਝਿਮਣਿਆਂ ਵਾਲੀਆਂ'। 'ਵਾਹਿਗੁਰੂ' ਆਖ ਉਸ ਜੂਸ ਦਾ ਗਿਲਾਸ ਬੁੱਲ੍ਹਾਂ ਨੂੰ ਲਾਇਆ ਅਤੇ ਇੱਕ ਨਿਗ੍ਹਾ ਰਸੋਈ ਵੱਲ ਮੁੜ ਰਹੀ ਚਰਨਜੀਤ ਦੀ ਪਿੱਠ 'ਤੇ ਮਾਰੀ।'ਵੇਖਣ ਨੂੰ ਤਾਂ ਲੱਗਦੀ ਨੀ ਐਹੋ-ਜਿਹੀ ਫਿਰ ਐਸ ਉਮਰੇ ਕਿਵੇਂ ਸੁੱਚੇ ਮਗਰ ਲੱਗ ਤੁਰੀ।' ਤ੍ਰਿਲੋਕ ਸਿੰਘ ਨੇ ਸੋਚਿਆ। ''ਬਾਈ ਮੈਨੂੰ ਪਤੈ ਤੂੰ ਪੁੱਛਣਾ ਤਾਂ ਹੈ ਨੀ ਬਈ ਸਾਡੀ ਗੱਲ-ਬਾਤ ਕਿਵੇਂ ਸਿਰੇ ਲੱਗੀ। ਤੈਨੂੰ ਮੈਂ ਈ ਦੱਸ ਦਿੰਨੈ,'' ਸੁੱਚੇ ਦੇ ਬੋਲ ਤ੍ਰਿਲੋਕ ਸਿੰਘ ਦੇ ਕੰਨੀਂ ਪਏ ਉਸ ਨੇ ਅੱਖਾਂ ਨਹੀਂ ਚੁੱਕੀਆਂ। ਸੁੱਚਾ ਫਿਰ ਬੋਲਿਆ, ''ਸਾਡੇ ਆ ਨਾਲ ਈ ਐ ਇੱਕ ਕੇਅਰਹੋਮ, ਜਦੋਂ ਮੇਰਾ ਘਰੇ ਜੀਅ ਜਿਹਾ ਨਾ ਲੱਗਣਾ ਮੈਂ ਉੱਥੇ ਚਲਿਆ ਜਾਣਾ। ਬਜ਼ੁਰਗਾਂ ਨਾਲ ਗੱਲਾਂ ਮਾਰ ਆਉਣੀਆਂ। ਉਥੇ ਈ ਚਰਨਜੀਤ ਕੰਮ ਕਰਦੀ ਐ। ਚਰਨਜੀਤ ਨੂੰ ਵੇਖ ਮੇਰੇ ਅੰਦਰ ਕੁਝ ਹੋਣ ਜੇ ਲੱਗਣਾ। ਤੈਨੂੰ ਪਤੈ ਦਿਲਾਂ ਨੂੰ ਦਿਲਾਂ ਦਾ ਰਾਹ ਹੁੰਦੈ। ਰੂਹਾਂ ਹਾਣ ਲੱਭ ਲੈਂਦੀਐਂ। ਚਰਨਜੀਤ ਵੀ ਇੱਕਲੀ ਈ ਸੀ ਮੇਰੇ ਆਂਗੂ। ਬਹੁਤ ਪਹਿਲਾਂ ਦਾ ਇਹਦਾ ਡਾਈਵੋਰਸ ਹੋਇਐ ਵਾ ਸੀ। ਕੁੜੀਆਂ ਦੋਹੇਂ ਵਿਆਹ ਤੀਆਂ ਸੀ ਇਹਨੇ। ਬੱਸ ਉਥੇ ਈ ਸਾਡਾ ਮੇਲ-ਜੋਲ ਵਧ ਗਿਆ।''

''ਚੱਲ ਤੂੰ ਖੁਸ਼ ਚਾਹੀਦੈਂ,'' ਤ੍ਰਿਲੋਕ ਸਿੰਘ ਨੇ ਦੱਬਵੀਂ ਜਿਹੀ ਜ਼ੁਬਾਨ ਨਾਲ ਕਿਹਾ।

''ਆਹ ਤਾਂ ਹੋਈ ਨਾ ਗੱਲ, ਮੈਂ ਤਾਂ ਡਰਦਾ ਸੀ ਕਿਤੇ ਬਾਈ ਨਰਾਜ਼ ਈ ਨਾ ਹੋਜੇ। ਹੁਣ ਕਿਸੇ ਦਿਨ ਭਰਜਾਈ ਦਾ ਅਸ਼ੀਰਵਾਦ ਲੈਣ ਵੀ ਆਵਾਂਗੇ। ਭਰਜਾਈ ਨੂੰ ਨਾਲ ਲੈ ਕੇ ਆਉਣ ਲਈ ਮੈਂ ਚਰਨਜੀਤ ਦਾ ਸੋਚਕੇ ਨਹੀਂ ਕਿਹਾ। ਕਈ ਵਾਰੀ ਬੁੜੀਆਂ ਕੋਈ ਚੁੱਭਵੀਂ ਗੱਲ ਆਖ ਜਾਂਦੀਐਂ।'' ਥੋੜ੍ਹਾ ਰੁੱਕ ਕੇ ਉਸ ਨੇ ਤ੍ਰਿਲੋਕ ਸਿੰਘ ਦੇ ਗੋਢੇ ਉੱਪਰ ਹੱਥ ਰੱਖਦਿਆਂ ਕਿਹਾ, ''ਬਾਈ

ਮੈਂ ਬਹੁਤ ਖੁਸ਼ ਆਂ ਮੇਰਾ ਜੀਅ ਕਰਦੈ ਬਈ ਸ਼ੈਂਪੇਨ ਦੀ ਬੋਤਲ ਖੋਲ੍ਹਾਂ ਪਰ ਤੂੰ ਤਾਂ,--- ਚਲ ਛੱਡ ---- ਪਰ ਬਾਈ ਮੈਨੂੰ ਤੇਰੇ ਤੇ ਤਰਸ ਆਉਂਦੈ ਬਈ ਤੂੰ ਤਾਂ ਆਵਦੀ ਸਾਰੀ ਉਮਰ ਊਈਂ ਗਵਾਲੀ। ਸੋਮਰਸ ਤਾਂ ਦੇਵਤਿਆਂ ਦੀ ਕਾਢ ਐ,'' ਆਖ ਕੇ ਸੁੱਚਾ ਹੱਸਿਆ ਫਿਰ ਤ੍ਰਿਲੋਕ ਸਿੰਘ ਦੇ ਕੰਨ ਕੋਲ ਮੂੰਹ ਕਰਕੇ ਹੌਲੀ ਜਿਹੀ ਆਵਾਜ਼ 'ਚ ਗੰਭੀਰਤਾ ਨਾਲ ਬੋਲਿਆ, ''ਬਾਈ ਇੱਕ ਗੱਲ ਤਾਂ ਦੱਸ, ਇਹ ਤੇਰੇ ਦੰਦੀ ਵੱਢਦੀ ਐ?'' –

''ਕੀ?''

ਸੁੱਚਾ ਪੂਰੇ ਜੋਰ ਨਾਲ ਹੱਸਿਆ।

''ਤੂੰ ਫਿਰ ਜਦ-ਖਦੀਆਂ 'ਤੇ ਉੱਤਰ ਆਇਐਂ?'' ਤ੍ਰਿਲੋਕ ਸਿੰਘ ਨੇ ਮਸਕਰਾਉਣ ਦੀ ਕੋਸ਼ਿਸ਼ ਕਰਦੇ ਇਨ੍ਹਾਂ ਹੀ ਕਿਹਾ। 'ਬਾਈ ਤੂੰ ਤਾਂ ਸਾਰੀ ਉਮਰ ਊਈਂ ਗਵਾਲੀ' ਉਸ ਦੇ ਕੰਨਾਂ ਵਿੱਚ ਸਾਂਅ-ਸਾਂਅ ਕਰ ਰਿਹਾ ਸੀ। ਇਹੀ ਸਾਂਅ-ਸਾਂਅ ਸੁੱਚੇ ਦੇ ਘਰੋਂ ਵਾਪਸ ਮੁੜਦੇ ਤ੍ਰਿਲੋਕ ਸਿੰਘ ਦੇ ਕੰਨਾਂ ਵਿੱਚ ਜਾਰੀ ਰਹੀ। 'ਉਮਰ ਐਵੇਂ ਕਿਵੇਂ ਗਵਾ ਲਈ, ਸਵਾ ਲੱਖ ਡਾਲਰ ਦੀ ਕਾਰ ਐ ਥੱਲੇ, ਮਿਲੀਅਨ ਡਾਲਰ ਤੋਂ ਉੱਤੇ ਦਾ ਘਰ ਐ, ਲੋਕ ਇੱਜਤ-ਮਾਣ ਕਰਦੇ ਆ। ਗੱਲਾਂ ਕਰਦੈ। ਆਪ ਕੀ ਬਣਾਇਐ ਸਾਰੀ ਉਮਰ 'ਚ ? ਨਿੱਕਾ ਜਾ ਘਰ ਤੇ ਹੁਣ ਏਸ ਉਮਰੇ ਸਿਰ ਵਾਧੂ ਦੀ ਖੇਹ ਪਵਾਈ।' ਇਸ ਸੋਚ ਨਾਲ ਉਸ ਨੂੰ ਧਰਵਾਸਾ ਜਿਹਾ ਹੋਇਆ। ਪਰ ਇਹ ਧਰਵਾਸਾ ਬਹੁਤੀ ਦੇਰ ਨਾ ਰਿਹਾ। ਸੁੱਚੇ ਦੇ ਆਖੇ ਬੋਲ 'ਰੂਹ ਦੇ ਹਾਣੀ ਬਿਨ੍ਹਾਂ ਕਾਹਦਾ ਜਿਉਣ?' ਸੋਚ ਉਸ ਦਾ ਸਿਰ ਭਾਰਾ-ਭਾਰਾ ਹੋਣ ਲੱਗਾ। 'ਰੂਹ ਦਾ ਹਾਣ' ਹੂੰ ਐਵੇਂ ਨਿਆਣਿਆਂ ਵਾਲੀਆਂ ਗੱਲਾਂ ' ਉਹ ਬੁੜਬੜਾਇਆ।

ਇਵੇਂ ਹੀ ਤ੍ਰਿਲੋਕ ਦੀ ਮਾਂ ਨੇ ਕਿਹਾ ਸੀ, ''ਤੂੰ ਤਾਂ ਤੋਕੀ ਨਿਆਣਿਆਂ ਆਲੀਆਂ ਗੱਲਾਂ ਕਰਦੈਂ।'' ਜਦ ਤ੍ਰਿਲੋਕ ਨੇ ਸੁਰਜੀਤ ਨਾਲ ਰਿਸ਼ਤੇ ਬਾਰੇ ਤੁਰੀ ਗੱਲ ਸੁਣ ਕੇ ਕਿਹਾ ਸੀ, ''ਮੇਰੀ ਰੂਹ ਨੀ ਮੰਨਦੀ।''

''ਰੂਹ ਨੀ ਮੰਨਦੀ ਜਿਵੇਂ ਸਾਲਾ ਲਿਫਟੈਣ ਹੋਵੇ। ਐਥੇ ਮਾਰੀ ਜਾਈਂ ਗੁੜ-ਚਾਹ ਨਾਲ ਮੱਥਾ। ਹੋਰ ਤੈਨੂੰ ਕੋਈ ਡੀ.ਸੀ. ਲਾਉਣੋਂ ਰਿਹਾ,'' ਵਿੱਚੋਂ ਹੀ ਉਸ ਦਾ ਬਾਪੂ ਭਾਂਬੜ ਵਾਂਗ ਮੱਚਿਆ ਅਤੇ ਬੁੜ-ਬੁੜ ਕਰਦਾ ਹੱਟੀ ਵਿੱਚ ਜਾ ਬੈਠਾ। ਤ੍ਰਿਲੋਕ ਦੀ ਮਾਂ ਨੇ ਗੱਲ ਸੰਭਾਲਦਿਆਂ ਉਸ ਦੀ ਕੰਡ ਪਲੋਸਦੇ ਪਿਆਰ ਨਾਲ ਕਿਹਾ, ''ਰੂਹਾਂ ਦਾ ਕੀ ਹੁੰਦੈ ਪੁੱਤ, ਇਹ ਤਾਂ ਆਪੇ ਮੰਨ ਜਾਂਦੀਆਂ ਹੁੰਦੀਐਂ। ਚਿੱਤ ਨੂੰ ਸਮਝਾਉਣ ਦੀ ਗੱਲ ਹੁੰਦੀ ਐ। ਘਰ ਦੀ ਹਾਲਤ ਤੈਥੋਂ ਲੁਕੀ ਤਾਂ ਨੀ। ਤੂੰ ਤਾਂ ਆਪ ਸਿਆਣੈਂ। ਦੋਹੇਂ ਕੁੜੀਆਂ ਵਿਆਉਣ ਵਾਲੀਐਂ। ਕਿੱਥੋਂ ਵਿਆਹ ਦਿਆਂਗੇ ਰੋਟੀ ਤਾਂ ਮਸਾਂ ਪੱਕਦੀ ਐ। ਸੁਣਿਐ ਕੁੜੀ ਬਲਾਈਂ ਸਾਊ ਐ ਨਾਲੇ ਕਹਿੰਦੇ ਓਹਦਾ ਘਰਆਲਾ ਕਿਸੇ ਐਸੀਡੈਂਟ 'ਚ ਮਰਿਐ ਤੇ ਬੀਮੇ-ਬੂਮੇ ਆਲਿਆਂ ਨੇ ਬਥੇਰੇ ਪੈਸੇ ਦਿੱਤੇ ਐ ਓਹਨੂੰ। ਦੋ-ਚਾਰ ਵਰ੍ਹੇ ਕੀ ਫ਼ਰਕ ਹੁੰਦੈ ਉਮਰ ਦਾ? ਵਿਆਹ ਦੇ ਪਹਿਲੇ ਇੱਕ-ਦੋ ਸਾਲ ਈ ਹੁੰਦੇ ਐ ਫੇਰ ਸਾਰੀਆਂ ਕੁੜੀਆਂ ਇੱਕੋ ਜੀਆਂ ਈ ਹੋ ਜਾਂਦੀਐ। ਸ਼ੇਰ ਬਣ ਮੇਰਾ ਪੁੱਤ ਸ਼ੇਰ।'' ਤੇ ਤ੍ਰਿਲੋਕ ਸ਼ੇਰ ਬਣ ਗਿਆ ਸੀ। ਕਨੇਡਾ ਤੋਂ ਗਈ ਸੁਰਜੀਤ ਨਾਲ ਵਿਆਹ ਕਰਵਾ ਕੇ ਕਨੇਡਾ ਪਹੁੰਚ ਗਿਆ। ਵਿਆਹ ਤੋਂ ਕੁਝ ਸਾਲ ਬਆਦ ਉਸ ਦੇ ਚਿੱਤ 'ਚ ਆਉਂਦੀ ਕਿ 'ਹੁਣ ਤਾਂ ਮਾਂ-ਪਿਓ ਦੇ ਸਾਰੇ ਕੰਮ ਸੌਰ ਗਏ ਹਨ ਹੁਣ ਕੋਈ ਰੂਹ ਦਾ ਹਾਣੀ ਲੱਭਾਂ।' ਉਹ ਸੁਰਜੀਤ ਨਾਲ ਕਲੇਸ਼ ਕਰਨ ਬਾਰੇ ਸੋਚਦਾ ਅਤੇ ਆਪਣੇ ਚਿੱਤ 'ਚ ਹੀ ਕੋਈ ਬਹਾਨਾ ਲੱਭਦਾ ਪਰ ਉਸ ਨੂੰ ਕੋਈ ਪੱਜ ਨਾ ਲੱਭਦਾ ਅਤੇ ਉਸ ਨੂੰ ਆਪਣੀ ਇਸ ਹੋਛੀ ਸੋਚ 'ਤੇ ਪਛਤਾਵਾ ਹੁੰਦਾ। ਆਪਣੇ-ਆਪ ਜਿਹੇ 'ਚ ਤੁਰੇ-ਫਿਰਦੇ ਨੂੰ ਸੁਰਜੀਤ ਆਖਦੀ, ''ਤ੍ਰਿਲੋਕ, ਤੂੰ ਘੁੱਟਿਆ-ਵੱਟਿਆ ਜਾ ਕਿਓਂ ਰਹਿੰਨੈ? ਮੈਨੂੰ ਦੱਸ ਤੈਨੂੰ ਕਿਹੜੀ ਗੱਲ ਤੰਗ ਕਰਦੀ ਐ?''

''ਗੱਲ ਕੀ ਹੋਣੀ ਐਂ। ਤੈਨੂੰ ਹਾਲੇ ਤੱਕ ਪਤਾ ਈ ਨੀ ਲੱਗਾ ਬਈ ਮੇਰਾ ਸੁਭਾਅ ਈ ਐ ਚੁੱਪ ਰਹਿਣ ਦਾ,'' ਤ੍ਰਿਲੋਕ ਖਿੱਝ ਕੇ ਆਖਦਾ।

''ਕੋਈ ਸ਼ਿਕਾਇਤ ਐ ਤਾਂ ਦੱਸ?'' ਸੁਰਜੀਤ ਆਖਦੀ ਅਤੇ ਆਪਣੇ-ਆਪ ਨੂੰ ਫਿੱਟ ਰੱਖਣ ਲਈ ਡਾਈਟਿੰਗ ਕਰਦੀ। ਐਕਸਰਸਾਈਜ਼ ਕਰਦੀ। ਚੇਹਰੇ ਨੂੰ ਜਵਾਨ ਰੱਖਣ ਲਈ ਨਵੀਆਂ-ਨਵੀਆਂ ਕਰੀਮਾਂ ਲੈ ਕੇ ਆਉਂਦੀ ਅਤੇ ਰਾਤ ਨੂੰ ਚੁਸਤ ਨਾਈਟੀ ਪਾਉਂਦੀ। ਤ੍ਰਿਲੋਕ ਉਸ ਵੱਲ ਖਿੱਚਿਆ ਵੀ ਜਾਂਦਾ ਅਤੇ ਸਾਰੀ ਕਿਰਿਆ ਭੁਗਤਾ ਕੇ ਬੈੱਡ ਦੇ ਇੱਕ ਪਾਸੇ ਟੇਡਾ ਹੋ ਜਾਂਦਾ। ਪਿੰਡ ਵਿੱਚ ਵੱਜਦਾ ਉਹੀ ਗੀਤ ਉਸ ਦੇ ਕੰਨੀਂ ਸਾਂਅ-ਸਾਂਅ ਕਰਨ ਲੱਗਦਾ। ਕਦੇ ਉਸ ਨੂੰ ਆਪਣੇ ਵਿਆਹ ਤੋਂ ਬਾਅਦ ਪਿੰਡ ਵਿੱਚ ਹੁੰਦੀਆਂ ਗੱਲਾਂ ਚੇਤੇ ਆਉਣ ਲੱਗਦੀਆਂ। ਸੱਥ 'ਚ ਕਿਸੇ ਨੇ ਕਿਹਾ ਸੀ, ''ਫ਼ੌਜੀ ਕਾ ਤੋਕੀ ਤਾਂ ਵਧੀਆ ਰਹਿ ਗਿਆ ਬਈ। ਗਰੀਬੀ ਕੱਟੀ ਜਾਊ। ਸਾਰਾ ਕੁਝ ਬਣਿਆ-ਬਣਾਇਆ ਮਿਲ ਗਿਆ ਅਗਲੇ ਨੂੰ।''

''ਆਹੋ, ਟੱਬਰ ਵੀ ਬਣਿਆ-ਬਣਾਇਆ ਮਿਲ ਗਿਆ। ਕਹਿੰਦੇ ਦੋ ਕੁੜੀਐਂ ਮਗਰ। ਚੱਲ ਚੰਗਾ, ਤੋਕੀ ਨੂੰ ਕਸ਼ਟ ਨਾ ਕਰਨਾ ਪਊ,'' ਕਿਸੇ ਹੋਰ ਨੇ ਕਿਹਾ ਸੀ। ਇਹ ਯਾਦ ਕਰਕੇ ਤ੍ਰਿਲੋਕ ਦਾ ਅੰਦਰ ਮੱਚਣ ਲੱਗਦਾ। ਅਜੇਹੇ ਮੌਕੇ ਜੇ ਕਦੇ ਸੁਰਜੀਤ ਉਸ ਨੂੰ ਰਿਝਾ ਲੈਂਦੀ ਤਾਂ ਉਹ ਸੁਰਜੀਤ ਨੂੰ ਥਕਾ ਦਿੰਦਾ। ਪਰ ਜੇ ਕਦੇ ਭੁੱਲ-ਭੁਲੇਖੇ ਸੁਰਜੀਤ ਬਾਹਾਂ ਭਾਰ ਹੋ ਜਾਂਦੀ ਤਾਂ ਤ੍ਰਿਲੋਕ ਉਸ ਨੂੰ ਧੱਕਾ ਮਾਰ ਕੇ ਕਿਰਿਆ ਤੋਂ ਬੇਮੁਖ ਹੋ ਜਾਂਦਾ। ਸੁਰਜੀਤ ਆਖਦੀ, ''ਇਹ ਤੈਨੂੰ ਕਦੇ-ਕਦੇ ਕੀ ਹੋ ਜਾਂਦੈ?''

''ਮੈਨੂੰ ਨੀ ਚੰਗਾ ਲੱਗਦਾ,'' ਉਹ ਜਵਾਬ ਦਿੰਦਾ।

''ਕੀ?''

''ਤੇਰਾ ਐਂ ਬਣਨਾ।''

''ਕੀ ਬਣਨਾ?''

ਤ੍ਰਿਲੋਕ ਕੋਈ ਜਵਾਬ ਨਾ ਦਿੰਦਾ ਅਤੇ ਕੱਪੜੇ ਪਾਉਣ ਲੱਗ ਜਾਂਦਾ। ਉਸ ਰਾਤ ਉਸ ਨੂੰ ਘੋੜੀ ਦੇ ਹਿਣਕਣ ਦੀ ਆਵਾਜ਼ ਬਹੁਤ ਤੰਗ ਕਰਦੀ। ਇਸ ਆਵਾਜ਼ ਤੋਂ ਬਚਣ ਖਾਤਿਰ ਹੀ ਉਹ ਤੀਜੀ ਕੁੜੀ, ਜਿਹੜੀ ਉਨ੍ਹਾਂ ਦੋਹਾਂ ਦੀ ਸੀ ਦੇ ਜਨਮ ਤੋਂ ਬਾਅਦ ਸੁਰਜੀਤ ਦੇ ਨੇੜੇ ਜਾਣ ਨਾਲੋਂ ਆਪਣੇ-ਆਪ 'ਚ ਨਿਪਟਣ ਨੂੰ ਤਰਜੀਹ ਦੇਣ ਲੱਗ ਪਿਆ ਸੀ। ਇਸ ਤਰ੍ਹਾਂ ਕਰਦਾ ਉਹ ਆਪਣਾ ਮਨ-ਭਾਉਂਦਾ ਸਾਥ ਚਿਤਵ ਲੈਂਦਾ।

ਸੁੱਚੇ ਦੀਆਂ ਗੱਲਾਂ ਦਿਮਾਗ ਵਿੱਚ ਰਿੜਕਦੇ ਉਸ ਦੇ ਘਰੋਂ ਮੁੜ ਰਹੇ ਤ੍ਰਿਲੋਕ ਸਿੰਘ ਨੂੰ ਲੱਗਾ ਜਿਵੇਂ ਉਹੀ ਘੋੜੀ ਦੇ ਹਿਣਕਣ ਦੀ ਆਵਾਜ਼ ਉਸ ਨੂੰ ਸੁਣੀ ਹੋਵੇ। ਉਸ ਨੇ ਆਪਣਾ ਸਿਰ ਝਟਕਿਆ। ਫਿਰ ਉਸ ਨੂੰ ਲੱਗਾ ਜਿਵੇਂ ਉਹੀ ਪਿੰਡ 'ਚ ਵੱਜਦਾ ਗੀਤ 'ਪਿਛਲੇ ਵਿਆਹ ਤੋਂ ਇੱਕ ਨਿਆਣਾ, ਘੋੜੀ ਤੇ ਜੋੜੀ, ਘੋੜੀ ਦੇ ਮਗਰ ਵਛੇਰਾ, ਘੋੜੀ ਤੇ ਜੋੜੀ-----ਚੱਲ ਰਿਹਾ ਹੋਵੇ। ਤ੍ਰਿਲੋਕ ਸਿੰਘ ਦਾ ਹੱਥ ਸੀ.ਡੀ.ਪਲੇਅਰ ਦੇ ਬਟਨ 'ਤੇ ਚਲਾ ਗਿਆ। ਸੀ.ਡੀ. ਪਲੇਅਰ ਉੱਪਰ ਤਾਂ ਸ਼ਬਦ ਚਲ ਰਿਹਾ ਸੀ, 'ਮਨ ਕਿਉ ਬੈਰਾਗੁ ਕਰਹਿਗਾ, ਸਤਿਗੁਰੁ ਮੇਰਾ ਪੂਰਾ---- । ਤ੍ਰਿਲੋਕ ਸਿੰਘ ਨੇ ਆਪਣੇ ਅੰਦਰ ਸੁੰਨ ਵਰਤੀ ਮਹਿਸੂਸ ਕੀਤੀ। 'ਇਹ ਸੁੱਤੀਆਂ ਕਲਾਂ ਕਿੱਥੋਂ ਜਾਗ ਪਈਆਂ?' ਉਸ ਨੇ ਸੋਚਿਆ। 'ਸਤਿਗੁਰੂ ਮੇਹਰ ਕਰੋ' ਆਖ ਉਸ ਨੇ ਆਪਣੀ ਕਾਰ ਗੁਰਦੁਆਰੇ ਵੱਲ ਮੋੜ ਲਈ।

ਗੁਰਦੁਆਰੇ ਆਖੰਡ ਪਾਠ ਪ੍ਰਕਾਸ਼ ਸਨ। ਤ੍ਰਿਲੋਕ ਸਿੰਘ ਹੱਥ ਜੋੜ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਖੜ੍ਹਾ ਹੋ ਗਿਆ। ਅੱਖਾਂ ਮੀਚ ਉਸ ਅਰਦਾਸ ਕੀਤੀ, "ਮੇਰੇ ਸਤਿਗੁਰੂ, ਰਹਿਮ ਕਰੋ, ਆਪਣੇ ਚਰਨਾਂ ਨਾਲ ਜੋੜੋ। ਮਨ ਨੂੰ ਭਟਕਣ 'ਚੋਂ ਕੱਢੋ ਮੇਰੇ ਵਾਹਿਗੁਰੂ" ਮੱਥਾਂ ਟੇਕ ਕੇ ਉਹ ਅੱਖਾਂ ਮੀਚ ਪਾਠ ਸੁਣਨ ਲੱਗਾ। ਕੁਝ ਦੇਰ ਬਾਅਦ ਉਸ ਨੂੰ ਲੱਗਾ ਜਿਵੇਂ ਕਿਸੇ ਨੇ ਕਿਹਾ ਹੋਵੇ "ਰੂਹ ਦੇ ਹਾਣੀ ਬਿਨ੍ਹਾਂ ਕਾਹਦੀ ਜ਼ਿੰਦਗੀ" ਤ੍ਰਿਲੋਕ ਸਿੰਘ ਨੇ ਸਿਰ ਨੂੰ ਝਟਕ ਕੇ ਅੱਖਾਂ ਘੁੱਟ ਕੇ ਮੀਚ ਲਈਆਂ। ਥੋੜ੍ਹੀ ਦੇਰ ਬਾਅਦ ਤ੍ਰਿਲੋਕ ਸਿੰਘ ਨੂੰ ਲੱਗਾ ਜਿਵੇਂ ਰਾਣੀ ਇੱਕ ਕਿਤਾਬ ਵਿੱਚ ਫੁੱਲ ਰੱਖ ਕੇ ਉਸ ਨੂੰ ਫੜਾ ਰਹੀ ਹੋਵੇ। ਪਰ ਅਗਲੇ ਹੀ ਪਲ ਉਸ ਨੂੰ ਲੱਗਾ ਜਿਵੇਂ ਫੁੱਲ ਪੱਤੀ-ਪੱਤੀ ਹੋ ਕੇ ਬਿਖਰ ਗਿਆ ਹੋਵੇ। ਹਾਉਕਾ ਲੈ ਕੇ ਤ੍ਰਿਲੋਕ ਸਿੰਘ ਨੇ ਅੱਖਾਂ ਖੋਲ੍ਹੀਆਂ ਅਤੇ ਡਰਿਆਂ ਵਾਂਗ ਆਸੇ-ਪਾਸੇ ਵੇਖਿਆ ਫਿਰ ਖੁਰਕਣ ਦੇ ਬਹਾਨੇ ਇੱਕ ਹੱਥ ਨਾਲ ਵਾਰੀ-ਵਾਰੀ ਦੋਹਾਂ ਕੰਨਾਂ ਨੂੰ ਹੱਥ ਲਾਏ ਅਤੇ ਆਪਣੇ ਮਨ 'ਚ ਹੀ ਆਖਿਆ , "ਬਖ਼ਸ਼ ਲਿਓ, ਸਤਿਗੁਰੂ।"●●

ਹਰਪ੍ਰੀਤ ਸਿੰਘ ਸੇਖਾ ਇਕ ਅਜਿਹਾ ਪ੍ਰਤਿਭਾਸ਼ੀਲ ਸਿਰਜਕ ਹੈ ਜਿਸ ਨੇ ਆਪਣਾ ਸਿਰਜਣਾਤਮਕ ਸਫ਼ਰ ਬਦੇਸ਼ੀ ਧਰਤੀ ਤੋਂ ਹੀ ਸ਼ੁਰੂ ਕੀਤਾ ਹੈ। ਕੈਨੇਡਾ ਵਿਚ ਵਸਦੇ ਇਸ ਨੌਜਵਾਨ ਸਿਰਜਕ ਨੇ ਪਰਵਾਸੀ ਅਨੁਭਵ ਵਾਲੀ ਪੰਜਾਬੀ ਕਹਾਣੀ ਨੂੰ ਡੂੰਘਾਈ ਵੀ ਦਿੱਤੀ ਹੈ ਤੇ ਵਿਸਤਾਰ ਵੀ। ਪਰਦੇਸਾਂ ਵਿਚ ਵਸ ਗਏ ਪੰਜਾਬੀਆਂ ਦੇ ਸਮਾਜਕ ਸਭਿਆਚਾਰਕ ਯਥਾਰਥ ਨੂੰ ਮੁੱਖ ਵਸਤੂ ਵਜੋਂ ਗ੍ਰਹਿਣ ਕਰਦੀਆਂ ਹਰਪ੍ਰੀਤ ਦੀਆਂ ਕਹਾਣੀਆਂ ਉਸ ਕਸ਼ਮਕਸ਼ ਤੇ ਦੁਫਾੜ ਦੀ ਬਾਤ ਪਾਉਂਦੀਆਂ ਹਨ ਜਿਸ ਵਿਚੋਂ ਪਰਵਾਸੀ ਪੰਜਾਬੀ ਮਾਨਸਿਕਤਾ ਗੁਜ਼ਰਦੀ ਹੈ। ਇਸ ਮਾਨਸਿਕਤਾ ਵਿਚ ਜਗੀਰੂ ਕਦਰਾਂ-ਕੀਮਤਾਂ ਨਾਲ ਮੋਹ ਤੋਂ ਬਿਨਾਂ ਸੁਆਰਥ-ਸਿੱਧੀ ਦਾ ਦਖ਼ਲ ਵੀ ਗ਼ੈਰ-ਮੌਜੂਦ ਨਹੀਂ। 'ਦੋ ਰੰਗੀ', 'ਸਭਿਆਚਾਰ ਦੇ ਰਾਖੇ' ਅਤੇ 'ਕਿਤਾਬ ਵਿਚਲੇ ਫੁੱਲ' ਵਿਚੋਂ ਦੁਫਾੜ ਤੇ ਸੁਆਰਥ-ਸਿੱਧੀ ਵਾਲੀ ਇਹ ਬਿਰਤੀ ਭਲੀ-ਭਾਂਤ ਰੂਪਮਾਨ ਹੁੰਦੀ ਹੈ।

ਅਮੀਰ ਦੇਸ਼ਾਂ ਦੀ ਧਰਤੀ ਉੱਤੇ ਪਹੁੰਚਣ ਨੂੰ ਹੀ ਮੁੱਖ ਨਿਸ਼ਾਨਾ ਮਿਥ ਕੇ ਕੀਤੀਆਂ ਜਾਂਦੀਆਂ ਸ਼ਾਦੀਆਂ, ਇਹਨਾਂ ਦੇ ਨਤੀਜੇ ਵਜੋਂ ਉਭਰਦੀਆਂ ਪਰਿਵਾਰਕ ਸਮਾਜਕ ਤਰੇੜਾਂ ਵਰਗੇ ਵਿਸ਼ੇ ਛੋਹੇ ਤਾਂ ਪਹਿਲਾਂ ਵੀ ਗਏ ਹਨ ਪਰ ਇਹਨਾਂ ਨੂੰ ਜਿਸ ਪ੍ਰਮਾਣਕ ਤੇ ਸਹਿਜ ਰੂਪ ਵਿਚ ਹਰਪ੍ਰੀਤ ਸੇਖਾ ਨੇ 'ਬੀਜੀ ਮੁਸਕਰਾ ਪਏ', 'ਗਿਫਟ' ਅਤੇ 'ਲੋਕਾਚਾਰੀ' ਵਰਗੀਆਂ ਕਹਾਣੀਆਂ ਵਿਚ ਰੂਪਮਾਨ ਕੀਤਾ ਹੈ, ਉਹ ਉਸਦੀ ਪ੍ਰਾਪਤੀ ਹੈ। ਅਕਸਰ ਉਸਦਾ ਫੋਕਸ ਪਰਿਵਾਰ ਉੱਤੇ ਰਹਿੰਦਾ ਹੈ ਪਰ 'ਰਾਮ ਗਊ', 'ਪੰਜ ਡਾਲਰ ਦਾ ਨੋਟ' ਤੇ 'ਘੁੰਮਣਘੇਰ' ਵਰਗੀਆਂ ਕਹਾਣੀਆਂ ਵਿਚ ਪਰਵਾਸ ਧਾਰਨ ਕਰਨ ਦੇ ਅਮਲ ਦੇ ਮੁੱਢਲੇ ਦੌਰ ਵਿਚ ਜਿਹੋ ਜਿਹੀਆਂ ਮੁਸ਼ਕਲਾਂ ਤੇ ਸੰਤਾਪ ਵਿਚੋਂ ਨਵੇਂ ਪਰਵਾਸੀਆਂ ਨੂੰ ਲੰਘਣਾ ਪੈਂਦਾ ਹੈ, ਉਸਦਾ ਉਸਨੇ ਇਕ ਮੁਟਿਆਰ ਕੁੜੀ ਤੇ ਬਜ਼ੁਰਗ ਬਾਬੇ ਦੇ ਵੱਖੋ-ਵੱਖਰੇ ਪ੍ਰਸੰਗਾਂ ਵਿਚ ਬਹੁਤ ਮਾਰਮਿਕ ਉਲੇਖ ਕੀਤਾ ਹੈ।

ਹਰਪ੍ਰੀਤ ਨੇ ਪਰਵਾਸੀ ਪੰਜਾਬੀਆਂ ਦੀ ਸਥਿਤੀ ਦੇ ਚਿਤਰਨ ਤੋਂ ਅਗਾਂਹ ਵਿਕਸਤ ਪੂੰਜੀਵਾਦੀ ਸਮਾਜ ਦੇ ਅੱਜੋਕੇ ਯਥਾਰਥ ਦੇ ਵਿਭਿੰਨ ਪਾਸਾਰਾਂ ਨਾਲ ਲਗਾਉ ਦਾ ਵੀ ਪਰਿਚੇਯ ਦਿੱਤਾ ਹੈ ਜੋ ਕਈ ਹੋਰ ਕਹਾਣੀਆਂ ਦੇ ਨਾਲ ਨਾਲ 'ਅੰਦਰ ਬੈਠੇ ਡਰ' ਅਤੇ 'ਗੁਆਂਢ ਮੱਥਾ' ਵਿਚ ਵਿਸ਼ੇਸ਼ ਰੂਪ ਵਿਚ ਰੂਪਮਾਨ ਹੋਇਆ ਹੈ।

ਜਿਸ ਸਹਿਜਤਾ ਨਾਲ ਹਰਪ੍ਰੀਤ ਸਿੰਘ ਸੇਖਾ ਕਹਾਣੀ ਕਹਿੰਦਾ ਹੈ, ਉਹੀ ਉਸਦੀ ਵਿਲੱਖਣਤਾ ਹੋ ਨਿਬੜਦੀ ਹੈ। ਥੋੜ੍ਹੇ ਜਿੰਨੇ ਸਮੇਂ ਵਿਚ ਹੀ ਉਸਨੇ ਆਪਣੀ ਸਿਰਜਣਾਤਮਕ ਸਮਰਥਾ ਦਾ ਅਜਿਹਾ ਪ੍ਰਮਾਣ ਦਿੱਤਾ ਹੈ ਕਿ ਉਹ ਸਾਧੂ ਬਿਨਿੰਗ, ਜਰਨੈਲ ਸਿੰਘ ਤੇ ਅਮਨਪਾਲ ਸਾਰਾ ਵਰਗੇ ਪ੍ਰਮੁੱਖ ਕੈਨੇਡੀਅਨ ਕਹਾਣੀਕਾਰਾਂ ਦੀ ਕਤਾਰ ਵਿਚ ਆ ਖਲੋਤਾ ਹੈ।

**ਰਘਬੀਰ ਸਿੰਘ (ਸਿਰਜਣਾ)**

ISBN 817883154-6

9788178831541

BEE JEE MUSKRA PAYE

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ
www.chetnaparkashan.com